Downloaded from https:// www.studiestoday.com

ਨੌਂਵੀਂ ਸ਼੍ਰੇਣੀ ਲਈ

# ਵੰਨਗੀ

(ਪੰਜਾਬੀ ਕਹਾਣੀਆਂ ਅਤੇ ਇਕਾਂਗੀ)

**ਪੰਜਾਬ ਸਕੂਲ ਸਿੱਖਿਆ ਬੋਰਡ**

ਸਾਹਿਬਜ਼ਾਦਾ ਅਜੀਤ ਸਿੰਘ ਨਗਰ



Downloaded from https:// www.studiestoday.com

Downloaded from https:// www.studiestoday.com

© ਪੰਜਾਬ ਸਰਕਾਰ

**ਐਡੀਸ਼ਨ : 2016 ................ 1,84,000 ਕਾਪੀਆਂ**

All rights, including those of translation, reproduction
and annotation etc., are reserved by the
Punjab Government.

**ਚੇਤਾਵਨੀ**

1. ਕੋਈ ਵੀ ਏਜੰਸੀ-ਹੋਲਡਰ ਵਾਧੂ ਪੈਸੇ ਵਸੂਲਣ ਦੇ ਮੰਤਵ ਨਾਲ਼ ਪਾਠ-ਪੁਸਤਕਾਂ ਤੇ ਜਿਲਦ-ਸਾਜ਼ੀ ਨਹੀਂ ਕਰ ਸਕਦਾ। (ਏਜੰਸੀ-ਹੋਲਡਰਾਂ ਨਾਲ਼ ਹੋਏ ਸਮਝੌਤੇ ਦੀ ਧਾਰਾ ਨੰ. 7 ਅਨੁਸਾਰ)
2. ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਛਪਵਾਈਆਂ ਅਤੇ ਪ੍ਰਕਾਸ਼ਿਤ ਪਾਠ-ਪੁਸਤਕਾਂ ਦੇ ਜਾਲ੍ਹੀ/ਨਕਲੀ ਪ੍ਰਕਾਸ਼ਨਾਂ (ਪਾਠ-ਪੁਸਤਕਾਂ) ਦੀ ਛਪਾਈ, ਪ੍ਰਕਾਸ਼ਨ, ਸਟਾਕ ਕਰਨਾ, ਜਮਾਖ਼ੋਰੀ ਜਾਂ ਵਿਕਰੀ ਆਦਿ ਕਰਨਾ ਭਾਰਤੀ ਦੰਡ-ਪ੍ਰਨਾਲ਼ੀ ਦੇ ਅੰਤਰਗਤ ਫ਼ੌਜਦਾਰੀ ਜੁਰਮ ਹੈ।
(ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪਾਠ-ਪੁਸਤਕਾਂ ਬੋਰਡ ਦੇ 'ਵਾਟਰ ਮਾਰਕ' ਵਾਲ਼ੇ ਕਾਗਜ਼ ਉੱਪਰ ਹੀ ਛਪਵਾਈਆਂ ਜਾਂਦੀਆਂ ਹਨ।)

**ਮੁੱਲ** : ₹ 45.00

**ਸਕੱਤਰ**, ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ, ਫੇਜ਼-8, ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062 ਰਾਹੀਂ ਪ੍ਰਕਾਸ਼ਿਤ ਅਤੇ ਮੈਸ. ਨੋਵਾ ਪਬਲੀਕੇਸ਼ਨਜ਼, ਸੀ-51, ਫੋਕਲ ਪੁਆਇੰਟ ਐਕਸਟੈਨਸ਼ਨ, ਜਲੰਧਰ ਦੁਆਰਾ ਛਾਪੀ ਗਈ।



Downloaded from https:// www.studiestoday.com

Downloaded from https:// www.studiestoday.com

# ਦੋ ਸ਼ਬਦ

ਸਿੱਖਿਆ ਨਿਰੋਲ ਆਪਣੇ ਤੋਂ ਬਾਹਰ ਦੇ ਸੰਸਾਰ ਬਾਰੇ ਗਿਣਵਾਂ-ਤੁਲਵਾਂ ਗਿਆਨ ਹਾਸਲ ਕਰਨਾ ਨਹੀਂ, ਇਸ ਦਾ ਸਭ ਤੋਂ ਅਹਿਮ ਮਹੱਤਵ ਮਨੁੱਖੀ ਮਨ ਤੇ ਰੂਹ ਦਾ ਅਜਿਹਾ ਰੁਪਾਂਤਰਨ ਹੈ ਜਿਹੜਾ ਮਨੁੱਖ ਨੂੰ ਇਸ ਕਾਬਲ ਬਣਾ ਦੇਵੇ ਕਿ ਉਹ ਨਾ ਸਿਰਫ਼ ਆਪਣੀ ਜ਼ਿੰਦਗੀ ਨੂੰ ਸੁਚੱਜ ਅਤੇ ਰੱਜ ਨਾਲ਼ ਜਿਉਂ ਸਕੇ ਬਲਕਿ ਉਹ ਜਿਸ ਸਮਾਜ ਵਿੱਚ ਰਹਿੰਦਾ/ਵਿਚਰਦਾ ਹੈ, ਉਹ ਉਸ ਸਮਾਜ ਦੇ ਹਰ ਕਾਰਜ-ਖੇਤਰ ਵਿੱਚ ਆਪਣੀ ਸਿਰਜਣਾਤਮਿਕ ਸ਼ਮੂਲੀਅਤ ਦਾ ਪ੍ਰਗਟਾਵਾ ਕਰ ਸਕੇ।

ਮਨੁੱਖੀ ਜ਼ਿੰਦਗੀ ਆਪਣੇ-ਆਪ ਵਿੱਚ ਬੜੀ ਖ਼ੂਬਸੂਰਤ ਹੈ। ਲੋੜ ਇਸ ਖ਼ੂਬਸੂਰਤੀ ਨੂੰ ਪਛਾਣਨ, ਸਲਾਹੁਣ ਤੇ ਇਸ ਨੂੰ ਹੋਰ ਖ਼ੂਬਸੂਰਤ ਬਣਾਉਣ ਦੀ ਹੈ। ਸਿੱਖਿਆ ਦਾ ਇਹੋ ਸਭ ਤੋਂ ਉੱਚਾ ਤੇ ਸੁੱਚਾ ਮਨੋਰਥ ਹੋਣਾ ਚਾਹੀਦਾ ਹੈ। ਇਹ ਵੀ ਜ਼ਰੂਰੀ ਹੈ ਕਿ ਮਨੁੱਖ ਵਿੱਚ ਜ਼ਿੰਦਗੀ ਬਾਰੇ ਚੇਤੰਨਤਾ ਪੈਦਾ ਹੋਵੇ ਤਾਂਜੋ ਉਹ ਇਸ ਦੀ ਤੋਰ ਨੂੰ ਵਿਗਿਆਨਿਕ ਤੇ ਉਸਾਰੂ ਸੋਚ ਨਾਲ਼ ਸਮਝ ਸਕੇ, ਇਸ ਦੀ ਧੜਕਣ ਨੂੰ ਮਹਿਸੂਸ ਕਰ ਸਕੇ, ਇਸ ਵਿਚਲੇ ਉਤਰਾਵਾਂ-ਚੜ੍ਹਾਵਾਂ ਦਾ ਅਨੁਸਾਰੀ ਹੋ ਕੇ ਕਿਰਿਆਸ਼ੀਲ ਰਹਿ ਸਕੇ, ਇਸ ਦੇ ਚੰਗੇ-ਮਾੜੇ ਪਹਿਲੂ ਦੀ ਨਿਰਖ-ਪਰਖ ਕਰ ਸਕੇ ਅਤੇ ਮਨੁੱਖ ਦੇ ਮਨੁੱਖ ਪ੍ਰਤਿ ਅਤੇ ਮਨੁੱਖ ਦੇ ਕੁਦਰਤ ਪ੍ਰਤਿ ਪਿਆਰ ਨੂੰ ਆਪਣੀ ਰੂਹ ਦਾ ਰੱਜ ਬਣਾ ਸਕੇ।

ਮਨੁੱਖ ਦੇ ਇਸ 'ਹਾਸਲ' ਲਈ ਸਮਾਜ ਦੇ ਹੋਰ ਅਨੇਕਾਂ ਪੱਖਾਂ ਵਿੱਚੋਂ ਦੋ ਮਹੱਤਵਪੂਰਨ ਪੱਖ ਹਨ: ਅਧਿਆਪਕ ਤੇ ਕਿਤਾਬਾਂ। ਇੱਥੇ ਸਿਰਫ਼ ਕਿਤਾਬਾਂ ਬਾਰੇ ਹੀ ਜ਼ਿਕਰ ਕਰਨਾ ਬਣਦਾ ਹੈ। ਕਿਤਾਬਾਂ ਤੋਂ ਭਾਵ ਤੁਹਾਡੇ ਕੋਰਸ ਵਿੱਚ ਪੜ੍ਹਾਈਆਂ ਜਾਂਦੀਆਂ ਪਾਠ-ਪੁਸਤਕਾਂ ਤੋਂ ਨਹੀਂ, ਇਹ ਤਾਂ ਉਹ ਚਾਬੀਆਂ ਹਨ ਜੋ ਤੁਹਾਡੇ ਵੱਡੇ ਪੁਸਤਕ-ਸੰਸਾਰ ਦੇ ਬੂਹੇ ਖੋਲ੍ਹਦੀਆਂ ਹਨ ਤੇ ਸੁਹਿਰਦ ਅਧਿਆਪਕ ਇਹਨਾਂ ਪਾਠ-ਪੁਸਤਕਾਂ ਨੂੰ ਪੜ੍ਹਾਉਂਦੇ ਹੋਏ ਤੁਹਾਡੇ ਮਨਾਂ ਵਿੱਚ ਅਜਿਹਾ ਚਾਨਣ ਪੈਦਾ ਕਰਨ ਕਿ ਤੁਹਾਨੂੰ ਜ਼ਿੰਦਗੀ ਦੇ ਅਗਲੇਰੇ, ਬਿਖੜੇ ਪੈਂਡੇ 'ਤੇ ਰਵਾਨਾ ਹੋਣ ਲਈ ਕਿਸੇ ਡੰਗੋਰੀ ਜਾਂ ਕਿਸੇ ਬੇਗਾਨੇ ਦੀ ਉਂਗਲ਼ੀ ਫੜਨ ਦੀ ਲੋੜ ਨਾ ਰਹੇ। ਖ਼ੂਬਸੂਰਤੀ ਦੀ ਮੰਜ਼ਲ ਪੈਸੇ ਜਾਂ ਵਿਹਲ ਨਾਲ਼ ਹਾਸਲ ਨਹੀਂ ਹੁੰਦੀ; ਇਸ ਲਈ ਲਗਾਤਾਰ ਘਾਲਣਾ ਘਾਲਣੀ ਤੇ ਜੂਝਣਾ ਪੈਂਦਾ ਹੈ ਤੇ ਇਸ ਕਰਮਸ਼ੀਲਤਾ ਦੀ ਆਪਣੀ ਹੀ ਕਿਸਮ ਦੀ ਖ਼ੁਮਾਰੀ ਹੈ।



Downloaded from https:// www.studiestoday.com

Downloaded from https:// www.studiestoday.com

ਮੇਰੀ ਦਿਲੀ ਇੱਛਾ ਹੈ ਕਿ ਇਹ ਪਾਠ-ਪੁਸਤਕਾਂ ਤੁਹਾਡੀਆਂ ਸ਼੍ਰੇਣੀਆਂ ਜਾਂ ਪਰੀਖਿਆਵਾਂ ਪਾਸ ਕਰਨ ਤੱਕ ਹੀ ਸੀਮਤ ਨਾ ਰਹਿਣ ਸਗੋਂ ਤੁਹਾਡੇ ਮਨਾਂ ਵਿੱਚ, ਜਾਣੇ-ਪਛਾਣੇ ਤੇ ਅਣਜਾਣੇ ਦੀ ਗਹਿਰਾਈ ਤੱਕ ਜਾਣ ਦੀ ਭਖਦੀ, ਅਮੋੜ ਤੇ ਸਦੀਵੀ ਤਾਂਘ ਪੈਦਾ ਕਰਨ ਦਾ ਸਮਰੱਥ ਵਸੀਲਾ ਬਣ ਜਾਣ।

ਇਸ ਪਾਠ-ਪੁਸਤਕ ਨੂੰ ਦਫ਼ਤਰੀ ਪੱਧਰ ਉੱਤੇ ਪੰਜਾਬੀ ਵਿਕਾਸ-ਕੇਂਦਰ ਦੇ ਵਿਸ਼ਾ-ਮਾਹਰ ਸ੍ਰੀਮਤੀ ਜਸਵੀਰ ਕੌਰ ਅਤੇ ਸ੍ਰੀਮਤੀ ਪਰਮਿੰਦਰ ਕੌਰ ਨੇ ਤਿਆਰ ਕੀਤਾ। ਸਮੇਂ-ਸਮੇਂ 'ਤੇ ਮਰਹੂਮ ਸ੍ਰੀਮਤੀ ਰਵਿੰਦਰ ਕੌਰ ਵਿਸ਼ਾ-ਮਾਹਰ ਤੇ ਸ੍ਰੀਮਤੀ ਰਾਜਿੰਦਰ ਕੌਰ, ਸੀਨੀ. ਪ੍ਰੋਜੈਕਟ ਅਫ਼ਸਰ ਨੇ ਪੂਰਨ ਸਹਿਯੋਗ ਦਿੱਤਾ।

ਇਸ ਪੁਸਤਕ ਨੂੰ ਤਿਆਰ ਕਰਦਿਆਂ ਖੇਤਰ ਵਿੱਚੋਂ ਆਏ ਵਿਦਵਾਨਾਂ ਸ.ਮਨਮੋਹਨ ਸਿੰਘ ਦਾਊਂ (ਸ਼੍ਰੋਮਣੀ ਸਾਹਿਤਕਾਰ), ਸ. ਜਸਵੀਰ ਸਿੰਘ ਲੰਗੜੋਆ (ਸੇਵਾ-ਮੁਕਤ ਅਧਿਆਪਕ) ਡਾ. ਰਣਜੋਧ ਸਿੰਘ ਅਤੇ ਸ੍ਰੀ ਸੁਖਵਿੰਦਰ ਸਿੰਘ (ਸਕੂਲ ਅਧਿਆਪਕ) ਦੀਆਂ ਸੇਵਾਵਾਂ ਪ੍ਰਾਪਤ ਕੀਤੀਆਂ ਅਤੇ ਜਿਹੜੇ ਲੇਖਕਾਂ ਦੀਆਂ ਰਚਨਾਵਾਂ ਸ਼ਾਮਲ ਕੀਤੀਆਂ ਗਈਆਂ ਹਨ, ਉਹਨਾਂ ਦਾ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਤਹਿ-ਦਿਲੋਂ ਧੰਨਵਾਦ ਕੀਤਾ ਜਾਂਦਾ ਹੈ।

ਪਿਆਰੇ ਵਿਦਿਆਰਥੀਓ ! ਭਵਿਖ ਵਿੱਚ ਤੁਹਾਡੇ ਲਈ ਹੋਰ ਵੀ ਖ਼ੂਬਸੂਰਤ ਨਿਰੋਈਆਂ ਕਦਰਾਂ-ਕੀਮਤਾਂ ਪੈਦਾ ਕਰਨ ਅਤੇ ਜ਼ਿੰਦਗੀ ਵਿੱਚ ਮੋਹ ਜਗਾਉਣ ਵਾਲ਼ੀਆਂ ਪਾਠ-ਪੁਸਤਕਾਂ ਉਪਲਬਧ ਕਰਨ ਦੇ ਇਰਾਦੇ ਨਾਲ਼......

**ਚੇਅਰਪਰਸਨ**
**ਪੰਜਾਬ ਸਕੂਲ ਸਿੱਖਿਆ ਬੋਰਡ**



Downloaded from https:// www.studiestoday.com

Downloaded from https:// www.studiestoday.com

# ਵਿਸ਼ਾ-ਸੂਚੀ

## ਕਹਾਣੀਆਂ

ਪੰਨਾ ਨੰ :

ਭੂਮਿਕਾ (ਕਹਾਣੀਆਂ ਅਤੇ ਇਕਾਂਗੀ) :

**ਕਹਾਣੀਆਂ**

| | | | |
|---|---|---|---|
| 1. | ਕੱਲੋ | : ਨਾਨਕ ਸਿੰਘ | 13 |
| 2. | ਜਨਮ ਦਿਨ | : ਸਵਿੰਦਰ ਸਿੰਘ ਉਪਲ | 27 |
| 3. | ਬਸ਼ੀਰਾ | : ਨਵਤੇਜ ਸਿੰਘ | 37 |
| 4. | ਮੁਰਕੀਆਂ | : ਨੌਰੰਗ ਸਿੰਘ | 43 |
| 5. | ਸਾਂਝੀ ਕੰਧ | : ਸੰਤੋਖ ਸਿੰਘ ਧੀਰ | 53 |
| 6. | ਬੱਸ ਕੰਡਕਟਰ | : ਡਾ. ਦਲੀਪ ਕੌਰ ਟਿਵਾਣਾ | 66 |
| 7. | ਬਾਕੀ ਸਭ ਸੁੱਖ-ਸਾਂਦ ਹੈ | : ਮੋਹਨ ਭੰਡਾਰੀ | 73 |

**ਇਕਾਂਗੀ**

| | | | |
|---|---|---|---|
| 1. | ਗਊਮੁਖਾ-ਸ਼ੇਰਮੁਖਾ | : ਗੁਰਚਰਨ ਸਿੰਘ ਜਸੂਜਾ | 81 |




Downloaded from https:// www.studiestoday.com

Downloaded from https:// www.studiestoday.com



| | | | | |
|---|---|---|---|---|
| 2. | ਪਰਤ ਆਉਣ ਤੱਕ | : | ਸਤੀਸ਼ ਕੁਮਾਰ ਵਰਮਾ | 96 |
| 3. | ਮੌਨਧਾਰੀ | : | ਈਸ਼ਵਰ ਚੰਦਰ ਨੰਦਾ | 118 |
| 4. | ਗ਼ੁਬਾਰੇ | : | ਡਾ. ਆਤਮਜੀਤ | 138 |
| 5. | ਸਿਰਜਣਾ | : | ਪਾਲੀ ਭੁਪਿੰਦਰ ਸਿੰਘ | 161 |





Downloaded from https:// www.studiestoday.com

Downloaded from https:// www.studiestoday.com

ਨੌਂਵੀਂ ਸ਼੍ਰੇਣੀ ਲਈ

# ਵੰਨਗੀ

(ਪੰਜਾਬੀ ਕਹਾਣੀਆਂ ਅਤੇ ਇਕਾਂਗੀ)

ਇਹ ਪੁਸਤਕ ਪੰਜਾਬ ਸਰਕਾਰ ਦੁਆਰਾ ਮੁਫ਼ਤ ਦਿੱਤੀ ਜਾਣੀ ਹੈ ਅਤੇ ਵਿਕਾਊ ਨਹੀਂ ਹੈ।

**ਪੰਜਾਬ ਸਕੂਲ ਸਿੱਖਿਆ ਬੋਰਡ**

ਸਾਹਿਬਜ਼ਾਦਾ ਅਜੀਤ ਸਿੰਘ ਨਗਰ



Downloaded from https:// www.studiestoday.com

Downloaded from https:// www.studiestoday.com

© ਪੰਜਾਬ ਸਰਕਾਰ

**ਐਡੀਸ਼ਨ : 2016 ................ 1,84,000 ਕਾਪੀਆਂ**

All rights, including those of translation, reproduction
and annotation etc., are reserved by the
Punjab Government.

**ਚਿਤਾਵਨੀ**

1. ਕੋਈ ਵੀ ਏਜੰਸੀ-ਹੋਲਡਰ ਵਾਧੂ ਪੈਸੇ ਵਸੂਲਣ ਦੇ ਮੰਤਵ ਨਾਲ਼ ਪਾਠ-ਪੁਸਤਕਾਂ 'ਤੇ ਜਿਲਦਸਾਜ਼ੀ ਨਹੀਂ ਕਰ ਸਕਦਾ। (ਏਜੰਸੀ-ਹੋਲਡਰਾਂ ਨਾਲ਼ ਹੋਏ ਸਮਝੌਤੇ ਦੀ ਧਾਰਾ ਨੰ. 7 ਅਨੁਸਾਰ)
2. ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਛਪਵਾਈਆਂ ਅਤੇ ਪ੍ਰਕਾਸ਼ਿਤ ਪਾਠ-ਪੁਸਤਕਾਂ ਦੇ ਜਾਲ੍ਹੀ/ਨਕਲੀ ਪ੍ਰਕਾਸ਼ਨਾਂ (ਪਾਠ-ਪੁਸਤਕਾਂ) ਦੀ ਛਪਾਈ, ਪ੍ਰਕਾਸ਼ਨ, ਸਟਾਕ ਕਰਨਾ, ਜਮਾਖ਼ੋਰੀ ਜਾਂ ਵਿਕਰੀ ਆਦਿ ਕਰਨਾ ਭਾਰਤੀ ਦੰਡ-ਪ੍ਰਨਾਲ਼ੀ ਦੇ ਅੰਤਰਗਤ ਫ਼ੌਜਦਾਰੀ ਜੁਰਮ ਹੈ।
   (ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪਾਠ-ਪੁਸਤਕਾਂ ਬੋਰਡ ਦੇ 'ਵਾਟਰ ਮਾਰਕ' ਵਾਲ਼ੇ ਕਾਗ਼ਜ਼ ਉੱਪਰ ਹੀ ਛਪਵਾਈਆਂ ਜਾਂਦੀਆਂ ਹਨ।)

**ਇਹ ਪੁਸਤਕ ਵਿਕਰੀ ਲਈ ਨਹੀਂ ਹੈ।**

**ਸਕੱਤਰ**, ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ, ਫੇਜ਼-8, ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062 ਰਾਹੀਂ ਪ੍ਰਕਾਸ਼ਿਤ ਅਤੇ ਮੈਸ. ਨੋਵਾ ਪਬਲੀਕੇਸ਼ਨਜ਼, ਸੀ-51, ਫੋਕਲ ਪੁਆਇੰਟ ਐਕਸਟੈਨਸ਼ਨ, ਜਲੰਧਰ ਦੁਆਰਾ ਛਾਪੀ ਗਈ।



Downloaded from https:// www.studiestoday.com

Downloaded from https:// www.studiestoday.com

# ਦੋ ਸ਼ਬਦ

ਸਿੱਖਿਆ ਨਿਰੋਲ ਆਪਣੇ ਤੋਂ ਬਾਹਰ ਦੇ ਸੰਸਾਰ ਬਾਰੇ ਗਿਣਵਾਂ-ਤੁਲਵਾਂ ਗਿਆਨ ਹਾਸਲ ਕਰਨਾ ਨਹੀਂ, ਇਸ ਦਾ ਸਭ ਤੋਂ ਅਹਿਮ ਮਹੱਤਵ ਮਨੁੱਖੀ ਮਨ ਤੇ ਰੂਹ ਦਾ ਅਜਿਹਾ ਰੁਪਾਂਤਰਨ ਹੈ ਜਿਹੜਾ ਮਨੁੱਖ ਨੂੰ ਇਸ ਕਾਬਲ ਬਣਾ ਦੇਵੇ ਕਿ ਉਹ ਨਾ ਸਿਰਫ਼ ਆਪਣੀ ਜ਼ਿੰਦਗੀ ਨੂੰ ਸੁਚੱਜ ਅਤੇ ਰੱਜ ਨਾਲ਼ ਜਿਉਂ ਸਕੇ ਬਲਕਿ ਉਹ ਜਿਸ ਸਮਾਜ ਵਿੱਚ ਰਹਿੰਦਾ/ਵਿਚਰਦਾ ਹੈ, ਉਹ ਉਸ ਸਮਾਜ ਦੇ ਹਰ ਕਾਰਜ-ਖੇਤਰ ਵਿੱਚ ਆਪਣੀ ਸਿਰਜਣਾਤਮਿਕ ਸ਼ਮੂਲੀਅਤ ਦਾ ਪ੍ਰਗਟਾਵਾ ਕਰ ਸਕੇ।

ਮਨੁੱਖੀ ਜ਼ਿੰਦਗੀ ਆਪਣੇ-ਆਪ ਵਿੱਚ ਬੜੀ ਖ਼ੂਬਸੂਰਤ ਹੈ। ਲੋੜ ਇਸ ਖ਼ੂਬਸੂਰਤੀ ਨੂੰ ਪਛਾਣਨ, ਸਲਾਹੁਣ ਤੇ ਇਸ ਨੂੰ ਹੋਰ ਖ਼ੂਬਸੂਰਤ ਬਣਾਉਣ ਦੀ ਹੈ। ਸਿੱਖਿਆ ਦਾ ਇਹੋ ਸਭ ਤੋਂ ਉੱਚਾ ਤੇ ਸੁੱਚਾ ਮਨੋਰਥ ਹੋਣਾ ਚਾਹੀਦਾ ਹੈ। ਇਹ ਵੀ ਜ਼ਰੂਰੀ ਹੈ ਕਿ ਮਨੁੱਖ ਵਿੱਚ ਜ਼ਿੰਦਗੀ ਬਾਰੇ ਚੇਤੰਨਤਾ ਪੈਦਾ ਹੋਵੇ ਤਾਂਜੋ ਉਹ ਇਸ ਦੀ ਤੋਰ ਨੂੰ ਵਿਗਿਆਨਿਕ ਤੇ ਉਸਾਰੂ ਸੋਚ ਨਾਲ਼ ਸਮਝ ਸਕੇ, ਇਸ ਦੀ ਧੜਕਣ ਨੂੰ ਮਹਿਸੂਸ ਕਰ ਸਕੇ, ਇਸ ਵਿਚਲੇ ਉਤਰਾਵਾਂ-ਚੜ੍ਹਾਵਾਂ ਦਾ ਅਨੁਸਾਰੀ ਹੋ ਕੇ ਕਿਰਿਆਸ਼ੀਲ ਰਹਿ ਸਕੇ, ਇਸ ਦੇ ਚੰਗੇ-ਮਾੜੇ ਪਹਿਲੂ ਦੀ ਨਿਰਖ-ਪਰਖ ਕਰ ਸਕੇ ਅਤੇ ਮਨੁੱਖ ਦੇ ਮਨੁੱਖ ਪ੍ਰਤਿ ਅਤੇ ਮਨੁੱਖ ਦੇ ਕੁਦਰਤ ਪ੍ਰਤਿ ਪਿਆਰ ਨੂੰ ਆਪਣੀ ਰੂਹ ਦਾ ਰੱਜ ਬਣਾ ਸਕੇ।

ਮਨੁੱਖ ਦੇ ਇਸ 'ਹਾਸਲ' ਲਈ ਸਮਾਜ ਦੇ ਹੋਰ ਅਨੇਕਾਂ ਪੱਖਾਂ ਵਿੱਚੋਂ ਦੋ ਮਹੱਤਵਪੂਰਨ ਪੱਖ ਹਨঃ ਅਧਿਆਪਕ ਤੇ ਕਿਤਾਬਾਂ। ਇੱਥੇ ਸਿਰਫ਼ ਕਿਤਾਬਾਂ ਬਾਰੇ ਹੀ ਜ਼ਿਕਰ ਕਰਨਾ ਬਣਦਾ ਹੈ। ਕਿਤਾਬਾਂ ਤੋਂ ਭਾਵ ਤੁਹਾਡੇ ਕੋਰਸ ਵਿੱਚ ਪੜ੍ਹਾਈਆਂ ਜਾਂਦੀਆਂ ਪਾਠ-ਪੁਸਤਕਾਂ ਤੋਂ ਨਹੀਂ, ਇਹ ਤਾਂ ਉਹ ਚਾਬੀਆਂ ਹਨ ਜੋ ਤੁਹਾਡੇ ਵੱਡੇ ਪੁਸਤਕ-ਸੰਸਾਰ ਦੇ ਬੂਹੇ ਖੋਲ੍ਹਦੀਆਂ ਹਨ ਤੇ ਸੁਹਿਰਦ ਅਧਿਆਪਕ ਇਹਨਾਂ ਪਾਠ-ਪੁਸਤਕਾਂ ਨੂੰ ਪੜ੍ਹਾਉਂਦੇ ਹੋਏ ਤੁਹਾਡੇ ਮਨਾਂ ਵਿੱਚ ਅਜਿਹਾ ਚਾਨਣ ਪੈਦਾ ਕਰਨ ਕਿ ਤੁਹਾਨੂੰ ਜ਼ਿੰਦਗੀ ਦੇ ਅਗਲੇਰੇ, ਬਿਖੜੇ ਪੈਂਡੇ 'ਤੇ ਰਵਾਨਾ ਹੋਣ ਲਈ ਕਿਸੇ ਡੰਗੋਰੀ ਜਾਂ ਕਿਸੇ ਬੇਗਾਨੇ ਦੀ ਉਂਗਲ਼ੀ ਫੜਨ ਦੀ ਲੋੜ ਨਾ ਰਹੇ। ਖ਼ੂਬਸੂਰਤੀ ਦੀ ਮੰਜ਼ਲ ਪੈਸੇ ਜਾਂ ਵਿਹਲ ਨਾਲ਼ ਹਾਸਲ ਨਹੀਂ ਹੁੰਦੀ; ਇਸ ਲਈ ਲਗਾਤਾਰ ਘਾਲਣਾ ਘਾਲਣੀ ਤੇ ਜੂਝਣਾ ਪੈਂਦਾ ਹੈ ਤੇ ਇਸ ਕਰਮਸ਼ੀਲਤਾ ਦੀ ਆਪਣੀ ਹੀ ਕਿਸਮ ਦੀ ਖ਼ੁਮਾਰੀ ਹੈ।



Downloaded from https:// www.studiestoday.com

Downloaded from https:// www.studiestoday.com

ਮੇਰੀ ਦਿਲੀ ਇੱਛਾ ਹੈ ਕਿ ਇਹ ਪਾਠ-ਪੁਸਤਕਾਂ ਤੁਹਾਡੀਆਂ ਸ਼੍ਰੇਣੀਆਂ ਜਾਂ ਪਰੀਖਿਆਵਾਂ ਪਾਸ ਕਰਨ ਤੱਕ ਹੀ ਸੀਮਤ ਨਾ ਰਹਿਣ ਸਗੋਂ ਤੁਹਾਡੇ ਮਨਾਂ ਵਿੱਚ, ਜਾਣੇ-ਪਛਾਣੇ ਤੇ ਅਣਜਾਣੇ ਦੀ ਗਹਿਰਾਈ ਤੱਕ ਜਾਣ ਦੀ ਭਖਦੀ, ਅਮੋੜ ਤੇ ਸਦੀਵੀ ਤਾਂਘ ਪੈਦਾ ਕਰਨ ਦਾ ਸਮਰੱਥ ਵਸੀਲਾ ਬਣ ਜਾਣ।

ਇਸ ਪਾਠ-ਪੁਸਤਕ ਨੂੰ ਦਫ਼ਤਰੀ ਪੱਧਰ ਉੱਤੇ ਪੰਜਾਬੀ ਵਿਕਾਸ-ਕੇਂਦਰ ਦੇ ਵਿਸ਼ਾ-ਮਾਹਰ ਸ੍ਰੀਮਤੀ ਜਸਵੀਰ ਕੌਰ ਅਤੇ ਸ੍ਰੀਮਤੀ ਪਰਮਿੰਦਰ ਕੌਰ ਨੇ ਤਿਆਰ ਕੀਤਾ। ਸਮੇਂ-ਸਮੇਂ 'ਤੇ ਮਰਹੂਮ ਸ੍ਰੀਮਤੀ ਰਵਿੰਦਰ ਕੌਰ ਵਿਸ਼ਾ-ਮਾਹਰ ਤੇ ਸ੍ਰੀਮਤੀ ਰਾਜਿੰਦਰ ਕੌਰ, ਸੀਨੀ. ਪ੍ਰੋਜੈਕਟ ਅਫ਼ਸਰ ਨੇ ਪੂਰਨ ਸਹਿਯੋਗ ਦਿੱਤਾ।

ਇਸ ਪੁਸਤਕ ਨੂੰ ਤਿਆਰ ਕਰਦਿਆਂ ਖੇਤਰ ਵਿੱਚੋਂ ਆਏ ਵਿਦਵਾਨਾਂ ਸ.ਮਨਮੋਹਨ ਸਿੰਘ ਦਾਊਂ (ਸ਼੍ਰੋਮਣੀ ਸਾਹਿਤਕਾਰ), ਸ. ਜਸਵੀਰ ਸਿੰਘ ਲੰਗੜੋਆ (ਸੇਵਾ-ਮੁਕਤ ਅਧਿਆਪਕ) ਡਾ. ਰਣਜੋਧ ਸਿੰਘ ਅਤੇ ਸ੍ਰੀ ਸੁਖਵਿੰਦਰ ਸਿੰਘ (ਸਕੂਲ ਅਧਿਆਪਕ) ਦੀਆਂ ਸੇਵਾਵਾਂ ਪ੍ਰਾਪਤ ਕੀਤੀਆਂ ਅਤੇ ਜਿਹੜੇ ਲੇਖਕਾਂ ਦੀਆਂ ਰਚਨਾਵਾਂ ਸ਼ਾਮਲ ਕੀਤੀਆਂ ਗਈਆਂ ਹਨ, ਉਹਨਾਂ ਦਾ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਤਹਿ-ਦਿਲੋਂ ਧੰਨਵਾਦ ਕੀਤਾ ਜਾਂਦਾ ਹੈ।

ਪਿਆਰੇ ਵਿਦਿਆਰਥੀਓ ! ਭਵਿਖ ਵਿੱਚ ਤੁਹਾਡੇ ਲਈ ਹੋਰ ਵੀ ਖ਼ੂਬਸੂਰਤ ਨਿਰੋਈਆਂ ਕਦਰਾਂ-ਕੀਮਤਾਂ ਪੈਦਾ ਕਰਨ ਅਤੇ ਜ਼ਿੰਦਗੀ ਵਿੱਚ ਮੋਹ ਜਗਾਉਣ ਵਾਲ਼ੀਆਂ ਪਾਠ-ਪੁਸਤਕਾਂ ਉਪਲਬਧ ਕਰਨ ਦੇ ਇਰਾਦੇ ਨਾਲ਼......

**ਚੇਅਰਪਰਸਨ**
**ਪੰਜਾਬ ਸਕੂਲ ਸਿੱਖਿਆ ਬੋਰਡ**

**ਭਲਾਈ ਵਿਭਾਗ, ਪੰਜਾਬ**



Downloaded from https:// www.studiestoday.com

Downloaded from https:// www.studiestoday.com

# ਵਿਸ਼ਾ-ਸੂਚੀ

## ਕਹਾਣੀਆਂ

ਪੰਨਾ ਨੰ :

ਭੂਮਿਕਾ (ਕਹਾਣੀਆਂ ਅਤੇ ਇਕਾਂਗੀ) :

**ਕਹਾਣੀਆਂ**

| | | | |
|---|---|---|---|
| 1. | ਕੱਲੋ | : ਨਾਨਕ ਸਿੰਘ | 13 |
| 2. | ਜਨਮ ਦਿਨ | : ਸਵਿੰਦਰ ਸਿੰਘ ਉਪਲ | 27 |
| 3. | ਬਸ਼ੀਰਾ | : ਨਵਤੇਜ ਸਿੰਘ | 37 |
| 4. | ਮੁਰਕੀਆਂ | : ਨੌਰੰਗ ਸਿੰਘ | 43 |
| 5. | ਸਾਂਝੀ ਕੰਧ | : ਸੰਤੋਖ ਸਿੰਘ ਧੀਰ | 53 |
| 6. | ਬੱਸ ਕੰਡਕਟਰ | : ਡਾ. ਦਲੀਪ ਕੌਰ ਟਿਵਾਣਾ | 66 |
| 7. | ਬਾਕੀ ਸਭ ਸੁੱਖ-ਸਾਂਦ ਹੈ | : ਮੋਹਨ ਭੰਡਾਰੀ | 73 |

**ਇਕਾਂਗੀ**

| | | | |
|---|---|---|---|
| 1. | ਗਊਮੁਖਾ-ਸ਼ੇਰਮੁਖਾ | : ਗੁਰਚਰਨ ਸਿੰਘ ਜਸੂਜਾ | 81 |



Downloaded from https:// www.studiestoday.com

Downloaded from https:// www.studiestoday.com


| | | | |
|---|---|---|---|
| 2. | ਪਰਤ ਆਉਣ ਤੱਕ | : ਸਤੀਸ਼ ਕੁਮਾਰ ਵਰਮਾ | 96 |
| 3. | ਮੌਨਧਾਰੀ | : ਈਸ਼ਵਰ ਚੰਦਰ ਨੰਦਾ | 118 |
| 4. | ਗ਼ੁਬਾਰੇ | : ਡਾ. ਆਤਮਜੀਤ | 138 |
| 5. | ਸਿਰਜਣਾ | : ਪਾਲੀ ਭੁਪਿੰਦਰ ਸਿੰਘ | 161 |




Downloaded from https:// www.studiestoday.com

Downloaded from https:// www.studiestoday.com

# ਭੂਮਿਕਾ

**ਕਹਾਣੀ :**

ਕਹਾਣੀ ਦਾ ਇਤਿਹਾਸ ਬੜਾ ਪੁਰਾਣਾ ਹੈ। ਲਿਖਤੀ ਰੂਪ ਵਿੱਚ ਵੇਦਾਂ ਤੋਂ ਲੈ ਕੇ ਹੁਣ ਤੱਕ ਕਹਾਣੀ ਕਿਸੇ ਨਾ ਕਿਸੇ ਰੂਪ ਵਿੱਚ ਲਿਖੀ ਜਾਂ ਸੁਣੀ ਜਾਂਦੀ ਰਹੀ ਹੈ। ਲੋਕ-ਸਾਹਿਤ ਵਿੱਚ ਇਸ ਦੀ ਹੋਂਦ ਇਸ ਤੋਂ ਬਹੁਤ ਸਮਾਂ ਪਹਿਲੋਂ ਸੀ। ਕਹਾਣੀ ਸ਼ਾਇਦ ਉਦੋਂ ਸ਼ੁਰੂ ਹੋਈ ਜਦੋਂ ਮਨੁੱਖ ਨੇ ਆਪਣੇ ਕੀਤੇ ਬਾਰੇ ਦੂਜੇ ਨੂੰ ਦੱਸਣਾ ਜਾਂ ਦੂਜੇ ਤੋਂ ਉਸ ਦੇ ਕੀਤੇ ਬਾਰੇ ਪੁੱਛਣਾ ਸ਼ੁਰੂ ਕੀਤਾ। ਆਦਿ-ਵਾਸੀ ਜੀਵਨ ਸਮੇਂ ਜਦੋਂ ਗਰੋਹ ਦੇ ਕਿਸੇ ਇੱਕ ਮਨੁੱਖ ਨੇ ਕੋਈ ਵੱਡਾ ਸ਼ਿਕਾਰ ਮਾਰ ਕੇ ਉਸ ਬਾਰੇ ਗਰੋਹ ਨੂੰ ਆ ਦੱਸਿਆ ਹੋਣਾ ਹੈ ਤਾਂ ਇਹ ਪਹਿਲੀ ਕਹਾਣੀ ਸੀ। ਉਦੋਂ ਬਾਂਸਾਂ ਦੀ ਰਗੜ ਨਾਲ਼ ਜੰਗਲ਼ ਸੜਦੇ ਹੋਣਗੇ। ਜਵਾਲਾਮੁਖੀ ਫਟਦੇ ਹੋਣਗੇ, ਨਦੀਆਂ-ਦਰਿਆਵਾਂ ਵਿੱਚ ਹੜ੍ਹ ਆਉਂਦੇ ਹੋਣਗੇ ਤੇ ਉਦੋਂ ਦਾ ਮਨੁੱਖ ਕੁਦਰਤ ਦੇ ਇਹਨਾਂ ਸਾਰੇ ਵਹਿਣਾਂ ਨੂੰ ਸਮਝਣ-ਜਾਣਨ ਤੋਂ ਅਸਮਰਥ ਹੋਵੇਗਾ ਪਰ ਇਸ ਦਾ ਅਰਥ ਇਹ ਨਹੀਂ ਕਿ ਉਹ ਕੁਦਰਤ ਦੇ ਇਹਨਾਂ ਕਰੋਪਾਂ ਬਾਰੇ ਗੱਲ ਨਹੀਂ ਕਰਦਾ ਹੋਵੇਗਾ। ਸਿੱਟੇ ਵਜੋਂ ਉਸ ਰੱਬ ਸਿਰਜ ਲਿਆ, ਦੇਵੀ-ਦੇਵਤੇ ਸਿਰਜ ਲਏ ਤੇ ਇਹਨਾਂ ਨਾਲ਼ ਕਹਾਣੀਆਂ ਜੋੜ ਲਈਆਂ। ਇਹਨਾਂ ਕਹਾਣੀਆਂ ਰਾਹੀਂ ਉਸ ਕਾਲ ਦਾ ਮਨੁੱਖ ਇੱਕ-ਦੂਜੇ ਨਾਲ਼ ਗੱਲਾਂ ਕਰਦਾ ਸੀ, ਇੱਕ-ਦੂਜੇ ਦੇ ਅਨੁਭਵ ਤੇ ਤਜਰਬੇ ਨੂੰ ਸਮਝਦਾ ਸੀ। ਇਹ ਕਹਾਣੀਆਂ ਅਜੇ ਵੀ ਪੀੜ੍ਹੀ-ਦਰ-ਪੀੜ੍ਹੀ ਚੱਲੀਆਂ ਆਉਂਦੀਆਂ ਹਨ ਕਿਉਂਜੁ ਇਹਨਾਂ ਕਹਾਣੀਆਂ ਵਿੱਚ ਉਸ ਵੇਲ਼ੇ ਦੇ ਮਨੁੱਖ ਦਾ ਅਨੁਭਵ ਹੈ ਇਸ ਲਈ ਅੱਜ ਦਾ ਮਨੁੱਖ ਨਵੀਂਆਂ ਖੋਜਾਂ ਤੇ ਨਵੀਂ ਸੋਝੀ ਰਾਹੀਂ ਇਹਨਾਂ ਦੇਵ-ਕਹਾਣੀਆਂ ਜਾਂ ਪਰੀ-ਕਹਾਣੀਆਂ ਵਿੱਚੋਂ ਉਸ ਵੇਲ਼ੇ ਦੇ ਸਮਾਜਿਕ ਜੀਵਨ ਨੂੰ ਲੱਭਣ ਤੇ ਸਮਝਣ ਵਿੱਚ ਲੱਗਾ ਹੋਇਆ ਹੈ। ਅੱਜ ਦੀ ਖੋਜ ਇਸ ਸਿੱਟੇ 'ਤੇ ਅੱਪੜ ਚੁੱਕੀ ਹੈ ਕਿ ਇਹ ਸਭ ਮਿਥਿਹਾਸਿਕ ਕਥਾਵਾਂ ਫ਼ਜ਼ੂਲ, ਵਾਧੂ ਜਾਂ ਗੱਪ ਆਦਿ ਨਹੀਂ ਸਗੋਂ ਇਹਨਾਂ ਵਿੱਚੋਂ ਸਾਨੂੰ ਸਾਡੇ ਯੁੱਗਾਂ ਪੁਰਾਣੇ ਵੱਡੇ-ਵਡੇਰਿਆਂ ਦੇ ਜੀਵਨ-ਢੰਗ ਦਾ ਪਤਾ ਲੱਗਦਾ ਹੈ।

ਹਰ ਮਨੁੱਖ ਕੇਵਲ ਭੌਤਿਕ ਰੂਪ ਵਿੱਚ ਹੀ ਨਹੀਂ ਜਿਊਂਦਾ, ਉਸ ਦਾ ਇੱਕ ਮਾਨਸਿਕ-ਜਗਤ ਵੀ ਹੁੰਦਾ ਹੈ । ਉਸ ਦੇ ਮਾਨਸਿਕ-ਜਗਤ ਦੇ ਭੌਤਿਕ ਰੂਪ ਵਿੱਚ ਉਸ ਦੀ ਹੋਂਦ ਨਾਲ਼ ਬੜਾ ਗਹਿਰਾ ਸੰਬੰਧ ਹੁੰਦਾ ਹੈ। ਸ਼ਾਇਦ ਇਹੋ ਕਾਰਨ ਹੈ ਕਿ ਯੁੱਗ ਬੀਤ ਜਾਣ ਕਰਕੇ ਕਬੀਲਾ ਜੀਵਨ ਦੀਆਂ ਵੱਖ-ਵੱਖ ਭੌਤਿਕ ਇਕਾਈਆਂ ਦੇ ਰੂਪ ਵਿੱਚ ਜਿਊਂਦਾ ਮਨੁੱਖ ਅੱਜ ਭਰੇ-ਪੂਰੇ ਸੰਸਾਰ ਵਜੋਂ ਵਿਕਸਿਤ ਹੋ ਚੁੱਕਾ ਹੈ। ਕੁਦਰਤੀ ਅਵਸਥਾ ਤੋਂ ਸੱਭਿਅਤਾ ਦੇ ਪੜਾਅ 'ਤੇ ਪੁੱਜ ਚੁੱਕਾ ਹੈ। ਇਹ ਵਿਕਾਸ ਕੇਵਲ ਭੌਤਿਕ ਰੂਪ ਵਿੱਚ ਹੀ ਨਹੀਂ ਹੋਇਆ ਸਗੋਂ ਜਿਉਂ -ਜਿਉਂ ਮਨੁੱਖ ਮੁਢਲੀ ਅਵਸਥਾ ਤੋਂ ਸੱਭਿਅਤਾ ਦੀ



Downloaded from https:// www.studiestoday.com

Downloaded from https:// www.studiestoday.com



ਅਵਸਥਾ ਵੱਲ ਵਿਕਾਸ ਕਰਦਾ ਆਇਆ ਹੈ, ਤਿਉਂ-ਤਿਉਂ ਉਸ ਦਾ ਮਾਨਸਿਕ-ਜਗਤ ਵੀ ਵਿਸ਼ਾਲ ਹੁੰਦਾ ਗਿਆ ਹੈ। ਅੱਜ ਦਾ ਮਨੁੱਖ, ਫ਼੍ਰਾਂਸੀਸੀ, ਅੰਗਰੇਜ਼, ਰੂਸੀ, ਵੀਅਤਨਾਮੀ ਹੁੰਦਾ ਹੋਇਆ ਵੀ ਸਮੁੱਚੇ ਸੰਸਾਰ ਦੀ ਇੱਕ ਕੜੀ ਹੈ, ਸਮੁੱਚੇ ਮਨੁੱਖੀ-ਜਗਤ ਵਿੱਚ ਉਸ ਦੀ ਇੱਕ ਥਾਂ ਹੈ। ਤਦੇ ਹੀ ਜੇ ਸੰਸਾਰ ਵਿੱਚ ਕਿਸੇ ਥਾਂ ਵੀ ਇੱਕ ਅਨਿਆਂਈ ਮੌਤ ਹੁੰਦੀ ਹੈ ਤਾਂ ਸਭ 'ਮਨੁੱਖਾਂ' ਦੇ ਅੰਦਰੋਂ ਕੁਝ ਟੁੱਟਦਾ-ਭੱਜਦਾ ਹੈ। ਉਹ ਸੋਚਦਾ ਹੈ ਕਿ ਅਣਮਨੁੱਖੀ ਘਟਨਾ ਉਸ ਦੇ ਗਲ਼ੀ-ਗੁਆਂਢ ਵਿੱਚ ਹੀ ਕਿਤੇ ਵਾਪਰੀ ਹੈ ਤੇ ਉਹ ਹੋਈ 'ਮੌਤ' ਦੇ ਨੜੋਏ ਵਿੱਚ ਸ਼ਾਮਲ ਹੁੰਦਾ ਹੈ। ਮਨੁੱਖਾਂ ਦੀ ਇਹ ਆਪਸੀ ਸਾਂਝ ਤੇ ਰਿਸ਼ਤੇ ਮਨੁੱਖਾਂ ਦੇ ਆਪਣੇ-ਆਪਣੇ ਮਨਾਂ ਤੱਕ ਹੀ ਸੀਮਿਤ ਨਹੀਂ ਰਹੇ ਤੇ ਨਾ ਹੀ ਇਹ ਅਵਸਥਾ ਰਹੀ ਕਿ ਕੁਝ ਗ਼ੈਰਕੁਦਰਤੀ ਜਾਂ ਅਣਮਨੁੱਖੀ ਘਟਨਾ ਵਾਪਰ ਜਾਣ 'ਤੇ ਮਨੁੱਖ ਆਪਣੀ ਕਿਰਿਆ-ਪ੍ਰਤੀਕਿਰਿਆ ਜਾਂ ਅਨੁਭਵ ਦੀ ਪਛਾਣ ਨੂੰ ਕਿਸੇ ਗ਼ੈਬੀ ਸ਼ਕਤੀ ਵਿੱਚੋਂ ਲੱਭੇ ਤੇ ਫਿਰ ਇਸ ਨੂੰ ਹੋਰਨਾਂ ਨਾਲ਼ ਸਾਂਝਾ ਕਰਨ ਲਈ ਕਿਸੇ ਗ਼ੈਬੀ ਸ਼ਕਤੀ, ਦੇਵੀ-ਦੇਵਤੇ ਆਦਿ ਦੀ ਕਹਾਣੀ ਦਾ ਸਹਾਰਾ ਲਵੇ। ਇਹ ਬੜੀ ਵੱਡੀ ਵਿਗਿਆਨਿਕ ਸਚਾਈ ਹੈ ਕਿ ਜੋ ਮਨੁੱਖ 'ਜਿਊਂਦਾ' ਹੈ, ਉਸ ਨੇ ਅਨੁਭਵ ਜ਼ਰੂਰ ਕਰਨਾ ਹੈ ਤੇ ਜੇ ਅਨੁਭਵ ਨੂੰ ਹੋਰਨਾਂ ਨਾਲ਼ ਸਾਂਝਾ ਕਰਨ ਦੀ ਤਾਂਘ ਮਨੁੱਖ ਵਿੱਚ ਨਾ ਹੁੰਦੀ ਤਾਂ ਉਹ ਮਨੁੱਖ ਵਜੋਂ ਕਦੋਂ ਦਾ ਮਰ-ਚੁੱਕਾ ਹੁੰਦਾ ਤੇ ਇੱਕ ਪਸ਼ੂ ਹੀ ਰਹਿ ਗਿਆ ਹੁੰਦਾ ਪਰ ਅਜਿਹਾ ਹੋਣਾ ਨਹੀਂ ਸੀ, ਕੁਦਰਤ ਦਾ ਇਹ ਨੇਮ ਹੀ ਨਹੀਂ ਸੀ, ਇਸੇ ਕਰਕੇ ਅਜਿਹਾ ਹੋਇਆ ਨਹੀਂ।

ਅੱਜ ਦਾ ਮਨੁੱਖ, ਮਨੁੱਖ ਹੋਣ ਦੇ ਨਾਤੇ ਆਲ਼ੇ-ਦੁਆਲ਼ੇ ਬਾਰੇ ਅਨੁਭਵ ਕਰਦਾ ਹੈ ਤੇ ਉਸ ਅਨੁਭਵ ਨੂੰ ਹੋਰਨਾਂ ਨਾਲ਼ ਸਾਂਝਾ ਕਰਦਾ ਹੈ। ਅਨੁਭਵ ਨੂੰ ਸਾਂਝਾ ਕਰਨ ਲਈ ਜਾਂ ਮਨ ਦੀ ਭੜਾਸ ਕੱਢਣ ਲਈ ਉਹ ਗੱਲ-ਬਾਤ ਤੋਂ ਇਲਾਵਾ ਬੋਲੀ ਦੇ ਕਈ ਹੋਰ ਸਾਧਨਾਂ ਦੀ ਵਰਤੋਂ ਵੀ ਕਰਦਾ ਹੈ। ਇੱਕ ਸਾਧਨ ਹੋਰ ਵੀ ਹੈ – ਉਹ ਹੈ, ਸਾਹਿਤ ਦਾ। ਜੋ ਕੁਝ ਆਲ਼ੇ-ਦੁਆਲ਼ੇ ਵਾਪਰਦਾ ਹੈ ਤੇ ਉਸ ਨਾਲ਼ ਅਨੁਭਵਸ਼ੀਲ ਮਨੁੱਖ ਦੇ ਮਨ ਦਾ ਜਿਹੜਾ ਸੰਤੁਲਨ ਡੋਲਦਾ ਹੈ, ਉਸ ਨੂੰ ਮੁੜ ਕਾਇਮ ਕਰਨ ਲਈ ਉਹ ਸਾਹਿਤ ਲਿਖਣ ਤੇ ਸਾਹਿਤ ਪੜ੍ਹਨ ਦਾ ਸਹਾਰਾ ਲੈਂਦਾ ਹੈ।

ਮਨੁੱਖੀ ਮਨ ਦੀਆਂ ਕਈ ਤਹਿਆਂ ਹੁੰਦੀਆਂ ਹਨ। ਕਿਤੇ ਉਹ ਸਿੱਧ-ਪੱਧਰਾ ਤੇ ਸਾਂਵਾਂ ਹੁੰਦਾ ਹੈ, ਕਿਤੇ ਅਤਿ-ਭਾਵਕ। ਕਿਤੇ ਉਹ ਭਾਵਕ ਵੀ ਹੁੰਦਾ ਹੈ ਪਰ ਬੁੱਧੀ ਦੀ ਵਰਤੋਂ ਕਰਦਾ ਹੋਇਆ ਡੋਲਦਾ ਨਹੀਂ। ਇਸ ਤਰ੍ਹਾਂ ਦੀਆਂ ਤਹਿਆਂ ਮੁਤਾਬਕ ਹੀ ਉਸ ਦਾ ਮਨ ਜਦੋਂ ਕਿਸੇ ਮਾਧਿਅਮ ਰਾਹੀਂ ਪ੍ਰਗਟ ਹੁੰਦਾ ਹੈ ਤਾਂ ਇਸ ਮਾਧਿਅਮ ਦੀਆਂ ਕਈ ਤਹਿਆਂ ਹੋ ਜਾਂਦੀਆਂ ਹਨ। ਕਿਤੇ ਤਰਕ-ਪੂਰਨ ਵਿਚਾਰ, ਕਿਤੇ ਭਾਵਕ-ਮਾਨਸਿਕਤਾ ਤੇ ਕਿਤੇ ਭਾਵਕਤਾ ਦੀ ਗਹਿਰਾਈ ਵਿੱਚ ਵਿਵੇਕ। ਅਨੁਭਵ ਦੇ ਮਾਧਿਅਮ ਦੀਆਂ ਇਹਨਾਂ ਵੱਖ-ਵੱਖ ਤਹਿਆਂ ਦੇ ਅਨੁਕੂਲ ਹੀ ਸਾਹਿਤ ਦੇ ਵੱਖ-ਵੱਖ ਰੂਪ ਹੋਂਦ ਵਿੱਚ ਆਏ ਹਨ।

Downloaded from https:// www.studiestoday.com

Downloaded from https:// www.studiestoday.com



ਪਹਿਲੀ ਤਹਿ ਦੇ ਅਨੁਕੂਲ ਵਾਰਤਕ, ਦੂਜੀ ਦੇ ਅਨੁਕੂਲ ਕਵਿਤਾ ਅਤੇ ਤੀਜੀ ਦੇ ਅਨੁਕੂਲ ਗਲਪ ਦੇ ਸਾਰੇ ਭੇਦ ਹੋਂਦ ਵਿੱਚ ਆਏ ਹਨ। ਸੋ, ਕਹਾਣੀ ਤੀਜੀ ਤਹਿ ਦੇ ਅਨੁਕੂਲ ਰੂਪ ਹੈ ਜਿਸ ਵਿੱਚ ਭਾਵਕਤਾ ਵੀ ਹੁੰਦੀ ਹੈ ਤੇ ਇਸ ਭਾਵਕਤਾ ਦੀ ਗਹਿਰਾਈ ਵਿੱਚ ਵਿਚਾਰ ਤੇ ਵਿਵੇਕ ਵੀ। ਕੇਵਲ ਘਟਨਾ-ਕ੍ਰਮ ਜਾਂ ਕਥਾ-ਕ੍ਰਮ ਕਿਸੇ ਰਚਨਾ ਨੂੰ ਕਹਾਣੀ ਨਹੀਂ ਬਣਾ ਸਕਦਾ। ਘਟਨਾ ਜਾਂ ਕਥਾ ਭਾਵਕਤਾ ਵਿਚਾਰ ਤੇ ਵਿਵੇਕ ਦਾ ਵਾਹਕ ਬਣ ਕੇ ਆਉਂਦੇ ਹਨ। ਦੁਨੀਆਂ ਭਰ ਦੇ ਸਾਹਿਤ ਵਿੱਚ ਜਿੱਥੇ ਕਿਤੇ ਵੀ ਕਹਾਣੀ ਨਾਂ ਦੀ ਚੀਜ਼ ਹੈ ਉਸ ਵਿੱਚ ਜੇ ਉਪਰੋਕਤ ਸਿਫ਼ਤ ਨਹੀਂ ਤਾਂ ਉਹ ਕੇਵਲ ਘਟਨਾ ਜਾਂ ਕਥਾ ਹੈ, ਕਹਾਣੀ ਨਹੀਂ।

## ਕਹਾਣੀ ਦੀ ਬਣਤਰ

ਉਪਰੋਕਤ ਵਿਚਾਰ ਦੀ ਰੋਸ਼ਨੀ ਵਿੱਚ ਕਹਾਣੀ ਨਾਂ ਦੀ ਇਸ ਸਾਹਿਤਿਕ ਵੰਨਗੀ ਦੀ ਬਣਤਰ, ਇਸ 'ਸੰਜਮ' ਦੇ ਸਮੁੱਚੇ ਨਿਰਮਾਣਕਾਰੀ ਤੱਤਾਂ ਉੱਤੇ ਸੰਖੇਪ ਜਿਹੀ ਵਿਚਾਰ ਕਰਨੀ ਵੀ ਜ਼ਰੂਰੀ ਹੈ। ਇਹਨਾਂ ਤੱਤਾਂ ਨੂੰ ਮੋਟੇ ਤੌਰ 'ਤੇ ਛੇ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ; -

| | | | | | |
|---|---|---|---|---|---|
| 1. | ਕਥਾ ਵਸਤੂ | 2. | ਪਾਤਰ-ਚਿਤਰਨ | 3. | ਵਾਰਤਾਲਾਪ |
| 4. | ਵਾਤਾਵਰਨ | 5. | ਸ਼ੈਲੀ | 6. | ਮਨੋਰਥ |

### 1. ਕਥਾ-ਵਸਤੂ

ਕਹਾਣੀ ਦਾ ਵਿਸ਼ਾ ਕੋਈ ਵੀ ਹੋ ਸਕਦਾ ਹੈ ਪਰ ਉਸ ਵਿਸ਼ੇ ਨੂੰ ਪ੍ਰਗਟ ਕਰਨ ਲਈ ਲੇਖਕ ਜੋ ਵਸਤੂ ਚੁਣਦਾ ਹੈ, ਉਸ ਦਾ ਖ਼ਾਸਾ ਕਥਾਤਮਿਕ ਹੁੰਦਾ ਹੈ ਅਰਥਾਤ ਉਹ ਵਿਸ਼ੇ ਅਨੁਕੂਲ ਇੱਕ ਘਟਨਾ ਜਾਂ ਕੁਝ ਘਟਨਾਵਾਂ ਨੂੰ ਇੱਕ ਸਿਲਸਿਲੇਬੱਧ ਤਰਤੀਬ ਵਿੱਚ ਜੋੜਦਾ ਹੈ। ਇੱਕ ਘਟਨਾ ਹੋਣ ਦੀ ਸੂਰਤ ਵਿੱਚ ਉਸ ਘਟਨਾ ਦੇ ਹੀ ਵੱਖ-ਵੱਖ ਪਹਿਲੂਆਂ ਤੇ ਇੱਕ ਤੋਂ ਵੱਧ ਘਟਨਾਵਾਂ ਹੋਣ ਦੀ ਸੂਰਤ ਵਿੱਚ ਇਹਨਾਂ ਘਟਨਾਵਾਂ ਦੇ ਆਪਸੀ ਸੰਬੰਧ ਨੂੰ ਉਜਾਗਰ ਕਰਦਾ ਹੋਇਆ ਕਹਾਣੀ ਵਿਚਲੀ ਕਥਾ ਨੂੰ ਅੱਗੇ ਤੋਰਦਾ ਹੈ। ਇਹੋ ਕਾਰਨ ਹੈ ਕਿ ਅਸੀਂ ਜਦੋਂ ਕੋਈ ਕਹਾਣੀ ਪੜ੍ਹਦੇ ਹਾਂ ਤਾਂ ਉਸ ਕਹਾਣੀ ਵਿਚਲੀ ਕਹਾਣੀ ਤੋਂ ਇਲਾਵਾ ਉਹਨਾਂ ਰੰਗਾਂ ਦੇ ਭਾਵਾਂ ਨੂੰ ਵੀ ਸਮਝ ਤੇ ਮਾਣ ਰਹੇ ਹੁੰਦੇ ਹਾਂ ਜੋ ਲੇਖਕ ਘਟਨਾਵਾਂ ਦੇ ਆਪਸੀ ਸੰਬੰਧ ਸਥਾਪਿਤ ਕਰਕੇ ਪ੍ਰਗਟ ਕਰ ਰਿਹਾ ਹੁੰਦਾ ਹੈ। ਸਧਾਰਨ ਸ਼ਬਦਾਂ ਵਿੱਚ ਕਹਾਣੀ ਵਿਚਲੇ ਕਥਾ-ਵਸਤੂ ਦੇ ਚਾਰ ਪੜਾਅ ਹੁੰਦੇ ਹਨ, ਅਰੰਭ, ਮੱਧ, ਸਿਖਰ ਤੇ ਅੰਤ। ਕਹਾਣੀ ਦੇ ਸਿਰਲੇਖ ਦੇ ਮੁਢਲੇ ਹਿੱਸੇ ਨੂੰ ਅਰੰਭ ਕਿਹਾ ਜਾਂਦਾ ਹੈ। ਇਸ ਦੀ ਕੋਈ ਖ਼ਾਸ ਪ੍ਰਮਾਣਿਕ ਵਿਧੀ ਨਹੀਂ। ਲੇਖਕ ਆਪਣੇ ਬਿਆਨ-ਢੰਗ ਅਨੁਸਾਰ ਕਹਾਣੀ ਸ਼ੁਰੂ ਕਰਦਾ ਹੈ। ਕਈ ਵਾਰ ਸਿੱਧਾ ਹੀ ਕਈ ਵਾਰ ਕਹਾਣੀ ਵਿਚਲੇ ਪਾਤਰ ਦੀ ਜਾਣ-

Downloaded from https:// www.studiestoday.com

Downloaded from https:// www.studiestoday.com



ਪਛਾਣ ਕਰਾ ਕੇ, ਕਦੀ ਵਾਤਾਵਰਨ ਦਾ ਜ਼ਿਕਰ ਕਰਕੇ ਜਾਂ ਕਹਾਣੀ ਵਿਚਲੇ ਪਾਤਰਾਂ ਦੇ ਵਾਰਤਾਲਾਪ ਤੋਂ ਤੇ ਹੋਰ ਵੀ ਕਈ ਢੰਗਾਂ ਨਾਲ਼ ਕਹਾਣੀ ਸ਼ੁਰੂ ਕੀਤੀ ਜਾ ਸਕਦੀ ਹੈ। ਇਸ ਦਾ ਸੰਬੰਧ ਕਿਸੇ ਬਾਹਰੀ ਪ੍ਰਮਾਣਿਕ ਤਕਨੀਕ ਨਾਲ਼ ਨਹੀਂ ਸਗੋਂ ਲੇਖਕ ਦੀ ਆਪਣੀ ਮਾਨਸਿਕ ਬਣਤਰ ਨਾਲ਼ ਹੁੰਦਾ ਹੈ। ਵਿਦਿਆਰਥੀਆਂ ਨੂੰ ਇਸ ਸੰਗ੍ਰਹਿ ਵਿਚਲੀਆਂ ਕਹਾਣੀਆਂ ਦੇ ਵੱਖਰੀ - ਵੱਖਰੀ ਤਰ੍ਹਾਂ ਸ਼ੁਰੂ ਹੋਣ ਤੋਂ ਹੀ ਇਸ ਤੱਥ ਦਾ ਅੰਦਾਜ਼ਾ ਭਲੀ-ਭਾਂਤ ਹੋ ਜਾਵੇਗਾ।

## 2. ਪਾਤਰ-ਚਿਤਰਨ

ਕਹਾਣੀ ਦਾ ਦੂਜਾ ਮਹੱਤਵਪੂਰਨ ਤੱਤ ਹੈ—ਪਾਤਰ-ਚਿਤਰਨ। ਕਹਾਣੀ ਇੱਕ ਜਾਂ ਇੱਕ ਤੋਂ ਵੱਧ ਪਾਤਰਾਂ ਦੀ ਆਪਸੀ ਕਿਰਿਆ-ਪ੍ਰਤੀਕਿਰਿਆ ਰਾਹੀਂ ਅੱਗੇ ਤੁਰਦੀ ਹੈ। ਕਿਉਂਜੋ ਕਹਾਣੀ ਜ਼ਿੰਦਗੀ ਦੇ ਕਿਸੇ ਪਹਿਲੂ ਨੂੰ ਲੈ ਕੇ ਲਿਖੀ ਗਈ ਹੁੰਦੀ ਹੈ ਇਸ ਲਈ ਸਫ਼ਲ ਕਹਾਣੀ ਉਹੋ ਹੁੰਦੀ ਹੈ ਜਿਸ ਵਿਚਲੇ ਪਾਤਰ ਸਾਨੂੰ ਆਮ ਵਰਗੇ ਲੱਗਣ, ਯਥਾਰਥਕ ਹੋਣ। ਫਿਰ ਸਵਾਲ ਪੈਦਾ ਹੁੰਦਾ ਹੈ ਕਿ ਜੇ ਪਾਤਰ ਆਮ ਵਰਗੇ ਹੀ ਲੱਗਣੇ ਹਨ ਤਾਂ ਉਹਨਾਂ ਨੂੰ ਕਹਾਣੀ ਵਿੱਚ ਲਿਆਉਣ ਦੀ ਕੀ ਲੋੜ ਹੈ? ਇਸ ਦਾ ਉੱਤਰ ਸਿੱਧਾ ਹੈ। ਅਸੀਂ ਸਾਹਿਤ ਰਾਹੀਂ ਨਾ ਕੇਵਲ ਲੇਖਕ ਦੇ ਨਿੱਜੀ ਅਨੁਭਵ ਤੋਂ ਜਾਣੂ ਹੁੰਦੇ ਹਾਂ ਸਗੋਂ ਨਿੱਤ ਦੇ ਵਾਹ ਵਿਚਲੀ ਜ਼ਿੰਦਗੀ ਬਾਰੇ ਵੀ ਆਪਣੇ ਅਨੁਭਵ ਨੂੰ ਵਿਸ਼ਾਲ ਕਰਦੇ ਹਾਂ। ਕਹਾਣੀ ਵਿਚਲੇ ਇਹ ਪਾਤਰ ਜਿਹੜੇ ਆਲ਼ੇ-ਦੁਆਲੇ ਵਿੱਚੋਂ ਹੀ ਹੁੰਦੇ ਹਨ ਤੇ ਸਾਡੇ ਆਪਣੇ ਵਾਂਗ ਹੀ ਸਧਾਰਨ ਨਜ਼ਰ ਆਉਂਦੇ ਹਨ, ਜਦੋਂ ਲੇਖਕ ਦੇ ਅਨੁਭਵ ਵਿੱਚੋਂ ਦੀ ਲੰਘ ਕੇ ਕਹਾਣੀ ਦੇ ਪਾਤਰਾਂ ਵਜੋਂ ਪੇਸ਼ ਹੁੰਦੇ ਹਨ ਤਾਂ ਸਾਡੇ ਅੱਗੇ ਇਹਨਾਂ ਦੀ ਸਧਾਰਨਤਾ ਪਿੱਛੇ ਮਨੁੱਖੀ ਅਨੁਭਵ ਦਾ ਵਿਸ਼ਾਲ ਸੰਸਾਰ ਉਜਾਗਰ ਹੋ ਜਾਂਦਾ ਹੈ। ਸਫ਼ਲ ਪਾਤਰ-ਚਿਤਰਨ ਉਹ ਹੁੰਦਾ ਹੈ ਜਿਸ ਵਿੱਚ ਲੇਖਕ ਆਪਣੇ ਮੂੰਹੋਂ ਕਿਸੇ ਪਾਤਰ ਬਾਰੇ ਕੁਝ ਚੰਗਾ-ਮਾੜਾ ਨਾ ਕਹੇ ਸਗੋਂ ਪਾਤਰ ਨੂੰ ਅਜਿਹੇ ਢੰਗ ਨਾਲ਼ ਉਸਾਰੇ ਕਿ ਪਾਤਰਾਂ ਦੇ ਦੂਜੇ ਪਾਤਰਾਂ ਜਾਂ ਜ਼ਿੰਦਗੀ ਪ੍ਰਤਿ ਵਤੀਰੇ ਤੋਂ ਹੀ ਸਾਨੂੰ ਉਸ ਦੀ ਸਮੁੱਚੀ ਸ਼ਖ਼ਸੀਅਤ ਦਾ ਪਤਾ ਲੱਗੇ।

## 3. ਵਾਰਤਾਲਾਪ

ਦੋ ਪਾਤਰਾਂ ਵਿੱਚ ਆਪਸੀ ਗੱਲ-ਬਾਤ ਨੂੰ ਹੀ ਵਾਰਤਾਲਾਪ ਕਿਹਾ ਜਾਂਦਾ ਹੈ। ਨਾਟਕ ਤਾਂ ਵਾਰਤਾਲਾਪ ਬਿਨਾਂ ਹੋ ਹੀ ਨਹੀਂ ਸਕਦਾ ਪਰ ਨਾਵਲ, ਮਹਾਂਕਾਵਿ ਤੇ ਕਹਾਣੀ ਵਿੱਚ ਵੀ ਇਸ ਦੀ ਮਹੱਤਤਾ ਘੱਟ ਨਹੀਂ। ਗੱਲ-ਬਾਤ ਸਾਡੇ ਆਪਸੀ ਸੰਚਾਰ ਦਾ ਧੁਰਾ ਹੈ ਤੇ ਕਹਾਣੀ ਵਿੱਚ ਵੀ ਜ਼ਿੰਦਗੀ ਦਾ ਯਥਾਰਥਕ ਚਿਤਰ ਪੇਸ਼ ਹੋਣਾ ਹੈ ਤਾਂ ਉੱਥੇ ਵੀ ਥਾਂਈਂ-ਥਾਂਈਂ ਵਾਰਤਾਲਾਪ ਆਏਗੀ। ਕਹਾਣੀ ਵਿੱਚ ਸਫ਼ਲ ਵਾਰਤਾਲਾਪ ਉਹ ਹੁੰਦੇ ਹਨ ਜੋ ਉਸ ਵਿੱਚ ਵਧੇਰੇ ਵਾਸਤਵਿਕਤਾ ਲਿਆਉਣ, ਪਾਤਰਾਂ ਦੇ ਅੰਦਰਲੇ ਕਿਰਦਾਰਾਂ ਨੂੰ

Downloaded from https:// www.studiestoday.com

Downloaded from https:// www.studiestoday.com



ਉਘਾੜਨ, ਉਹਨਾਂ ਦੇ ਮਾਨਸਿਕ ਤਣਾਅ ਨੂੰ ਪ੍ਰਗਟ ਕਰਨ, ਸੰਖੇਪ ਤੇ ਭਾਵਪੂਰਤ ਹੋਣ, ਬੋਝਲ ਤੇ ਬਣਾਉਟੀ ਨਾ ਹੋਣ।

### 4. ਵਾਤਾਵਰਨ

ਕਹਾਣੀਕਾਰ ਆਪਣਾ ਵਿਸ਼ਾ-ਵਸਤੂ ਜ਼ਿੰਦਗੀ ਵਿੱਚੋਂ ਲੈਂਦਾ ਹੈ। ਜ਼ਿੰਦਗੀ ਦੇ ਜਿਸ ਖਿੱਤੇ ਵਿੱਚੋਂ ਉਹ ਆਪਣਾ ਪਲਾਟ ਜਾਂ ਪਾਤਰ ਚੁਣਦਾ ਹੈ, ਉਸ ਖਿੱਤੇ ਦਾ ਸਮਾਜਿਕ ਸੱਭਿਆਚਾਰਿਕ ਵਾਤਾਵਰਨ ਦਾ ਜ਼ਿਕਰ ਵੀ ਕਹਾਣੀ ਵਿੱਚ ਲਿਆਉਂਦਾ ਹੈ। ਤਦੇ ਹੀ ਉਸ ਕਹਾਣੀ ਵਿਚਲਾ ਪਾਤਰ ਉਸ ਧਰਤੀ ਦਾ ਪਾਤਰ ਲੱਗਦਾ ਹੈ। ਇਸ ਵਾਤਾਵਰਨ ਦਾ ਵਿਸਤਾਰ ਵਿੱਚ ਚਿਤਰਨ ਕਹਾਣੀ ਦੀ ਸੀਮਾ ਵਿੱਚ ਸੰਭਵ ਨਹੀਂ ਹੁੰਦਾ ਪਰ ਇੱਕ ਸਫ਼ਲ ਕਥਾਕਾਰ ਕੁਝ ਸੂਖਮ ਛੂਹਾਂ ਨਾਲ਼ ਹੀ ਪਾਠਕ ਨੂੰ ਸਮੁੱਚੇ ਵਾਤਾਵਰਨ ਦਾ ਅਹਿਸਾਸ ਕਰਾ ਸਕਦਾ ਹੈ। ਬਣਾਉਟੀ ਜਾਂ ਕਾਲਪਨਿਕ ਪੱਧਰ ਉੱਤੇ ਚਿਤਰਿਆ ਗਿਆ ਵਾਤਾਵਰਨ ਅਕੇਵੇਂ ਭਰਪੂਰ ਤੇ ਰਸ-ਹੀਣ ਹੁੰਦਾ ਹੈ।

### 5. ਸ਼ੈਲੀ

ਹਰ ਲੇਖਕ ਦਾ ਇੱਕ ਆਪਣਾ ਬਿਆਨ-ਢੰਗ ਹੁੰਦਾ ਹੈ। ਇਸ ਨਿੱਜੀ ਬਿਆਨ-ਢੰਗ ਨੂੰ ਹੀ ਸ਼ੈਲੀ ਕਿਹਾ ਜਾਂਦਾ ਹੈ। ਕੋਈ ਲੇਖਕ ਵਰਨਣ ਉੱਤੇ ਜ਼ੋਰ ਦਿੰਦਾ ਹੈ, ਕੋਈ ਵਾਰਤਾਲਾਪ 'ਤੇ, ਕੋਈ ਖ਼ਤਾਂ ਦੇ ਰੂਪ ਵਿੱਚ ਕਹਾਣੀ ਬਣਾਉਂਦਾ ਹੈ ਤੇ ਕੋਈ ਡਾਇਰੀ ਲਿਖਣ ਵਾਂਗ। ਕੋਈ ਸਧਾਰਨ ਫ਼ਿਕਰੇ ਵਰਤੋਂ ਵਿੱਚ ਲਿਆਉਂਦਾ ਹੈ ਤੇ ਕੋਈ ਲੱਛੇਦਾਰ। ਕੋਈ ਸੁਝਾਊ ਫ਼ਿਕਰਿਆਂ ਦੀ ਵਰਤੋਂ ਕਰਦਾ ਹੈ ਤੇ ਕੋਈ ਸਪਾਟ ਬਿਆਨ ਨੂੰ ਉੱਤਮ ਸਮਝਦਾ ਹੈ। ਕੋਈ ਕੁਝ ਲਫ਼ਜ਼ਾਂ ਦੀ ਵਾਰ-ਵਾਰ ਵਰਤੋਂ ਕਰਦਾ ਹੈ ਤੇ ਕੋਈ ਕੁਝ ਫ਼ਿਕਰਿਆਂ ਨੂੰ ਦੁਹਰਾਉਂਦਾ ਹੈ। ਇੰਵ ਜਿੰਨੇ ਲੇਖਕ, ਓਨੇ ਹੀ ਬਿਆਨ-ਢੰਗ ਪਰ ਸਾਰੇ ਹੀ ਬਿਆਨ-ਢੰਗ ਸ਼ੈਲੀ ਬਣਨ ਦੀ ਸਮਰੱਥਾ ਨਹੀਂ ਰੱਖਦੇ। ਅਸਲ ਵਿੱਚ ਕੋਈ ਬਿਆਨ-ਢੰਗ ਸ਼ੈਲੀ ਓਦੋਂ ਬਣਦਾ ਹੈ ਜਦੋਂ ਉਹ ਲੇਖਕ ਦੀ ਮਾਨਸਿਕਤਾ ਦਾ ਅਨਿੱਖੜਵਾਂ ਅੰਗ ਬਣ ਜਾਂਦਾ ਹੈ। ਇਸ ਸੰਗ੍ਰਹਿ ਵਿੱਚ ਸ਼ਾਮਲ ਕਹਾਣੀਆਂ ਤੋਂ ਵਿਦਿਆਰਥੀਆਂ ਨੂੰ ਸ਼ੈਲੀ ਦੀ ਵੰਨਗੀ ਦਾ ਗਿਆਨ ਹੋ ਜਾਵੇਗਾ।

### 6. ਮਨੋਰਥ

ਅਸੀਂ ਪਹਿਲਾਂ ਕਿਹਾ ਹੈ ਕਿ ਸਾਹਿਤ ਮਨੁੱਖੀ ਸੰਚਾਰ ਦਾ ਮਾਧਿਅਮ ਹੈ। ਅਸੀਂ ਸਾਹਿਤ ਰਾਹੀਂ ਇੱਕ-ਦੂਜੇ ਨਾਲ਼ ਆਪਣਾ ਅਨੁਭਵ ਸਾਂਝਾ ਕਰਦੇ ਹਾਂ। ਲੇਖਕ ਆਪਣੇ ਦ੍ਰਿਸ਼ਟੀਕੋਣ ਤੋਂ ਆਲ਼ੇ-ਦੁਆਲ਼ੇ ਦੀ ਜ਼ਿੰਦਗੀ ਦਾ ਅਧਿਐਨ ਕਰਦਾ ਹੈ ਤੇ ਇਸ ਤੋਂ ਉਸ

Downloaded from https:// www.studiestoday.com

Downloaded from https:// www.studiestoday.com



ਦਾ ਜੋ ਅਨੁਭਵ ਬਣਦਾ ਹੈ, ਉਸੇ ਨੂੰ ਹੀ ਆਪਣੀ ਰਚਨਾ ਵਿੱਚ ਪੇਸ਼ ਕਰਦਾ ਹੈ। ਲੇਖਕ ਦਾ ਇਹ ਅਨੁਭਵ ਹੀ ਕਹਾਣੀ ਵਿਚਲਾ ਮਨੋਰਥ ਹੁੰਦਾ ਹੈ। ਕੋਈ ਸਾਹਿਤ-ਰਚਨਾ ਮਨੋਰਥਹੀਣ ਨਹੀਂ ਹੁੰਦੀ ਪਰ ਕਈ ਵਾਰ ਇੰਞ ਹੁੰਦਾ ਹੈ ਕਿ ਕੁਝ ਲੇਖਕ ਆਪਣੇ ਸ਼ਿਲਪ ਤੇ ਹੁਨਰ ਵਿੱਚ ਏਨੇ ਮਾਹਿਰ ਨਹੀਂ ਹੁੰਦੇ ਤੇ ਸਿੱਟੇ ਵਜੋਂ ਉਹਨਾਂ ਦੇ ਅਨੁਭਵ ਦਾ ਸੰਚਾਰ ਨਹੀਂ ਹੁੰਦਾ ਅਰਥਾਤ ਮਨੋਰਥ ਸਪਸ਼ਟ ਰੂਪ ਵਿੱਚ ਉੱਘੜ ਕੇ ਸਾਹਮਣੇ ਨਹੀਂ ਆਉਂਦਾ।

ਇਸ ਪਾਠ-ਪੁਸਤਕ ਦੇ ਕਹਾਣੀ-ਭਾਗ ਵਿੱਚ, ਸੰਬੰਧਿਤ ਲੇਖਕਾਂ ਅਤੇ ਉਹਨਾਂ ਦੀਆਂ ਕਹਾਣੀਆਂ, ਨਾਨਕ ਸਿੰਘ : 'ਕੱਲੋ', ਸੰਤੋਖ ਸਿੰਘ ਧੀਰ : 'ਸਾਂਝੀ ਕੰਧ', ਸਵਿੰਦਰ ਸਿੰਘ ਉੱਪਲ : 'ਜਨਮ-ਦਿਨ', ਨੌਰੰਗ ਸਿੰਘ : 'ਮੁਰਕੀਆਂ' , ਨਵਤੇਜ ਸਿੰਘ : 'ਬਸ਼ੀਰਾ', ਡਾ. ਦਲੀਪ ਕੌਰ ਟਿਵਾਣਾ : 'ਬੱਸ ਕੰਡਕਟਰ', ਅਤੇ ਮੋਹਨ ਭੰਡਾਰੀ : 'ਬਾਕੀ ਸਭ ਸੁੱਖ-ਸਾਂਦ ਹੈ', ਕਹਾਣੀਆਂ ਸ਼ਾਮਲ ਕੀਤੀਆਂ ਗਈਆਂ ਹਨ। ਇਹਨਾਂ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਕਹਾਣੀਕਾਰਾਂ ਨੇ ਕਹਾਣੀਆਂ ਲਿਖ ਕੇ ਪੰਜਾਬੀ ਸਾਹਿਤ ਨੂੰ ਅਮੀਰ ਬਣਾਉਣ ਵਿੱਚ ਆਪਣਾ ਯੋਗਦਾਨ ਪਾਇਆ ਹੈ ਅਤੇ ਪਾ ਰਹੇ ਹਨ।

******

Downloaded from https:// www.studiestoday.com

Downloaded from https:// www.studiestoday.com

# ਭੂਮਿਕਾ

## ਨਾਟਕ ਕੀ ਹੈ?

ਨਾਟਕ ਇੱਕ ਦਰਸ਼ਨੀ-ਕਲਾ ਹੈ। ਇਸ ਵਿੱਚ ਮਨੁੱਖੀ ਜੀਵਨ ਨਾਲ਼ ਸੰਬੰਧਿਤ ਕਿਸੇ ਵੀ ਕਹਾਣੀ ਨੂੰ ਢੁਕਵੇਂ ਪਾਤਰਾਂ ਦੀ ਵਾਰਤਾਲਾਪ ਰਾਹੀਂ, ਘਟਨਾਵਾਂ ਨੂੰ ਰੰਗ-ਮੰਚ ਉੱਤੇ ਵਾਪਰਦਾ ਦਿਖਾਇਆ ਜਾਂਦਾ ਹੈ। ਇਸ ਲਈ ਹਰੇਕ ਨਾਟਕਕਾਰ ਆਪਣੇ ਨਾਟਕ ਦੀ ਰਚਨਾ ਰੰਗ-ਮੰਚੀ ਨਿਯਮਾਂ ਨੂੰ ਮੁੱਖ ਰੱਖ ਕੇ ਕਰਦਾ ਹੈ।

## ਇਕਾਂਗੀ ਤੇ ਇਕਾਂਗੀ ਦੀ ਬਣਤਰ :

ਇਕਾਂਗੀ, ਨਾਟਕ ਦਾ ਇੱਕ ਰੂਪ ਹੈ। ਇਸ ਦੀ ਪੇਸ਼ਕਾਰੀ ਦੀ ਤਕਨੀਕ ਪੂਰੇ ਨਾਟਕਾਂ ਨਾਲ਼ੋਂ ਵੱਖਰੀ ਹੁੰਦੀ ਹੈ। ਇਸ ਵਿੱਚ ਜੀਵਨ ਦੀ ਇੱਕ ਘਟਨਾ, ਇੱਕ ਕਾਤਰ ਜਾਂ ਇੱਕ ਸਮੱਸਿਆ ਨੂੰ ਵਿਸ਼ਾ ਬਣਾਇਆ ਜਾਂਦਾ ਹੈ। ਇਸ ਦੀ ਰੂਪ-ਰੇਖਾ ਨੂੰ ਪਲਾਟ ਜਾਂ ਗੋਂਦ ਕਹਿੰਦੇ ਹਨ। ਇਸ ਦਾ ਮਾਧਿਅਮ ਵਾਰਤਾਲਾਪ ਹੁੰਦਾ ਹੈ। ਇਸ ਦੀ ਸਮੱਸਿਆ ਨੂੰ ਅੱਗੇ ਤੋਰਨ ਵਾਲ਼ੇ ਇਕਾਂਗੀ ਦੇ ਪਾਤਰ ਹੁੰਦੇ ਹਨ। ਉਹਨਾਂ ਪਾਤਰਾਂ ਦੇ ਕੁਝ ਮਨੋਰਥ ਜਾਂ ਉਦੇਸ਼ ਹੁੰਦੇ ਹਨ ਜਿਸ ਕਰਕੇ ਉਹ ਦੂਜਿਆਂ ਨਾਲ਼ ਸੰਵਾਦ ਰਚਾਉਂਦੇ ਹਨ। ਪਾਤਰਾਂ ਦੇ ਹਾਵ-ਭਾਵ ਵੀ ਹੁੰਦੇ ਹਨ ਜਿਨ੍ਹਾਂ ਵਿੱਚ ਹਾਸਾ-ਪਿਆਰ, ਡਰ ਜਾਂ ਬੀਰਤਾ ਪ੍ਰਧਾਨ ਹੁੰਦੀ ਹੈ। ਇਕਾਂਗੀਕਾਰ ਦਾ ਇੱਕ ਦ੍ਰਿਸ਼ਟੀਕੋਣ ਵੀ ਹੁੰਦਾ ਹੈ। ਕਈ ਇਕਾਂਗੀ ਨਿਰੋਲ ਹਾਸ-ਰਸ ਵਾਲ਼ੇ, ਹਾਸ-ਰਸ ਵਿੱਚ ਵਿਅੰਗ ਵਾਲ਼ੇ, ਰੋਮਾਂਸ ਭਰਪੂਰ ਜਾਂ ਸੂਰਬੀਰਤਾ ਦੇ ਭਾਵ ਵਾਲ਼ੇ ਹੁੰਦੇ ਹਨ। ਨਾਟਕਕਾਰ ਦੇ ਜੀਵਨ ਪ੍ਰਤਿ ਦ੍ਰਿਸ਼ਟੀਕੋਣ ਜਾਂ ਨਾਟਕ ਦੇ ਅੰਦਰਲੇ ਵਾਤਾਵਰਨ ਨੂੰ ਮੁੱਖ ਰੱਖ ਕੇ ਨਾਟਕ ਜਾਂ ਇਕਾਂਗੀ ਸੁਖਾਂਤ ਤੇ ਦੁਖਾਂਤ ਦੋ ਕਿਸਮਾਂ ਵਿੱਚ ਵੰਡਿਆ ਜਾ ਸਕਦਾ ਹੈ। ਜਿਨ੍ਹਾਂ ਇਕਾਂਗੀਆਂ ਦਾ ਅੰਤ ਖ਼ੁਸ਼ੀ ਨਾਲ਼ ਹੋਵੇ ਉਹਨਾਂ ਨੂੰ 'ਸੁਖਾਂਤ' ਅਤੇ ਜਿਨ੍ਹਾਂ ਦਾ ਅੰਤ ਦੁੱਖ ਭਰਿਆ ਹੋਵੇ, ਉਹਨਾਂ ਨੂੰ 'ਦੁਖਾਂਤ' ਇਕਾਂਗੀ ਕਹਿੰਦੇ ਹਨ।

ਇਕਾਂਗੀ ਵਿੱਚ ਜਿਵੇਂ ਕਿ ਇਸ ਦੇ ਨਾਂ ਤੋਂ ਹੀ ਸਪਸ਼ਟ ਹੁੰਦਾ ਹੈ, ਬਹੁਤਾ ਵਿਸਥਾਰ ਨਹੀਂ ਹੁੰਦਾ ਅਤੇ ਅੱਧੇ-ਪੌਣੇ ਘੰਟੇ ਵਿੱਚ ਖੇਡਿਆ ਜਾ ਸਕਦਾ ਹੈ। ਇਸ ਨੂੰ ਖੇਡਣ ਲਈ ਮੰਚ-ਸੱਜਾ ਆਦਿ ਦਾ ਖ਼ਰਚ ਵੀ ਘੱਟ ਅਤੇ ਉਚੇਚ ਵੀ ਘੱਟ ਕਰਨੀ ਪੈਂਦੀ ਹੈ। ਇਸ ਦੀ ਚਾਲ ਤਿੱਖੀ, ਵਾਰਤਾਲਾਪ ਸੰਜਮ ਭਰਪੂਰ ਤੇ ਸਾਰਥਕ, ਪ੍ਰਭਾਵ ਬੱਝਵਾਂ, ਪਾਤਰ ਥੋੜ੍ਹੇ ਤੇ ਇੱਕਰਸ ਹੁੰਦਾ ਹੈ। ਇਹ ਅਚਨਚੇਤ ਅਰੰਭ ਹੁੰਦਾ ਹੈ ਅਤੇ ਤੇਜ਼ੀ ਨਾਲ਼ ਸਿਖਰ 'ਤੇ ਪਹੁੰਚ ਕੇ ਖ਼ਤਮ ਹੋ ਜਾਂਦਾ ਹੈ। ਸੰਖੇਪਤਾ, ਸਪਸ਼ਟਤਾ ਤੇ ਤੀਬਰਤਾ ਇਸ ਦੇ ਮੁੱਖ ਲੱਛਣ ਹਨ।

## ਇਕਾਂਗੀ ਦਾ ਪਿਛੋਕੜ :

ਮਨੁੱਖ ਵਿੱਚ ਨਕਲ ਦੀ ਰੁਚੀ ਜਮਾਂਦਰੂ ਹੋਣ ਕਰਕੇ ਇਹ ਇੱਕ ਨਾਟਕੀ-ਜੀਵ



Downloaded from https:// www.studiestoday.com

Downloaded from https:// www.studiestoday.com



ਹੈ। ਇਸੇ ਨਕਲ ਦੀ ਰੁਚੀ ਨਾਲ਼ ਹੀ ਮਨੁੱਖ ਨੇ ਬਹੁਤ ਕੁਝ ਸਿੱਖਿਆ ਅਤੇ ਵਿਕਾਸ ਕੀਤਾ ਹੈ। ਨਕਲ ਲਾਉਣੀ, ਕਿਸੇ ਦਾ ਰੂਪ ਧਾਰਨਾ, ਸਾਂਗ ਲਾਉਣੀ ਆਦਿ ਇੱਕ ਤਰ੍ਹਾਂ ਮੁਢਲੇ ਇਕਾਂਗੀ ਹੀ ਹਨ। ਆਦਿ-ਮਨੁੱਖ ਨੇ ਆਪਣੀਆਂ ਮੁਢਲੀਆਂ ਲੋੜਾਂ ਦੇ ਪ੍ਰਸ਼ਨਾਂ, ਤੈਨੂੰ ਕੀ ਲੱਭਾ? ਤੂੰ ਡਰਿਆ ਹੋਇਆ ਕਿਉਂ ਹੈ? ਪਾਣੀ ਕਿੱਥੇ ਹੈ? ਤੇਰੇ ਨਾਲ਼ ਕੀ ਵਾਪਰੀ? ਦੇ ਜਵਾਬ ਇਸ਼ਾਰੇ, ਸੰਕੇਤਾਂ ਅਤੇ ਆਪਣੀ ਅਵਾਜ਼ ਦੇ ਉਤਰਾਅ-ਚੜ੍ਹਾਅ ਨਾਲ਼ ਦਿੱਤੇ ਹੋਣਗੇ, ਜੋ ਇਕਾਂਗੀ ਦੇ ਪ੍ਰਕਿਰਤਿਕ ਸਰੋਤ ਕਹੇ ਜਾ ਸਕਦੇ ਹਨ ਪਰ ਆਧੁਨਿਕ ਰੂਪ ਵਿੱਚ ਇਕਾਂਗੀ ਵੀਹਵੀਂ ਸਦੀ ਦੇ ਪਹਿਲੇ ਦਹਾਕੇ ਦੀ ਉਪਜ ਹੈ। ਇਕਾਂਗੀ ਦੇ ਅਰੰਭ ਬਾਰੇ ਇੱਕ ਕਹਾਣੀ ਪ੍ਰਚਲਿਤ ਹੈ। ਕਿਹਾ ਜਾਂਦਾ ਹੈ ਕਿ ਲੰਡਨ ਦੇ ਇੱਕ ਪ੍ਰਸਿੱਧ ਥੀਏਟਰ ਵਿੱਚ ਦਰਸ਼ਕਾਂ ਦੀ ਉਡੀਕ ਵਿੱਚ ਅਕਸਰ ਨਾਟਕ-ਟੋਲੇ ਅਸਲ ਨਾਟਕ ਸ਼ੁਰੂ ਹੋਣ ਤੋਂ ਪਹਿਲਾਂ ਕੋਈ ਨਿੱਕੀ ਖੇਡ ਖੇਡਿਆ ਕਰਦੇ ਸਨ। ਦਸ-ਪੰਦਰਾਂ ਮਿੰਟ ਤੱਕ ਪਰਦੇ ਦੇ ਅੱਗੇ ਅਜਿਹਾ ਨਿੱਕਾ ਨਾਟਕ ਹੁੰਦਾ ਸੀ ਅਤੇ ਉਸ ਪਿੱਛੋਂ ਅਸਲ ਨਾਟਕ ਦਾ ਪਰਦਾ ਚੁੱਕਿਆ ਜਾਂਦਾ ਸੀ। ਇਸ ਕਰਕੇ ਇਸ ਪਹਿਲੀ ਖੇਡ ਦਾ ਨਾਂ 'ਪਰਦਾ ਉਠਾਊ' ਪੈ ਗਿਆ। 'ਬਾਂਦਰ ਦਾ ਪੰਜਾ' (ਮੰਕੀ'ਜ਼ ਪਾਅ) ਅਤੇ 'ਇੱਕ ਵਿਆਹ ਤੈਅ ਹੋ ਗਿਆ ਹੈ', (ਏ ਮੈਰੇਜ ਹੈਜ਼ ਬਿੱਨ ਅਰੇਂਜਡ) ਮਸ਼ਹੂਰ 'ਪਰਦਾ-ਉਠਾਊ' ਝਾਕੀਆਂ ਨੂੰ ਵੇਖ ਕੇ ਦਰਸ਼ਕ ਏਨੇ ਪ੍ਰਸੰਨ ਹੋਏ ਕਿ ਸਾਰੇ ਦੇ ਸਾਰੇ ਅਸਲ ਪੂਰੇ ਨਾਟਕ ਨੂੰ ਵੇਖੇ ਬਗ਼ੈਰ ਹਾਲ ਵਿੱਚੋਂ ਉੱਠ ਕੇ ਚਲੇ ਗਏ। ਇਸ ਤਰ੍ਹਾਂ ਇਕਾਂਗੀ ਦੀ ਸੁਤੰਤਰ ਹੋਂਦ ਲਈ ਰਾਹ ਖੁੱਲ੍ਹ ਗਿਆ। ਪ੍ਰਬੰਧਕਾਂ ਨੂੰ ਪਤਾ ਲੱਗ ਗਿਆ ਕਿ ਛੋਟੇ ਆਕਾਰ ਦਾ ਇਕਹਿਰਾ ਸਫ਼ਲ ਨਾਟਕ ਵੀ ਦਰਸ਼ਕਾਂ ਨੂੰ ਪ੍ਰਵਾਨ ਹੋ ਸਕਦਾ ਹੈ। ਇਸ ਤਰ੍ਹਾਂ ਇਕਾਂਗੀ ਲਿਖਣ ਤੇ ਖੇਡਣ ਦੀ ਲਹਿਰ ਸ਼ੁਰੂ ਹੋ ਗਈ।

**ਪੰਜਾਬੀ-ਇਕਾਂਗੀ ਦਾ ਵਿਕਾਸ :**

ਪੰਜਾਬੀ ਲੋਕ ਖੁੱਲ੍ਹੇ-ਡੁੱਲ੍ਹੇ ਤੇ ਹਸਮੁਖ ਸੁਭਾਅ ਵਾਲ਼ੇ ਹਨ। ਪੰਜਾਬ ਵਿੱਚ ਵਿਆਹ-ਸ਼ਾਦੀਆਂ ਵਿੱਚ ਸਾਂਗ ਰਚਾ ਕੇ ਜਾਂਞੀਆਂ ਨੂੰ ਠਿੱਠ ਕਰਨਾ ਆਮ ਸੀ। ਕਿਸੇ ਮੁੰਡੇ ਨੇ ਲਾੜੇ ਦੀ ਮਾਂ ਬਣ ਕੇ ਜੰਞ ਵਿੱਚ ਆ ਜਾਣਾ ਤੇ ਲਾੜੇ ਦੀ ਮਾਂ ਦਾ ਸਾਂਗ ਕਰਨਾ। ਇਸੇ ਤਰ੍ਹਾਂ ਪੰਜਾਬ ਵਿੱਚ ਸਾਂਗ, ਭੱਟਾਂ ਦੀਆਂ ਵਾਰਾਂ, ਬਾਜ਼ੀਗਰਾਂ ਦੇ ਕਰਤੱਵ ਅਤੇ ਪੁਤਲੀਆਂ ਦੇ ਖੇਲ੍ਹ ਕਈ ਭਾਂਤ ਦੇ ਲੋਕ-ਨਾਟਕ ਹਨ ਜਿਨ੍ਹਾਂ ਵਿੱਚ ਠਿੱਠ ਹੈ, ਟਕੋਰ ਹੈ, ਚੋਭ ਹੈ, ਹਾਸਾ ਹੈ ਅਤੇ ਗੰਭੀਰ ਚੋਟ ਹੈ। ਇੰਞ ਅਸੀਂ, ਆਖ ਸਕਦੇ ਹਾਂ ਕਿ ਪੰਜਾਬੀ ਵਿੱਚ ਇਕਾਂਗੀ ਦਾ ਅਣਮਾਂਜਿਆ ਰੂਪ ਚਿਰਾਂ ਤੋਂ ਹੀ ਆਮ ਪ੍ਰਚਲਿਤ ਸੀ ਪਰ ਪੰਜਾਬ ਵਿੱਚ ਇਕਾਂਗੀ ਦਾ ਆਧੁਨਿਕ ਰੂਪ ਸ੍ਰੀਮਤੀ ਨੋਰਾ ਰਿਚਰਡਜ਼ ਦੀ ਪ੍ਰੇਰਨਾ ਨਾਲ਼ ਅਰੰਭ ਹੋਇਆ। ਲਾਹੌਰ ਆਉਣ ਤੋਂ ਪਹਿਲਾਂ ਨੋਰਾ ਰਿਚਰਡਜ਼ ਆਇਰਲੈਂਡ ਰਹਿੰਦੀ ਸੀ ਅਤੇ ਉੱਥੇ ਚੱਲ ਰਹੀ ਇਕਾਂਗੀ ਲਹਿਰ ਨਾਲ਼ ਪੂਰੀ ਤਰ੍ਹਾਂ ਸੰਬੰਧਿਤ ਸੀ। ਉਸ ਨੇ ਪੰਜਾਬੀ ਵਿਦਿਆਰਥੀਆਂ ਨੂੰ ਪ੍ਰੇਰਨਾ ਦੇ ਕੇ ਸਮਕਾਲੀ ਵਿਸ਼ਿਆਂ ਵਾਲ਼ੇ ਇਕਾਂਗੀ ਲਿਖਵਾਉਣੇ ਸ਼ੁਰੂ ਕਰ ਦਿੱਤੇ। ਸ੍ਰੀਮਤੀ

Downloaded from https:// www.studiestoday.com

Downloaded from https:// www.studiestoday.com



ਨੋਰਾ ਰਿਚਰਡਜ਼ ਵੱਲੋਂ ਕਰਵਾਏ ਗਏ ਇਕਾਂਗੀ-ਨਾਟਕ ਮੁਕਾਬਲਿਆਂ ਲਈ ਇਕਾਂਗੀ ਲਿਖੇ ਗਏ। ਈਸ਼ਵਰ ਚੰਦਰ ਨੰਦਾ ਦਾ ਲਿਖਿਆ ਇਕਾਂਗੀ 'ਦੁਲਹਨ' 1913 ਈਃ ਵਿੱਚ ਇਸ ਮੁਕਾਬਲੇ ਵਿੱਚ ਪਹਿਲੇ ਦਰਜੇ 'ਤੇ ਰਿਹਾ। ਇਵੇਂ ਹੀ ਇੱਕ ਹੋਰ ਮੁਕਾਬਲੇ ਵਿੱਚ 'ਬੇਬੇ ਰਾਮ ਭਜਨੀ' ਇਕਾਂਗੀ ਨੇ ਦੂਜੇ ਦਰਜੇ ਦਾ ਇਨਾਮ ਪ੍ਰਾਪਤ ਕੀਤਾ। ਇਸ ਤਰ੍ਹਾਂ ਆਧੁਨਿਕ ਪੰਜਾਬੀ ਇਕਾਂਗੀ ਦੇ ਵਿਕਾਸ ਦੀ ਕਹਾਣੀ ਅੱਗੇ ਤੁਰਦੀ ਹੈ। ਇਸ ਦੇ ਵਿਕਾਸ ਦੇ ਇਤਿਹਾਸ ਨੂੰ ਚਾਰ ਪੜਾਵਾਂ ਵਿੱਚ ਵੰਡਿਆ ਜਾ ਸਕਦਾ ਹੈ।

ਪਹਿਲਾ ਪੜਾਅ ਆਧੁਨਿਕ ਪੰਜਾਬੀ ਇਕਾਂਗੀ ਦੇ ਜਨਮਦਾਤਾ ਈਸ਼ਵਰ ਚੰਦਰ ਨੰਦਾ ਦੇ ਨਾਟਕਾਂ ਤੋਂ ਮੰਨਿਆ ਜਾਂਦਾ ਹੈ। ਸ੍ਰੀਮਤੀ ਨੋਰਾ ਰਿਚਰਡਜ਼ ਦੀ ਮੁਢਲੀ ਪ੍ਰੇਰਨਾ ਤੋਂ ਮਗਰੋਂ ਨੰਦਾ ਨੇ ਬਹੁਤ ਸਾਰੇ ਇਕਾਂਗੀ-ਸੰਗ੍ਰਹਿ ਤੇ ਪੂਰੇ ਨਾਟਕ ਲਿਖੇ।

ਨੰਦਾ ਤੋਂ ਬਾਅਦ ਦੂਜਾ ਦੌਰ ਡਾ. ਮੋਹਨ ਸਿੰਘ ਉਬਰਾਇ ਦੀਵਾਨਾ ਦੇ ਇਕਾਂਗੀ-ਸੰਗ੍ਰਹਿ 'ਪੰਖੜੀਆਂ' ਛਪਣ ਨਾਲ਼ ਹੋਇਆ। ਉਸ ਤੋਂ ਪਿੱਛੋਂ ਡਾ. ਹਰਚਰਨ ਸਿੰਘ, ਸੰਤ ਸਿੰਘ ਸੇਖੋਂ, ਕਰਤਾਰ ਸਿੰਘ ਦੁੱਗਲ, ਬਲਵੰਤ ਗਾਰਗੀ, ਪਾਂਧੀ ਨਨਕਾਣਵੀ, ਡਾ. ਅਮਰੀਕ ਸਿੰਘ ਆਦਿ ਇਕਾਂਗੀ ਦੇ ਖੇਤਰ ਵਿੱਚ ਕਿਰਿਆਸ਼ੀਲ ਹੋਏ।

ਇਕਾਂਗੀ ਦੇ ਵਿਕਾਸ ਦਾ ਤੀਜਾ ਪੜਾਅ ਭਾਰਤ ਤੇ ਪੰਜਾਬ ਦੀ ਵੰਡ ਨਾਲ਼ ਆਇਆ। ਇਸ ਵੰਡ ਵੇਲ਼ੇ ਏਨੇ ਜ਼ੁਲਮ ਹੋਏ ਕਿ ਸੱਭਿਅਤਾ ਕੰਬ ਉੱਠੀ। ਇਸ ਕੌਮੀ ਦੁਖਾਂਤ ਦੇ ਸੋਗ-ਅਨੁਭਵ ਦਾ ਸਾਰੇ ਸਾਹਿਤ-ਰੂਪਾਂ 'ਤੇ ਪ੍ਰਭਾਵ ਪਿਆ। ਗੁਰਦਿਆਲ ਸਿੰਘ ਖੋਸਲਾ, ਕਰਤਾਰ ਸਿੰਘ ਦੁੱਗਲ, ਰੋਸ਼ਨ ਲਾਲ ਅਹੂਜਾ ਅਤੇ ਹਰਸਰਨ ਸਿੰਘ ਨੇ ਇਸ ਵੰਡ ਤੋਂ ਪ੍ਰਭਾਵਿਤ ਹੋ ਕੇ ਇਕਾਂਗੀ ਲਿਖੇ।

ਇਕਾਂਗੀ ਦੇ ਵਿਕਾਸ ਦਾ ਚੌਥਾ ਪੜਾਅ ਪੰਜਾਬੀ ਵਿੱਚ ਐੱਮ.ਏ. ਦੀ ਪੜ੍ਹਾਈ ਸ਼ੁਰੂ ਹੋਣ ਨਾਲ਼ ਹੋਇਆ। ਡਾ. ਹਰਚਰਨ ਸਿੰਘ, ਸੰਤ ਸਿੰਘ ਸੇਖੋਂ ਤੇ ਬਲਵੰਤ ਗਾਰਗੀ ਦੇ ਇਕਾਂਗੀ ਪੜ੍ਹਾਏ ਜਾਣ ਲੱਗੇ।

ਸੁਰਜੀਤ ਸਿੰਘ ਸੇਠੀ, ਡਾ. ਗੁਰਦਿਆਲ ਸਿਘ ਫੁੱਲ, ਕਪੂਰ ਸਿੰਘ ਘੁੰਮਣ, ਗੁਰਚਰਨ ਸਿੰਘ ਜਸੂਜਾ, ਡਾ. ਚਰਨਦਾਸ ਸਿੱਧੂ, ਗੁਰਸ਼ਰਨ ਸਿੰਘ, ਡਾ. ਅਜਮੇਰ ਸਿੰਘ ਔਲਖ, ਡਾ. ਆਤਮਜੀਤ, ਹਰਪਾਲ ਟਿਵਾਣਾ, ਪਾਲੀ ਭੂਪਿੰਦਰ ਸਿੰਘ, ਡਾ. ਸਤੀਸ਼ ਵਰਮਾ ਆਦਿ ਸਾਰੇ ਪ੍ਰਤਿਨਿਧ ਇਕਾਂਗੀਕਾਰਾਂ ਨੇ ਇਕਾਂਗੀ ਲਿਖਣ ਤੇ ਖੇਡਣ ਵਿੱਚ ਆਪਣੇ-ਆਪਣੇ ਤਜਰਬੇ ਕੀਤੇ ਹਨ।

ਅੱਜ-ਕੱਲ੍ਹ ਸਕੂਲਾਂ-ਕਾਲਜਾਂ ਵਿੱਚ ਇਕਾਂਗੀ ਖੇਡਣੇ ਵਿੱਦਿਆ ਦਾ ਇੱਕ ਅੰਗ ਬਣ ਗਿਆ ਹੈ। ਅੰਤਰ-ਸਕੂਲ ਅਤੇ ਅੰਤਰ-ਕਾਲਜ ਇਕਾਂਗੀਆਂ ਦੇ ਮੁਕਾਬਲੇ ਕਰਵਾਏ ਜਾਂਦੇ ਹਨ। ਟੈਲੀਵੀਜ਼ਨ ਨੇ ਵੀ ਇਕਾਂਗੀ ਨੂੰ ਆਮ ਲੋਕਾਂ ਤੱਕ ਪਹੁੰਚਾਉਣ ਵਿੱਚ ਮਦਦ ਕੀਤੀ ਹੈ। ਇਸ ਲਈ ਅੱਜ ਪੂਰੇ ਨਾਟਕਾਂ ਨਾਲ਼ੋਂ ਇਕਾਂਗੀ ਵਧੇਰੇ ਹਰਮਨ-ਪਿਆਰਾ ਹੋ ਗਿਆ ਹੈ। ਪੰਜਾਬ ਸਕੂਲ ਸਿੱਖਿਆ ਬੋਰਡ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵੱਲੋਂ

Downloaded from https:// www.studiestoday.com

Downloaded from https:// www.studiestoday.com



ਇਕਾਂਗੀ ਖੇਡਣ ਦੀ ਪਿਰਤ ਨੂੰ ਜਿਊਂਦਿਆਂ ਰੱਖਣ ਲਈ ਹਰ ਸਾਲ ਵਿੱਦਿਅਕ ਮੁਕਾਬਲਿਆਂ ਵਿੱਚ ਸੀਨੀਅਰ ਸੈਕੰਡਰੀ ਸ਼੍ਰੇਣੀਆਂ ਲਈ ਇਕਾਂਗੀ ਮੁਕਾਬਲੇ ਕਰਵਾਏ ਜਾਂਦੇ ਹਨ।

ਇਸ ਪਾਠ-ਪੁਸਤਕ ਦੇ ਇਕਾਂਗੀ ਭਾਗ ਵਿੱਚ ਸੰਬੰਧਿਤ ਲੇਖਕਾਂ ਦੇ ਇਕਾਂਗੀ, ਗੁਰਚਰਨ ਸਿੰਘ ਜਸੂਜਾ : 'ਗਊਮੁਖਾ-ਸ਼ੇਰ ਮੁਖਾ', ਡਾ. ਸਤੀਸ਼ ਵਰਮਾ, 'ਪਰਤ ਆਉਣ ਤੱਕ', ਈਸ਼ਵਰ ਚੰਦਰ ਨੰਦਾ : 'ਮੌਨਧਾਰੀ', ਡਾ. ਆਤਮਜੀਤ : 'ਗ਼ੁਬਾਰੇ', ਪਾਲੀ ਭੁਪਿੰਦਰ ਸਿੰਘ : 'ਸਿਰਜਣਾ' ਸ਼ਾਮਲ ਕੀਤੇ ਗਏ ਹਨ। ਇਹਨਾਂ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਨਵੇਂ ਇਕਾਂਗੀਕਾਰ ਅਤੇ ਨਾਟਕਕਾਰ ਆਪਣੀਆਂ ਰਚਨਾਵਾਂ ਨਾਲ਼ ਪੰਜਾਬੀ ਸਾਹਿਤ ਨੂੰ ਅਮੀਰ ਬਣਾਉਣ ਵਿੱਚ ਯੋਗਦਾਨ ਪਾ ਰਹੇ ਹਨ।

******

Downloaded from https:// www.studiestoday.com

Downloaded from https:// www.studiestoday.com

# ਨਾਨਕ ਸਿੰਘ

(1897-1971)

**ਲੇਖਕ ਬਾਰੇ:**

ਨਾਨਕ ਸਿੰਘ ਪੰਜਾਬੀ ਦੇ ਪ੍ਰਸਿੱਧ ਨਾਵਲਕਾਰ ਹਨ। ਉਹਨਾਂ ਦਾ ਜਨਮ 1897 ਈ: ਨੂੰ ਚੱਕ ਹਮੀਦ ਜ਼ਿਲ੍ਹਾ ਜੇਹਲਮ ਵਿਖੇ ਮਾਤਾ ਸ੍ਰੀਮਤੀ ਲੱਛਮੀ ਅਤੇ ਪਿਤਾ ਬਹਾਦੁਰ ਚੰਦ ਦੇ ਘਰ ਹੋਇਆ। ਛੋਟੀ ਉਮਰੇ ਹੀ ਨਾਨਕ ਸਿੰਘ ਦੇ ਪਿਤਾ ਦੀ ਮੌਤ ਹੋ ਗਈ। ਉਦੋਂ ਉਹਨਾਂ ਦਾ ਨਾਂ ਹੰਸ ਰਾਜ ਸੀ। ਬਚਪਨ ਤੋਂ ਹੀ ਉਹਨਾਂ ਨੂੰ ਗਾਉਣ ਦਾ ਅਤੇ ਕਵਿਤਾ ਲਿਖਣ ਦਾ ਸ਼ੌਕ ਸੀ।

ਮੁਢਲਾ ਜੀਵਨ ਗ਼ਰੀਬੀ ਵਿੱਚ ਗੁਜ਼ਰਿਆ। ਉਹ ਪੰਜਵੀਂ ਜਮਾਤ ਤੋਂ ਅੱਗੇ ਨਾ ਪੜ੍ਹ ਸਕੇ। ਪਿਸ਼ਾਵਰ ਵਿੱਚ ਗਿਆਨੀ ਬਾਗ ਸਿੰਘ ਦੀ ਸਰਪ੍ਰਸਤੀ ਪ੍ਰਾਪਤ ਹੋਣ 'ਤੇ ਉਹਨਾਂ ਨੇ ਸਿੱਖ-ਧਰਮ ਅਪਣਾ ਲਿਆ ਤੇ ਉਹ ਹੰਸ ਰਾਜ ਤੋਂ ਨਾਨਕ ਸਿੰਘ ਬਣ ਗਏ। ਅਕਾਲੀ-ਲਹਿਰ ਵਿੱਚ ਹਿੱਸਾ ਲੈਣ ਕਰਕੇ ਉਹਨਾਂ ਨੂੰ 1922 ਈ : ਵਿੱਚ ਜੇਲ੍ਹ-ਯਾਤਰਾ ਕਰਨੀ ਪਈ। ਜੇਲ੍ਹ 'ਚ ਉਹਨਾਂ ਨੇ ਬਹੁਤ ਕੁਝ ਪੜ੍ਹਿਆ ਜਿਸ ਨਾਲ਼ ਲੇਖਕ ਬਣਨ ਦੀ ਇੱਛਾ ਜਾਗੀ। ਇਹ ਗੱਲ ਉਹਨਾਂ ਨੇ ਆਪਣੀ ਜੀਵਨ-ਕਹਾਣੀ 'ਮੇਰੀ ਦੁਨੀਆ' ਵਿੱਚ ਅੰਕਿਤ ਕੀਤੀ ਹੈ।

ਨਾਵਲਕਾਰ ਦੇ ਤੌਰ 'ਤੇ ਨਾਨਕ ਸਿੰਘ ਦੀ ਨਿਵੇਕਲ਼ੀ ਥਾਂ ਹੈ। 'ਚਿੱਟਾ ਲਹੂ', 'ਅੱਧ-ਖਿੜਿਆ ਫੁੱਲ', 'ਜੀਵਨ ਸੰਗਰਾਮ', 'ਆਦਮ-ਖੋਰ', 'ਇੱਕ ਮਿਆਨ ਦੋ ਤਲਵਾਰਾਂ' ਆਦਿ ਉਹਨਾਂ ਦੇ ਪ੍ਰਮੁੱਖ ਨਾਵਲ ਹਨ। 'ਪਵਿੱਤਰ ਪਾਪੀ', ਨਾਵਲ ਉੱਤੇ ਹਿੰਦੀ ਫ਼ਿਲਮ ਬਣ ਚੁੱਕੀ ਹੈ। ਉਹਨਾਂ ਦਾ ਨਾਵਲ 'ਚਿੱਟਾ ਲਹੂ' ਰੂਸੀ ਭਾਸ਼ਾ ਵਿੱਚ ਵੀ ਅਨੁਵਾਦ ਹੋ ਚੁੱਕਾ ਹੈ।

ਉਹਨਾਂ ਦੇ 'ਹੰਝੂਆਂ ਦੇ ਹਾਰ', 'ਸੱਧਰਾਂ ਦੇ ਹਾਰ', 'ਮਿੱਧੇ ਹੋਏ ਫੁੱਲ', 'ਠੰਢੀਆਂ ਛਾਵਾਂ' ਆਦਿ ਕਹਾਣੀ-ਸੰਗ੍ਰਹਿ ਪ੍ਰਕਾਸ਼ਿਤ ਹੋਏ। 'ਰੱਖੜੀ' ਨਾਂ ਦੀ ਕਹਾਣੀ ਸਭ ਤੋਂ ਪਹਿਲਾਂ 1927 ਈ: ਵਿੱਚ ਛਪੀ। ਉਹਨਾਂ ਦੀਆਂ ਰਚਨਾਵਾਂ ਦਾ ਵਿਸ਼ਾ ਸਮਾਜ-ਸੁਧਾਰ ਰਿਹਾ ਹੈ। ਉਹਨਾਂ ਦਾ ਬਿਆਨ ਸਰਲ ਅਤੇ ਰੋਚਕ ਹੈ।

ਨਾਨਕ ਸਿੰਘ ਨੂੰ ਉਹਨਾਂ ਦੇ ਨਾਵਲ 'ਇੱਕ ਮਿਆਨ ਦੋ ਤਲਵਾਰਾਂ' ਲਈ ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਮਿਲ਼ਿਆ। ਉਹਨਾਂ ਨੂੰ ਪੰਜਾਬ ਸਰਕਾਰ ਅਤੇ ਹੋਰ ਕਈ ਸੰਸਥਾਵਾਂ ਨੇ ਵੀ ਸਨਮਾਨਿਤ ਕੀਤਾ।

ਹਥਲੀ-ਪਾਠ ਪੁਸਤਕ ਵਿੱਚ ਨਾਨਕ ਸਿੰਘ ਦੀ 'ਕੱਲੋ' ਕਹਾਣੀ ਸ਼ਾਮਲ ਕੀਤੀ ਗਈ ਹੈ।



Downloaded from https:// www.studiestoday.com

Downloaded from https:// www.studiestoday.com



## ਕਹਾਣੀ ਬਾਰੇ

'ਕੱਲੋ' ਨਾਨਕ ਸਿੰਘ ਦੀ ਬਿਹਤਰੀਨ ਕਹਾਣੀ ਹੈ। ਇਸ ਕਹਾਣੀ ਨੂੰ ਹਿੰਦੀ ਅਤੇ ਪੰਜਾਬੀ ਭਾਸ਼ਾ ਵਿੱਚ ਟੀ. ਵੀ. 'ਤੇ ਸਫ਼ਲਤਾ ਸਹਿਤ ਦਿਖਾਇਆ ਜਾ ਚੁੱਕਾ ਹੈ। ਇਸ ਕਹਾਣੀ ਵਿੱਚ ਸਿਰਫ਼ ਦੋ ਹੀ ਪਾਤਰ ਹਨ - ਲੇਖਕ ਆਪ ਅਤੇ ਦੂਜੀ ਕੱਲੋ ਜਮਾਂਦਾਰਨੀ। ਕੱਲੋ ਨੂੰ ਉਹ ਆਪਣੀ ਭੈਣ ਸਮਝਦਾ ਹੈ। ਉਸ ਦੇ ਸਮਾਜਿਕ ਜੀਵਨ ਨੂੰ ਦੇਖ ਕੇ ਉਹ ਬਹੁਤ ਦੁਖੀ ਹੁੰਦਾ ਹੈ। ਕਹਾਣੀਕਾਰ ਲਿਖਦਾ ਹੈ ਕਿ ਕੱਲੋ ਵਿਚਾਰੀ ਸਾਰਾ ਦਿਨ ਸਫ਼ਾਈ ਕਰਦੀ ਹੈ ਅਤੇ ਕੂੜੇ ਨਾਲ਼ ਲੱਦੀ ਰਹਿੰਦੀ ਹੈ, ਬਦਲੇ ਵਿੱਚ ਉਸ ਨੂੰ ਘਿਰਨਾ, ਝਿੜਕਾਂ, ਗ਼ਾਲ਼ਾਂ ਅਤੇ ਕਦੇ-ਕਦੇ ਛਿੱਤਰ-ਪੌਲਾ ਵੀ ਮਿਲ਼ਦਾ ਹੈ। ਸ਼ਾਇਦ ਇਸੇ ਕਰਕੇ ਉਹ ਘਿਰਨਾ ਦਾ ਪਾਤਰ ਬਣ ਗਈ ਹੈ। ਉਸ ਨਾਲ਼ ਇੰਨਾ ਕੁਝ ਵਾਪਰਨ ਦੇ ਬਾਵਜੂਦ ਉਸ ਦਾ ਦਿਲ ਕਿੰਨਾ ਸੋਹਣਾ ਅਤੇ ਕਿੰਨਾ ਕੋਮਲ ਹੈ। ਲੇਖਕ ਸੋਚਦਾ ਹੈ ਕਿ ਕਾਸ਼! ਕੱਲੋ ਸੱਚ-ਮੁੱਚ ਉਸ ਦੀ ਭੈਣ ਹੁੰਦੀ। ਲੇਖਕ, ਕੱਲੋ ਵੱਲੋਂ ਦਿੱਤੇ ਤੋਹਫੇ ਨੂੰ ਖ਼ੁਸ਼ੀ ਖ਼ੁਸ਼ੀ ਸ੍ਵੀਕਾਰ ਕਰ ਲੈਂਦਾ ਹੈ ਤਾਂ ਕੱਲੋ ਦੀ ਖ਼ੁਸ਼ੀ ਦੂਣੀ-ਚੌਣੀ ਹੋ ਜਾਂਦੀ ਹੈ। ਲੇਖਕ ਦੀ ਕੱਲੋ ਨਾਲ਼ ਪ੍ਰਗਟਾਈ ਡੂੰਘੀ ਹਮਦਰਦੀ ਮਾਨਵੀ ਰਿਸ਼ਤਿਆਂ ਦਾ ਸਤਿਕਾਰ ਕਰਨਾ ਸਿਖਾਉਂਦੀ ਹੈ।

******

Downloaded from https:// www.studiestoday.com

Downloaded from https:// www.studiestoday.com

# ਕੱਲੋ

*- ਨਾਨਕ ਸਿੰਘ*

ਸੰਨ 1936 ਦਾ ਜ਼ਿਕਰ ਹੈ, ਉਸ ਸਾਲ ਮੈਂ ਜਿਸ ਨਾਵਲ ਦੀ ਰਚਨਾ ਆਪਣੇ ਦਿਮਾਗ਼ ਵਿੱਚ ਰਚੀ, ਉਸ ਦਾ ਨਾਂ ਸੀ 'ਕਾਗਤਾਂ ਦੀ ਬੇੜੀ' ਤੇ ਜਦੋਂ ਇਸ ਨੂੰ ਲਿਖਣ ਲਈ ਮੈਨੂੰ ਪਹਾੜ ਜਾਣ ਦੀ ਲੋੜ ਜਾਪੀ, ਤਾਂ ਦਿਲ ਕੁਝ ਗੋਤਿਆਂ ਵਿੱਚ ਪੈ ਗਿਆ– ਖੀਸਾ ਐਤਕੀ ਇਜਾਜ਼ਤ ਨਹੀਂ ਸੀ ਦੇ ਰਿਹਾ। ਸੋ ਮੈਂ ਮਨ ਮਾਰ ਕੇ ਘਰ ਵਿੱਚ ਹੀ ਇਸ ਨੂੰ ਲਿਖਣਾ ਸ਼ੁਰੂ ਕਰ ਦਿੱਤਾ ਪਰ ਅੰਬਾਂ ਦੀ ਭੁੱਖ ਅੰਬਾਕੜੀਆਂ ਨਾਲ਼ ਕਦੋਂ ਦੂਰ ਹੋ ਸਕਦੀ ਸੀ? ਅਖ਼ੀਰ ਕਿਸੇ ਤਰ੍ਹਾਂ ਔਖਾ-ਸੁਖਾਲ਼ਾ ਹੋ ਕੇ ਥੋੜ੍ਹੀ ਜਿਹੀ ਰਕਮ ਦਾ ਪ੍ਰਬੰਧ ਕਰ ਹੀ ਲਿਆ ਤੇ ਛੇ ਜੁਲਾਈ ਸੰਨ 1936 ਨੂੰ ਮੈਂ ਧਰਮਸ਼ਾਲਾ ਜਾਣ ਲਈ ਪਠਾਨਕੋਟ ਦੀ ਗੱਡੀ ਚੜ੍ਹਿਆ।

ਕਈਆਂ ਸਾਲਾਂ ਤੋਂ ਅੱਪਰ ਧਰਮਸ਼ਾਲਾ ਦੇ ਇੱਕ ਰਮਣੀਕ ਥਾਂ 'ਮੈਕਲੋਡ ਗੰਜ' ਡੇਰਾ ਕਰਦਾ ਹੁੰਦਾ ਸਾਂ ਪਰ ਐਤਕੀਂ ਬਟੂਏ ਦਾ ਵਜ਼ਨ ਕੁਝ ਹੌਲ਼ਾ ਵੇਖ ਕੇ ਮੈਂ ਮਕਾਨ ਦਾ ਕਿਰਾਇਆ ਬਚਾ ਲਿਆ ਤੇ ਕੋਤਵਾਲੀ ਬਜ਼ਾਰ ਆਪਣੇ ਇੱਕ ਰਾਮਗੜ੍ਹੀਆ ਦੋਸਤ ਪਾਸ ਜਾ ਉੱਤਰਿਆ। ਉਸ ਦਾ ਘਰ ਇੱਕ ਗੁੰਮਨਾਮ ਜਿਹੇ ਮੁਹੱਲੇ ਵਿੱਚ ਸੀ, ਜਿੱਥੇ ਬਹੁਤੇ ਘਰ ਪੰਜਾਬੀਆਂ ਦੇ ਤੇ ਕੁਝ ਥੋੜ੍ਹੇ ਜਿਹੇ ਦਿੱਲੀ ਵਾਲ਼ੇ ਬਾਣੀਆਂ ਦੇ ਸਨ। ਮੇਰਾ ਮਿੱਤਰ ਆਪਣੇ ਛੋਟੇ ਜਿਹੇ ਮਕਾਨ ਵਿੱਚ ਸਵਾ ਲੱਖ ਹੀ ਸੀ, ਜਿਹੜਾ ਦਿਨ ਚੜ੍ਹਦੇ ਪਕਾ-ਖਾ ਕੇ ਕੰਮ ਤੇ ਚਲਾ ਜਾਂਦਾ ਤੇ ਸ਼ਾਮੀ ਪਰਤਦਾ ਸੀ।

ਮੈਕਲੋਡ ਗੰਜ ਵਰਗੀ ਨਾ ਤਾਂ ਇੱਥੇ ਏਕਾਂਤ ਸੀ, ਨਾ ਹੀ ਕੋਈ ਸੀਨਰੀ। ਉਂਞ ਮੌਸਮ ਸੋਹਣਾ ਤੇ ਮੇਰੀ ਸਿਹਤ ਵੀ ਕਾਫ਼ੀ ਚੰਗੀ ਸੀ ਜਿਸ ਕਰਕੇ ਲਿਖਣ ਵਿੱਚ ਚੰਗਾ ਸੁਰ-ਤਾਲ ਜੁੜ ਗਿਆ। ਗੁਆਂਢੀ ਬੱਚਿਆਂ ਦਾ ਰੌਲ਼ਾ ਜ਼ਰੂਰ ਕਿਸੇ-ਕਿਸੇ ਵੇਲ਼ੇ ਅੱਖਰਦਾ ਸੀ ਪਰ ਉਸ ਤਰ੍ਹਾ ਦੀ ਬੇਅਰਾਮੀ ਨਹੀਂ ਸਾਂ ਮਹਿਸੂਸ ਕਰਦਾ ਜਿਹੋ-ਜਿਹੀ ਘਰ ਵਿੱਚ ਰਹਿੰਦਿਆਂ ਆਪਣੇ ਬੱਚਿਆਂ ਦੇ ਰੌਲ਼ੇ ਦੀ ਕਿਉਂਕਿ ਇੱਥੋਂ ਦੇ ਬੱਚੇ ਨਾ ਤਾਂ ਸਕੂਲ ਜਾਣ ਵੇਲ਼ੇ ਮੈਥੋਂ ਫ਼ੀਸ, ਕਿਤਾਬਾਂ ਜਾਂ ਸਿਆਹੀ ਲਈ ਪੈਸੇ ਮੰਗਦੇ ਸਨ, ਨਾ ਹੀ ਮੈਨੂੰ ਇਸ ਗੱਲ ਦੀ ਚਿੰਤਾ ਸੀ ਕਿ ਉਹਨਾਂ ਦੇ ਸਕੂਲ ਜਾਣ ਵਿੱਚ ਦੇਰ ਹੋ ਰਹੀ ਹੈ।

ਪਰ ਮੇਰੇ ਰਸਤੇ ਵਿੱਚ ਇੱਕ ਐਸੀ ਦਿੱਕਤ ਆ ਪੈਦਾ ਹੋਈ, ਜਿਸ ਦਾ ਕੋਈ ਵੀ ਇਲਾਜ ਨਹੀਂ ਸੀ ਦਿਸਦਾ। ਇੱਕ ਮੁਟਿਆਰ ਜਿਹੀ ਜਮਾਂਦਰਨੀ ਰੋਜ਼ ਹੀ ਦੋ ਵੇਲ਼ੇ ਮੁਹੱਲੇ ਵਿੱਚ ਆ ਧਮਕਦੀ ਤੇ ਜਿੰਨਾ ਚਿਰ ਮੌਜੂਦ ਰਹਿੰਦੀ ਨਾ ਉਸ ਦੀ, ਨਾ ਹੀ ਮੁਹੱਲੇ ਵਾਲ਼ਿਆਂ ਤੇ ਵਾਲ਼ੀਆਂ ਦੀ ਜ਼ਬਾਨ ਮੂੰਹ ਵਿੱਚ ਟਿਕਦੀ। ਕਦੀ ਇੱਕ ਨਾਲ਼, ਕਦੀ ਦੂਜੇ ਨਾਲ਼ ਤੇ ਕਦੀ ਤੀਜੇ ਨਾਲ਼ ਉਸ ਦਾ ਆਢਾ ਲੱਗਾ ਹੀ ਰਹਿੰਦਾ। ਉਹ ਅੱਤ ਦਰਜੇ ਦੀ ਢੀਠ ਤੇ ਮੂੰਹ-ਫੱਟ ਸੀ। ਇੱਕ ਦੇ ਬੂਹੇ ਅੱਗੋਂ ਕੂੜਾ ਹੂੰਝ ਕੇ ਕਿਸੇ ਦੂਸਰੇ ਦੇ ਘਰ ਜਾ ਢੇਰੀ ਕਰਦੀ। ਜਿਸ ਕਰਕੇ ਮੇਰੇ ਨਾਵਲ ਵਾਂਗ ਉਸ ਦੀ ਲੜਾਈ ਦਾ ਕੋਈ ਨਾ ਕੋਈ ਕਾਂਡ ਹਰ ਵੇਲ਼ੇ



Downloaded from https:// www.studiestoday.com

Downloaded from https:// www.studiestoday.com



ਸ਼ੁਰੂ ਹੀ ਰਹਿੰਦਾ ਸੀ। ਇਸ ਤਰ੍ਹਾਂ ਸੜੀ-ਲੂਸੀ ਦਿਖਾਈ ਦੇਂਦੀ ਜਿਵੇਂ ਹਰ ਸਾਹਮਣੇ ਆਉਣ ਵਾਲ਼ੇ ਨੂੰ ਕੱਚਿਆਂ ਹੀ ਚੱਬ ਜਾਏਗੀ। ਬੇਦਿਲੀ ਤੇ ਬੱਧੋਗਿਰੀ ਜਿਹੀ ਦੀ ਹਾਲਤ ਵਿੱਚ ਝਾੜੂ ਦੀਆਂ ਤੀਲੀਆਂ ਜ਼ਮੀਨ 'ਤੇ ਘੜੀਸੀ ਜਾਂਦੀ ਤੇ ਨਾਲ਼ੋ ਨਾਲ਼ ਬੁੜਬੁੜਾਈ ਜਾਂਦੀ- ''ਜਾਨੇ ਕੈਸੀ ਅੰਧੀ ਔਰਤੇਂ ਹੈਂ। ਕਚਰਾ ਫੇਂਕ ਕਰ ਗਲੇ ਤੱਕ ਢੇਰ ਲਗਾ ਦੇਤੀ ਹੈਂ....ਭਾੜ ਮੇਂ ਜਾਏਂ......ਸਾਰੇ ਦਿਨ ਕੀ ਨੌਕਰ ਥੋੜ੍ਹੇ ਹੀ ਹੂੰ, ਬੱਚੋਂ ਕੋ ਜਗ੍ਹੇ-ਜਗ੍ਹੇ ਬਿਠਾਇ ਦੇਤੀ ਹੈ....।''

ਬਦਲੇ 'ਚ ਝੱਟ ਜਵਾਬੀ ਹਮਲੇ ਸ਼ੁਰੂ ਹੋ ਜਾਂਦੇ - 'ਖਸਮ ਨੂੰ ਖਾਣੀ ਕਿੱਡੀ ਫਿੱਟ ਗਈ ਏ ....ਰੰਡੀਏ! ਜ਼ਬਾਨ ਖਿੱਚ ਲਊਂਗੀ ਜੇ ਮੁੜ ਕੇ ਮੇਰੇ ਨਿਆਣਿਆਂ ਨੂੰ ਨੌਲਿਆ'। ਹੱਡ ਹਰਾਮ, ਔਂਤਰੀ, ਪੈਸੇ ਲੈਣ ਵੇਲ਼ੇ ਅਗੇਤੀ ਆ ਮਰਦੀ ਏ, ਦਿਨ-ਦਿਹਾਰ ਨੂੰ ਵੱਖਰਾ ਬੂਥਾ ਸਾੜੀਦਾ ਏ। ਫੇਰ ਵੀ ਸੱਤੀਂ ਪੀਹੜੀਂ ਹਗਾਣੀ ਦਾ ਟੰਗਾਰ ਨਹੀਂ ਪੈਂਦਾ। ਹਰ ਵੇਲ਼ੇ ਸੜੂੰ-ਸੜੂੰ ਕਰਦੀ ਰਹਿੰਦੀ ਏ......।'

ਕੋਈ ਕਿੰਨਾ ਹੀ ਉਸ ਨੂੰ ਬੋਲੀ ਜਾਵੇ, ਚਿੱਲਾਈ ਜਾਵੇ, ਉਸ ਦੇ ਮੱਥੇ ਦੀਆਂ ਤਿਊੜੀਆਂ ਕਦੀ ਸਿੱਧੀਆਂ ਨਹੀਂ ਸਨ ਹੁੰਦੀਆਂ, ਨਾ ਹੀ ਉਸ ਨੂੰ ਇਸ ਗੱਲ ਦੀ ਪਰਵਾਹ ਸੀ ਕਿ ਕੌਣ ਉਸ ਨੂੰ ਕੀ ਕਹਿ ਰਿਹਾ ਹੈ। ਕੋਈ ਹਜ਼ਾਰ ਪਿਆ ਕੂਕੇ 'ਕੱਲੋ' ਮੇਰਾ ਕੋਠਾ ਲਾਹ ਜਾ.......ਕੱਲੋ, ਕਈਆਂ ਦਿਨਾਂ ਤੋਂ ਤੂੰ ਸਾਡੀ ਨਾਲ਼ੀ ਵਿੱਚ ਕੂਚੀ ਨਹੀਂ ਫੇਰੀ, ਬੋ ਨਾਲ਼ ਨੱਕ ਪਾਟਣ ਆਇਆ ਹੋਇਆ ਏ......ਕੱਲੋ, ਆਹ ਢੇਰੀਆਂ ਤਾਂ ਬੂਹੇ ਅੱਗੋਂ ਚੁੱਕ ਲੈ.......ਪਰ ਕੱਲੋ ਨੂੰ ਜਿਵੇਂ ਪਤਾ ਹੀ ਨਹੀਂ ਕਿ ਕੌਣ, ਕੁੱਤਾ ਭੌਂਕੀ ਜਾਂਦਾ ਹੈ। ਉਸ ਨੇ ਜੋ ਕੁਝ ਕਰਨਾ ਹੁੰਦਾ, ਆਪਣੀ ਮਰਜ਼ੀ ਨਾਲ਼ ਹੀ ਕਰਦੀ ਸੀ। ਕਿਸੇ ਦਾ ਆਖਿਆ ਮੰਨਣ ਦੀ ਜਿਵੇਂ ਉਸ ਨੇ ਸਹੁੰ ਖਾਧੀ ਹੋਈ ਸੀ। ਉਸ ਦੇ ਏਸੇ ਢੀਠਪੁਣੇ ਤੋਂ ਚਿੜ ਕੇ ਸਾਰਾ ਮੁਹੱਲਾ ਉਸ ਦੇ ਗਲ਼ ਪੈਂਦਾ ਰਹਿੰਦਾ ਸੀ ਤੇ ਜਵਾਬ ਵਿੱਚ ਕੱਲੋ ਇੱਕ ਦੀਆਂ ਚਾਰ ਨਾ ਸੁਣਾ ਲਵੇ, ਉਸ ਨੂੰ ਚੈਨ ਕਿੱਥੇ।

ਪਤਾ ਨਹੀਂ ਉਹ ਕਿਹੜੀ ਮਿੱਟੀ ਦੀ ਘੜੀ ਹੋਈ ਸੀ ਕਿ ਨਾ ਤਾਂ ਲੋਕਾਂ ਦੀਆਂ ਗਾਲ੍ਹਾਂ ਤੋਂ ਛਿੱਥੀਂ ਪੈਂਦੀ, ਨਾ ਹੀ ਬੁੜ-ਬੁੜ ਕਰਨੋਂ ਟਲ਼ਦੀ ਜਿਵੇਂ ਗਾਲ੍ਹਾਂ ਖਾਣੀਆਂ ਤੇ ਬੁੜ-ਬੁੜ ਕਰਨਾ, ਇਹ ਉਸ ਦੇ ਨਿੱਤਨੇਮ ਵਿੱਚ ਸ਼ਾਮਲ ਸੀ ਜਿਵੇਂ ਉਸ ਦੀ ਏਸ ਰੋਜ਼ਾਨਾ ਕਾਰ ਵਿੱਚ ਕੁਝ ਵੀ ਓਪਰਾਪਣ ਨਹੀਂ ਸੀ।

ਕੇਵਲ ਇਹੋ ਹੀ ਨਹੀਂ ਮੈਨੂੰ ਉਸ ਦੇ ਕਲ੍ਹਾ-ਕਲੇਸ਼ ਤੋਂ ਖਿੱਝ ਸੀ। ਉਸ ਦੀ ਸ਼ਕਲ ਵੀ ਬੜੀ ਮਨਹੂਸ ਜਾਪਦੀ ਸੀ, ਏਨੀ ਮਨਹੂਸ ਕਿ ਵੇਖ ਕੇ ਮੈਨੂੰ ਡਰ ਵੀ ਆਉਣ ਲੱਗ ਪੈਂਦਾ ਤੇ ਗੁੱਸਾ ਵੀ।

ਉਸ ਦੇ ਚਿਹਰੇ ਉੱਤੇ ਭਾਵੇਂ ਬਦਸੂਰਤੀ ਦਾ ਕੋਈ ਚਿੰਨ੍ਹ ਨਹੀਂ ਸੀ, ਉਮਰ ਵੀ ਓਹੀ ਸੀ ਜਿਸ ਉਮਰੇ ਕਹਿੰਦੇ ਹਨ ਕਿ 'ਖੋਤੀ ਉੱਤੇ ਵੀ ਹੁਸਨ ਆ ਜਾਂਦਾ ਹੈ' , ਅਰਥਾਤ ਭਰ ਜੁਆਨੀ ਦੀ। ਫੇਰ ਵੀ ਪਤਾ ਨਹੀਂ ਕਿਉਂ ਉਹ ਸਾਰਿਆਂ ਨੂੰ ਭੈੜੀ ਲੱਗਦੀ ਸੀ, ਤੇ ਸਭ ਤੋਂ ਬਹੁਤੀ ਮੈਨੂੰ। ਬਹੁਤ ਹੀ ਅਵਾਜ਼ਾਰ ਹੋ ਗਿਆ ਮੈਂ।

Downloaded from https:// www.studiestoday.com

Downloaded from https:// www.studiestoday.com



ਇਸ ਮੁਸੀਬਤ ਤੋਂ ਬਚਣ ਦਾ ਕੋਈ ਰਾਹ ਨਹੀਂ ਸੀ। ਛੇਕੜ ਫ਼ੈਸਲਾ ਕੀਤਾ ਕਿ ਪ੍ਰਭਾਤ ਵੇਲ਼ੇ ਉਠ ਕੇ ਕੰਮ ਕਰਿਆ ਕਰਾਂ ਤੇ ਉਸ ਕਲਿਹਣੀ ਦੇ ਆਉਣ ਤੋਂ ਪਹਿਲਾਂ ਮੁਕਾ ਲਿਆ ਕਰਾਂ। ਸੋ, ਏਦਾਂ ਹੀ ਸ਼ੁਰੂ ਕੀਤਾ ਪਰ ਪਤਾ ਨਹੀਂ ਮੈਨੂੰ ਭੁਲੇਖਾ ਸੀ ਜਾਂ ਸੱਚ-ਮੁੱਚ ਇਹੋ ਗੱਲ ਸੀ, ਮੈਨੂੰ ਜਾਪਿਆ, ਜਿਵੇਂ ਕੱਲੋ ਵੀ ਪਹਿਲਾਂ ਨਾਲ਼ੋਂ ਸਵਖਤੇ ਔਣ ਲੱਗ ਪਈ ਹੈ।

ਲਿਖਣ ਦੇ ਸੰਬੰਧ ਵਿੱਚ ਮੇਰੀ ਇੱਕ ਆਦਤ ਬੜੀ ਚੰਦਰੀ ਹੈ ਕਿ ਜੇ ਲਿਖਦਿਆਂ-ਲਿਖਦਿਆਂ ਰਤਾ ਕੁ ਮੂਡ ਖ਼ਰਾਬ ਹੋ ਜਾਵੇ, ਭਾਵੇਂ ਹਜ਼ਾਰ ਕੋਸ਼ਸ਼ ਕਰਾਂ, ਸਾਰਾ ਦਿਨ ਮੈਂ ਕੁਝ ਨਹੀਂ ਲਿਖ ਸਕਦਾ।

ਅਖ਼ੀਰ ਲਾਚਾਰ ਹੋ ਕੇ ਮੈਂ ਫ਼ੈਸਲਾ ਕਰ ਲਿਆ ਕਿ ਇੱਥੋਂ ਡੇਰਾ ਚੁੱਕਿਆ ਜਾਵੇ, ਭਾਵੇਂ ਮਸਾਣਾਂ ਦੀ ਬਰਾਦਰੀ ਵਿੱਚ ਹੀ ਕਿਉਂ ਨਾ ਜਾ ਕੇ ਰਹਿਣਾ ਪਵੇ। ਸਬੱਬ ਨਾਲ਼ ਅਗਲੇ ਦਿਨ ਰਾਤੀਂ ਮੈਂ ਇਹੋ ਫ਼ੈਸਲਾ ਕਰਕੇ ਸੁੱਤਾ ਕਿ ਦਿਨ ਚੜ੍ਹਦੇ ਹੀ ਮੈਂ ਆਪਣਾ ਬੋਰੀਆ-ਬਿਸਤਰਾ ਇੱਥੋਂ ਚੁੱਕ ਲੈ ਜਾਵਾਂਗਾ।

ਪਰ ਦੂਜੇ ਦਿਨ ਸਵੇਰ ਤੋਂ ਹੀ ਬਾਰਸ਼ ਇੰਨੇ ਜ਼ੋਰ ਦੀ ਸ਼ੁਰੂ ਹੋ ਗਈ ਕਿ ਮੈਂ ਜਾ ਨਾ ਸਕਿਆ, ਉਸੇ ਤਰ੍ਹਾਂ ਟੁੱਟੇ ਖੁੱਸੇ ਦਿਲ ਨਾਲ਼ ਮੈਂ ਆਪਣਾ ਕੰਮ ਛੂਹ ਬੈਠਾ। ਬੇ-ਤਹਾਸ਼ਾ ਮੀਂਹ ਪੈਣ ਦਾ ਇੱਕ ਲਾਭ ਵੀ ਹੋਇਆ ਕਿ ਕੱਲੋ ਅੱਜ ਸਵੇਰ ਤੋਂ ਵਿਖਾਲ਼ੀ ਨਾ ਦਿੱਤੀ। ਫੇਰ ਵੀ ਜਿੰਨਾ ਚਿਰ ਮੈਂ ਲਿਖਦਾ ਰਿਹਾ, ਇਹੋ ਸਹਿਮ ਦਿਲ ਵਿੱਚ ਬਣਿਆ ਰਿਹਾ ਕਿ ਹੁਣ ਵੀ ਆਈ, ਹੁਣ ਵੀ ਆਈ। ਗੁਆਂਢੋਂ ਜੇ ਕਿਸੇ ਜ਼ਨਾਨੀ ਦੀ ਉੱਚੀ ਬੋਲਣ ਦੀ ਅਵਾਜ਼ ਸੁਣਾਈ ਦੇਂਦੀ ਤਾਂ ਮੇਰਾ ਦਿਲ ਧੜਕਣ ਲੱਗ ਪੈਂਦਾ, ਮਤੇ ਉਹ ਆ ਗਈ ਹੋਵੇ।

ਸ਼ਾਮੀ ਕੰਮ ਤੋਂ ਵਾਪਸ ਆਉਂਦਾ ਹੋਇਆ ਮੇਰਾ ਦੋਸਤ ਕੁਝ ਅੰਬ ਖ਼ਰੀਦ ਕੇ ਮੇਰੇ ਲਈ ਲੈ ਆਇਆ ਸੀ। ਅੱਜ ਦਿਲ ਕਾਫ਼ੀ ਖ਼ੁਸ਼ ਸੀ। ਇੱਕ ਤਾਂ ਮੌਸਮ ਚੰਗਾ ਹੋਣ ਕਰਕੇ, ਦੂਜੇ ਕੱਲੋ ਦੇ ਨਾ ਆਉਣ ਕਰਕੇ, ਅੱਜ ਕੰਮ ਦੀ ਵੀ ਅੱਛੀ ਖ਼ਾਸੀ ਝੁੱਟੀ ਲੱਗ ਗਈ ਸੀ। ਦੁਪਹਿਰ ਵੇਲ਼ੇ ਜਦ ਮੀਂਹ ਦਾ ਜ਼ੋਰ ਹਟ ਕੇ ਮਹੀਨ-ਮਹੀਨ ਭੂਰ ਪੈ ਰਹੀ ਸੀ, ਮੈਂ ਬਰਾਂਡੇ ਵਿੱਚ ਕੈਨਵਸ ਦੀ ਅਰਾਮ-ਕੁਰਸੀ ਡਾਹ ਕੇ ਤੇ ਅੰਬਾਂ ਵਾਲ਼ੀ ਬਾਲਟੀ ਆਪਣੇ ਲਾਗੇ ਰੱਖ ਕੇ ਬੜੇ ਸੁਆਦ ਨਾਲ਼ ਅੰਬ ਚੂਪਣ ਲੱਗ ਪਿਆ।

ਪੰਜ ਸੱਤ ਹੀ ਅੰਬ ਮੁਕਾਏ ਸਨ ਕਿ ਮੇਰੇ ਸਿਰ 'ਤੇ ਬਿਜਲੀ ਆਣ ਕੜਕੀ-ਅਕਾਸ਼ ਵਿੱਚੋਂ ਨਹੀਂ ਧਰਤੀ 'ਤੋਂ। ਇੱਕ ਕੁਰਖ਼ਤ ਫਿਟਕਾਰ ਕੰਨਾਂ ਨਾਲ਼ ਟਕਰਾਈ- ''ਸਰਦਾਰ! ਤੁਮ੍ਹੇਂ ਦਿਖਾਈ ਨਹੀਂ ਦੇਤਾ? ਤਮਾਮ ਕਚਰਾ ਬਖੇਰ ਦੀਆ ਤੁਮ ਨੇ। ਦਰੋਗਾ ਦੇਖੇਗਾ ਤੋਂ ਹਮਾਰੇ ਕਾਨ ਈਂਠ ਲੇਗਾ।''

ਮੈਂ ਕੰਬ ਉੱਠਿਆ। ਕੁਝ ਕੱਲੋ ਦੀ ਕੜਕ ਸੁਣ ਕੇ ਤੇ ਕੁਝ ਆਪਣੀ ਮੂਰਖ਼ਤਾ ਦਾ ਖ਼ਿਆਲ ਕਰਕੇ- ਸੱਚ-ਮੁੱਚ ਮੈਂ ਅੰਬ ਚੂਪ ਕੇ ਛਿੱਲਾਂ ਤੇ ਗਿਟਕਾ ਇੰਞ ਬੇ-ਪਰਵਾਹੀ ਨਾਲ਼ ਸੁੱਟੀ ਜਾ ਰਿਹਾ ਸੀ ਜਿਵੇਂ ਆਪਣਾ ਹੀ ਰਾਜ ਹੁੰਦਾ ਹੈ।

Downloaded from https:// www.studiestoday.com

Downloaded from https:// www.studiestoday.com



ਮੈਨੂੰ ਹੱਥਾਂ-ਪੈਰਾਂ ਦੀ ਪੈ ਗਈ-ਖ਼ਬਰੇ ਇਹ ਮੇਰੇ ਨਾਲ਼ ਕੀ ਬਾਥ ਕਰੇਗੀ-ਖ਼ਬਰੇ ਕਿੰਨੀਆ ਕੁ ਸਲਵਾਤਾਂ ਸੁਣਾਏਗੀ। ਬਹੁਤਾ ਡਰ ਇਸ ਗੱਲ ਦਾ ਸੀ ਕਿ ਕੋਈ ਗੁਆਂਢੀ ਮੇਰੀ ਦੁਰਗਤ ਹੁੰਦੀ ਨਾ ਵੇਖ ਲਵੇ।

ਮੈਂ ਝੱਟ-ਪੱਟ ਕੁਰਸੀ ਤੋਂ ਉਠਿਆ ਤੇ ਇਹ ਕਹਿੰਦਾ ਹੋਇਆ ਗਿਟਕਾਂ ਛਿੱਲੜਾਂ 'ਕੱਠੀਆਂ ਕਰਨ ਲੱਗ ਪਿਆ। - ''ਓਹ! ਬੜੀ ਭੁਲ ਹੁਈ ਬਹਿਨ, ਮੁਆਫ਼ ਕਰਨਾ ਪਰਦੇਸੀ ਹੂੰ, ਖ਼ਿਆਲ ਨਹੀਂ ਰਹਾ, ਫਿਰ ਐਸੀ ਭੂਲ ਨਹੀਂ ਕਰੂੰਗਾ।''

ਮੇਰਾ ਖ਼ਿਆਲ ਸੀ ਕਿ ਆਪਣੇ ਸੁਭਾਅ ਅਨੁਸਾਰ ਉਹ ਮੇਰੇ ਉੱਤੇ ਕਾਫ਼ੀ ਵਰ੍ਹੇਗੀ ਪਰ ਵੇਖ ਕੇ ਮੈਂ ਹੈਰਾਨ ਰਹਿ ਗਿਆ ਕਿ ਉਸ ਨੇ ਬੁੱਲ੍ਹ ਤੋਂ ਬੁੱਲ੍ਹ ਨਾ ਚੁੱਕਿਆ। ਤੇ ਜਦ ਮੈਂ ਅੱਧੀਆਂ ਕੁ ਛਿੱਲੜਾਂ ਸਮੇਟ ਚੁੱਕਾ, ਤਾਂ ਬੋਲੀ- ''ਤੁਮ ਰਹਿਨੇ ਦੋ ਸਰਦਾਰ, ਮੈਂ ਉਠਾਏ ਲੇਤੀ ਹੂੰ।''

ਮੈਂ ਹਟ ਗਿਆ, ਤੇ ਬਾਲਟੀ ਵਿੱਚੋਂ ਹੱਥ ਧੋਣ ਲੱਗਾ। ਉਸ ਨੇ ਆਪਣੇ ਝਾੜੂ ਨਾਲ਼ ਗਿਟਕਾਂ, ਛਿੱਲੜਾਂ ਹੂੰਝ ਲਈਆਂ, ਬੂਹੇ ਦਾ ਅੱਗਾ ਵੀ ਸਾਫ਼ ਕਰ ਦਿੱਤਾ, ਤੇ ਸਭ ਕੁਝ ਛਾਬੇ ਵਿੱਚ ਪਾ ਕੇ ਚੱਲਦੀ ਬਣੀ। ਮੈਨੂੰ ਇਤਮੀਨਾਨ ਦਾ ਸਾਹ ਆਇਆ, ਸ਼ੁਕਰ ਹੈ ਬਲਾ ਟਲ਼ੀ।

ਮੈਂ ਅੰਬਾਂ ਵੱਲੋਂ ਵਿਹਲਾ ਹੋ ਕੇ ਮੁੜ ਆਪਣੇ ਕੰਮ ਜੁਟ ਪਿਆ।

ਮੀਂਹ ਦੇ ਜ਼ੋਰ ਕਰਕੇ ਓਸ ਦਿਨ ਵੀ ਮੈਂ ਥਾਂ ਬਦਲ ਨਾ ਸਕਿਆ। ਦੂਸਰੇ ਦਿਨ ਜਦ ਕੱਲੋ ਆਈ ਤਾਂ ਸਭ ਤੋਂ ਪਹਿਲਾਂ ਉਸ ਨੇ ਮੇਰੇ ਘਰ ਦਾ ਅੱਗਾ ਸਾਫ਼ ਕੀਤਾ। ਨਾਲ਼ੀ, ਜਿਸ ਦੀ ਗ਼ਿਲਾਜ਼ਤ ਨੂੰ ਮੀਂਹ ਦਾ ਪਾਣੀ ਵੀ ਦੂਰ ਨਹੀਂ ਸੀ ਕਰ ਸਕਿਆ, ਉਸ ਨੇ ਖਰੋਚ-ਖਰੋਚ ਕੇ ਸਾਫ਼ ਕਰਨੀ ਸ਼ੁਰੂ ਕਰ ਦਿੱਤੀ ਤੇ ਇਸ ਕੰਮੋ ਵਿਹਲੀ ਹੋ ਕੇ ਮੇਰੇ ਲਾਗੇ ਜਿੱਥੇ ਮੈਂ ਬੈਠਾ ਲਿਖ ਰਿਹਾ ਸਾਂ, ਆ ਕੇ ਪੁੱਛਣ ਲੱਗੀ, ''ਦਾਦਾ! ਭੀਤਰ ਕੂੜਾ ਹੋ ਤੋ ਬਾਹਰ ਫੈਂਕ ਦੋ, ਮੈਂ ਲੈ ਜਾਊਂ।''

'ਨਹੀਂ ਹੈ' ਕਹਿ ਕੇ ਮੈਂ ਮੂੰਹ-ਧਿਆਨ ਆਪਣੇ ਕੰਮ ਲੱਗਾ ਰਿਹਾ। ਉਸ ਦੇ ਵਾਕ ਵਿਚਲੇ 'ਦਾਦਾ' ਸ਼ਬਦ ਨੇ ਮੈਨੂੰ ਜ਼ਰਾ ਕੁ ਔਖਿਆਂ ਕੀਤਾ -'ਕੀ ਇਹ ਆਪਣੇ ਆਪ ਨੂੰ ਮੇਰੀ ਪੋਤੀ ਦੀ ਉਮਰ ਦੀ ਖ਼ਿਆਲ ਕਰਦੀ ਹੈ? ਕੀ ਚਾਲ੍ਹੀਆਂ ਵਰ੍ਹਿਆਂ ਦੀ ਉਮਰੇ ਕੋਈ ਆਪਣੇ ਆਪ ਨੂੰ ਕਿਸੇ ਮੁਟਿਆਰ ਦਾ 'ਦਾਦਾ' ਅਖਵਾਣਾ ਬਰਦਾਸ਼ਤ ਕਰ ਸਕਦਾ ਹੈ?'

ਸਦਾ ਤੋਂ ਉਲਟ ਮੈਂ ਉਸ ਦਿਨ ਕੱਲੋ ਦੇ ਸੁਭਾਅ ਵਿੱਚ ਇੱਕ ਤਬਦੀਲੀ ਵੇਖੀ! ਅੱਜ ਉਸ ਨੇ ਨਾ ਤਾਂ ਕਿਸੇ ਮੁਹੱਲੇ ਵਾਲ਼ੀ ਨਾਲ਼ ਆਢਾ ਲਾਇਆ, ਨਾ ਹੀ ਜਵਾਬ ਵਿੱਚ ਉਸ ਨੂੰ ਕਿਸੇ ਨੇ ਔਂਤਰੀ, ਨਿਖਸਮੀ' ਕਿਹਾ।

ਪੈਡ ਦਾ ਵਰਕਾ ਪਾੜ ਕੇ ਰੱਖਣ ਲੱਗਿਆਂ ਮੇਰੀ ਨਜ਼ਰ ਬੂਹੇ-ਵੱਲ ਮੁੜੀ। ਮੇਰਾ ਖਿਆਲ ਸੀ ਕਿ ਉਹ ਕੰਮ ਕਰਕੇ ਚਲੀ ਗਈ ਹੋਵੇਗੀ ਪਰ ਉਸ ਨੂੰ ਮੈਂ ਬੂਹੇ ਦੀ ਕੰਧ

Downloaded from https:// www.studiestoday.com

Downloaded from https:// www.studiestoday.com



ਲਾਗੇ ਖੜ੍ਹੀ ਵੇਖਿਆ। ਝਾੜੂ, ਛਾਬਾ ਉਸ ਨੇ ਪਰ੍ਹਾਂ ਇੱਕ ਦਰਖ਼ਤ ਦੇ ਮੁੱਢ ਨਾਲ਼ ਖੜ੍ਹੇ ਕਰ ਦਿੱਤੇ ਸਨ ਤੇ ਆਪ ਉਹ ਮੇਰੇ ਲਿਖੇ ਹੋਏ ਵਰਕਿਆਂ ਉੱਤੇ ਨੀਝ ਲਾਈ ਖੜ੍ਹੀ ਸੀ।

ਮੈਂ ਸੋਚਿਆ, ਸ਼ਾਇਦ ਕੱਲ੍ਹ ਵਾਲ਼ੇ ਕੰਮ ਦੀ ਮਜ਼ਦੂਰੀ ਮੰਗਣ ਲਈ ਖੜੀ ਹੈ। ਹੱਥ ਜੇਬ ਵਿੱਚ ਪਾ ਕੇ ਮੈਂ ਕੋਈ ਸਭ ਤੋਂ ਛੋਟਾ ਸਿੱਕਾ ਪੋਟਿਆਂ ਨਾਲ਼ ਟਟੋਲਣ ਲੱਗਾ। ਹੱਥ ਬਾਹਰ ਨਿਕਲਣ ਤੋਂ ਪਹਿਲਾਂ ਹੀ ਉਸ ਨੇ ਮੇਰੇ ਉੱਤੇ ਸਵਾਲ ਕੀਤਾ -''ਯੇ ਕਿਆ ਲਿਖਤੇ ਹੋ ਦਾਦਾ?''

''ਐਸੇ ਹੀ ਕੁਛ ਲਿਖਤਾ ਹੂੰ'' ਖਹਿੜਾ ਛੁਡਾਣ ਦੇ ਖ਼ਿਆਲੋਂ ਮੈਂ ਇੱਕ ਆਨਾ ਉਸ ਵੱਲ ਸੁੱਟਦਿਆਂ ਕਿਹਾ -''ਲੇ।''

''ਰਹਿਨੇ ਦੋ ਦਾਦਾ।'' ਕਹਿ ਕੇ ਉਸ ਨੇ ਆਨਾ ਜਿੱਥੇ ਮੈਂ ਸੁੱਟਿਆ ਸੀ ਉੱਥੇ ਹੀ ਪਿਆ ਰਹਿਣ ਦਿੱਤਾ। ਕੇਵਲ ਇੱਕ ਵਾਰੀ ਉਸ ਵੱਲ ਤੱਕ ਕੇ ਉਸ ਨੇ ਨਜ਼ਰ ਹਟਾ ਲਈ।

''ਕਿਤਨੀ ਲਾਲਚਣ ਹੈ'' ਦਿਲ ਵਿੱਚ ਕੁੜ ਰਿਹਾ ਸਾਂ- 'ਕੀ ਏਨੇ ਕੁ ਕੰਮ ਦੀ ਮਜ਼ਦੂਰੀ ਇੱਕ ਆਨਾ ਥੋੜ੍ਹੀ ਹੈ।' ਪਰ ਮੈਂ ਮੂੰਹੋਂ ਉਸ ਨੂੰ ਇਸ ਡਰੋਂ ਕੁਝ ਨਾ ਕਿਹਾ ਕਿ ਮਤੇ ਗਲ਼ੇ ਦਾ ਹਾਰ ਬਣ ਜਾਵੇ। ਇੱਕ ਆਨਾ ਹੋਰ ਕੱਢ ਕੇ ਮੈਂ ਉਸ ਵੱਲ ਸੁੱਟਿਆ।

ਉਸ ਨੇ ਉਸੇ ਲਾਪਰਵਾਹੀ ਨਾਲ਼ ਦੂਸਰੇ ਆਨੇ ਵੱਲ ਤੱਕਿਆ ਤੇ ਬੋਲੀ -''ਨਹੀਂ ਲੂੰਗੀ।''

''ਅਰੇ! ਤੋ ਕਿਆ ਤੁਮ੍ਹੇ ਰੁਪਿਆ ਚਾਹੀਏ ਇਤਨੇ ਸੇ ਕਾਮ ਕੇ ਲੀਏ?'' ਮੈਂ ਤੈਸ਼ ਵਿੱਚ ਆ ਕੇ ਏਨੀ ਗੱਲ ਕਹਿ ਤਾਂ ਗਿਆ ਪਰ ਜਿਉਂ ਹੀ ਉਸ ਦੇ ਚਿਹਰੇ ਉੱਤੇ ਡੂੰਘੀ ਨਜ਼ਰ ਸੁੱਟੀ ਕਿ ਮੈਨੂੰ ਸ਼ਰਮਸਾਰ ਹੋਣਾ ਪਿਆ। ਮੇਰਾ ਵੱਸ ਹੁੰਦਾ ਤਾਂ ਆਪਣੇ ਕਹੇ ਹੋਏ ਸ਼ਬਦਾਂ ਨੂੰ ਮੁੜ ਨਿਗਲ਼ ਜਾਂਦਾ। ਕੱਲੋ ਦੇ ਚਿਹਰੇ ਉੱਤੇ ਲੋਭ ਦਾ ਕੋਈ ਚਿੰਨ੍ਹ ਨਹੀਂ ਸੀ, ਨਾ ਹੀ ਗੁੱਸੇ ਦੀ ਕੋਈ ਲਕੀਰ। ਮੇਰੀਆਂ ਪਛਾਤੀਆਂ ਹੋਈਆਂ ਤਿਊੜੀਆਂ ਵੀ ਉਸ ਦੇ ਮੱਥੇ ਉੱਤੇ ਨਹੀਂ ਸਨ। ਮੈਨੂੰ ਇਉਂ ਜਾਪਿਆ, ਜਿਵੇਂ ਕੱਲੋ ਦੇ ਨਕਸ਼ਾਂ ਉੱਤੇ ਅੱਜ ਕੋਈ ਅਨੋਖਾ ਜਿਹਾ ਹੁਸਨ ਨਿੱਖਰਦਾ ਆ ਰਿਹਾ ਹੈ-ਕੋਈ ਦਿਲਕੱਸ਼ ਜਿਹੀ ਖਿੱਚ, ਕੋਈ ਨਿੱਘੀ ਤੇ ਮਿੱਠੀ ਜਿਹੀ ਚਮਕ। 'ਕਿਉਂ ਨਹੀਂ ਲੇਤੀ-ਕੱਲੋ?' ਮੇਰੇ ਵਾਕ ਵਿੱਚ ਬੇਖ਼ਿਆਲੇ ਹੀ ਲਚਕ ਜਿਹੀ ਆ ਗਈ। ਜਵਾਬ ਵਿੱਚ ਝੱਟ-ਪੱਟ ਕੁਝ ਨਾ ਕਹਿ ਸਕੀ। ਬੋਲਣ ਤੋਂ ਪਹਿਲਾਂ ਉਸ ਦੇ ਹੋਠਾਂ ਉੱਤੇ ਇੱਕ ਤਬੱਸਮ ਜਿਹਾ ਲਿਸ਼ਕਿਆ, ਅੱਖਾਂ ਦੀਆਂ ਪਲਕਾਂ ਉਸ ਦੀਆਂ ਕਿਸੇ ਸੁਖਾਵੇਂ ਜਿਹੇ ਭਾਰ ਨਾਲ਼ ਥੋੜ੍ਹੀਆਂ ਜਿਹੀਆਂ ਨੀਵੀਆਂ ਜਾਪੀਆਂ, ਉਸ ਦੀਆਂ ਗੱਲ੍ਹਾਂ ਉੱਤੇ ਇੱਕ ਤਰ੍ਹਾਂ ਦਾ ਭਖਾਅ ਜਿਹਾ ਪੈਦਾ ਹੋਇਆ, ਸੰਗਦਿਆਂ-ਸੰਗਦਿਆਂ ਰੁਕਦਿਆਂ-ਰੁਕਦਿਆਂ ਜਿਵੇਂ ਚਿੱਥ-ਚਿੱਥ ਕੇ, ਉਸ ਦੇ ਮੂੰਹੋਂ ਨਿਕਲ਼ਿਆ-''ਤੁਮ ਨੇ ਕੱਲ੍ਹ ਮੁਝੇ 'ਬਹਿਨ' ਜੋ ਕਹਾ ਥਾ।''

ਸੁਣ ਕੇ ਮੈਂ ਹੱਕਾ-ਬੱਕਾ ਰਹਿ ਗਿਆ। ਇੱਕ ਅੱਤ ਔਖੇ ਸਵਾਲ ਦਾ ਹੱਲ-ਜਿਸ ਨੂੰ ਮੈਂ ਕਈਆਂ ਦਿਨਾਂ ਤੋਂ ਸੋਚ ਰਿਹਾ ਸਾਂ - ਮੇਰੇ ਸਾਹਮਣੇ ਸੀ।

Downloaded from https:// www.studiestoday.com

Downloaded from https:// www.studiestoday.com



ਕੱਲੋ, ਜਿਸ ਨੂੰ ਮੈਂ ਹੁਣ ਤੀਕ ਕਲ੍ਹਾ ਦੀ ਮੂਰਤ ਤੇ ਕਲੇਸ਼ ਦੀ ਰੂਹ ਸਮਝਦਾ ਰਿਹਾ ਸਾਂ, ਉਸ ਦੇ ਇਸ ਨਿੱਕੇ ਜਿਹੇ ਵਾਕ ਨੇ ਜਿਵੇਂ ਸਾਰੀ ਦੀ ਸਾਰੀ 'ਕੱਲੋ' ਮੇਰੇ ਸਾਹਮਣੇ ਬਦਲ ਦਿੱਤੀ। ਮੇਰੀ ਨਫ਼ਰਤ ਪਿਆਰ ਵਿੱਚ ਵਟ ਗਈ। ਕੱਲੋ ਦਾ ਘ੍ਰਿਣਿਤ ਚਿਹਰਾ ਮੈਨੂੰ ਸੋਹਣਾ ਦਿਖਾਈ ਦੇਣ ਲੱਗਾ।

ਪੈਡ ਤੇ ਕਲਮ ਰੱਖ ਦਿੱਤੇ ਤੇ ਇੱਕ ਵਾਰੀ ਹੋਰ ਮੈਂ ਉਸ ਵੱਲ ਤੱਕਿਆ। ਕੱਲੋ ਦੇ ਨਕਸ਼ਾਂ ਵਿੱਚੋਂ ਹੁਸਨ ਤੇ ਪਿਆਰ ਦੀਆਂ ਸ਼ੁਆਵਾਂ ਉੱਠ-ਉੱਠ ਕੇ ਆਲ਼ੇ-ਦੁਆਲ਼ੇ ਨੂੰ ਰੁਸ਼ਨਾ ਰਹੀਆਂ ਸਨ।

'ਮੀਂਹ ਇਸ ਵੇਲ਼ੇ ਕਾਫ਼ੀ ਤੇਜ਼ ਹੋ ਗਿਆ ਸੀ-ਤੇ ਵਾਛੜ ਦਾ ਰੁਖ਼ ਏਸੇ ਪਾਸੇ ਸੀ। ਕੱਲੋ ਉਸੇ ਤਰ੍ਹਾਂ ਮੀਂਹ ਵਿੱਚ' ਖੜ੍ਹੀ ਭਿੱਜ ਰਹੀ ਸੀ। ਮੈਂ ਉਸ ਨੂੰ ਕਿਹਾ -ਜ਼ਰਾ ਭੀਤਰ ਆ ਜਾ ਕੱਲੋ, ਤੁਮ ਭੀਗ ਰਹੀ ਹੋ।''

'ਉਸ ਨੇ ਪੂਰੇ ਭਰੋਸੇ ਤੇ ਅਪਣੱਤ ਭਰੀ ਨਜ਼ਰ ਨਾਲ਼ ਇੱਕ ਵਾਰੀ ਮੇਰੇ ਵੱਲ ਤੱਕਿਆ ਤੇ ਫਿਰ ਆਪਣੇ ਭਿੱਜੇ ਹੋਏ ਸਰੀਰ ਵੱਲ ਤੇ ਬੋਲੀ - "ਕੋਈ ਬਾਤ ਨਹੀਂ ਦਾਦਾ। ਹਮ ਲੋਗ ਤੋਂ ਇਸੀ ਤਰ੍ਹੇ ਭੀਗਾ ਕਰਤੇ ਹੈਂ। ਅੱਛਾ, ਜਾਤੀ ਹੂੰ। ਅਭੀ ਬਹੁਤ ਕਾਮ ਕਰਨਾ ਹੈ।''

ਜ਼ਬਾਨੋਂ ਤਾਂ ਕੱਲੋ ਨੇ ਕਹਿ ਦਿੱਤਾ 'ਜਾਤੀ ਹੂੰ' ਪਰ ਮੈਂ ਉਸ ਦੇ ਚਿਹਰੇ ਤੋਂ ਕੁਝ ਹੋਰ ਪੜ੍ਹ ਰਿਹਾ ਸੀ। ਉਹ ਬਿਨਾਂ ਮੇਰੇ ਨਾਲ਼ ਕੁਝ ਗੱਲਾਂ ਕੀਤੇ ਜਾਣਾ ਨਹੀਂ ਸੀ ਚਾਹੁੰਦੀ। ਮੈਂ ਜ਼ਰਾ ਦਾਈਏ ਭਰੇ ਰਉਂ ਵਿੱਚ ਉਸ ਨੂੰ ਕਿਹਾ -'ਥੋੜ੍ਹੀ ਦੇਰ ਕੇ ਲੀਏ ਛੱਤ ਕੇ ਨੀਚੇ ਹੋ ਜਾ ਪਗਲੀ। ਬਾਰਸ਼ ਕਮ ਹੋ ਜਾਏ ਤੋ ਚਲੀ ਜਾਨਾ।'

ਅੰਦਰ ਆਉਣ ਦੀ ਉਸ ਦੀ ਸਲਾਹ ਹੈ ਸੀ ਪਰ ਕਿਸੇ ਸੰਗ ਨੇ ਉਸ ਨੂੰ ਰੋਕਿਆ ਹੋਇਆ ਸੀ। ਖਿੱਲਰੇ ਹੋਏ ਭਾਂਡੇ-ਟੀਂਡੇ ਵੱਲ ਤੱਕ ਕੇ ਉਹ ਬੋਲੀ ''ਪਰ ਯਹਾਂ ਤੋ ਤੁਮ ਰੋਟੀ ਬਨਾਤੇ ਹੋ'' ਤੇ ਨਾਲ਼ ਹੀ ਉਸ ਦੇ ਕਦਮਾਂ ਵਿੱਚ ਹਰਕਤ ਆ ਗਈ। ਉਹ ਬੜੀ ਚੌਕਸੀ ਨਾਲ਼, ਆਪਣੇ-ਆਪ ਨੂੰ ਸਮੇਟ-ਸੁਕੇੜ ਕੇ ਕੇਵਲ ਦਹਿਲੀਜ਼ ਹੀ ਟੱਪੀ।

''ਕਹਾਂ ਕੀ ਰਹਿਨੇ ਵਾਲੀ ਹੋ ਕੱਲੋ?''

''ਬੰਗਾਲ ਕੀ।''

''ਅਰੇ! ਤੁਮ ਲੋਕ ਇਤਨੀ ਦੂਰ ਚਲੇ ਆਏ। ਉਧਰ ਤੁਮ੍ਹੇ ਕਾਮ ਨਹੀਂ ਮਿਲਤਾ ਥਾ ਕਯਾ?''

''ਭਗਵਾਨ ਕੀ ਇੱਛਾ ਹੈ, ਦਾਦਾ! ਜਹਾਂ ਪਰ ਰੋਜ਼ੀ ਬਨੀ ਹੋਤੀ ਹੈ, ਵਹੀ ਪਰ ਜਾਨਾ ਹੋਤਾ ਹੈ।''

ਉਸ ਦੇ ਮੂੰਹੋਂ ਇਹ ਘੜੀ-ਮੁੜੀ ਜਿਹੜਾ 'ਦਾਦਾ' ਸ਼ਬਦ ਮੈਂ ਆਪਣੇ ਸੰਬੋਧਨ ਵਿੱਚ ਸੁਣ ਕੇ ਕਚੀਚੀਆਂ ਵੱਟਦਾ ਸਾਂ, ਇਸ ਦਾ ਭੇਤ ਝੱਟ ਹੀ ਮੇਰੇ ਉੱਤੇ ਖੁੱਲ੍ਹ ਗਿਆ।

Downloaded from https:// www.studiestoday.com

Downloaded from https:// www.studiestoday.com



ਮੈਨੂੰ ਯਾਦ ਆ ਗਿਆ ਕਿ ਬੰਗਲਾ ਬੋਲੀ ਵਿੱਚ ਵੱਡੇ ਭਰਾ ਨੂੰ 'ਦਾਦਾ' ਕਹਿ ਕੇ ਬੁਲਾਇਆ ਜਾਂਦਾ ਹੈ। ਟੁੱਟੀ-ਭੱਜੀ ਬੰਗਲਾ ਮੈਂ ਜਾਣਦਾ ਸਾਂ।

ਮੈਂ ਸੋਚ ਰਿਹਾ ਸਾਂ-ਪਿਆਰ ਦੀ ਕਿੱਡੀ ਭੁੱਖ ਹੈ ਇਸ ਕੁੜੀ ਦੇ ਅੰਦਰ! ਤੇ ਸ਼ਾਇਦ ਇਸੇ ਚੀਜ਼ ਦੀ ਅਪ੍ਰਾਪਤੀ ਨੇ ਇਸ ਦੇ ਸੁਭਾਅ ਵਿੱਚ ਹਿੰਸਾ ਤੇ ਨਫ਼ਰਤ ਭਰ ਦਿੱਤੀ ਹੈ। ਨਫ਼ਰਤ ਦੀ ਦੁਨੀਆ ਵਿੱਚ ਇਹ ਜੰਮੀ ਤੇ ਤ੍ਰਿਸਕਾਰ ਦੀ ਖ਼ੁਰਾਕ ਖਾ ਕੇ ਪਲ਼ੀ ਹੈ। ਵਿਚਾਰੀ ਸਾਰਾ ਦਿਨ ਲੋਕਾਂ ਦੀ ਗੰਦਗੀ ਢੋਂਦੀ ਹੈ ਪਰ ਬਦਲੇ ਵਿੱਚ ਇਸ ਨੂੰ ਮਿਲ਼ਦਾ ਕੀ ਹੈ? ਗਾਲ੍ਹਾਂ, ਝਿੜਕਾਂ ਤੇ ਕਦੀ-ਕਦੀ ਛਿੱਤਰ ਪੌਲਾ ਵੀ। ਮਾਨੋਂ ਕੱਲੋ ਲਈ ਇਹ ਜ਼ਿੰਦਗੀ 'ਨਫ਼ਰਤ' ਦਾ ਹੀ ਦੂਸਰਾ ਨਾਂ ਹੈ। ਦੁਨੀਆ ਇਸ ਨੂੰ ਨਫ਼ਰਤ ਕਰਦੀ ਹੈ ਤੇ ਇਹ ਦੁਨੀਆ ਨੂੰ। ਪਰ ਇੰਨਾ ਹੋਣ ਤੇ ਵੀ ਕੀ ਪਿਆਰ ਦੀ ਭੁੱਖ ਇਸ ਦੀ ਮਰ ਗਈ? ਸ਼ਾਇਦ ਨਹੀਂ। ਇਹ ਦੁਨੀਆ ਕਿਤਨੀ ਨਾਦਾਨ-ਕਿਤਨੀ ਬੇਸਮਝ ਤੇ ਕੰਜੂਸ ਹੈ ਕਿ ਚਾਰ ਮਿੱਠੇ ਬੋਲ, ਜਿਨ੍ਹਾਂ ਉੱਤੇ ਕਿਸੇ ਦਾ ਕੁਝ ਵੀ ਮੁੱਲ ਨਹੀਂ ਲੱਗਦਾ, ਨਾ ਦੇ ਕੇ ਇਹ ਅਣਗਿਣਤ ਜੀਆਂ ਨੂੰ ਆਦਮੀ ਤੋਂ ਪਸ਼ੂ ਬਣਾ ਦੇਂਦੀ ਹੈ। ਕੱਲੋ ਜਿਹੜੀ ਹਰ ਕਿਸੇ ਨੂੰ ਨਫ਼ਰਤ ਕਰਦੀ ਹੈ, ਜਦ ਕਿ ਉਸ ਦੇ ਸੀਨੇ ਵਿੱਚ ਇਤਨਾ ਕੋਮਲ, ਇਤਨਾ ਨਿੱਘਾ ਦਿਲ ਮੌਜੂਦ ਹੈ? ਕੀ ਏਸੇ ਕਰਕੇ ਕਿ ਦੁਨੀਆ ਨੇ ਉਸ ਨੂੰ ਨਿਗੂਣੇ ਚਹੁੰ ਮਿੱਠੇ ਬੋਲਾਂ ਤੋਂ ਵੀ ਵਾਂਝਿਆਂ ਰੱਖਿਆ ਹੈ? ਕੱਲੋ, ਜਿਹੜੀ ਕਿਸੇ ਅਜਨਬੀ ਦੇ ਕਹੇ ਹੋਏ ਝੂਠੀ-ਮੂਠੀ ਦੇ 'ਭੈਣ' ਸ਼ਬਦ ਨੂੰ ਇਤਨੇ ਸਤਿਕਾਰ ਨਾਲ਼ ਦਿਲ ਦੀ ਪਿਟਾਰੀ ਵਿੱਚ ਸਾਂਭ ਕੇ ਰੱਖ ਸਕਦੀ ਹੈ, ਕੀ ਇਹ ਨਫ਼ਰਤ ਦੀ ਹੱਕਦਾਰ ਹੈ? ਕਾਸ਼! ਦੁਨੀਆ ਵਾਲ਼ੇ ਕਦੀ ਅੱਖਾਂ ਖੋਲ੍ਹ ਕੇ ਤੱਕ ਸਕਦੇ।

ਉਹ ਦਹਿਲੀਜ਼ ਅੰਦਰ ਹੋ ਜਾਣ 'ਤੇ ਵੀ ਵਾਛੜ ਦੀ ਮਾਰ ਤੋਂ ਬਚ ਨਾ ਸਕੀ। ਮੈਂ ਜਦ ਉਸ ਨੂੰ ਇੱਕ ਵਾਰੀ ਫੇਰ ਅੰਦਰ ਆਉਣ ਲਈ ਕਿਹਾ, ਤਾਂ ਬੋਲੀ - ''ਪਰ ਭੀਤਰ ਤੋ ਤੁਮ੍ਹਾਰੇ ਬਰਤਨ ਪੜੇ ਹੈਂ, ਦਾਦਾ?''

''ਤੋ ਕਯਾ ਹਰਜ਼ ਹੈ। ਬਰਤਨ ਕਿਸੀ ਦੂਸਰੇ ਕੇ ਨਹੀਂ-ਤੁਮ੍ਹਾਰੇ ਦਾਦਾ ਕੇ ਹੀ ਤੋ ਹੈਂ।''

ਜਾਪਦਾ ਸੀ ਜਿਵੇਂ ਮੇਰਾ ਇਹ ਵਾਕ ਸੁਣ ਕੇ ਕੱਲੋ ਇੱਕ ਵਾਰੀ ਕਿਸੇ ਮਿਠਾਸ ਦੀ ਡੂੰਘਾਈ ਵਿੱਚ ਗੁਆਚ ਗਈ। ਉਹ ਅੰਦਰ ਲੰਘ ਆਈ ਪਰ ਸ਼ਾਇਦ ਉਸ ਨੂੰ ਡਰ ਸੀ ਮਤੇ ਉਸ ਦੇ ਕੱਪੜਿਆਂ ਵਿੱਚੋਂ 'ਚੋ ਰਹੇ ਪਾਣੀ ਨਾਲ਼ ਕਮਰੇ ਦਾ ਫ਼ਰਸ਼ ਗਿੱਲਾ ਹੋ ਜਾਵੇਗਾ।

ਉਹ ਥੋੜ੍ਹੀ-ਥੋੜ੍ਹੀ ਕੰਬ ਰਹੀ ਸੀ। ਮੇਰਾ ਦਿਲ ਚਾਹਿਆ ਕਿ ਬਿਸਤਰੇ ਤੋਂ ਕੰਬਲ਼ ਚੁੱਕ ਕੇ ਉਸ ਦੇ ਮੋਢਿਆਂ 'ਤੇ ਸੁੱਟ ਦਿਆਂ ਪਰ ਇਤਨੀ ਫ਼ਰਾਖ-ਦਿਲੀ ਮੈਂ ਵਿਖਾਲ਼ ਨਾ ਸਕਿਆ-ਕੰਬਲ਼ ਦੇ ਭਿੱਜ ਜਾਣ ਦੇ ਖ਼ਿਆਲੋਂ, ਅਥਵਾ ਇਸ ਖ਼ਿਆਲੋਂ ਕਿ ਕੱਲੋ ਦੇ ਗਲੀਜ਼ ਕੱਪੜਿਆਂ ਨਾਲ਼ ਛੂਹ ਕੇ ਗਿੱਲਾ ਹੋ ਜਾਵੇਗਾ। ਕੇਵਲ ਮੈਂ ਇਤਨਾ ਹੀ ਕਰ

Downloaded from https:// www.studiestoday.com

Downloaded from https:// www.studiestoday.com



ਸਕਿਆ ਕਿ ਹੋਰ ਦੋ-ਚਾਰ ਵਾਰੀ ਕਹਿ ਕੇ ਮੈਂ ਉਸ ਨੂੰ ਦਲੀਜ਼ ਤੋਂ ਇਤਨਾ ਅੰਦਰ ਸੱਦ ਲਿਆ ਕਿ ਵਾਛੜ ਤੋਂ ਉਹ ਸੁਰੱਖਿਅਤ ਸੀ।

ਬਾਹਾਂ ਹਿੱਕ ਨਾਲ਼ ਲਾਈ, ਉਹ ਕੰਬਦੀ ਹੋਈ ਮੈਨੂੰ ਪੁੱਛਣ ਲੱਗੀ, ''ਤੁਮ ਕਹਾਂ ਰਹਿਤੇ ਹੋ ਦਾਦਾ?''

''ਅੰਮ੍ਰਿਤਸਰ ਮੇਂ।''

''ਯਹਾਂ ਕਿਤਨੇ ਦਿਨ ਠਹਿਰੋਗੇ?''

''ਠਹਿਰਨਾ ਤੋਂ ਕੁਛ ਜ਼ਿਆਦਾ ਦਿਨ ਹੈ ਪਰ ਇਸ ਮਕਾਨ ਸੇ ਸ਼ਾਇਦ ਕੱਲ੍ਹ ਹੀ ਚਲਾ ਜਾਊਂਗਾ।''

''ਕਿਉਂ?''

''ਯਾਹਾਂ ਪਰ ਸ਼ੋਰ ਬਹੁਤ ਰਹਿਤਾ ਹੈ। ਲਿਖਨੇ ਮੇਂ ਤਕਲੀਫ਼ ਹੋਤੀ ਹੈ।''

ਕੁਝ ਚਿਰ ਉਹ ਚੁੱਪ ਰਹੀ, ਕੁਝ ਸੋਚਦੀ ਰਹੀ, ਤੇ ਫਿਰ ਮੇਰੇ ਵਰਕਿਆਂ ਵੱਲ ਤੱਕ ਕੇ ਪੁੱਛਣ ਲੱਗੀ, ''ਯੇ ਤੁਮ ਕਿਆ ਲਿਖਾ ਕਰਤੇ ਹੋ ਦਾਦਾ?''

''ਕਿਤਾਬੇਂ ਲਿਖਤਾ ਹੂੰ।''

''ਪਰ ਕਿਤਾਬ ਕੇ ਹਰਫ਼ ਤੋ ਔਰ ਤਰ੍ਹੇ ਕੇ ਹੋਤੇ ਹੈਂ-ਛੋਟੇ ਛੋਟੇ, ਸਾਫ਼-ਸਾਫ਼।''

''ਯੇ ਭੀ ਵੈਸੇ ਹੀ ਬਨ ਜਾਏਂਗੇ।''

''ਮਸ਼ੀਨ ਮੇਂ ਡਾਲਨੇ ਸੇ?''

''ਹਾਂ''

''ਮੇਰਾ ਮਾਮੂ ਕਹਿਤ ਰਹਾ ਕਿ ਏਕ ਮਸ਼ੀਨ ਹੋਤੀ ਹੈ, ਜਿਸ ਮੇਂ ਕਿਤਾਬ ਛਾਪੀ ਜਾਤੀ ਹੈ।''

'ਉਸੀ ਮੇਂ ਯੇ ਭੀ ਛਾਪੀ ਜਾਏਗੀ।'

'ਅੰਬਰਸਰ ਮੇਂ ਏਸੀ ਮਸ਼ੀਨੇਂ ਹੈਂ?'

'ਔਰ ਕਾਗਜ਼ ਭੀ ਉਸੀ ਮਸ਼ੀਨ ਮੇਂ ਬਨ ਜਾਤਾ ਹੈ।'

'ਹਾਂ ਸਭ ਉਸੀ ਮੇਂ ਬਨ ਜਾਤਾ ਹੈ।'

'ਐਸੀ ਮਸ਼ੀਨ?'

'ਤੁਮ ਪੜ੍ਹਨਾ ਜਾਨਤੀ ਹੋ ਕੱਲੋ?'

'ਨਹੀਂ ਦਾਦਾ, ਹਮ ਲੋਗ ਨਹੀਂ ਪੜ੍ਹਾ ਕਰਤੇ। ਮੇਰਾ ਏਕ ਠੋ ਚਚੇਰਾ ਬਾਈ ਰਹਾ, ਉਸ ਨੇ ਅੰਗਰੇਜ਼ੀ ਪੜ੍ਹੀ ਥੀ ਔਰ ਫਿਰ ਵੋ ਕ੍ਰਿਸਟਾਨ (ਈਸਾਈ) ਬਨ ਗਇਆ। ਅੱਛਾ ਦਾਦਾ, ਅੰਬਰਸਰ ਮੇਂ ਬੀ ਪਾਨੀ (ਬਾਰਸ਼) ਪੜਤਾ ਹੈ।'

'ਹਾਂ ਪੜਤਾ ਹੈ ਪਰ ਬਹੁਤ ਨਹੀਂ!'

'ਵਹਾਂ ਤੁਮਾਰਾ ਕੌਨ-ਕੌਨ ਹੈ ਦਾਦਾ?'

Downloaded from https:// www.studiestoday.com

Downloaded from https:// www.studiestoday.com



'ਔਰਤ ਹੈ, ਬੱਚੇ ਹੈਂ?'
'ਕੈੱਠੋ (ਕਿਤਨੇ ਬੱਚੇ ਹੈਂ)?'
'ਤੀਨ।'
'ਲੜਕੇ ਹੈਂ?'
'ਹਾਂ।'
'ਔਰ ਲੜਕੀ?'
''ਲੜਕੀ ਕੋਈ ਨਹੀਂ।''
''ਤਬ ਤੋ ਭਾਗਵਾਨ ਹੋ ਦਾਦਾ!''
''ਇਸ ਮੇਂ ਭਾਗ ਕੀ ਕਿਆ ਬਾਤ ਰਹੀ?''

''ਅਰੇ ਦਾਦਾ, ਲੜਕੀ ਜਿਸ ਕੇ ਘਰ ਮੇਂ ਨਾ ਹੋ, ਵੋ ਭਾਗਵਾਨ ਤੋ ਹੋਗਾ ਹੀ। ਮੇਰੀ ਚਾਰ ਠੋ ਬਹਿਨੇ ਹੈਂ ਔਰ ਭਾਈ ਏਕ ਭੀ ਨਹੀਂ ਹੈ। ਮਾਂ-ਬਾਪ ਵਿਚਾਰੇ ਹਰ ਬਖਤ.......''ਤੇ ਗੱਲ ਕਰਦੀ-ਕਰਦੀ ਉਹ ਬਾਹਰ ਵੱਲ ਤੱਕ ਕੇ ਚੁੱਪ ਹੋ ਗਈ। ਮੀਂਹ ਠਹਿਰ ਚੁੱਕਾ ਸੀ। ਉਹ ਬੋਲੀ -''ਅੱਛਾ ਦਾਦਾ, ਪਾਣੀ ਥੰਮ ਗਿਆ, ਅਬ ਜਾਊਂਗੀ, ਬਹੁਤ ਕਾਮ ਕਰਨਾ ਹੈ।'' ਉਸ ਨੇ ਬਾਹਰ ਨਿਕਲ ਕੇ ਝਾੜੂ ਛਾਬਾ ਦਰਖ਼ਤ ਨਾਲੋਂ ਚੁੱਕਿਆ ਤੇ ਮੁਹੱਲੇ ਤੋਂ ਬਾਹਰ ਨਿਕਲ਼ ਗਈ। ਉਹ ਦੋਵੇਂ ਕਿੰਗਰੇਦਾਰ ਸਿੱਕੇ -ਜਿਹੜੇ ਮੈਂ ਉਸ ਵੱਲ ਸੁੱਟੇ ਸਨ, ਉੱਥੇ ਪਏ ਰਹੇ।

ਮੁੜ ਮੈਨੂੰ ਥਾਂ ਬਦਲਣ ਦੀ ਲੋੜ ਨਹੀਂ ਪਈ। ਉਸ ਤੋਂ ਬਾਅਦ ਜਿੰਨੇ ਦਿਨ ਮੈਂ ਉੱਥੇ ਰਿਹਾ, ਬੜੇ ਅਰਾਮ ਨਾਲ਼ ਬੀਤੇ। ਮੇਰੇ ਕੰਮ ਵਿੱਚ ਕੋਈ ਵਿਘਨ ਨਹੀਂ ਪਿਆ। ਕੱਲੋ ਆਪਣੇ ਨਿਯਤ ਵਕਤ ਸਿਰ ਆਉਂਦੀ, ਮੁਹੱਲਾ ਸੰਬਰਦੀ, ਘਰਾਂ ਦੀ ਸਫ਼ਾਈ ਕਰਦੀ ਤੇ ਜਾਣ ਤੋਂ ਪਹਿਲਾਂ ਦੋ ਘੜੀਆਂ ਮੇਰੇ ਕੋਲ਼ ਠਹਿਰਦੀ। ਕੁਝ ਏਧਰ-ਓਧਰ ਦੀਆਂ ਗੱਲਾਂ ਕਰਦੀ, ਤੇ ਫੇਰ ਚਲੀ ਜਾਂਦੀ। ਓਹੀ ਕੱਲੋ ਜਿਹੜੀ ਪਹਿਲਾਂ ਤੂਫ਼ਾਨ-ਮੇਲ ਬਣੀ ਰਹਿੰਦੀ ਸੀ, ਹੁਣ ਅੱਖ ਵਿੱਚ ਪਾਈ ਨਹੀਂ ਸੀ ਬਿੜਕਦੀ। ਜੋ ਕੁਝ ਵੀ ਉਸ ਨੂੰ ਕਹਿੰਦਾ, ਬਿਨਾਂ ਕੰਨ ਬਿੜਕਿਆਂ ਕਰਨ ਲੱਗ ਜਾਂਦੀ। ਕੀ ਮਜ਼ਾਲ ਜੇ ਅਲਫ਼ੋਂ ਬੇ ਕਹਿ ਜਾਵੇ। ਇੱਥੋਂ ਤੱਕ ਕਿ ਜੇ ਮਹੱਲੇ ਵਿੱਚ ਬਾਲਾਂ ਨੂੰ ਰੌਲ਼ਾ ਪਾਂਦਿਆਂ ਵੇਖਦੀ ਤਾਂ ਝਟ ਪਿਆਰ ਨਾਲ਼ ਕਹਿਣ ਲੱਗ ਪੈਂਦੀ- ''ਸ਼ੋਰ ਮਤ ਕਰੋ ਨੰਨ੍ਹੇਂ! ਉਧਰ ਸਰਦਾਰ ਬਾਬੂ ਲਿਖ ਰਹੇਂ ਹੈਂ - ਖਫ਼ਾ ਹੋਂਗੇ।''

ਨਾਵਲ ਦਾ ਕੰਮ ਸਫ਼ਲਤਾ ਨਾਲ਼ ਸਿਰੇ ਚੜ੍ਹ ਗਿਆ ਤੇ ਜਿੰਨੇ ਦਿਨ ਰਹਿਣ ਦਾ ਮੇਰਾ ਟੀਚਾ ਸੀ, ਪੂਰਾ ਹੋ ਗਿਆ। ਮੈਂ ਵਾਪਸ ਜਾਣ ਦੀ ਤਿਆਰੀ ਕਰਨ ਲੱਗਾ।

ਟੁਰਨ ਤੋਂ ਪਹਿਲੇ ਦਿਨ ਦਾ ਜ਼ਿਕਰ ਹੈ, ਕੱਲੋ ਕੰਮ ਕਾਰ ਤੋਂ ਵਿਹਲੀ ਹੋ ਕੇ ਜਦ ਮੇਰੇ ਪਾਸ ਆ ਖੜੋਤੀ ਤਾਂ ਮੈਂ ਓਸ ਨੂੰ ਕਿਹਾ - ''ਕੱਲ੍ਹ ਹਮ ਚਲੇ ਜਾਏਂਗੇ, ਕੱਲੋ ਰਾਨੀ।''

Downloaded from https:// www.studiestoday.com

Downloaded from https:// www.studiestoday.com



''ਚਲੇ ਜਾਏਂਗੇ ਦਾਦਾ?'' ਉਸ ਨੇ ਸ਼ਾਇਦ ਕੁਝ ਘਬਰਾ ਕੇ ਕਿਹਾ ਜਿਵੇਂ ਕਿਸੇ ਬਹੁਤ ਹੀ ਨਜ਼ਦੀਕੀ ਰਿਸ਼ਤੇਦਾਰ ਨੂੰ ਕਹੀਦਾ ਹੈ ਤੇ ਆਪਣੇ ਇਸ ਕਹਿਣ-ਢੰਗ ਤੋਂ ਜਿਵੇਂ ਆਪ ਹੀ ਕੁਝ ਕੱਚੀ ਜਿਹੀ ਹੋ ਗਈ। ਫਿਰ ਜ਼ਰਾ ਗੰਭੀਰਤਾ ਵਿੱਚ ਬੋਲੀ - ''ਇੱਤੀ ਜਲਦੀ ਕਿਉਂ ਜਾ ਰਹੇ ਹੋ ਦਾਦਾ?''

''ਜਲਦੀ ਕਹਾਂ-ਏਕ ਮਹੀਨੇ ਕੇ ਕਰੀਬ ਹੋ ਗਿਆ ਕੱਲੋ।''

''ਫਿਰ ਕਬ ਆਓਗੇ?''

''ਭਗਵਾਨ ਨੇ ਚਾਹਾ ਤੋ ਦੂਸਰੇ ਸਾਲ।''

ਉਹ ਕਾਫ਼ੀ ਚਿਰ ਚੁੱਪ-ਚਾਪ ਖੜੋਤੀ ਰਹੀ। ਉਸ ਦੇ ਚਿਹਰੇ ਤੋਂ ਮੈਂ ਜਾਣ ਨਾ ਸਕਿਆ ਕਿ ਕੀ ਸੋਚ ਰਹੀ ਹੈ।

''ਜ਼ਰਾ ਇਧਰ ਆਨਾ ਕੱਲੋ'' ਮੈਂ ਜੇਬ ਵਿੱਚ ਹੱਥ ਪਾਂਦਿਆਂ ਉਸ ਨੂੰ ਕਿਹਾ ਤੇ ਉਹ ਬਿਨਾਂ ਹਿਚਕਿਚਾਹਟ ਮੇਰੇ ਕੋਲ਼ ਆ ਖੜੋਤੀ। ਮੈਂ ਉਸ ਵੇਲ਼ੇ ਮੰਜੇ ਤੇ ਬੈਠਾ ਸਾਂ। ਜੇਬ 'ਚੋਂ ਇੱਕ ਰੁਪਿਆ ਕੱਢ ਕੇ ਉਸ ਦੇ ਹੱਥ 'ਤੇ ਧਰਿਆ ਤੇ ਉਸ ਦੇ ਸਿਰ 'ਤੇ ਹੱਥ ਫੇਰਿਆ।

ਉਸ ਨੇ ਇੱਕ ਵੇਰਾਂ ਮੋੜਨ ਦਾ ਯਤਨ ਕੀਤਾ ਪਰ ਜਦ ਮੇਰੇ ਮੂੰਹੋਂ ਉਸ ਸੁਣਿਆ - 'ਆਪਣੇ ਦਾਦਾ ਕੋ ਨਰਾਜ਼ ਕਰੋਗੀ?'' ਤਾਂ ਉਸ ਨੇ ਪ੍ਰਸੰਨਤਾ ਨਾਲ਼ ਇਸ ਨੂੰ ਰੱਖ ਲਿਆ।

ਦੂਜੇ ਦਿਨ ਸਵੇਰੇ ਮੇਰਾ ਮਿੱਤਰ ਆਪਣੇ ਵਕਤ ਸਿਰ ਮੈਨੂੰ ਫਤ੍ਹੇ ਬੁਲਾ ਕੇ ਕੰਮ ਤੇ ਚਲਾ ਗਿਆ ਤੇ ਮੈਂ ਸਮਾਨ ਬੰਨਣ ਵਿੱਚ ਰੁੱਝ ਗਿਆ ਪਰ ਧਿਆਨ ਮੇਰਾ ਬਰਾਬਰ ਮਹੱਲੇ ਦੇ ਸਿਰੇ ਵੱਲ ਸੀ। ਜਾਣ ਤੋਂ ਪਹਿਲਾਂ ਹੋਰ ਇੱਕ ਵਾਰੀ ਕੱਲੋ ਨੂੰ ਮਿਲ਼ਨ ਦੀ ਡਾਢੀ ਹੀ ਤਾਂਘ ਸੀ, ਮੇਰਾ ਵਿਸ਼ਵਾਸ ਸੀ ਕਿ ਉਹ ਆਵੇਗੀ।

ਮੋਟਰ ਦਾ ਵਕਤ ਹੋ ਗਿਆ ਪਰ ਕੱਲੋ ਨਾ ਆਈ। ਦਿਲ ਨੂੰ ਨਿਰਾਸ਼ਾ ਹੋਈ। ਛੇਕੜ ਕੁਲੀ ਪਾਸੋਂ ਸਮਾਨ ਚੁਕਵਾ ਕੇ ਮੈਂ ਅੱਡੇ ਜਾ ਪਹੁੰਚਿਆ ਪਰ ਨਜ਼ਰ ਮੇਰੀ ਅਜੇ ਵੀ ਸੜਕ ਦੇ ਦੋਂਹਾਂ ਸਿਰਿਆਂ ਤੀਕ ਫਿਰਦੀ ਹੋਈ ਕੱਲੋ ਦੀ ਭਾਲ਼ ਕਰ ਰਹੀ ਸੀ।

ਜਿਉਂ-ਜਿਉਂ ਮੋਟਰ ਤੁਰਨ ਦਾ ਵਕਤ ਨੇੜੇ ਆਈ ਜਾਂਦਾ, ਮੇਰੇ ਦਿਲ ਦੀ ਬੇ-ਅਰਾਮੀ ਵਧਦੀ ਜਾਂਦੀ। ਮੈਨੂੰ ਅਜੇ ਵੀ ਉਮੀਦ ਸੀ ਕਿ ਕੱਲੋ ਆਵੇਗੀ ਪਰ ਉਹ ਨਾ ਆਈ। ਕਲੀਨਰ ਨੇ ਵਾਊਚਰ ਕਟਵਾਇਆ, ਡ੍ਰਾਈਵਰ ਨੇ ਤਾਕੀ ਖੋਲ੍ਹੀ ਤੇ ਆਪਣੀ ਸੀਟ 'ਤੇ ਆ ਬੈਠਾ। ਭਾਵੇਂ ਕੱਲੋ ਦੇ ਆਉਣ ਦੀ ਹੁਣ ਮੈਨੂੰ ਕੋਈ ਆਸ ਨਹੀਂ ਸੀ, ਫੇਰ ਵੀ ਮੈਂ ਤਦ ਤੀਕ ਬਾਹਰ ਹੀ ਖੜੋਤਾ ਰਿਹਾ ਜਦ ਤਕ ਡ੍ਰਾਈਵਰ ਨੇ ਸਵਾਰੀਆਂ ਨੂੰ ਸੱਦਣ ਲਈ ਹਾਰਨ ਨਾ ਵਜਾ ਦਿੱਤਾ।

ਮੈਂ ਢਿੱਲੇ-ਢਿੱਲੇ ਕਦਮੀਂ ਬਾਰੀ ਵੱਲ ਮੁੜਿਆ ਤੇ ਅੰਦਰ ਲੰਘ ਕੇ ਆਪਣੀ ਸੀਟ 'ਤੇ ਜਾ ਬੈਠਾ। ਡ੍ਰਾਈਵਰ ਦੀ ਪਿੱਠ ਪਿੱਛੇ ਮੇਰੀ ਸੀਟ ਸੀ।

Downloaded from https:// www.studiestoday.com

Downloaded from https:// www.studiestoday.com



ਜਿਉਂ ਹੀ ਇੰਜਣ ਸਟਾਰਟ ਹੋਇਆ ਕੱਲੋ ਮੇਰੀ ਨਜ਼ਰੀਂ ਪਈ। ਉਸ ਨੇ ਸਿਰ 'ਤੇ ਇੱਕ ਲੰਮੀ ਟੋਕਰੀ ਚੁੱਕੀ ਹੋਈ ਸੀ ਤੇ ਬੜੀ ਔਖੀ ਹੋ ਕੇ, ਸਾਰਾ ਜ਼ੋਰ ਲਾ ਕੇ ਮੋਟਰ ਵੱਲ ਭੱਜੀ ਆ ਰਹੀ ਸੀ।

''ਮਿਸਟਰ ਡ੍ਰਾਈਵਰ! ਜ਼ਰਾ ਇੱਕ ਮਿੰਟ ਬੜੀ ਮਿਹਰਬਾਨੀ'' ਮੈਂ ਮਿੰਨਤ ਕੀਤੀ ਤੇ ਨੇਕ ਡ੍ਰਾਈਵਰ ਮੰਨ ਗਿਆ। ਮੈਂ ਛਲਾਂਗ ਮਾਰਕੇ ਹੇਠਾਂ ਉੱਤਰਿਆ।

ਪੂਰੀ ਤੇਜ਼ੀ ਨਾਲ਼ ਦੌੜ ਕੇ ਮੈਂ ਕੱਲੋ ਨੂੰ ਅਗਲਵਾਂਢੇ ਜਾ ਮਿਲ਼ਿਆ ਤੇ ਉਸ ਪਾਸੋਂ ਛਿੱਕੂ ਫੜ ਲਿਆ।

''ਮੁਝੇ ਦੇਰ ਹੋ ਗਈ ਦਾਦਾ'' ਸਾਹ ਨਾਲ਼ ਸਾਹ ਮੇਲਣ ਦੀ ਕੋਸ਼ਸ਼ ਕਰਦੀ ਹੋਈ ਕੱਲੋ ਬੋਲੀ -''ਯੇ ਥੋੜ੍ਹੇ ਆਮ ਲਾਈ ਹੂੰ, ਅਪਨੀ ਭਾਵਜ ਕੇ ਲੀਏ। ਇਨ੍ਹੇ ਤੋਂ ਲੋਗੇ ਦਾਦਾ? ਅਪਨੀ ਕਸਮ, ਮੈਂਨੇ ਇਨਕੋ ਛੂਆ ਤੱਕ ਨਹੀਂ ਹੈ।'' ਤੇ ਉਹ ਮੇਰੇ ਵੱਲ ਇਸ ਤਰ੍ਹਾਂ ਤੱਕੀ ਜਿਵੇਂ ਆਪਣੀਆਂ ਭਾਵਨਾਵਾਂ ਦੀ ਪ੍ਰਵਾਨਗੀ ਚਾਹ ਰਹੀ ਹੋਵੇ?

''ਕਿਉਂ ਨਹੀਂ ਲੂੰਗਾ ਰਾਨੀ'' ਮੈਂ ਬੜੇ ਪਿਆਰ ਨਾਲ਼ ਉਸ ਦਾ ਸਿਰ ਪਲ਼ੋਸਦਾ ਹੋਇਆ ਮੋਟਰ ਵੱਲ ਜਾ ਰਿਹਾ ਸਾਂ ''ਅਗਰ ਤੁਮ ਯੇ ਨਾ ਲਾਤੀ ਤੋ ਮੈਂ ਤੁਮ ਪਰ ਬਹੁਤ ਨਰਾਜ਼ ਹੋਤਾ!''

ਕੱਲੋ ਖਿੜ ਗਈ। ਉਸ ਦੇ ਚਿਹਰੇ 'ਤੇ ਨਾ ਸੰਭਾਲ਼ੇ ਜਾ ਸਕਣ ਵਾਲ਼ੀ ਖ਼ੁਸ਼ੀ ਦੇ ਭਾਵ ਸਨ - ''ਤੁਮ ਕਿਤਨੇ ਅੱਛੇ ਹੋ ਦਾਦਾ! ਮੁਝੇ ਤੋ ਬੜਾ ਫ਼ਿਕਰ ਥਾ......ਜਾਨੇ ਦਾਦਾ ਲੇਂਗੇ ਯਾ ਨਹੀਂ।''

ਹਾਰਨ ਫੇਰ ਵੱਜਿਆ, ਜਿਹੜਾ ਕੇਵਲ ਮੈਨੂੰ ਹੀ ਸੱਦਣ ਲਈ ਸੀ। ਟੋਕਰੀ ਮੈਂ ਛੱਤ ਤੇ ਰਖਵਾ ਦਿੱਤੀ ਤੇ ਅੰਦਰ ਬੈਠਣ ਤੋਂ ਪਹਿਲਾਂ ਆਪਣੀ ਉਸ ਪਿਆਰ ਦੀ ਦੇਵੀ ਨੂੰ ''ਅੱਛਾ ਕੱਲੋ ਬਹਿਨ, ਹਮ ਫਿਰ ਮਿਲੇਂਗੇ'' ਕਹਿ ਕੇ ਉਹ ਬੱਸ ਦੀ ਬਾਰੀ ਵੱਲ ਮੁੜ ਪਿਆ। ਪਰਤ ਕੇ ਦੇਖਿਆ ਤਾਂ ਕੱਲੋ ਭਰਾ ਦੇ ਪਿਆਰ ਵਿੱਚ ਭਿੱਜੀ ਅਹਿੱਲ ਖੜੀ ਬੱਸ ਵੱਲ ਦੇਖ ਰਹੀ ਸੀ।

**ਸ਼ਬਦ-ਅਰਥ**

**ਗੋਤਿਆਂ ਵਿੱਚ** - ਸੋਚਾਂ ਵਿੱਚ। **ਸਵਾ ਲੱਖ** - ਇੱਕ ਜਾਂ ਇਕੱਲਾ ਤੋਂ ਭਾਵ। **ਦਿੱਕਤ** - ਔਕੜ। **ਆਢਾ** - ਝਗੜਾ। **ਬੱਧੋਗਿਰੀ** - ਬੰਨ੍ਹਣ। **ਅਣੀ** - ਤਿੱਖੀ ਨੋਕ, ਚੁੰਝ, ਕਿਨਾਰਾ। ਨੌਲਿਆ - ਗਾਲ਼ੀਆਂ ਦੇਣਾ। **ਟੰਗਾਰ** - ਨਖ਼ਰਾ, ਮਿਜ਼ਾਜ। **ਕੂਚੀ** - ਝਾੜੂ ਤੋਂ ਭਾਵ। **ਮਨਹੂਸ** - ਨਹਿਸ਼, ਭੈੜੀ। **ਅਵਾਜ਼ਾਰ** - ਦੁਖੀ, ਅੱਕਿਆ ਹੋਇਆ। **ਕਲਹਿਣੀ** - ਝਗੜਾਲੂ, ਲੜਾਕੀ। **ਮਹੀਨ-ਮਹੀਨ** - ਬਰੀਕ-ਬਰੀਕ। **ਕੁਰਖ਼ਤ** - ਰੁੱਖਾ। **ਤਮਾਮ** - ਸਾਰਾ। **ਦਰੋਗਾ** - ਗਲ਼ੀ-ਬਜ਼ਾਰ ਦੀ ਸਫ਼ਾਈ ਕਰਨ ਵਾਲ਼ਿਆਂ ਦਾ ਨਿਗਰਾਨ।

Downloaded from https:// www.studiestoday.com

Downloaded from https:// www.studiestoday.com



## ਪਾਠ-ਅਭਿਆਸ

1. 'ਕੱਲੋ' ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।
2. 'ਪਰ ਅੰਬਾਂ ਦੀ ਭੁੱਖ ਅੰਬਾਕੜੀਆਂ ਨਾਲ਼ ਕਦੋਂ ਦੂਰ ਹੋ ਸਕਦੀ ਸੀ'? ਲੇਖਕ ਨੇ ਅਜਿਹਾ ਕਿਉਂ ਸੋਚਿਆ?
3. ਲੇਖਕ ਨੂੰ ਆਪਣਾ ਨਾਵਲ ਲਿਖਣ ਸਮੇਂ ਕਿਹੜੀਆਂ ਔਕੜਾਂ ਦਾ ਸਾਹਮਣਾ ਕਰਨਾ ਪਿਆ?
4. 'ਬੜੀ ਭੂਲ ਹੁਈ ਬਹਿਨ, ਮੁਆਫ਼ ਕਰਨਾ। ਪਰਦੇਸੀ ਹੂੰ ਖ਼ਿਆਲ ਨਹੀਂ ਰਹਾ।' ਲੇਖਕ ਦੇ ਇਹਨਾਂ ਸ਼ਬਦਾਂ ਦਾ 'ਕੱਲੋ' ਦੇ ਵਿਹਾਰ 'ਤੇ ਕੀ ਅਸਰ ਪਿਆ।
5. ਲੇਖਕ ਦੇ ਸੰਪਰਕ ਵਿੱਚ ਆਉਣ ਤੋਂ ਪਹਿਲਾਂ 'ਕੱਲੋ' ਦਾ ਸੁਭਾਅ ਕਿਹੋ-ਜਿਹਾ ਸੀ?
6. ਲੇਖਕ ਨੂੰ 'ਕੱਲੋ' ਲਾਲਚੀ ਕਿਉਂ ਜਾਪੀ?
7. ਲੇਖਕ ਨਾਲ਼ ਗੱਲ ਕਰਦੀ 'ਕੱਲੋ' ਚੁੱਪ ਕਿਉਂ ਹੋ ਗਈ ਸੀ?
8. 'ਕੱਲੋ' ਨੇ ਲੇਖਕ ਨੂੰ ਕਿਹੜੀ ਸੁਗਾਤ ਭੇਟ ਕੀਤੀ ਤੇ ਕਿਉਂ?

******

Downloaded from https:// www.studiestoday.com

Downloaded from https:// www.studiestoday.com

# ਸਵਿੰਦਰ ਸਿੰਘ ਉੱਪਲ

(1924)

**ਲੇਖਕ ਬਾਰੇ:**

ਸਵਿੰਦਰ ਸਿੰਘ ਉੱਪਲ ਦਾ ਜਨਮ 8 ਅਪ੍ਰੈਲ, 1924 ਈ. ਨੂੰ ਮਾਤਾ ਸ੍ਰੀਮਤੀ ਜੈ ਵੰਤੀ ਅਤੇ ਪਿਤਾ ਸ੍ਰੀ ਫ਼ਕੀਰ ਸਿੰਘ ਦੇ ਘਰ ਪਿੰਡ ਧਮਿਆਲ, ਜ਼ਿਲ੍ਹਾ ਰਾਵਲਪਿੰਡੀ (ਪਾਕਿਸਤਾਨ) ਵਿਖੇ ਹੋਇਆ। ਪਿੰਡ ਤੋਂ ਦਸਵੀਂ ਕਰਨ ਉਪਰੰਤ ਗਾਰਡਨ ਕਾਲਜ ਰਾਵਲਪਿੰਡੀ ਵਿੱਚ ਦਾਖ਼ਲ ਹੋਏ। ਇੱਥੋਂ ਹੀ ਅੰਗਰੇਜ਼ੀ ਦੀ ਐੱਮ. ਏ. ਪਾਸ ਕੀਤੀ। ਪੰਜਾਬ ਦੀ ਵੰਡ ਪਿੱਛੋਂ ਉਹਨਾਂ ਨੇ ਸ਼ਿਮਲੇ ਆ ਕੇ ਪੰਜਾਬੀ ਦੀ ਐੱਮ. ਏ. ਪਾਸ ਕਰ ਲਈ। ਇੱਥੇ ਹੀ ਬੀ. ਐੱਮ, ਕਾਲਜ ਵਿਖੇ ਬਤੌਰ ਪ੍ਰੋਫ਼ੈਸਰ (ਪੰਜਾਬੀ) ਰਹੇ। ਬਾਅਦ ਵਿੱਚ ਖ਼ਾਲਸਾ ਕਾਲਜ ਦਿੱਲੀ ਵਿਖੇ ਪੰਜਾਬੀ ਦੇ ਪ੍ਰੋਫ਼ੈਸਰ ਲੱਗੇ ਤੇ 1964 ਈ. ਵਿੱਚ ਪੰਜਾਬੀ 'ਚ ਪੀ-ਐਚ. ਡੀ. ਕੀਤੀ।

ਉੱਪਲ ਇੱਕ ਸਫ਼ਲ ਕਹਾਣੀਕਾਰ ਹੈ। ਉਹਨਾਂ ਨੇ 'ਕੁੜੀ ਪੋਠੋਹਾਰ ਦੀ' 'ਢਹਿੰਦੇ ਮੁਨਾਰੇ', 'ਭਰਾ ਭਰਾਵਾਂ ਦੇ', 'ਦੁੱਧ ਤੇ ਬੁੱਧ', 'ਆਪਣਾ ਦੇਸ ਪਰਾਇਆ ਦੇਸ', 'ਹਾਲਾਂ ਬੀ ਨਾਸ ਨਹੀਂ ਹੋਇਆ', 'ਲਛਮਣ ਰੇਖਾ', 'ਕੱਚਾ ਰੰਗ ਕਸੁੰਭ ਦਾ', 'ਵਾਸਾ ਸਵਰਗ ਦਾ' ਆਦਿ ਕਹਾਣੀ-ਸੰਗ੍ਰਹਿ ਲਿਖੇ। ਇਹਨਾਂ ਤੋਂ ਇਲਾਵਾ ਉਹਨਾਂ ਦੀਆਂ 'ਪੰਜਾਬੀ ਕਹਾਣੀਕਾਰ', 'ਪੰਜਾਬੀ ਨਾਵਲ : ਵਿਧੀ ਤੇ ਵਿਚਾਰ', 'ਨੌਰੰਗ ਸਿੰਘ : ਜੀਵਨ ਤੇ ਰਚਨਾ', 'ਮੇਰੀ ਪ੍ਰਤਿਨਿਧ ਰਚਨਾ', 'ਨਾਨਕ ਸਿੰਘ ਤੇ ਉਸ ਦੀ ਕਲਾ' ਆਦਿ ਕੁਝ ਹੋਰ ਪੁਸਤਕਾਂ ਹਨ।

ਉੱਪਲ ਨੂੰ ਪੰਜਾਬੀ ਸਾਹਿਤ ਸਮੀਖਿਆ ਬੋਰਡ, ਜਲੰਧਰ ਵੱਲੋਂ 'ਲਛਮਣ ਰੇਖਾ' ਪੁਸਤਕ ਉੱਤੇ ਪੁਰਸਕ੍ਰਿਤ ਕੀਤਾ ਗਿਆ। 'ਪੰਜਾਬੀ ਸਾਹਿਤ ਅਕਾਦਮੀ', ਦਿੱਲੀ ਅਤੇ 'ਸੰਤ ਨਿਧਾਨ ਸਿੰਘ ਕੇਸਰ ਮੈਮੋਰੀਅਲ ਕਮੇਟੀ', ਬੈਂਕਾਕ ਵੱਲੋਂ ਵੀ ਆਪ ਨੂੰ ਸਨਮਾਨਿਤ ਕੀਤਾ ਗਿਆ।

ਹਥਲੀ ਪਾਠ-ਪੁਸਤਕ ਵਿੱਚ ਉੱਪਲ ਦੀ ਕਹਾਣੀ 'ਜਨਮ ਦਿਨ' ਸ਼ਾਮਲ ਕੀਤੀ ਗਈ ਹੈ।

**ਕਹਾਣੀ ਬਾਰੇ :**

'ਉੱਪਲ' ਦੀ ਕਹਾਣੀ 'ਜਨਮ ਦਿਨ' ਉਸ ਦੇ ਕਹਾਣੀ-ਸੰਗ੍ਰਹਿ 'ਭਰਾ-ਭਰਾਵਾਂ ਦੇ' ਵਿੱਚੋਂ ਲਈ ਗਈ ਹੈ। ਇਸ ਕਹਾਣੀ ਵਿੱਚ ਧਨਾਢ ਲੋਕ ਪੈਸੇ ਅਤੇ ਰੁਤਬੇ ਦੇ ਜ਼ੋਰ ਨਾਲ਼ ਗਰੀਬਾਂ ਦੀਆਂ ਸੱਧਰਾਂ ਅਤੇ ਉਮੰਗਾਂ ਦਾ ਖ਼ੂਨ ਕਰਦੇ ਵਿਖਾਏ ਗਏ ਹਨ।



Downloaded from https:// www.studiestoday.com

Downloaded from https:// www.studiestoday.com



ਜੁਗਲ ਪ੍ਰਸ਼ਾਦ ਲੋਕਾਂ ਦੀ ਦੇਖੋ-ਦੇਖੀ ਆਪਣੇ ਪੁੱਤਰ ਨੂੰ ਅੰਗਰੇਜ਼ੀ ਸਕੂਲ ਵਿੱਚ ਦਾਖ਼ਲ ਕਰਵਾ ਦਿੰਦਾ ਹੈ। ਜੁਗਲ ਪ੍ਰਸ਼ਾਦ ਅਤੇ ਉਸ ਦੀ ਪਤਨੀ ਦੇਵਕੀ ਨੇ ਕਈ ਆਰਥਿਕ ਔਕੜਾਂ ਝੱਲ ਕੇ ਆਪਣੇ ਪੁੱਤਰ ਜੋਤੀ ਨੂੰ ਕੱਪੜੇ ਬਣਵਾ ਕੇ ਦਿੱਤੇ ਪਰ ਜਦੋਂ ਉਹਨਾਂ ਨੂੰ ਲੱਗਿਆ ਕਿ ਸਕੂਲ ਦੀ ਪ੍ਰਿੰਸੀਪਲ ਨੇ ਮੰਤਰੀ ਦੇ ਗਲ਼ ਵਿੱਚ ਹਾਰ ਜੋਤੀ ਦੀ ਥਾਂ 'ਤੇ ਸੇਠ ਲਖਪਤ ਰਾਇ ਦੇ ਪੁੱਤਰ ਤੋਂ ਪੁਆ ਦਿੱਤਾ ਹੈ ਤਾਂ ਇਹ ਸੁਣ ਕੇ ਉਹਨਾਂ ਦੇ ਪੈਰਾਂ ਹੇਠੋਂ ਜ਼ਮੀਨ ਨਿਕਲ਼ ਜਾਂਦੀ ਹੈ। ਇਸ ਕਹਾਣੀ ਦਾ ਅੰਤ ਆਸ਼ਾਵਾਦੀ ਹੈ। ਜੁਗਲ ਪ੍ਰਸ਼ਾਦ ਕਹਿੰਦਾ ਹੈ ਕਿ ਅੱਜ ਉਸ ਮੰਤਰੀ ਦਾ ਜਨਮ-ਦਿਨ ਨਹੀਂ ਮੇਰਾ ਜਨਮ-ਦਿਨ ਹੈ। ਮੇਰੀ ਸੁੱਤੀ ਦਲੇਰੀ ਅਤੇ ਜੁਰਅਤ ਦਾ ਜਨਮ-ਦਿਨ ਹੈ। ਹੁਣ ਮੈਂ ਵੇਖਾਂਗਾ ਕਿ ਕਿਵੇਂ ਕੋਈ ਗ਼ਰੀਬਾਂ ਦੀਆਂ ਸੱਧਰਾਂ ਤੇ ਉਮੰਗਾਂ ਨੂੰ ਲਿਤਾੜਨ ਦੀ ਜੁਰਅਤ ਕਰੇਗਾ।

******

Downloaded from https:// www.studiestoday.com

Downloaded from https:// www.studiestoday.com

# ਜਨਮ ਦਿਨ

*ਪ੍ਰੋ. ਸਵਿੰਦਰ ਸਿੰਘ ਉੱਪਲ*

ਜਿਉਂ ਹੀ ਜੁਗਲ ਪ੍ਰਸ਼ਾਦ ਦੀ ਪੰਜ ਰੁਪਏ ਤਨਖਾਹ ਵਧੀ, ਉਸ ਆਪਣੇ ਸਭ ਤੋਂ ਛੋਟੇ ਲੜਕੇ ਜੋਤੀ ਨੂੰ ਮੁੱਢ ਤੋਂ ਹੀ ਅੰਗਰੇਜ਼ੀ ਪੜ੍ਹਾਈ ਜਾਣ ਵਾਲ਼ੇ ਤੇ ਨਵੀਂਆਂ ਵਿੱਦਿਅਕ ਵਿਉਂਤਾਂ ਅਨੁਸਾਰ ਚਲ ਰਹੇ ਕਿਸੇ ਸਕੂਲ ਵਿੱਚ ਦਾਖ਼ਲ ਕਰਾਣ ਦੀ ਚਿਰ ਸੋਚੀ ਸੱਧਰ ਪੂਰੀ ਕਰਨੀ ਚਾਹੀ ਪਰ ਉਸ ਦੀ ਪਤਨੀ ਤਾਂ ਪਤੀ ਦੀ ਤਨਖ਼ਾਹ ਵਧਣ ਦੀ ਕਈ ਦਿਨਾਂ ਦੀ ਲੱਗੀ ਆਸ ਰਾਹੀਂ ਘਰ ਦੀਆਂ ਕਈ ਥੁੜਾਂ ਪੂਰੀਆਂ ਕਰਨ ਦੀ ਸੋਚੀ ਬੈਠੀ ਸੀ। ਜੋਤੀ ਨੂੰ ਅਜਿਹੇ ਅੰਗਰੇਜ਼ੀ ਸਕੂਲ ਵਿੱਚ ਦਾਖ਼ਲ ਕਰਾਉਣ ਦੀ ਗੱਲ ਸੁਣ ਕੇ ਦੇਵਕੀ ਕੁਝ ਚਿਰ ਲਈ ਸੋਚੀਂ ਪੈ ਗਈ ਪਰ ਆਖ਼ਰ ਇਹ ਆਖੇ ਬਿਨਾਂ ਨਾ ਰਹਿ ਸਕੀ।

''ਮੈਂ ਤੇ ਕਹਿਨੀ ਆਂ, ਜੋਤੀ ਨੂੰ ਕਿਸੇ ਛੋਟੇ-ਮੋਟੇ ਸਕੂਲ ਵਿੱਚ ਦਾਖ਼ਲ ਕਰਾ ਦਿਓ। ਅਸੀਂ ਕਿੱਥੋਂ ਭਰ ਸਕਨੇ ਆਂ ਪੰਜ ਰੁਪਏ ਮਹੀਨਾ ਫ਼ੀਸ।''

''ਓਏ ਭਲੀਏ ਲੋਕੇ, ਇਹ ਜਿਹੜੀ ਪੰਜ ਰੁਪਏ 'ਤਨਖ਼ਾਹ ਵਧੀ ਏ, ਇਹੋ ਸਮਝੀਂ, ਨਹੀਂ ਵਧੀ।''

''ਹਾਏ, ਹਾਏ ! ਇੰਜ ਨਾ ਆਖੋ।''

ਤੇ ਜੋਤੀ ਨੂੰ ਚਾਅਵਾਂ ਮਲ੍ਹਾਰਾਂ ਨਾਲ਼ ਨਵੀਨ ਵਿਉਂਤਾਂ ਅਨੁਸਾਰ ਚੱਲ ਰਹੇ ਲਾਗਲੇ ਸਕੂਲ ਵਿੱਚ ਦਾਖ਼ਲ ਕਰਾ ਦਿੱਤਾ। ਜੁਗਲ ਪ੍ਰਸ਼ਾਦ ਜਿੱਥੇ ਇਹ ਚਾਹੁੰਦਾ ਸੀ ਕਿ ਉਸ ਦਾ ਲੜਕਾ ਅੰਗਰੇਜ਼ੀ ਵਿੱਚ ਪ੍ਰਬੀਨ ਹੋਵੇ, ਉੱਥੇ ਉਹ ਜ਼ਿਆਦਾ ਇਸ ਕਰਕੇ ਅਜਿਹੇ ਸਕੂਲ ਵਿੱਚ ਮੁੰਡੇ ਨੂੰ ਦਾਖ਼ਲ ਕਰਾਉਣਾ ਜ਼ਰੂਰੀ ਸਮਝਦਾ ਸੀ ਕਿ ਉੱਥੇ ਹਰ ਸ਼ਖ਼ਸੀਅਤ ਨੂੰ ਪੁੰਗਰਨ ਲਈ ਲੋੜੀਂਦੀ ਤਰ੍ਹਾਂ ਦੇ ਅਵਸਰ ਦਿੱਤੇ ਜਾਂਦੇ ਹਨ। ਕਦੀ-ਕਦੀ ਉਹ ਦਫ਼ਤਰ ਜਾਣ ਸਮੇਂ ਘਰੋਂ ਕੁਝ ਸਵੇਰੇ ਟੁਰ ਜਾਂਦਾ ਸੀ ਅਤੇ ਅਜਿਹੇ ਸਕੂਲਾਂ ਦੇ ਬਾਹਰ ਖਲੋ ਕੇ ਵੇਖਦਾ ਕਿ ਬੱਚੇ ਚੰਗੇ ਕੱਪੜੇ ਪਾਏ, ਊਚ-ਨੀਚ ਤੋਂ ਬੇ-ਲਾਗ, ਨਿੱਖਰੇ ਪੁਖਰੇ ਹੌਲ਼ੀ-ਹੌਲ਼ੀ ਇੱਕ-ਦੂਜੇ ਨਾਲ਼ ਗੱਲਾਂ ਕਰਦੇ, ਆਪਸ ਵਿੱਚ ਪਿਆਰ ਨਾਲ਼ ਖੇਡਦੇ। ਗਾਲ੍ਹ ਕੱਢਣੀ ਤਾਂ ਉਹਨਾਂ ਦੀਆ ਉਸਤਾਨੀਆਂ ਅਨੁਸਾਰ ਪਾਪ ਸੀ, ਬਿਨਾਂ ਝਿਜਕ ਉਹ ਹਰ ਇੱਕ ਨਾਲ਼ ਗੱਲਾਂ ਕਰ ਲੈਂਦੇ ਅਤੇ ਉਤਸ਼ਾਹ ਭਰਪੂਰ ਆਪਣੇ ਆਪ 'ਤੇ ਪੂਰਾ ਭਰੋਸਾ ਹੋਣ ਕਾਰਨ ਉਹ ਅਵਸਰ ਅਨੁਸਾਰ ਗੱਲ ਸੋਚ ਸਕਦੇ। ਇਹੋ ਜਿਹੀਆਂ ਹੀ ਕੁਝ ਗੱਲਾਂ ਸਨ, ਜਿਨ੍ਹਾਂ ਕਾਰਨ ਜੁਗਲ ਪ੍ਰਸ਼ਾਦ ਦੀ ਚਿਰੋਕਣੀ ਸੱਧਰ ਸੀ ਕਿ ਉਹ ਵੀ ਆਪਣੇ ਨਿੱਕੇ ਲੜਕੇ ਨੂੰ ਅਜਿਹੇ ਸਕੂਲ ਵਿੱਚ ਦਾਖ਼ਲ ਕਰਾਏ।

ਇਹਨਾਂ ਸਕੂਲਾਂ ਵਿੱਚ ਪੜ੍ਹਾਉਣ ਨੂੰ ਤਾਂ ਹਰ ਇੱਕ ਦਾ ਦਿਲ ਕਰਦਾ ਹੈ ਪਰ ਪੜ੍ਹਾ ਕੋਈ-ਕੋਈ ਹੀ ਸਕਦਾ ਹੈ ਕਿਉਂ ਜੋ ਇਹਨਾਂ ਸਕੂਲਾਂ ਦੀਆ ਮੁੱਛਾਂ ਦਾੜ੍ਹੀ ਤੋਂ ਵੀ ਵੱਡੀਆਂ ਹੁੰਦੀਆਂ ਹਨ। ਭਾਵ ਦਾਖ਼ਲਾ, ਵਰਦੀ, ਖੇਡਾਂ ਦੀ ਫ਼ੀਸ, ਖਾਣ-ਪੀਣ ਦੇ ਪੈਸੇ



Downloaded from https:// www.studiestoday.com

Downloaded from https:// www.studiestoday.com



ਆਦਿ ਕੁਝ ਅਜਿਹੀਆਂ ਰਕਮਾਂ ਹਨ, ਜਿਨ੍ਹਾਂ ਨੂੰ ਦੇਣ ਨਾਲ਼ ਹੀ ਆਮ ਮਨੁੱਖ ਦਾ ਤਾਂ ਕਚੂਮਰ ਹੀ ਨਿਕਲ਼ ਜਾਂਦਾ ਹੈ ਪਰ ਜੁਗਲ ਪ੍ਰਸ਼ਾਦ ਇਰਾਦੇ ਦਾ ਬੜਾ ਪੱਕਾ ਸੀ। ਇਸ ਕਰ ਕੇ ਉਸ ਇੱਧਰੋਂ ਮੰਗ-ਤੰਗ ਕੇ ਬੜੀ ਮੁਸ਼ਕਿਲ ਨਾਲ਼ ਇਕੱਠੇ ਕੀਤੇ ਚਾਲੀ ਰੁਪਏ ਦੇਣ ਵੇਲ਼ੇ ਜ਼ਰਾ ਚੂੰ-ਚਾਂ ਨਾ ਕੀਤੀ। ਮੁੰਡੇ ਨੂੰ ਸਕੂਲ ਵਿੱਚ ਦਾਖ਼ਲ ਕਰਾ ਕੇ ਉਹ ਬਹੁਤ ਖ਼ੁਸ਼ ਹੋਇਆ। ਅੱਜ ਉਹ ਮਾਣ ਨਾਲ਼ ਟੁਰ ਰਿਹਾ ਸੀ। ਉਹ ਸੋਚਦਾ, ਜੋਤੀ ਇਹੋ-ਜਿਹੇ ਨਿਖਰੇ ਤੇ ਸਾਫ਼ ਵਾਤਾਵਰਨ ਵਿੱਚ ਪੜ੍ਹ ਕੇ ਬਹੁਤ ਲਾਇਕ ਬਣੇਗਾ। ਆਜ਼ਾਦ ਭਾਰਤ ਦਾ ਉਹ ਇੱਕ ਬਹੁਤ ਵੱਡਾ ਤੇ ਚੰਗਾ ਅਫ਼ਸਰ ਬਣ ਜਾਵੇਗਾ। ਸਾਡੇ ਉੱਠ ਰਹੇ ਭਾਰਤ ਨੂੰ ਅਜਿਹੇ ਅਫ਼ਸਰਾਂ ਦੀ ਸਖ਼ਤ ਲੋੜ ਹੈ। ਸਾਡੇ ਭਾਰਤ ਲਈ ਜੋਤੀ, ਜੋਤ ਬਣ ਕੇ ਵਿਖਾ ਦਏਗਾ।

ਜੋਤੀ ਜਿੱਥੇ ਲਾਇਕ ਸੀ ਉੱਥੇ ਸੋਹਣਾ ਵੀ ਪੁੱਜ ਕੇ ਸੀ। ਉਸ ਦੀ ਉਸਤਾਨੀ ਸਾਫ਼ ਤੇ ਚਿੱਟੇ ਕੱਪੜਿਆਂ ਵਿੱਚ ਚਮਕੇ ਉਸ ਦੇ ਰੂਪ, ਸੁੰਦਰ ਨਕਸ਼ਾਂ ਨੂੰ ਵੇਖ ਕੇ ਪਿਆਰ ਕੀਤੇ ਬਿਨਾਂ ਨਾ ਰਹਿ ਸਕਦੀ। ਉਹ ਉਸ ਦਾ ਉਚੇਚਾ ਧਿਆਨ ਰੱਖਦੀ।

ਮਹੀਨੇ ਪਿੱਛੋਂ ਜਦੋਂ ਉਸ ਦਾ ਇਮਤਿਹਾਨ ਹੋਇਆ ਤਾਂ ਜੋਤੀ ਸਾਰੇ ਜਮਾਤੀਆਂ ਤੋਂ ਹਰ ਗੱਲ ਵਿੱਚ ਅੱਗੇ ਸੀ। ਉਸ ਦੀ ਪ੍ਰਿੰਸੀਪਲ ਨੇ ਰਿਪੋਰਟ ਵਿੱਚ ਖ਼ੁਸ਼ੀ ਪ੍ਰਗਟ ਕਰਨ ਦੇ ਨਾਲ਼-ਨਾਲ਼ ਜੁਗਲ ਪ੍ਰਸ਼ਾਦ ਨੂੰ ਅਜਿਹੇ ਕਾਬਲ ਤੇ ਲਾਇਕ ਸਪੁੱਤਰ ਦਾ ਪਿਓ ਹੋਣ ਉੱਤੇ ਵਧਾਈ ਘੱਲੀ।

ਹੁਣ ਤਾਂ ਜੁਗਲ ਪ੍ਰਸ਼ਾਦ ਆਪਣੇ ਵਰਗਾ ਖ਼ੁਸ਼-ਕਿਸਮਤ ਪਿਓ ਕਿਸੇ ਨੂੰ ਸਮਝਦਾ ਹੀ ਨਹੀਂ ਸੀ। ਦਫ਼ਤਰ ਵਿੱਚ ਉਹ ਆਪਣੇ ਕਲਰਕ ਸਾਥੀਆਂ ਨਾਲ਼ ਜੋਤੀ ਦੀ ਲਿਆਕਤ ਬਾਰੇ ਗੱਲਾਂ ਬੜੇ ਮਾਣ ਨਾਲ਼ ਕਰਦਾ ਅਤੇ ਘਰ ਵਿੱਚ ਉਹ ਬਾਕੀ ਦੇ ਧੀਆਂ ਪੁੱਤਰਾਂ ਨੂੰ ਜੋਤੀ ਵਰਗਾ ਲਾਇਕ ਬਣਨ ਦੀ ਪ੍ਰੇਰਨਾ ਦਿੰਦਾ ਰਹਿੰਦਾ। ਦੇਵਕੀ ਨੂੰ ਕਈ-ਕਈ ਵਾਰੀ ਕਹਿੰਦਾ, ''ਮੈਂ ਕਹਿੰਦਾ ਨਹੀਂ ਸੀ ਹੁੰਦਾ ਕਿ ਜੋਤੀ ਸਾਰੇ ਖ਼ਾਨਦਾਨ ਦਾ ਨਾਂ ਰੌਸ਼ਨ ਕਰੇਗਾ।''

ਇਹ ਗੱਲ ਸੁਣ ਕੇ ਉਸ ਦੀ ਪਤਨੀ ਦੇਵਕੀ ਵੀ ਆਪਣੇ ਆਪ ਉੱਤੇ ਦਿਲ ਹੀ ਦਿਲ ਵਿੱਚ ਇਸ ਗੱਲ ਕਾਰਨ ਮਾਣ ਕਰਦੀ ਕਿ ਆਖ਼ਰ ਇਹੋ-ਜਿਹਾ ਲਾਇਕ, ਚੰਨ ਪੁੱਤਰ ਜੰਮਿਆ ਤਾਂ ਮੈਂ ਹੀ ਹੈ ਨਾ।

ਹਾਲਾਂ ਛੇ ਮਹੀਨੇ ਹੀ ਲੰਘੇ ਸਨ ਕਿ ਇੱਕ ਦਿਨ ਜੋਤੀ, ਪ੍ਰਿੰਸੀਪਲ ਦੀ ਇੱਕ ਚਿੱਠੀ ਲਿਆਇਆ। ਜੁਗਲ ਪ੍ਰਸ਼ਾਦ ਉਸ ਨੂੰ ਪੜ੍ਹਦਿਆਂ ਹੀ ਖਿੜ-ਪੁੜ ਗਿਆ।

''ਮੈਂ ਕਿਹਾ ਸੁਣਨੀ ਏਂ ਜੋਤੀ ਦੀ ਮਾਂ ! ਇਹ ਵੇਖੋ।'' ਤੇ ਉਹ ਜੋਤੀ ਨੂੰ ਚੁੱਕ ਕੇ ਰਸੋਈ ਵਿੱਚ ਲੈ ਗਿਆ। ਉਹ ਜੋਤੀ ਨੂੰ ਪਿਆਰ ਤੇ ਪਿਆਰ ਦੇਈ ਜਾ ਰਿਹਾ ਸੀ ਜਿਵੇਂ ਉਸ ਨੇ ਅੱਜ ਪਿਆਰ ਦੇਣ ਦਾ ਰਿਕਾਰਡ ਤੋੜ ਕੇ ਹੀ ਰੱਖ ਦੇਣਾ ਹੋਵੇ ਤੇ ਜੋਤੀ ਵਿਚਾਰਾ ਹੈਰਾਨ ਪ੍ਰੇਸ਼ਾਨ ਪਿਉ ਦੇ ਮੂੰਹ ਵੱਲ ਹੀ ਦੇਖੀ ਜਾ ਰਿਹਾ ਸੀ।

Downloaded from https:// www.studiestoday.com

Downloaded from https:// www.studiestoday.com



''ਮੈਂ ਕਿਹਾ ਜੀ ਗੱਲ ਤੇ ਦੱਸੋ, ਇਤਨੇ ਖ਼ੁਸ਼ ਕਿਸ ਗੱਲੋਂ ਪਏ ਹੁੰਦੇ ਹੋ?'' ਦੇਵਕੀ ਵੀ ਗੱਲ ਜਾਣ ਕੇ, ਇਸ ਖ਼ੁਸ਼ੀ ਵਿੱਚ ਛੇਤੀ ਤੋਂ ਛੇਤੀ ਸ਼ਾਮਲ ਹੋਣ ਲਈ ਉਤਾਵਲੀ ਹੋ ਰਹੀ ਸੀ।

''ਚੱਲ ਕਮਰੇ ਵਿੱਚ ਚੱਲ, ਇਹ ਗੱਲ ਜ਼ਰਾ ਅਰਾਮ ਨਾਲ਼ ਦੱਸਣ ਵਾਲ਼ੀ ਏ।'' ਤੇ ਜੁਗਲ ਪ੍ਰਸ਼ਾਦ ਜੋਤੀ ਨੂੰ ਉਸੇ ਤਰ੍ਹਾਂ ਚੁੱਕ ਕੇ ਕਮਰੇ ਵਿੱਚ ਆ ਗਿਆ।

ਦੇਵਕੀ ਵੀ ਖ਼ੁਸ਼ੀ ਲਈ ਤਿਆਰ ਹੁੰਦੀ ਹੋਈ ਉਤਾਵਲੀ ਪਤੀ ਦੇ ਪਿੱਛੇ ਕਮਰੇ ਵਿੱਚ ਆ ਗਈ।

''ਜ਼ਰਾ ਮੰਜੇ ਤੇ ਬੈਠ ਜਾ।'' ਜੁਗਲ ਪ੍ਰਸ਼ਾਦ ਮੁਸਕਰਾਇਆ ਅਤੇ ਕੁਰਸੀ ਉੱਤੇ ਬੈਠ ਕੇ, ਆਈ ਚਿੱਠੀ ਨੂੰ ਫਿਰ ਪੜ੍ਹਨ ਲਈ ਐਨਕ ਨੂੰ ਨੱਕ ਉੱਤੇ ਠੀਕ ਜਮਾਉਣ ਲੱਗ ਪਿਆ।

ਇੱਕ ਅੱਧ ਮਿੰਟ ਲਈ ਉਹ ਅੰਗਰੇਜ਼ੀ ਵਿੱਚ ਲਿਖੀ ਚਿੱਠੀ ਨੂੰ ਫਿਰ ਪੜ੍ਹਦਾ ਰਿਹਾ, ਤਾਂ ਜੋ ਉਹ ਸਾਰੀ ਦੀ ਸਾਰੀ ਖ਼ੁਸ਼ਖ਼ਬਰੀ ਨੂੰ ਆਪਣੀ ਜੀਵਨ-ਸਾਥਣ ਨਾਲ਼ ਸਾਂਝੀ ਕਰ ਸਕੇ।

''ਦੱਸੋ ਵੀ ਨਾ'', ਫਿਰ ਦੇਵਕੀ ਨੇ ਇੰਝ ਮੁਸਕਰਾਂਦਿਆਂ ਆਖਿਆ, ਜਿਵੇਂ ਉਸ ਤੋਂ ਹੋਰ ਉਡੀਕਣਾ ਅਸਹਿ ਹੋ ਰਿਹਾ ਸੀ।

''ਲੈ ਸੁਣ'', ਤੇ ਫਿਰ ਉਸ ਐਨਕ ਉੱਚੀ ਕਰ ਕੇ ਹੌਲ਼ੀ-ਹੌਲ਼ੀ ਦੇਵਕੀ ਨੂੰ ਸਮਝਾਦਿਆਂ ਕਿਹਾ :

''ਐਤਵਾਰ ਨੂੰ,

ਜੋਤੀ ਦੀ ਪ੍ਰਿੰਸੀਪਲ ਨੇ ਲਿਖਿਆ ਹੈ ਕਿ ਇਸ ਪ੍ਰਾਂਤ ਦੇ ਪ੍ਰਸਿੱਧ ਮੰਤਰੀ ਸ੍ਰੀ ਜਵਾਲਾ ਪ੍ਰਸ਼ਾਦ ਦਾ ਜਨਮ-ਦਿਨ ਇੱਥੋਂ ਦੀ ਨਾਗਰਿਕ ਸਭਾ ਵੱਲੋਂ ਮਨਾਇਆ ਜਾ ਰਿਹਾ ਹੈ। ਸ਼ਹਿਰ ਦੇ ਚੋਣਵੇਂ ਸਕੂਲਾਂ ਦੇ ਦੋ ਲਾਇਕ ਵਿਦਿਆਰਥੀਆਂ ਨੂੰ ਇਸ ਮੌਕੇ ਉੱਤੇ ਮੰਤਰੀ ਜੀ ਮਿਲ਼ਣਾ ਪਸੰਦ ਕਰਨਗੇ। ਕੇ. ਜੀ. ਜਮਾਤ ਵਿੱਚੋਂ ਸਾਡੇ ਜੋਤੀ ਨੂੰ ਚੁਣਿਆ ਗਿਆ ਹੈ। ਇਹ ਉਹਨਾਂ ਨੂੰ ਹਾਰ ਪਾਏਗਾ।''

ਇਹ ਸੁਣਦਿਆਂ ਸਾਰ ਦੇਵਕੀ ਨੇ ਉਠ ਕੇ ਜੋਤੀ ਨੂੰ ਆਪਣੀ ਗੋਦ ਵਿੱਚ ਲੈ ਲਿਆ। ''ਇਹ ਮੇਰਾ ਲਾਲ ਜਾਏਗਾ ! ਐਡੇ ਵੱਡੇ ਮੰਤਰੀ ਕੋਲ਼ !! ਮੈਂ ਸਦਕੇ ਜਾਵਾਂ।'' ਫਿਰ ਘੁੱਟ ਕੇ ਜੋਤੀ ਨੂੰ ਛਾਤੀ ਨਾਲ਼ ਲਾ ਲਿਆ। ਦੇਵਕੀ ਦਾ ਚਿਹਰਾ ਉਸ ਵੇਲ਼ੇ ਕਿਸੇ ਤੇਜੱਸਵੀ ਦੇ ਚਿਹਰੇ ਨਾਲ਼ੋਂ ਘੱਟ ਨਹੀਂ ਸੀ ਚਮਕ ਰਿਹਾ।

ਪਤਨੀ ਨੂੰ ਖ਼ੁਸ਼ ਹੁੰਦਿਆਂ ਵੇਖ ਕੇ ਜੁਗਲ ਪ੍ਰਸ਼ਾਦ ਹੋਰ ਗਦ-ਗਦ ਹੋ ਗਿਆ। ਜੋਤੀ ਨੇ ਅੱਜ ਉਸ ਦੀ ਗੱਲ ਰੱਖ ਵਿਖਾਈ ਸੀ। ਫਿਰ ਉਸ ਅੱਖਾਂ ਮੀਟ ਲਈਆਂ, ਤਾਂ ਜੋ ਉਹ ਸਾਰੀ ਖ਼ੁਸ਼ੀ ਨੂੰ ਆਪਣੇ ਅੰਦਰ ਸਿੰਜਰ ਲਏ।

Downloaded from https:// www.studiestoday.com

Downloaded from https:// www.studiestoday.com



ਪਰ ਝੱਟ ਹੀ ਅੱਖਾਂ ਖੋਲ੍ਹ ਕੇ ਉਸ ਨੇ ਦੇਵਕੀ ਨੂੰ ਆਖਿਆ, ''ਹਾਂ, ਸੱਚ ਮੈਂ ਇਹ ਤਾਂ ਤੈਨੂੰ ਦੱਸਣਾ ਭੁੱਲ ਗਿਆ ਕਿ ਜੋਤੀ ਲਈ ਕੁਝ ਖ਼ਾਸ ਤਰ੍ਹਾਂ ਦੇ ਕੱਪੜੇ ਤਿਆਰ ਕਰਨੇ ਨੇ, ਉੱਥੇ ਪਾ ਕੇ ਜਾਣ ਲਈ।'' ਫਿਰ ਐਨਕ ਠੀਕ ਕਰਕੇ ਚਿੱਠੀ ਨੂੰ ਪੜ੍ਹਦਿਆਂ-ਪੜ੍ਹਦਿਆਂ ਹੀ ਆਖਦਾ ਗਿਆ, ''ਚਿੱਟੀ ਕਮੀਜ਼, ਚਿੱਟੀ ਨਿੱਕਰ, ਚਿੱਟੀਆਂ ਜੁਰਾਬਾਂ ਤੇ ਇੱਕ ਸੁਨਹਿਰੀ ਹਾਰ।''

ਇਹਨਾਂ ਚੀਜ਼ਾਂ ਦੇ ਨਾਂ ਸੁਣਦਿਆਂ ਹੀ ਦੇਵਕੀ ਦੀ ਖ਼ੁਸ਼ੀ ਕਾਫ਼ੂਰ ਹੋ ਗਈ। ਉਸ ਦੇ ਮੂੰਹ ਉੱਤੇ ਆ ਰਿਹਾ ਖੇੜਾ ਉੱਥੇ ਹੀ ਰੁਕ ਗਿਆ ਤੇ ਫਿਰ ਹੌਲ਼ੀ-ਹੌਲ਼ੀ ਖੇੜਾ ਦੀ ਥਾਂ ਚਿੰਤਾ, ਦੁੱਖ ਤੇ ਕਲੇਸ਼ ਨੇ ਮੱਲ ਲਈ। ਉਸ ਇੰਝ ਅਨੁਭਵ ਕੀਤਾ ਜਿਵੇਂ ਕਿ ਉਹ ਖੇੜੇ ਦੇ ਮਹਿਲ ਨੂੰ ਦੂਰੋਂ ਵੇਖ ਕੇ ਖ਼ੁਸ਼ ਹੋ ਗਈ ਸੀ ਅਤੇ ਜਿਉਂ ਹੀ ਉਸ ਨੇ ਖ਼ੁਸ਼ੀ-ਖੁਸ਼ੀ ਉਸ ਦੇ ਅੰਦਰ ਪੈਰ ਧਰਨ ਲਈ ਚੁੱਕਿਆ, ਕਿਸੇ ਨੇ ਅਚਾਨਕ ਹੀ ਖੇੜੇ ਦੇ ਮਹਿਲ ਦਾ ਦਰਵਾਜ਼ਾ ਹੀ ਬੰਦ ਕਰ ਦਿੱਤਾ।

''ਕੀ ਗੱਲ ਏ ਉਦਾਸ ਹੋ ਗਈ ਏਂ?'' ਜੁਗਲ ਪ੍ਰਸ਼ਾਦ ਨੂੰ ਇਸ ਖ਼ੁਸ਼ੀ ਦੀ ਘੜੀ ਸਮੇਂ ਉਸ ਦਾ ਬਿਲ-ਬਿਤੌਰੀ ਵਰਗਾ ਮੂੰਹ ਜਰਾ ਨਾ ਭਾਇਆ।

''ਮੈਂ ਸੋਚਦੀ ਹਾਂ, ਇਹਨਾਂ ਚੀਜ਼ਾਂ ਵਾਸਤੇ ਪੈਸੇ ਕਿੱਥੋਂ ਲਵਾਂਗੇ। ਅੱਜ ਤੇ ਮਹੀਨੇ ਦੀ ਛੱਬੀ ਤਾਰੀਕ ਏ ਘਰ ਮਸਾਂ ਦਸ ਬਾਰਾਂ ਆਨੇ ਪਏ ਨੇ, ਦਾਲ਼ ਸਬਜ਼ੀ ਲਈ। ਹਾਲਾਂ ਤਾਂ ਪਿਛਲੇ ਮੰਗੇ ਚਾਲ੍ਹੀ ਵੀ ਨਹੀਂ ਉੱਤਰੇ।''

ਇਸ ਕਰੜੀ ਅਸਲੀਅਤ ਨੇ ਤਾਂ ਜਿਵੇਂ ਜੁਗਲ ਪ੍ਰਸ਼ਾਦ ਨੂੰ ਵੀ ਹੇਠਾਂ ਪਟਾਕ ਮਾਰਿਆ ਹੋਵੇ, ਉਹ ਤਾਂ ਹਾਲਾਂ ਤੀਕ ਖੇੜੇ ਦੇ ਗਗਨ ਉੱਤੇ ਹੀ ਪਿੱਤਰੀ-ਪਿਆਰ ਦੇ ਖੰਭ ਲਾਈ, ਉਡਾਰੀਆਂ ਲਾਈ ਜਾ ਰਿਹਾ ਸੀ। ਉਸ ਦਾ ਇਸ ਜ਼ਰੂਰੀ ਪਾਸੇ ਪਹਿਲਾਂ ਧਿਆਨ ਹੀ ਨਹੀਂ ਸੀ ਗਿਆ ਜਿਵੇਂ ਸਵਾਦਿਸ਼ਟ ਭੋਜਨ ਲਈ ਜਲਦੀ-ਜਲਦੀ ਖਾਧਿਆਂ ਦੰਦਾਂ ਹੇਠ ਆ ਕੇ ਕੱਟੀ ਗਈ ਜੀਭ ਸਾਰੇ ਦਾ ਸਾਰਾ ਸੁਆਦ ਮਾਰ ਦਿੰਦੀ ਹੈ, ਕੁਝ ਇਸ ਤਰ੍ਹਾਂ ਬੇਸੁਆਦੀ ਜੁਗਲ-ਪ੍ਰਸ਼ਾਦ ਨੇ ਦੇਵਕੀ ਦੀ ਅਸਲੀਅਤ ਵਰਗੀ ਕੌੜੀ ਗੱਲ ਸੁਣ ਕੇ ਅਨੁਭਵ ਕੀਤੀ। ਉਸ ਨੂੰ ਆਪਣੀ ਤੰਗ ਮਾਇਕ ਹਾਲਤ ਉੱਤੇ ਬੜੀ ਖਿੱਝ ਆਈ, ਜਿਹੜੀ ਕਦਮ-ਕਦਮ ਉੱਤੇ ਉਸ ਦਾ ਰਾਹ ਆਣ ਰੋਕਦੀ ਸੀ। ਫਿਰ ਉਸ ਦੀ ਇਹ ਖਿੱਝ ਕਰੋਧ ਬਣ ਦੇਵਕੀ ਉੱਤੇ ਵਸ ਪਈ।

''ਬਸ ਤੂੰ ਤਾਂ ਹਰ ਵੇਲ਼ੇ ਇਹੋ ਹੀ ਰੋਣੇ ਰੋਂਦੀ ਰਿਹਾ ਕਰੀਂ। ਲੋਕੀਂ ਇਹੋ-ਜਿਹੇ ਮੌਕਿਆਂ ਲਈ ਤਰਸਦੇ ਨੇ, ਤੂੰ ਹੈਂ ਕਿ .....।''

''ਉਹੋ, ਤੁਸੀਂ ਤੇ ਐਵੇਂ ਹੀ ਪਏ ਗਰਮ ਹੁੰਦੇ ਹੋ। ਕੀ ਮੈਂ ਨਹੀਂ ਚਾਹੁੰਦੀ ਮੇਰੇ ਲਾਲ ਦੀ ਸ਼ਾਨ ਵਧੇ ਪਰ ਇਹਨਾਂ ਚੀਜ਼ਾਂ ਦਾ ਇੰਤਜ਼ਾਮ ਕਰਨ ਨਾਲ਼ ਹੀ ਹੋਣਾ ਏਂ। ਐਵੇਂ ਥੁੱਕਾਂ ਨਾਲ਼ ਤਾਂ ਵੜੇ ਨਹੀਂ ਪੱਕਦੇ।''

''ਭਾਵੇਂ ਕੁਝ ਹੋ ਜਾਏ, ਇਹਨਾਂ ਚੀਜ਼ਾਂ ਦਾ ਇੰਤਜ਼ਾਮ ਮੈਂ ਕਰ ਕੇ ਹੀ ਛੱਡਾਂਗਾ।'' ਜੁਗਲ ਪ੍ਰਸ਼ਾਦ ਨੇ ਦ੍ਰਿੜ੍ਹਤਾ ਨਾਲ਼ ਕਿਹਾ।

Downloaded from https:// www.studiestoday.com

Downloaded from https:// www.studiestoday.com



''ਮੈਂ ਵੇਖਦੀ ਹਾਂ ਗੁੱਡੀ ਦੀ ਬੁਗਨੀ ਵਿੱਚ ਕਿੰਨੇ ਪੈਸੇ ਨੇ। ਉਹ ਰੋਵੇਗੀ ਤਾਂ ਸਹੀ ਪਰ ਮੈਂ ਉਸ ਨੂੰ ਪਰਚਾ ਲਵਾਂਗੀ' ਤੇ ਉਹ ਬੁਗਨੀ ਲੈਣ ਚਲੀ ਗਈ।

ਦੇਵਕੀ ਦੇ ਜਾਣ ਉੱਤੇ ਜੁਗਲ ਪ੍ਰਸ਼ਾਦ ਨੇ ਸੋਚਿਆ, ਮੈਂ ਐਵੇਂ ਹੀ ਦੇਵਕੀ ਵਿਚਾਰੀ ਉੱਤੇ ਗੁੱਸੇ ਹੋਣ ਲੱਗ ਜਾਂਦਾ ਹਾਂ ਇਹ ਪੈਸੇ ਦੀ ਘਾਟ ਮੈਨੂੰ ਹਮੇਸ਼ਾਂ ਗੁੱਸਾ ਚੜ੍ਹਾ ਦਿੰਦੀ ਹੈ। ਇਹ ਵੀ ਕੀ ਜ਼ਿੰਦਗੀ ਹੋਈ, ਪੈਸੇ ਪੈਸੇ ਲਈ ਯਭਕਦੇ ਫਿਰਨਾ। ਕੀ ਸਾਡੇ ਗ਼ਰੀਬਾਂ ਦਾ ਇਤਨਾ ਵੀ ਹੱਕ ਨਹੀਂ ਕਿ ਅਸੀਂ ਆਪਣੇ ਹੋਣਹਾਰ ਲੜਕੇ ਦੀ ਇੱਕ ਨਿੱਕੀ ਖ਼ੁਸ਼ੀ ਨੂੰ ਖ਼ਰੀਦ ਸਕੀਏ ਤੇ ਇਹ ਅਮੀਰ, ਹਜ਼ਾਰਾਂ ਰੁਪਏ ਐਵੇਂ ਹੀ ਅਯਾਸ਼ੀ ਵਿੱਚ ਰੋੜ੍ਹਦੇ ਫਿਰਦੇ ਨੇ। ਅਸੀਂ ਗ਼ਰੀਬ ਉਤਨਾ ਚਿਰ ਨਹੀਂ ਉੱਠ ਸਕਾਂਗੇ, ਜਿਤਨਾ ਚਿਰ ਅਸੀਂ ਆਪ ਯਤਨ ਨਹੀਂ ਕਰਦੇ। ਅਮੀਰ ਨੇ ਤਾਂ ਨਾ ਸਾਨੂੰ ਉਠਾਲ਼ਣਾ ਹੈ ਅਤੇ ਨਾ ਹੀ ਕਦੀ ਉੱਠਣ ਦੇਣਾ ਹੈ।''

ਫਿਰ ਉਸ ਦਾ ਧਿਆਨ ਦੇਵਕੀ ਵੱਲ ਗਿਆ, ਜਿਹੜੀ ਵਿਚਾਰੀ ਜਦੋਂ ਦੀ ਵਿਆਹੀ ਗਈ ਸੀ, ਤੰਗੀ ਤੁਰਸ਼ੀ ਦੇ ਪੁੜਾਂ ਵਿੱਚ ਹੀ ਪਿਸ ਰਹੀ ਸੀ। ਹੁਣ ਉਸ ਦੇ ਮਨ ਵਿੱਚ ਦੇਵਕੀ ਲਈ ਵਧੇਰੇ ਤਰਸ ਸੀ। ਵਿਚਾਰੀ ਕੀ ਕਰੇ ਬੜੀ ਮੁਸ਼ਕਲ ਨਾਲ਼ ਡੇਢ ਸੌ ਵਿੱਚ ਪੰਜ ਬੱਚਿਆਂ ਨੂੰ ਪਾਲ਼ਦੀ ਏ।

''ਮੈਂ ਕਿਹਾ ਜੀ, ਗੁੱਡੀ ਦੀ ਬੁਗਨੀ 'ਚੋਂ ਸਾਢੇ ਸੱਤ ਆਨੇ ਨਿਕਲ਼ੇ ਤੇ ਜੋਤੀ ਦੀ ਬੁਗਨੀ 'ਚੋਂ ਬਾਰਾਂ ਆਨੇ।''

ਜੁਗਲ ਪ੍ਰਸ਼ਾਦ ਨੇ ਵੇਖਿਆ ਕਿ ਉਹ ਵਿਚਾਰੀ ਯਤਨ ਕਰ ਰਹੀ ਸੀ ਕਿ ਕਿਸੇ ਤਰ੍ਹਾਂ ਮੇਰਾ ਲਾਲ, ਸਕੂਲ ਵਾਲ਼ਿਆਂ ਦੀ ਇੱਛਾ ਅਨੁਸਾਰ ਤਿਆਰ ਹੋ ਕੇ ਐਤਵਾਰ ਨੂੰ ਸਕੂਲ ਜਾ ਸਕੇ। ਉਸ ਸੋਚਿਆ, ਸਕੂਲ ਵਾਲ਼ਿਆਂ ਤਾਂ ਆਪਣੇ ਵੱਲੋਂ ਸਾਡੇ ਬੱਚੇ ਨੂੰ ਮਾਣ ਦਿੱਤਾ ਹੈ ਪਰ ਉਹ ਕੀ ਜਾਣਨ ਕਿ ਇਹ ਮਾਣ ਸਾਡੇ ਲਈ ਜ਼ਹਿਮਤ ਬਣ ਜਾਏਗਾ। ਹੱਛਾ ਪਰਵਾਹ ਨਹੀਂ ਭਾਵੇਂ ਕੁਝ ਵੀ ਹੋ ਜਾਏ, ਮੇਰੇ ਬੱਚੇ ਨੂੰ ਐਤਵਾਰ ਇਹ ਸਾਰੀਆਂ ਚੀਜ਼ਾਂ ਮਿਲਣੀਆਂ ਹੀ ਚਾਹੀਦੀਆਂ ਹਨ। ਅੱਜ ਵੀਰਵਾਰ ਹੈ, ਵਿੱਚੋਂ ਦਿਨ ਤੇ ਹੋਏ ਸ਼ੁਕਰ ਤੇ ਸਨਿਚਰ, ਕੋਈ ਗੱਲ ਨਹੀਂ। ਇਹ ਸੋਚ ਕੇ ਉਹ ਪੱਕੇ ਇਰਾਦੇ ਨਾਲ਼ ਘਰੋਂ ਬਾਹਰ ਨਿਕਲ਼ ਗਿਆ, ਕਿਸੇ ਤੋਂ ਕੁਝ ਪੈਸੇ ਫੜਨ ਲਈ, ਬਿਨਾਂ ਇਸ ਗੱਲ ਨੂੰ ਅਨੁਭਵ ਕੀਤਿਆਂ ਕਿ ਮੈਂ ਹੁਣੇ ਹੀ ਦਫ਼ਤਰੋਂ ਥੱਕਾ-ਟੁੱਟਾ ਆਇਆ ਹਾਂ।

ਘੰਟੇ ਪਿੱਛੋਂ ਜਦ ਉਹ ਮੁੜਿਆ ਤਾਂ ਉਹਦੀ ਜੇਬ ਵਿੱਚ ਰੁਪਏ-ਰੁਪਏ ਦੇ ਤਿੰਨ ਨੋਟ ਸਨ। ਉਸ ਨੂੰ ਇਹਨਾਂ ਤਿੰਨਾਂ ਰੁਪਿਆਂ ਦਾ ਉਧਾਰ ਲੈਣ ਲਈ ਕਿੰਨਿਆਂ ਅੱਗੇ ਲਿਲਕੜੀਆਂ ਲੈਣੀਆਂ ਪਈਆਂ ਸਨ ਤੇ ਤਦ ਜਾ ਕੇ ਉਹ ਇੱਕ ਮਿੱਤਰ ਕੋਲ਼ੋਂ ਤਿੰਨ ਰੁਪਏ ਫੜ ਸਕਿਆ ਸੀ।

ਘਰ ਵਿੱਚ ਆ ਕੇ ਬਜਟ ਵਿੱਚ ਆ ਪਈ ਨਵੀਂ ਤੇੜ ਉੱਤੇ ਵਿਚਾਰ ਕੀਤੀ ਗਈ।

Downloaded from https:// www.studiestoday.com

Downloaded from https:// www.studiestoday.com



''ਇੱਕ ਫਟੀ ਸਫ਼ੈਦ ਚਾਦਰ ਵਿੱਚੋਂ ਗੁਆਂਢਣ ਦੀ ਮਸ਼ੀਨ 'ਤੇ ਮੈਂ ਇਸ ਦੀ ਕਮੀਜ਼ ਤਾਂ ਤਿਆਰ ਕਰ ਲਵਾਂਗੀ। ਹਾਂ ਚਿੱਟੀ ਨਿੱਕਰ ਦਾ ਕੱਪੜਾ ਵੀ ਬਜ਼ਾਰੋਂ ਲੈਣਾ ਹੀ ਪੈਣਾ ਹੈ ਤੇ ਸਵਾਉਣੀ ਦਰਜ਼ੀ ਤੋਂ ਪਵੇਗੀ, ਮੈਨੂੰ ਨਿੱਕਰ ਸਿਊਣ ਦੀ ਜਾਚ ਨਹੀਂ। ਦੇਵਕੀ ਨੇ ਪਤੀ ਨੂੰ ਇਹਨਾਂ ਪੈਸਿਆ ਨਾਲ਼ ਹੀ ਕੰਮ ਸਾਰਨ ਦੀ ਤਰਕੀਬ ਦੱਸਦਿਆਂ ਕਿਹਾ।

ਦੇਵਕੀ ਤੋਂ ਬੁਗਨੀਆਂ ਵਿੱਚੋਂ ਨਿਕਲ਼ਿਆਂ ਭੰਨ ਤੋੜ ਲੈ ਕੇ ਜਦੋਂ ਉਹ ਘਰੋਂ ਤੁਰਨ ਲੱਗਾ ਤਾਂ ਉਸ ਵੇਖਿਆ ਜੋਤੀ ਘਰ ਨਹੀਂ ਸੀ। ਸਾਰੇ ਪਾਸੇ ਭਾਲ਼ਿਆ ਪਰ ਕਿਧਰੇ ਨਜ਼ਰ ਨਾ ਆਇਆ। ਭਾਵੇਂ ਇਸ ਸਮੇਂ ਥੋੜ੍ਹਾ-ਥੋੜ੍ਹਾ ਹਨ੍ਹੇਰਾ ਹੋ ਗਿਆ ਸੀ ਪਰ ਜੁਗਲ ਪ੍ਰਸ਼ਾਦ ਨਹੀਂ ਸੀ ਚਾਹੁੰਦਾ ਕਿ ਇਸ ਕੰਮ ਵਿੱਚ ਹੋਰ ਦੇਰ ਕੀਤੀ ਜਾਏ। ਉਹ ਆਪ ਹੀ ਜੋਤੀ ਨੂੰ ਲੱਭਣ ਚਲਾ ਗਿਆ। ਉਸ ਵੇਖਿਆ ਕਿ ਬਾਹਰ ਗਲ਼ੀ ਵਿੱਚ ਜੋਤੀ ਮੁੰਡਿਆਂ ਨਾਲ਼ ਖੇਡ ਰਿਹਾ ਸੀ। ਉਸ ਨੂੰ ਇਸ ਤਰ੍ਹਾਂ ਨਿਸ਼ਚਿੰਤ ਵੇਖ ਉਸ ਸੋਚਿਆ, ''ਸਚ ਕਹਿੰਦੇ ਨੇ ਕਿ ਬਚਪਨ ਬਾਦਸ਼ਾਹੀ ਹੁੰਦੀ ਹੈ। ਇਸ ਨੂੰ ਕੋਈ ਫ਼ਿਕਰ ਨਹੀਂ ਆਪਣੇ ਕੱਪੜੇ ਦਾ ਬੰਦੋਬਸਤ ਕਰਨ ਦਾ, ਮਾਪੇ ਆਪੇ ਪਏ ਫ਼ਿਕਰ ਕਰਨ।'' ਕੋਈ ਦੋ ਘੰਟਿਆਂ ਪਿੱਛੋਂ ਜਦੋਂ ਜੁਗਲ ਪ੍ਰਸ਼ਾਦ ਅਤੇ ਜੋਤੀ ਘਰ ਨੂੰ ਮੁੜ ਰਹੇ ਸਨ ਤਾਂ ਦੋਹਾਂ ਦੇ ਚਿਹਰੇ ਖਿੜੇ ਹੋਏ ਸਨ। ਜੋਤੀ ਤਾਂ ਇਸ ਲਈ ਖ਼ੁਸ਼ ਸੀ ਕਿ ਅੱਜ ਉਸ ਲਈ ਨਵੇਂ ਬੂਟ, ਜਰਾਬਾਂ ਅਤੇ ਨਿੱਕਰ ਦਾ ਕੱਪੜਾ ਆਦਿ ਚੀਜ਼ਾਂ ਖ਼ਰੀਦੀਆਂ ਗਈਆਂ ਸਨ ਅਤੇ ਜੁਗਲ ਪ੍ਰਸ਼ਾਦ ਇਸ ਔਕੜ ਨੂੰ ਹੱਲ ਕਰਨ ਪਿੱਛੋਂ ਇਸ ਕਰਕੇ ਖ਼ੁਸ਼ ਸੀ ਕਿ ਉਹ ਆਪਣੇ ਹੋਣਹਾਰ ਬੱਚੇ ਨੂੰ ਮੰਤਰੀ ਜੀ ਦੇ ਜਨਮ-ਦਿਨ ਦੇ ਸਮਾਗ਼ਮ ਤੇ ਹਰ ਹਾਲਤ ਘੱਲ ਸਕੇਗਾ। ਉਹ ਦਰਜ਼ੀ ਨੂੰ ਸਨਿੱਚਰਵਾਰ ਦੀ ਨਿੱਕਰ ਦੇਣ ਦੀ ਪੱਕੀ ਤਾਕੀਦ ਕਰ ਆਇਆ ਸੀ। ਉਹ ਰਸਤੇ ਵਿੱਚ ਸੋਚਦਾ ਆਇਆ ਸੀ ਕਿ ਸੱਚ ਕਹਿੰਦੇ ਨੇ ਇੱਕੋ ਹੋਣਹਾਰ ਬੱਚਾ ਹੀ ਘਰ ਦੇ ਨਾਂ ਨੂੰ ਚਮਕਾ ਦਿੰਦਾ ਹੈ। ਐਤਵਾਰ ਵਾਲ਼ੇ ਦਿਨ ਜਿੱਥੇ ਹੋਰ ਚੋਣਵੇਂ ਸਕੂਲਾਂ ਦੇ ਬੱਚੇ ਸਟੇਜ ਉੱਤੇ ਜਾ ਕੇ ਹਾਰ ਪਾਉਣਗੇ, ਉਹਨਾਂ ਵਿੱਚ ਮੇਰਾ ਜੋਤੀ ਵੀ ਹੋਵੇਗਾ। ਜਦੋਂ ਇਸ ਦਾ ਨਾਂ ਬੋਲਿਆ ਜਾਵੇਗਾ, ਜੋਤੀ ਪ੍ਰਸ਼ਾਦ ਸਪੁੱਤਰ ਲਾਲਾ ਜੁਗਲ ਪ੍ਰਸ਼ਾਦ ਤਾਂ ਉੱਥੇ ਬੈਠੇ ਹੋਰ ਪਤਵੰਤਿਆਂ ਤੇ ਮੰਤਰੀਆਂ ਨੂੰ ਪਤਾ ਲੱਗੇਗਾ ਕਿ ਇਹ ਮੁੰਡਾ ਲਾਲਾ ਜੁਗਲ ਪ੍ਰਸ਼ਾਦ ਦਾ ਹੈ। ਫ਼ਿਲਮ ਲਈ ਜਾਏਗੀ, ਅਖ਼ਬਾਰ ਵਿੱਚ ਇਸ ਦਾ ਨਾਂ ਆਵੇਗਾ ਤੇ ਹੋ ਸਕਦਾ ਏ ਇਸ ਦੀ ਤਸਵੀਰ ਵੀ ਆਵੇ। ਇਹ ਸੋਚ ਕੇ ਉਸ ਦੀਆਂ ਵਾਛਾਂ ਖਿੱਲ ਗਈਆਂ ਅਤੇ ਉਹ ਆਪਣੇ ਆਪ ਨੂੰ ਦਿਲ ਹੀ ਦਿਲ ਵਿੱਚ ਇਸ ਗੱਲੋਂ ਸ਼ਾਬਾਸ਼ ਦੇਣ ਲੱਗਾ ਕਿ ਕਮ-ਅਜ਼-ਕਮ ਇੱਕ ਮੁੰਡੇ ਨੂੰ ਤਾਂ ਚੰਗੇ ਸਕੂਲ ਵਿੱਚ ਦਾਖ਼ਲ ਕਰਾਉਣ ਦੀ ਮੈਂ ਸਿਆਣਪ ਕੀਤੀ ਸੀ। ਜਿਹੜੀ ਸ਼ਾਨ ਮੇਰੇ ਚਾਰ ਮੁੰਡਿਆਂ ਕੁੜੀਆਂ ਨੇ ਵੀ ਰਲ਼ ਕੇ ਨਹੀਂ ਸੀ ਵਧਾਈ, ਉਹ ਇਕੱਲੇ ਨੇ ਵਧਾ ਵਿਖਾਈ।

ਘਰ ਵੜਦਿਆਂ ਸਾਰ ਉਸ ਦੇਵਕੀ ਨੂੰ ਬੁਲਾਇਆ ਅਤੇ ਬੜੇ ਮਾਣ ਅਤੇ ਉਤਸ਼ਾਹ ਨਾਲ਼ ਜੁਗਲ ਪ੍ਰਸ਼ਾਦ ਨੇ ਉਸ ਨੂੰ ਦੱਸਿਆ, ''ਜੋਤੀ ਦੀ ਮਾਂ, ਮੈਂ ਨਿੱਕਰ ਦਾ

Downloaded from https:// www.studiestoday.com

Downloaded from https:// www.studiestoday.com



ਕੱਪੜਾ ਖ਼ਰੀਦ ਕੇ ਦਰਜ਼ੀ ਨੂੰ ਦੇ ਆਇਆ ਹਾਂ ਤੇ ਸ਼ਨਿਚਰਵਾਰ ਦੀ ਪੱਕੀ ਵੀ ਕਰ ਆਇਆ ਹਾਂ। ਤੂੰ ਇਹ ਬੂਟ-ਜੁਰਾਬਾਂ ਤੇ ਹਾਰ ਥੈਲੇ 'ਚ ਸੰਭਾਲ਼ ਛੱਡ ਤੇ ਨਾਲ਼ੇ ਕਮੀਜ਼ ਕੱਲ੍ਹ ਜ਼ਰੂਰ ਬਣਾ ਛੱਡੀਂ।'' ਫਿਰ ਕੁਝ ਚੇਤੇ ਕਰ ਕੇ ਉਹ ਖ਼ੁਸ਼ੀ ਨਾਲ਼ ਬੋਲਿਆ, ''ਜੋਤੀ ਦੀ ਮਾਂ, ਅੱਜ ਰੱਬ ਨੇ ਇੱਕ ਹੋਰ ਬੜਾ ਸਬੱਬ ਕਰ ਦਿੱਤਾ। ਮੈਂ ਜਦੋਂ ਇੱਥੋਂ ਛਪਦੀ ਅਖ਼ਬਾਰ ਦੇ ਦਫ਼ਤਰ ਕੋਲ਼ੋਂ ਦੀ ਲੰਘਿਆ ਤੇ ਖ਼ਿਆਲ ਆਇਆ ਕਿ ਪਤਾ ਕਰੀਏ ਜੇ ਉਸ ਦਿਨ ਸਮਾਗਮ ਸਮੇਂ ਜੋਤੀ ਦੇ ਹਾਰ ਪਾਉਣ ਦੀ ਫੋਟੋ ਦਾ ਵੀ ਪ੍ਰਬੰਧ ਹੋ ਸਕੇ। ਜਿਉਂ ਹੀ ਮੈਂ ਅੰਦਰ ਵੜਿਆ ਕਿ ਫੋਟੋਗ੍ਰਾਫਰ ਕੈਮਰਾ ਲਟਕਾਈ ਬਾਹਰ ਆ ਰਿਹਾ ਸੀ। ਮੈਂ ਉਸ ਨਾਲ਼ ਗੱਲ ਜਾ ਕੀਤੀ ਤੇ ਪਤਾ ਲੱਗਾ ਕਿ ਐਤਵਾਰ ਵਾਲ਼ੇ ਸਮਾਗਮ ਤੇ ਉਹੀ ਜਾ ਰਿਹਾ ਸੀ। ਮੈਂ ਉਸ ਦੇ ਨਾਲ਼ ਵੀ ਗੱਲ ਕਰ ਆਇਆ ਹਾਂ ਕਿ ਜਦੋਂ ਰਿਪਬਲਿਕ ਸਕੂਲ ਦਾ ਕੇ. ਜੀ ਜਮਾਤ ਦਾ ਪ੍ਰਤੀਨਿਧ ਮੇਰਾ ਇਹ ਮੁੰਡਾ ਮੰਤਰੀ ਜੀ ਨੂੰ ਹਾਰ ਪਾਏ, ਉਹ ਫੋਟੋ ਜ਼ਰੂਰ ਖਿੱਚੇ।

ਦੇਵਕੀ ਦੇ ਮੂੰਹ ਤੇ ਕੁਝ ਚਿੰਤਾ ਦੇ ਨਿਸ਼ਾਨ ਵੇਖ ਕੇ ਆਪਣੀ ਖ਼ੁਸ਼ੀ ਵਿੱਚ ਬਿਨਾਂ ਕੋਈ ਫ਼ਰਕ ਪੈਣ ਦਿੱਤਿਆਂ ਫਿਰ ਉਹ ਝੱਟ ਬੋਲਿਆ, 'ਬਾਕੀ ਰਹੀ ਪੈਸਿਆਂ ਦੀ ਗੱਲ, ਫੋਟੋ ਬਣਨ ਤੀਕ ਪਹਿਲੀ ਤਰੀਕ ਹੋ ਹੀ ਜਾਣੀ ਹੈ। ਭਲੀਏ ਲੋਕੇ! ਰੱਬ ਆਪ ਕਰਦਾ ਏ ਗ਼ਰੀਬਾਂ ਦਾ ਕੰਮ। ਹਾ.......ਹਾ......ਹਾ....!'' ਜੁਗਲ ਪ੍ਰਸ਼ਾਦ ਸਾਰੀ ਦੀ ਸਾਰੀ ਗੱਲ ਇੱਕੋ ਵਾਰੀ ਹੀ ਕਹਿ ਗਿਆ ਤੇ ਫਿਰ ਕਦੀ-ਕਦੀ ਪ੍ਰਾਪਤ ਹੋਈ ਖ਼ੁਸ਼ੀ ਦੇ ਅਜਿਹੇ ਅਵਸਰ ਤੋਂ ਪੂਰਾ-ਪੂਰਾ ਲਾਭ ਉਠਾਉਂਦਿਆਂ, ਉਹ ਹੱਸ-ਹੱਸ ਕੇ ਦੂਹਰਾ ਹੋਣ ਲੱਗਾ।

ਦੇਵਕੀ ਇਸ ਫੋਟੋ ਦੀ ਫ਼ਜ਼ੂਲ-ਖ਼ਰਚੀ ਬਾਬਤ ਕੁਝ ਕਹਿਣਾ ਤਾਂ ਚਾਹੁੰਦੀ ਸੀ ਪਰ ਫਿਰ ਪਤੀ ਦੇ ਰੰਗ ਵਿੱਚ ਭੰਗ ਪੈ ਜਾਣ ਦੇ ਡਰ ਵਜੋਂ ਕੁਝ ਨਾ ਬੋਲੀ ਤੇ ਉੱਠ ਕੇ ਬਾਹਰ ਚਲੀ ਗਈ।

ਸਵੇਰੇ ਮੁੰਡੇ-ਕੁੜੀਆਂ ਨੂੰ ਸਕੂਲ ਤੇ ਜੁਗਲ ਪ੍ਰਸ਼ਾਦ ਨੂੰ ਦਫ਼ਤਰ ਟੋਰ ਕੇ ਦੇਵਕੀ ਨੇ ਇੱਕ ਪੁਰਾਣੀ ਚਿੱਟੀ ਚਾਦਰ ਕੱਢੀ। ਪਹਿਲਾਂ ਤਾਂ ਉਸ ਨੂੰ ਚੰਗੀ ਤਰ੍ਹਾ ਜਾਚਿਆ ਪੜਤਾਲਿਆ, ਫਿਰ ਜਾਚ ਕੀਤੀ ਅਤੇ ਸਾਰਾ ਦਿਨ ਮਗਜ਼ ਪੱਚੀ ਕਰ ਕੇ ਗੁਆਂਢਣ ਦੀ ਮਸ਼ੀਨ ਤੇ ਸ਼ਾਮ ਤੀਕ ਮੁਸ਼ਕਲ ਨਾਲ਼ ਜੋਤੀ ਦੀ ਕਮੀਜ਼ ਤਿਆਰ ਕਰ ਸਕੀ।

ਉਧਰ ਜੁਗਲ ਪ੍ਰਸ਼ਾਦ ਨੇ ਦੋ ਘੰਟਿਆਂ ਦੀ ਛੁੱਟੀ ਲਈ ਅਤੇ ਨਾਗਰਕ ਸਭਾ ਦੇ ਦਫ਼ਤਰ ਜਾ ਕੇ ਯਤਨ ਕੀਤਾ ਕਿ ਕਿਸੇ ਤਰ੍ਹਾਂ ਉਸ ਨੂੰ ਵੀ ਨਿਮੰਤਰਨ-ਪੱਤਰ ਮਿਲ਼ ਸਕੇ ਤਾਂ ਜੋ ਉਹ ਆਪਣੀਆਂ ਅੱਖਾਂ ਨਾਲ਼, ਆਪਣੇ ਪਿਆਰੇ ਪੁੱਤਰ ਨੂੰ ਮਾਣ ਪ੍ਰਾਪਤ ਕਰਦਿਆਂ ਵੇਖ ਸਕੇ ਪਰ ਉਸ ਨੂੰ ਪਤਾ ਲੱਗਾ ਕਿ ਉਸ ਸਮਾਗਮ ਵਿੱਚ ਤਾਂ ਵੱਡੇ-ਵੱਡੇ ਰਾਜਨੀਤਿਕ ਆਗੂ, ਅਮੀਰ ਲੱਖ-ਪਤੀਏ, ਵੱਡੇ- ਵੱਡੇ ਅਫ਼ਸਰ ਤੇ ਕੁਝ ਸੱਦੇ ਗਏ ਬੱਚੇ ਹੀ ਜਾ ਸਕਦੇ ਹਨ। ਉਸ ਸੋਚਿਆ ਕਿ ਮੈਂ ਇਹਨਾਂ ਵਿੱਚੋਂ ਕਿਸੇ ਗਿਣਤੀ ਵਿੱਚ ਵੀ ਨਹੀਂ ਆਉਂਦਾ। ਵਿਚਾਰਾ ਦਿਲ ਦੀਆਂ ਉਮੰਗਾਂ ਦਿਲ ਵਿੱਚ ਹੀ ਦਬੋਚ ਕੇ ਰਹਿ ਗਿਆ।

Downloaded from https:// www.studiestoday.com

Downloaded from https:// www.studiestoday.com



ਐਤਵਾਰ ਦਾ ਦਿਨ ਆਇਆ। ਅੱਜ ਸਾਰੇ ਟੱਬਰ ਨੂੰ ਜੋਤੀ ਉੱਤੇ ਮਾਣ ਸੀ, ਜਿਸ ਕਰਕੇ ਸਾਰੇ ਉਸ ਨੂੰ ਤਿਆਰ ਕਰਨ ਵਿੱਚ ਜੁਟੇ ਪਏ ਸਨ। ਕੋਈ ਉਸ ਨੂੰ ਸਾਬਣ ਮਲ਼ ਕੇ ਨੁਹਾ ਰਿਹਾ ਸੀ। ਕੋਈ-ਨਿੱਕਰ ਕਮੀਜ਼ ਨੂੰ ਇਸਤਰੀ ਕਰ ਰਿਹਾ ਸੀ ਤੇ ਕੋਈ ਉਸ ਦੀ ਕੰਘੀ ਪੱਟੀ ਦੇ ਆਹਰ-ਪਾਹਰ ਵਿੱਚ ਜੁਟਿਆ ਹੋਇਆ ਸੀ।

ਤਕਾਲ਼ਾਂ ਨੂੰ ਸਾਰਾ ਟੱਬਰ ਇਸ ਗੱਲ ਦੀ ਇੰਤਜ਼ਾਰ ਵਿੱਚ ਸੀ ਕਿ ਕਿਸ ਵੇਲ਼ੇ ਜੋਤੀ ਸਮਾਗਮ ਤੋਂ ਵਾਪਸ ਆਏ ਤਾਂ ਜੋ ਉਹ ਆਪਣੀ ਜ਼ਬਾਨੀ ਸਾਰੀ ਰੌਣਕ ਤੇ ਮਿਲ਼ੇ ਮਾਣ ਨੂੰ ਵਿਸਥਾਰ ਨਾਲ਼ ਬਿਆਨ ਕਰੇ। ਜੁਗਲ ਪ੍ਰਸ਼ਾਦ ਦੋ ਵਾਰੀ ਸੜਕ ਤੇ ਆਪ ਜਾ ਚੁੱਕਾ ਸੀ। ਬੱਚਿਆਂ ਨੂੰ ਵੇਖਣ ਲਈ ਸੜਕ ਤੇ ਭੇਜਣ ਦਾ ਤਾਂ ਅੰਤ ਹੀ ਕੋਈ ਨਹੀਂ ਸੀ। ਪਰ ਹਾਲਾਂ ਤੀਕ ਉਹ ਨਹੀਂ ਸੀ ਪਰਤਿਆ।

ਅਖੀਰ ਉਸ ਦੂਰੋਂ ਵੇਖਿਆ, ਉਸ ਦੀ ਪ੍ਰਿੰਸੀਪਲ ਜੋਤੀ ਨੂੰ ਆਪ ਨਾਲ਼ ਲਿਆ ਰਹੀ ਸੀ। ਇਹ ਨਜ਼ਾਰਾ ਤੱਕ ਕੇ ਤਾਂ ਜੁਗਲ ਪ੍ਰਸ਼ਾਦ ਦੀ ਖ਼ੁਸ਼ੀ ਦਾ ਕੋਈ ਅੰਤ ਹੀ ਨਾ ਰਿਹਾ। ਦੇਵਕੀ ਦਾ ਧਿਆਨ ਉਸ ਪਾਸੇ ਵੱਲ ਖਿਚਦਿਆਂ ਉਹ ਗੱਦ-ਗੱਦ ਹੋ ਕੇ ਬੋਲਿਆ, ''ਆਖ਼ਰ ਸਾਰੇ ਸਕੂਲ ਦਾ ਲਾਇਕ ਬੱਚਾ ਜੁ ਹੋਇਆ, ਪ੍ਰਿੰਸੀਪਲ ਵੀ ਇਸ ਨਾਲ਼ ਆਉਣਾ ਫ਼ਖ਼ਰ ਸਮਝਦੀ ਏ। ਉਹ ਵੇਖ ਉਹ ਘੜੀ-ਮੁੜੀ ਜੋਤੀ ਵੱਲ ਉਠ ਕੇ ਉਸ ਨੂੰ ਘੁੱਟਦੀ ਤੇ ਗੱਲਾਂ ਕਰਦੀ ਏ।''

ਦੇਵਕੀ ਹੋਰ ਬੱਚਿਆਂ ਨੂੰ ਵੀ ਇਸ ਖ਼ੁਸ਼ੀ ਦੇ ਨਜ਼ਾਰੇ ਨੂੰ ਮਾਨਣ ਦਾ ਮੌਕਾ ਦੇਣ ਦੇ ਖ਼ਿਆਲ ਨਾਲ਼ ਉਹਨਾਂ ਨੂੰ ਸੱਦਣ ਲਈ ਅੰਦਰ ਚਲੀ ਗਈ।

ਪਰ ਨੇੜੇ ਆਉਣ ਤੇ ਜੁਗਲ ਪ੍ਰਸ਼ਾਦ ਨੇ ਵੇਖਿਆ, ਜੋਤੀ ਡਸਕੋਰੇ ਭਰ ਰਿਹਾ ਸੀ। ਇਹ ਵੇਖ ਕੇ ਜੁਗਲ ਪ੍ਰਸ਼ਾਦ ਹੱਕਾ-ਬੱਕਾ ਰਹਿ ਗਿਆ। ਉਸ ਇਸ ਗੱਲ ਦੀ ਸਮਝ ਹੀ ਨਹੀਂ ਸੀ ਆ ਰਹੀ। ਆਉਂਦਿਆਂ ਸਾਰ ਉਸ ਪ੍ਰਿੰਸੀਪਲ ਨੇ ਆਖਣਾ ਸ਼ੁਰੂ ਕਰ ਦਿੱਤਾ, ''ਮਿਸਟਰ ਜੁਗਲ ਪ੍ਰਸ਼ਾਦ! ਮੈਨੂੰ ਬਹੁਤ ਅਫ਼ਸੋਸ ਹੈ ਕਿ ਆਪ ਜੀ ਦੇ ਸਪੁੱਤਰ ਜੋਤੀ ਨੂੰ ਹਾਰ ਪਹਿਨਾਣ ਦਾ ਮਾਣ ਨਹੀਂ ਮਿਲ਼ ਸਕਿਆ ਕਿਉਂਕਿ ਸੇਠ ਲਖਪਤ ਰਾਏ ਨੇ ਜੋਤੀ ਦੀ ਥਾਂ ਆਪਣੇ ਪੁੱਤਰ ਦਾ ਨਾਂ ਬਦਲਵਾ ਲਿਆ ਸੀ। ਮੈਂ ਤਾਂ ਉਸ ਦੀ ਇੱਕ ਨਾ ਸੁਣੀ, ਪਰ ਉਸ ਨੇ ਸਾਡੇ ਚੇਅਰਮੈਨ ਨੂੰ ਆਖ ਕੇ ਇਹ ਕੰਮ ਕਰਵਾ ਲਿਆ। ਤੁਸੀਂ ਜਾਣਦੇ ਹੋ ਕਿ ਮੈਂ ਤਾਂ ਇੱਕ ਮੁਲਾਜ਼ਮ ਹੀ ਹਾਂ।''

ਇਹ ਸਾਰਾ ਕੁਝ ਜੋਤੀ ਦੀ ਪ੍ਰਿੰਸੀਪਲ ਇੱਕੋ ਸਾਹ ਵਿੱਚ ਕਹਿ ਕੇ ਚਲਦੀ ਬਣੀ ਜਿਵੇਂ ਕੋਈ ਮੁਸ਼ਾਫਰ ਆਉਣ ਵਾਲ਼ੇ ਤੂਫ਼ਾਨ ਦੀ ਮਾਰ ਤੋਂ ਬਚਣ ਲਈ ਖਿਸਕਣ ਦੀ ਕਰਦਾ ਹੈ।

ਜੁਗਲ ਪ੍ਰਸ਼ਾਦ ਲਈ ਜਿਵੇਂ ਕੜ ਪਾਟ ਗਿਆ ਹੋਵੇ। ਉਸ ਨੂੰ ਆਪਣੇ ਪੈਰਾਂ ਹੇਠੋਂ ਜ਼ਮੀਨ ਨਿਕਲ਼ਦੀ ਜਾਪੀ। ਉਹ ਉੱਥੇ ਦਾ ਉੱਥੇ ਖਲੋਤਾ ਰਹਿ ਗਿਆ। ਉਸ ਇੰਞ ਮਹਿਸੂਸ ਕੀਤਾ, ਜਿਵੇਂ ਕਿਸੇ ਮੋਟੀ ਗੋਗੜ ਵਾਲ਼ੇ ਨੇ ਉਸ ਦੇ ਅੰਦਰ ਪਟਰੌਲ ਛਿੜਕਣ

Downloaded from https:// www.studiestoday.com

Downloaded from https:// www.studiestoday.com



ਪਿੱਛੋਂ ਤੀਲ੍ਹੀ ਬਾਲ਼ ਕੇ ਉਸ ਦੀਆਂ ਸੱਧਰਾਂ ਤੇ ਉਮੰਗਾਂ ਨੂੰ ਫੂਕ ਦਿੱਤਾ ਹੈ। ਉਸ ਅੱਗ ਦਾ ਲਾਂਬੂ ਉਸ ਦੇ ਰੋਮ-ਰੋਮ ਵਿੱਚੋਂ ਨਿਕਲ਼ ਕੇ ਉਸ ਨੂੰ ਸਾੜ ਰਿਹਾ ਹੈ। ਅਚਾਨਕ ਉਸ ਦੀਆਂ ਅੱਖਾਂ ਵਿੱਚ ਲਹੂ ਨਿਕਲ਼ ਆਇਆ ਤੇ ਉਹ ਦ੍ਰਿੜ੍ਹਤਾ ਨਾਲ਼ ਕੜਕਿਆ, ''ਅੱਜ ਉਸ ਮੰਤਰੀ ਦਾ ਜਨਮ-ਦਿਨ ਨਹੀਂ, ਮੇਰਾ ਜਨਮ-ਦਿਨ ਏ, ਮੇਰੀ ਸੁੱਤੀ ਜੁਰੱਅਤ ਤੇ ਦਲੇਰੀ ਦਾ ਜਨਮ ਦਿਨ ਏ। ਮੈਂ ਵੇਖਾਂਗਾ ਕਿਵੇਂ ਕੋਈ ਗ਼ਰੀਬਾਂ ਦੀਆਂ ਸੱਧਰਾਂ ਤੇ ਉਮੰਗਾਂ ਨੂੰ ਲਿਤਾੜਨ ਦੀ ਜੁਰਅਤ ਕਰੇਗਾ।''

ਬਾਹਰ ਆ ਕੇ ਦੇਵਕੀ ਤੇ ਹੋਰ ਬੱਚਿਆਂ ਨੇ ਜੋਤੀ ਨੂੰ ਡਸਕੋਰੇ ਭਰਦਿਆਂ ਅਤੇ ਜੁਗਲ ਪ੍ਰਸ਼ਾਦ ਨੂੰ ਜੋਸ਼ ਅਤੇ ਗੁੱਸੇ ਵਿੱਚ ਭੜਕਦਿਆਂ ਦੇਖਿਆ ਤਾਂ ਉਹਨਾਂ ਦੀਆਂ ਅੱਖਾਂ ਟੱਡੀਆਂ ਦੀਆਂ ਟੱਡੀਆਂ ਰਹਿ ਗਈਆਂ।

**ਸ਼ਬਦ-ਅਰਥ :**

**ਵਿਉਂਤ** - ਵਿਓਂਤ, ਤਰਕੀਬ, ਢੰਗ, ਘਾੜਤ। **ਯਬਕਦੇ** - ਤਰਸਦੇ। **ਤੇਜਸਵੀ** - ਰੋਹਬ ਵਾਲ਼ਾ। **ਖ਼ੁਸ਼ੀ ਕਾਫ਼ੂਰ ਹੋ ਗਈ** - ਖ਼ੁਸ਼ੀ ਉੱਡ ਗਈ। **ਦ੍ਰਿੜ੍ਹਤਾ** - ਪਕਿਆਈ। **ਅੱਯਾਸ਼ੀ** - ਫ਼ਜ਼ੂਲ-ਖ਼ਰਚੀ। **ਤੰਗੀ** - ਤੁਰਸ਼ੀ-ਗ਼ਰੀਬੀ, ਮੰਦਹਾਲੀ। **ਪਤਵੰਤਿਆਂ** - ਭਲੇਮਾਣਸਾਂ, ਇੱਜ਼ਤ ਵਾਲ਼ਿਆਂ।

## ਪਾਠ-ਅਭਿਆਸ

1. ਕਹਾਣੀ 'ਜਨਮ ਦਿਨ' ਦਾ ਸੰਖੇਪ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।
2. ਜੁਗਲ ਪ੍ਰਸ਼ਾਦ ਆਪਣੇ ਪੁੱਤਰ ਨੂੰ ਅੰਗਰੇਜ਼ੀ ਸਕੂਲ ਵਿੱਚ ਦਾਖ਼ਲ ਕਿਉਂ ਕਰਵਾਉਣਾ ਚਾਹੁੰਦਾ ਸੀ?
3. ਸਕੂਲ ਦੇ ਪ੍ਰਿੰਸੀਪਲ ਨੇ ਜੁਗਲ ਪ੍ਰਸ਼ਾਦ ਨੂੰ ਵਧਾਈ ਕਿਉਂ ਦਿੱਤੀ?
4. 'ਇਹ ਮੇਰਾ ਲਾਲ ਜਾਏਗਾ ! ਐਡੇ ਵੱਡੇ ਮੰਤਰੀ ਕੋਲ਼ !! ਮੈਂ ਸਦਕੇ ਜਾਵਾਂ।' ਜੋਤੀ ਦੀ ਮਾਂ ਦੇ ਇਹਨਾਂ ਸ਼ਬਦਾਂ ਤੋਂ ਕੀ ਭਾਵ ਹੈ?
5. ਜੁਗਲ ਪ੍ਰਸ਼ਾਦ ਦੀ ਸੋਚ ਅਨੁਸਾਰ ਆਮਦਨ ਘੱਟ ਹੁੰਦਿਆਂ, ਉਸ ਦੀ ਪਤਨੀ ਘਰ ਦਾ ਗੁਜ਼ਾਰਾ ਕਿਵੇਂ ਤੋਰਦੀ ਹੈ?
6. ਤਕਾਲ਼ਾਂ ਨੂੰ ਸਾਰਾ ਟੱਬਰ ਕਿਸ ਗੱਲ ਦਾ ਇੰਤਜ਼ਾਰ ਕਰ ਰਿਹਾ ਸੀ?
7. ਡਸਕੋਰੇ ਭਰ ਰਹੇ ਜੋਤੀ ਬਾਰੇ ਸਕੂਲ ਦੀ ਪ੍ਰਿੰਸੀਪਲ ਜੁਗਲ ਪ੍ਰਸ਼ਾਦ ਨੂੰ ਕੀ ਕਹਿੰਦੀ ਹੈ?
8. ''ਅੱਜ ਉਸ ਮੰਤਰੀ ਦਾ ਜਨਮ-ਦਿਨ ਨਹੀਂ, ਮੇਰਾ ਜਨਮ-ਦਿਨ ਏ।'' ਜੁਗਲ ਪ੍ਰਸ਼ਾਦ ਨੇ ਇਹ ਗੱਲ ਕਿਸ ਸੰਦਰਭ ਵਿੱਚ ਕਹੀ?

******

Downloaded from https:// www.studiestoday.com

Downloaded from https:// www.studiestoday.com

## ਨਵਤੇਜ ਸਿੰਘ

(1925-1981)

**ਲੇਖਕ ਬਾਰੇ:**

ਨਵਤੇਜ ਸਿੰਘ ਦਾ ਜਨਮ 1925 ਈ. ਨੂੰ ਮਾਤਾ ਸ੍ਰੀਮਤੀ ਜਗਜੀਤ ਕੌਰ ਅਤੇ ਪਿਤਾ ਸ੍. ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਘਰ ਹੋਇਆ। ਐੱਫ. ਸੀ. ਕਾਲਜ ਲਾਹੌਰ ਤੋਂ ਉਹਨਾਂ ਨੇ ਮਨੋ-ਵਿਗਿਆਨ ਦੀ ਐੱਮ. ਏ. ਕੀਤੀ। ਲਿਖਣ ਦੀ ਜਾਗ ਉਹਨਾਂ ਨੂੰ ਆਪਣੇ ਘਰ ਵਿੱਚੋਂ ਹੀ ਲੱਗੀ। ਆਪਣੀ ਛੋਟੀ ਉਮਰ ਵਿੱਚ ਹੀ ਉਹ ਕਹਾਣੀਆਂ ਲਿਖਣ ਲੱਗ ਪਏ।

ਉਹਨਾਂ ਨੂੰ ਵਿਦੇਸ਼ਾਂ ਵਿੱਚ ਜਾਣ ਦਾ ਅਵਸਰ ਵੀ ਪ੍ਰਾਪਤ ਹੋਇਆ। ਕੁਝ ਵਿਦੇਸ਼ੀ ਭਾਸ਼ਾਵਾਂ ਵਿੱਚ, ਖ਼ਾਸ ਕਰਕੇ ਅੰਗਰੇਜ਼ੀ ਅਤੇ ਰੂਸੀ ਵਿੱਚ ਉਹਨਾਂ ਦੀਆਂ ਕਹਾਣੀਆਂ ਦੇ ਅਨੁਵਾਦ ਛਪੇ। ਉਹਨਾਂ ਨੇ ਆਪਣੀਆਂ ਕਹਾਣੀਆਂ ਰਾਹੀਂ ਸਰਮਾਏਦਾਰਾਂ ਦੇ ਜ਼ੁਲਮ ਅਤੇ ਧਾਰਮਿਕ ਆਗੂਆਂ ਦੇ ਪਖੰਡਾਂ ਨੂੰ ਨੰਗਿਆਂ ਕੀਤਾ। ਦੇਸ ਦੀ ਗ਼ਰੀਬੀ ਵੀ ਉਸ ਦੀਆਂ ਕਹਾਣੀਆਂ ਦਾ ਇੱਕ ਵੱਡਾ ਵਿਸ਼ਾ ਹੈ। ਉਹਨਾਂ ਨੇ ਹੋਰ ਦੇਸਾਂ ਦੇ ਵਸਨੀਕਾਂ ਸੰਬੰਧੀ ਵੀ ਕਹਾਣੀਆਂ ਲਿਖੀਆਂ।

ਉਹਨਾਂ ਦੇ ਕਹਾਣੀ-ਸੰਗ੍ਰਹਿ 'ਦੇਸ ਵਾਪਸੀ ਤੇ ਹੋਰ ਕਹਾਣੀਆਂ', 'ਬਾਸਮਤੀ ਦੀ ਮਹਿਕ', 'ਨਵੀਂ ਰੁੱਤ' ਆਦਿ ਹਨ। ਨਵਤੇਜ ਸਿੰਘ ਆਪਣੇ ਪਿਤਾ ਵੱਲੋਂ ਚਲਾਏ ਰਿਸਾਲੇ 'ਪ੍ਰੀਤਲੜੀ' ਦੀ ਸੰਪਾਦਨਾ ਵੀ ਕਰਦੇ ਰਹੇ। 'ਮੇਰੀ ਧਰਤੀ ਮੇਰੇ ਲੋਕ' ਉਹਨਾਂ ਦਾ 'ਪ੍ਰੀਤਲੜੀ' ਵਿੱਚ ਪਾਠਕਾਂ ਦਾ ਮਨ-ਪਸੰਦ ਕਾਲਮ ਸੀ।

ਹਥਲੀ ਪਾਠ-ਪੁਸਤਕ ਵਿੱਚ ਨਵਤੇਜ ਸਿੰਘ ਦੀ ਕਹਾਣੀ 'ਬਸ਼ੀਰਾ' ਸ਼ਾਮਲ ਕੀਤੀ ਗਈ ਹੈ।

**ਕਹਾਣੀ ਬਾਰੇ :**

ਇਸ ਕਹਾਣੀ ਵਿੱਚ ਲੇਖਕ ਨੇ ਇੱਕ ਗ਼ਰੀਬ ਮੁੰਡੇ ਬਸ਼ੀਰੇ ਦਾ ਚਿੱਤਰ ਖਿੱਚਿਆ ਹੈ ਜਿਸ ਨੂੰ ਆਪਣੇ ਘਰ ਦੀ ਗ਼ਰੀਬੀ ਕਾਰਨ ਪੜ੍ਹਾਈ ਵਿਚਾਲ਼ੇ ਛੱਡਣ ਲਈ ਮਜਬੂਰ ਹੋਣਾ ਪੈਂਦਾ ਹੈ। ਇਹ ਕਹਾਣੀ ਪਾਤਰ-ਪ੍ਰਧਾਨ ਹੈ ਜਿਸ ਵਿੱਚ 'ਬਸ਼ੀਰਾ' ਸਮਾਜ ਦੀ ਹੇਠਲੀ ਸ਼੍ਰੇਣੀ ਦਾ ਪ੍ਰਤਿਨਿਧ ਪਾਤਰ ਹੈ। ਸਾਡੇ ਸਮਾਜ ਵਿੱਚ ਅਨੇਕਾਂ ਬਸ਼ੀਰੇ ਵਰਗੇ ਮੁੰਡਿਆਂ ਨੂੰ ਪੜ੍ਹਾਈ ਵਿੱਚੇ ਹੀ ਛੱਡਣੀ ਪੈਂਦੀ ਹੈ। ਇੰਝ ਉਹਨਾਂ ਦੇ ਆਸਾਂ ਭਰੇ ਭਵਿਖ ਨੂੰ ਰੁਲ਼ਨਾ ਪੈਂਦਾ ਹੈ।

ਇਸ ਕਹਾਣੀ ਰਾਹੀਂ ਲੇਖਕ ਸਾਡਾ ਧਿਆਨ ਸਮਾਜ ਦੀ ਇੱਕ ਅਤਿਅੰਤ ਮਹੱਤਵਪੂਰਨ ਬਾਲ-ਮਨ ਦੀ ਸਮੱਸਿਆ ਵੱਲ ਦਿਵਾਉਂਦਾ ਹੈ। ਇਸ ਕਹਾਣੀ ਰਾਹੀਂ ਉਹ ਦੱਸਦੇ ਹਨ ਕਿ ਚੰਗੇ ਸਮਾਜ ਵਿੱਚ ਹਰ ਇੱਕ ਨੂੰ ਵਿੱਦਿਆ ਪ੍ਰਾਪਤ ਕਰਨ ਦਾ ਹੱਕ ਮਿਲ਼ਨਾ ਚਾਹੀਦਾ ਹੈ।



Downloaded from https:// www.studiestoday.com

Downloaded from https:// www.studiestoday.com

# ਬਸ਼ੀਰਾ

*ਨਵਤੇਜ ਸਿੰਘ*

ਬਸ਼ੀਰਾ ਤੇ ਮੈਂ ਬੜੇ ਚੰਗੇ ਬੇਲੀ ਸਾਂ। ਲੁਕਣ-ਮੀਟੀ ਜਾਂ ਕਿਸੇ ਹੋਰ ਖੇਡ ਵਿੱਚ ਜਦੋਂ ਹਾਣੀ ਬਣਨਾ ਹੁੰਦਾ ਤਾਂ ਅਸੀਂ ਦੋਵੇਂ ਕੋਸ਼ਸ਼ ਕਰਦੇ ਕਿ ਅਸੀਂ ਹਾਣੀ ਬਣੀਏ। ਜੇ ਕਿਤੇ ਬੰਟਿਆਂ ਤੋਂ ਦਵਾਤ ਡੁੱਲ੍ਹਣ ਤੋਂ ਜਾਂ ਬਾਲ-ਉਮਰ ਦੇ ਹੋਰ ਸੈਆਂ ਬਹਾਨਿਆਂ ਤੋਂ, ਕੋਈ ਮੇਰੇ ਨਾਲ਼ ਲੜ ਪੈਂਦਾ ਤਾਂ ਉਹ ਨਿੱਤ ਮੇਰੀ ਮਦਦ ਕਰਦਾ। ਜਮਾਤ ਵਿੱਚ ਜੇ ਕੁਝ ਉਸ ਨੂੰ ਸਮਝ ਨਾ ਪੈਂਦਾ ਤਾਂ ਮੈਂ ਸਮਝਾ ਦੇਂਦਾ। ਇਮਤਿਹਾਨ ਲਈ ਅਸੀਂ ਇਕੱਠੇ ਤਿਆਰੀ ਕਰਦੇ, ਜਿੰਨਾ ਕੁਝ ਮੈਨੂੰ ਆਉਂਦਾ ਹੁੰਦਾ ਮੈਂ ਉਹਨੂੰ ਪੜ੍ਹਾ ਦਿੰਦਾ। ਅਸੀਂ ਇੱਕ ਦੂਜੇ ਦੀ ਬਾਂਹ ਸਾਂ।

ਮੈਂ ਛੋਟੇ ਹੁੰਦਿਆਂ ਤੋਂ ਬਹੁਤ ਹੀ ਘੱਟ ਕਦੇ ਰੋਇਆ ਹੋਵਾਂਗਾ। ਹਾਂ ਇੱਕ ਵਾਰ ਦਾ ਚੇਤਾ ਏ ਮੈਂ ਫਰਨ-ਫਰਨ ਰੋਈ ਜਾਂਦਾ ਸਾਂ ਤੇ ਬੱਸ ਹੀ ਨਹੀਂ ਸਾਂ ਕਰਦਾ। ਖੇਡਦਿਆਂ-ਖੇਡਦਿਆਂ ਬਸ਼ੀਰੇ ਨੂੰ ਮੱਥੇ ਦੇ ਵਿਚਕਾਰ ਵੱਡਾ ਸਾਰਾ ਕਾਬਲੀ ਭੂੰਡ ਲੜ ਗਿਆ ਸੀ। ਉਹਦੇ ਨੱਕ ਵਿੱਚੋਂ ਲਹੂ ਦੀ ਤਤੀਰੀ ਫੁੱਟ ਪਈ ਸੀ ਤੇ ਮੈਂ ਬੇਵਸਾ ਜਿਹਾ ਹੋ ਕੇ ਰੋਣ ਲੱਗ ਪਿਆ ਸਾਂ....ਮੈਨੂੰ ਆਪਣੇ ਮੱਥੇ ਵਿੱਚ ਸੋਜ ਚੜ੍ਹਦੀ ਜਾਪੀ ਸੀ....

ਕਈ ਮੁੰਡੇ ਸਾਡੀ ਯਾਰੀ ਤੋਂ ਸੜਦੇ ਹੁੰਦੇ ਸਨ। ਮੈਂ ਜਮਾਤ ਵਿੱਚ ਪੜ੍ਹਾਈ ਵਿੱਚ ਸਭ ਤੋਂ ਚੰਗਾ ਸਾਂ.....ਤੇ ਬਸ਼ੀਰਾ ਖੇਡਾਂ ਤੇ ਦੌੜਾਂ ਵਿੱਚ। ਨਾਲ਼ੇ ਬਸ਼ੀਰਾ ਗਾਉਂਦਾ ਬੜਾ ਚੰਗਾ ਸੀ ਤੇ ਸਵੇਰੇ ਪੜ੍ਹਾਈ ਤੋਂ ਪਹਿਲਾਂ ਜਿਹੜੀ ਪ੍ਰਾਰਥਨਾ ਹੁੰਦੀ ਸੀ, ਉਹਦੇ ਵਿੱਚ ਅਗਵਾਈ ਕਰਦਾ ਹੁੰਦਾ ਸੀ। ਬਸ਼ੀਰਾ ਮੇਰੇ ਤੋਂ ਪਹਿਲਾਂ ਦਾ ਇਸ ਸਕੂਲ ਵਿੱਚ ਪੜ੍ਹਦਾ ਸੀ। ਪਹਿਲੋਂ ਸੁਣਿਆ ਏ ਉਹ ਪੜ੍ਹਾਈ ਵਿੱਚ ਬੜਾ ਨਲਾਇਕ ਹੁੰਦਾ ਸੀ। ਮੈਨੂੰ ਆਪਣੇ ਪਿਛਲੇ ਸਕੂਲ ਵਿੱਚ ਡਰਿੱਲ-ਮਾਸਟਰ ਕੋਲ਼ੋਂ ਬੜਾ ਡਰ ਲਗਦਾ ਹੁੰਦਾ ਸੀ! ਬਾਕੀ ਫ਼ੁਟ-ਬਾਲ ਤੇ ਹੋਰਨਾਂ ਖੇਡਾਂ ਵਿੱਚੋਂ ਕੁਝ ਵੀ ਮੈਨੂੰ ਨਹੀਂ ਸੀ ਆਉਂਦਾ ਪਰ ਜਦੋਂ ਦਾ ਮੈਂ ਇਸ ਸਕੂਲ ਵਿੱਚ ਆਇਆ ਸਾਂ, ਮੇਰਾ ਇਹ ਡਰ ਦੂਰ ਹੋ ਗਿਆ ਸੀ ਤੇ ਮੈਂ ਖੇਡਾਂ ਵਿੱਚ ਚੰਗਾ ਹੋ ਗਿਆ ਸਾਂ ਤੇ ਬਸ਼ੀਰਾ ਪੜ੍ਹਾਈ ਵਿੱਚ। ਅਜਿਹਾ ਜਾਦੂ ਸੀ, ਸਾਡੀ ਯਾਰੀ ਦਾ।

ਬਸ਼ੀਰੇ ਦੀ ਫ਼ੁੱਟਬਾਲ ਵਿੱਚ ਕਿੱਕ ਬੜੀ ਮਸ਼ਹੂਰ ਹੁੰਦੀ ਸੀ। ਜਦੋਂ ਸਾਡਾ ਮੈਚ ਕਿਸੇ ਹੋਰ ਸਕੂਲ ਨਾਲ਼ ਹੋਣਾ ਹੁੰਦਾ ਤਾਂ ਉਹਨਾਂ ਦੇ ਖਿਡਾਰੀ ਬਸ਼ੀਰੇ ਦੇ ਗੋਡੇ-ਗਿੱਟੇ ਭੰਨਣ ਦੀ ਉਡੀਕ ਵਿੱਚ ਹੀ ਰਹਿੰਦੇ......ਪਰ ਘੱਟ ਈ ਕਦੇ ਉਹਨੂੰ ਸੱਟ-ਚੋਟ ਲਗਦੀ। ਉਹ ਫ਼ੁੱਟਬਾਲ ਨੂੰ ਇੰਜ ਘੁਮਾਉਂਦਾ ਕਿ ਤੱਕਣ ਵਾਲ਼ੇ ਹੈਰਾਨ ਰਹਿ ਜਾਂਦੇ ਤੇ ਉੱਚੀ-ਉੱਚੀ ਉਹਦਾ ਨਾਂ ਲੈ ਕੇ ਉਹਦੀਆਂ ਤਰੀਫ਼ਾਂ ਕਰਦੇ। ਇਹ ਤਰੀਫ਼ਾਂ ਮੈਨੂੰ ਜਾਪਦੀਆਂ ਜਿਵੇਂ ਲੋਕ ਮੇਰੀਆਂ ਕਰ ਰਹੇ ਹੋਣ। ਮੈਂ ਫ਼ੁੱਟਬਾਲ ਦੇ ਮੈਚ ਵਾਲ਼ੇ ਦਿਨ ਆਪਣ-ਆਪ ਵਿੱਚ ਮਿਉਂਦਾ ਨਹੀਂ ਸਾਂ ਹੁੰਦਾ।



Downloaded from https:// www.studiestoday.com

Downloaded from https:// www.studiestoday.com



ਮੇਰੇ ਘਰ ਦੇ ਮੇਰਾ ਜਨਮ-ਦਿਨ ਮਨਾਉਂਦੇ ਹੁੰਦੇ ਸਨ। ਇਸ ਦਿਨ ਸਾਡੇ ਕਈ ਰਿਸ਼ਤੇਦਾਰ ਮੁੰਡਿਆਂ-ਕੁੜੀਆਂ ਨੂੰ ਮਾਤਾ ਜੀ ਸ਼ਹਿਰੋਂ ਬੁਲਾਂਦੇ। ਬੜੇ ਸੋਹਣੇ ਕੱਪੜੇ ਪਾਈ ਇਹ ਸੁਹਣੇ ਮੁੰਡੇ ਤੇ ਸੁਹਣੀਆਂ ਕੁੜੀਆਂ ਆਉਂਦੀਆਂ। ਸੁਹਣੀਆਂ ਸੁਗਾਤਾਂ ਲਈ....ਖਿਡੌਣੇ ਮੇਰੇ ਮਨ ਨੂੰ ਲਲਚਾਂਦੇ ਸਨ, ਟਾਫ਼ੀਆਂ ਤੇ ਚਾਕਲੇਟ ਜਿਨ੍ਹਾਂ ਦੀ ਅਨੋਖ਼ੀ ਮਿਠਾਸ ਗਲ਼ੇ ਦੀ ਜੀਭ ਵਿੱਚ ਕਿੰਨੀ ਦੇਰ ਜਿਊਂਦੀ ਰਹਿੰਦੀ ਸੀ। ਪਰੀ ਦੇਸ ਦੀ ਸੈਰ ਕਰਦੀਆਂ ਮੂਰਤਾਂ ਵਾਲ਼ੀਆਂ ਕਿਤਾਬਾਂ। ਸੋਹਣੀਆਂ ਕੁੜੀਆਂ ਅੱਖਾਂ ਮਟਕਾ-ਮਟਕਾ ਕੇ ਅੰਗਰੇਜ਼ੀ ਵਿੱਚ ਗੌਣ ਗਾਉਂਦੀਆਂ। ਬਸ਼ੀਰਾ ਝਕਦਿਆਂ-ਝਕਦਿਆਂ ਸ਼ਰਮ ਨਾਲ਼ ਦੂਹਰਾ ਹੋਇਆ ਇੱਕ ਨੁੱਕਰੇ ਬੈਠਾ ਰਹਿੰਦਾ। ਉਹਨੇ ਗੌਣਾ ਤਾਂ ਕੀ ਉਹਦੇ ਮੂੰਹੋਂ ਗੱਲ ਵੀ ਇਹਨਾਂ ਸਾਹਮਣੇ ਨਹੀਂ ਸੀ ਨਿਕਲ਼ਦੀ। ਇਹਨਾਂ ਸਾਹਮਣੇ ਉਹ ਘੱਟ ਈ ਕੁਝ ਖਾਂਦਾ, ਮਤੇ ਉਹਦੀ ਕਿਸੇ ਗ਼ਲਤੀ 'ਤੇ ਇਹ ਸਭ ਵਲੈਤੀ ਮਠਿਆਈ ਵਾਂਗ ਸੁਹਣੇ ਕਾਗ਼ਜ਼ਾਂ ਵਿੱਚ ਵਲ੍ਹੇਟੇ ਹੱਸ ਨਾ ਪੈਣ।

ਤੇ ਮੈਨੂੰ ਇਹ ਸਾਰੇ......ਅੰਗਰੇਜ਼ੀ ਗੌਣ ਗੌਂਦੀਆਂ ਕੁੜੀਆਂ ਤੇ ਸੁਗਾਤਾਂ ਲੱਦੇ ਮੁੰਡੇ ਚੰਗੇ ਨਾ ਲੱਗਦੇ ਕਿਉਂਕਿ ਬਸ਼ੀਰਾ ਇਹਨਾਂ ਸਾਹਮਣੇ ਹੱਸਦਾ ਨਹੀਂ ਸੀ। ਹਾਸਾ ਜਿਦ੍ਹੇ ਵਿੱਚ ਮੈਨੂੰ ਬਾਸਮਤੀ ਦੇ ਖੇਤਾਂ ਦੀ ਮਹਿਕ ਜਾਪਦੀ ਹੁੰਦੀ ਸੀ, ਕਿਉਂਕਿ ਬਸ਼ੀਰਾ ਇਹਨਾਂ ਸਾਹਮਣੇ ਗੌਂਦਾ ਨਹੀਂ ਸੀ, ਗੀਤ ਜਿਨ੍ਹਾਂ ਦੀ ਹੇਕ ਲੰਮ-ਸਲੰਮੇ ਰੁੱਖਾਂ ਵਾਂਗ ਸੀ। ਇਹਨਾਂ ਸਾਹਮਣੇ ਬਸ਼ੀਰਾ ਕੁਝ ਇੰਝ ਸੁੰਗੜ ਕੇ ਬਹਿੰਦਾ ਕਿ ਉਹਦਾ ਕੱਦ ਵੀ ਛੋਟਾ ਹੋ ਗਿਆ ਜਾਪਦਾ।'

ਇਹਨਾਂ ਮੁੰਡਿਆਂ-ਕੁੜੀਆਂ ਵਿੱਚੋਂ ਮੈਨੂੰ ਇੱਕ ਕੁੜੀ ਕਾਂਤੀ ਚੰਗੀ ਲਗਦੀ ਸੀ ਕਿਉਂਕਿ ਉਹ ਬਸ਼ੀਰੇ ਨਾਲ਼ ਗੱਲ ਕਰਦੀ ਸੀ ਤਾਂ ਉਹਦੇ ਮੂੰਹ-ਮੱਥੇ 'ਤੇ ਕੋਈ ਅਮੀਰੀ ਦੇ ਵੱਟ ਨਹੀਂ ਸੀ ਪੈਂਦੇ ਤੇ ਉਸ ਦੇ ਦਿਲ ਵਿੱਚ ਅੰਗਰੇਜ਼ੀ ਨਹੀਂ ਸੀ ਵਸੀ ਹੁੰਦੀ। ਉਹਨੇ ਮੇਰੇ ਲਈ ਲਿਆਂਦੀਆਂ ਸੁਗਾਤਾਂ ਵਿੱਚੋਂ ਰੰਗ-ਬਰੰਗੀ ਜਰਸੀ ਬਸ਼ੀਰੇ ਨੂੰ ਵੀ ਦਿੱਤੀ ਸੀ। ਕਾਂਤੀ ਇਸ ਤੋਂ ਮਗਰੋਂ ਜਦ ਵੀ ਹੱਸਦੀ....ਉਹਦੇ ਹਾਸੇ ਵਿੱਚੋਂ ਵੀ ਮੈਨੂੰ ਬਾਸਮਤੀ ਦੇ ਖੇਤਾਂ ਦੀ ਮਹਿਕ ਆਣ ਲੱਗ ਪਈ ਸੀ।

ਮੇਰਾ ਕਮਰਾ, ਮੇਰੀ ਅਲਮਾਰੀ, ਮੇਰਾ ਸੰਦੂਕ....ਸਭ ਕੁਝ ਜਨਮ-ਦਿਨ ਦੀਆਂ ਸੁਗਾਤਾਂ ਨਾਲ਼ ਭਰ ਜਾਂਦੇ ਪਰ ਮੈਨੂੰ ਇਹ ਸਭ ਲੈਣ ਤੋਂ ਵੱਧ ਅਨੰਦ ਆਪਣੇ ਜਨਮ-ਦਿਨ 'ਤੇ ਬਸ਼ੀਰੇ ਨੂੰ ਕੁਝ ਯਾਰੀ ਦੀ ਨਿਸ਼ਾਨੀ ਵਜੋਂ ਦੇਣ ਵਿੱਚ ਆਉਂਦਾ। ਮੈਂ ਇੱਕ ਵਾਰ ਉਹਨੂੰ ਬੜਾ ਵਧੀਆ ਫ਼ੁੱਟਬਾਲ ਦਿੱਤਾ। ਫ਼ੁੱਟਬਾਲ ਦਾ ਤਾਂ ਉਹ ਮਦਾਰੀ ਸੀ। ਇਹ ਲੈ ਕੇ ਬੜਾ ਖ਼ੁਸ਼ ਹੋਇਆ।

ਇਹ ਪਹਿਲਾ ਫ਼ੁੱਟਬਾਲ ਸੀ ਜਿਹੜਾ ਨਿਰੋਲ ਉਹਦਾ ਆਪਣਾ ਸੀ।

ਅਸੀਂ ਬਚਪਨ ਦੀਆਂ ਉਡਾਰੀਆਂ ਵਿੱਚ ਕਈ ਥਾਂ, ਕਈ ਸ਼ਹਿਰ, ਕਈ ਧਰਤੀਆਂ ਉੱਡ ਚੁੱਕੇ ਸਾਂ।

''....ਬਸ਼ੀਰਿਆ ਅਸੀਂ ਕਾਲਜ ਵਿੱਚ ਵੀ ਇਕੱਠੇ ਪੜ੍ਹਾਂਗੇ.... ਤੇ ਤੂੰ ਫ਼ੁੱਟਬਾਲ ਦੀ ਯੂਨੀਵਰਸਿਟੀ ਟੀਮ ਵਿੱਚ ਚੁਣਿਆ ਜਾਏਂਗਾ।'' ''ਤੇ ਤੇਜ ਤੂੰ ਬੜੀਆਂ ਕਿਤਾਬਾਂ

Downloaded from https:// www.studiestoday.com

Downloaded from https:// www.studiestoday.com



ਲਿਖੇਂਗਾ। ਮੇਰਾ ਹਾਲ ਵੀ ਲਿਖੀਂ ਤੇਰੀਆਂ ਕਿਤਾਬਾਂ ਸਾਰੇ ਲੋਕ ਪੜ੍ਹਿਆ ਕਰਨਗੇ। ਕਿਸੇ ਪਲ ਤੇਰੀ ਕਿਤਾਬ ਵੇਖ ਕੇ ਮੈਂ ਮਾਣ ਨਾਲ਼ ਕਿਹਾ ਕਰਾਂਗਾ, ਇਹ ਮੇਰੇ ਯਾਰ ਤੇਜ ਨੇ ਲਿਖੀ ਏ।''

ਫੇਰ ਅਸੀਂ ਪਰਦੇਸ ਦੀ 'ਕੱਠੀ ਸੈਰ ਬਾਰੇ ਸੋਚਦੇ, ਸਮੁੰਦਰ ਦੀਆਂ ਛੱਲਾਂ ਸੁਣਨ ਲੱਗ ਪੈਂਦੀਆਂ ਤੇ ਫੇਰ ਬਸ਼ੀਰਾ ਮੈਨੂੰ ਛੇੜਦਾ :

''ਜਦੋਂ ਅਸੀਂ ਵਾਪਸ ਦੇਸ ਪਰਤਦਿਆਂ ਜਹਾਜ਼ ਤੋਂ ਉਤਰਾਂਗੇ ਤਾਂ ਅੱਗੇ ਉਹ ਕੁੜੀ ਕਾਂਤੀ ਖਲੋਤੀ ਹੋਏਗੀ। ਉਹ ਤੈਨੂੰ ਹਾਰ ਪਾਏਗੀ ਤੇ ਮੈਨੂੰ ਵੀ ਕਿਉਂਕਿ ਮੈਂ ਤੇਰਾ ਬੇਲੀ ਵਾਂ। ਤੇ ਫੇਰ ਤੂੰ ਉਹਦੇ ਨਾਲ਼ ਵਿਆਹ ਕਰ ਲਏਂਗਾ।''

ਉਦੋਂ ਪਤਾ ਨਹੀਂ ਕਿਉਂ ਮੇਰੀਆਂ ਲਾਲ ਗੱਲ੍ਹਾਂ ਸੂਹੀਆਂ ਹੋ ਜਾਂਦੀਆਂ ਸਨ ਤੇ ਮੈਂ ਉਹਨੂੰ ਉੱਤੋਂ ਝਿੜਕਦਾ, ''ਅਜਿਹੀਆਂ ਗੱਲਾਂ ਨਹੀਂ ਕਰੀਦੀਆਂ, ਮੈਂ ਤੇਰੇ ਨਾਲ਼ ਨਹੀਂ ਬੋਲਣਾ'', ਪਰ ਅੰਦਰੋਂ ਇਹ ਗੱਲ ਮੈਨੂੰ ਬੜਾ ਨਿੱਘ ਦੇਂਦੀ ਤੇ ਚੰਗੀ-ਚੰਗੀ ਲਗਦੀ ਹੁੰਦੀ ਸੀ....

ਇੱਕ ਦਿਨ ਬਸ਼ੀਰਾ ਸਕੂਲੇ ਨਾ ਆਇਆ, ਫੇਰ ਦੂਜੇ ਦਿਨ ਵੀ ਨਾ। ਮਲੇਰੀਆ ਬੁਖ਼ਾਰ ਦਾ ਮੌਸਮ ਸੀ, ਮੈਂ ਜਾਤਾ ਤਾਪ ਚੜ੍ਹ ਗਿਆ ਹੋਣਾ ਸੂ। ਉਹਦਾ ਪਿੰਡ ਮੇਰੇ ਤੋਂ ਤਿੰਨ ਕੋਹ 'ਤੇ ਸੀ ਤੇ ਨਾਲ਼ ਮੈਂ ਵੀ ਕੁਝ ਢਿੱਲਾ-ਮੱਠਾ ਸਾਂ, ਆਪੀਂ ਪਤਾ ਕਰਨ ਨਾ ਜਾ ਸਕਿਆ।

ਹੋਰ ਪੰਜ-ਸੱਤ ਦਿਨ ਲੰਘ ਗਏ। ਮੈਂ ਉਡੀਕਦਾ ਰਿਹਾ ਪਰ ਬਸ਼ੀਰਾ ਫੇਰ ਵੀ ਨਾ ਆਇਆ। ਮੈਨੂੰ ਬੜਾ ਫ਼ਿਕਰ ਹੋਇਆ, ਨਾਲ਼ੇ ਮੈਂ ਉਸ ਬਾਝੋਂ ਕੁਝ ਓਦਰ ਵੀ ਗਿਆ ਸਾਂ। ਮੈਂ ਉਹਦੇ ਪਿੰਡ ਚਲਾ ਗਿਆ।

ਬਾਹਰਵਾਰ ਚਰਾਂਦ ਵਿੱਚ ਹੀ ਬਸ਼ੀਰਾ ਇੱਕ ਮੱਝ ਚਰਾਂਦਾ ਮਿਲ਼ ਪਿਆ। ਮੈਂ ਉਹਨੂੰ ਪੁੱਛਿਆ, ''ਬਸ਼ੀਰਿਆ, ਤੂੰ ਸਕੂਲੇ ਕਿਉਂ ਨਹੀਂ ਆਉਂਦਾ।''

ਉਹਨੇ ਜੁਆਬ ਦਿੱਤਾ, ''ਮੇਰੇ ਮੀਏਂ ਨੇ ਮੱਝ ਖਰੀਦ ਲਈ ਏ।''

ਮੈਨੂੰ ਉਦੋਂ ਉਹਦੀ ਗੱਲ ਸਮਝ ਨਹੀਂ ਸੀ ਆਈ। ''ਮੀਏਂ ਨੇ ਮੱਝ ਖਰੀਦ ਲਈ ਏ'', ਮੱਝ ਦਾ ਜੋੜ ਮੇਰੀ ਦੁਨੀਆਂ ਵਿੱਚ ਦੁੱਧ-ਲੱਸੀ ਨਾਲ਼ ਹੀ ਸੀ।

ਪਰ ਬਸ਼ੀਰੇ ਦੀ ਦੁਨੀਆਂ ਵਿੱਚ ਅਤੇ ਕਿੰਨੇ ਹੀ ਹੋਰ ਲੋਕ ਇਸ ਦੁਨੀਆਂ ਵਿੱਚ ਵੱਸਦੇ ਹਨ ਜਿਨ੍ਹਾਂ ਲਈ ਮੱਝ ਦਾ ਜੋੜ ਦੁੱਧ ਪੀਣ ਨਾਲ਼ ਨਹੀਂ, ਘਰ ਦੇ ਗੁਜ਼ਾਰੇ ਖ਼ਾਤਰ ਠੇਕੇਦਾਰ ਕੋਲ਼ ਸਾਰਾ ਦੁੱਧ ਵੇਚ ਦੇਣ ਨਾਲ਼ ਸੀ, ਸਿੱਪੀ-ਸਿੱਪੀ ਦੁੱਧ ਲਈ ਤਰਸਣ ਨਾਲ਼ ਸੀ, ਸਕੂਲੋਂ ਹਟਣ ਤੇ ਬੇਲੀਆਂ ਨਾਲ਼ੋਂ ਵਿਛੜਨ ਨਾਲ਼ ਸੀ।

....ਬਸ਼ੀਰਿਆ! ਉਹ ਫ਼ੁੱਟਬਾਲ ਜਿਹੜਾ ਮੈਂ ਤੈਨੂੰ ਦਿੱਤਾ ਸੀ, ਉਹ ਤੇਰਾ ਪਹਿਲਾ ਤੇ ਅਖ਼ੀਰਲਾ ਫ਼ੁੱਟਬਾਲ ਸੀ। ਸ਼ਾਇਦ ਹਾਲੀ ਵੀ ਉਹ ਸੁੰਗੜਿਆ ਹੋਇਆ ਤੇਰੇ ਦਿਲ ਦੀ ਕਿਸੇ ਨੁੱਕਰੇ ਅਡੋਲ ਪਿਆ ਹੋਣਾ ਏਂ, ਤੇਰੇ ਪੈਰਾਂ ਵਿੱਚ ਕਿੱਕ ਮਾਰਨ ਦੀ ਸੱਧਰ ਕੜਵੱਲ ਪਾਂਦੀ ਹੋਏਗੀ।

Downloaded from https:// www.studiestoday.com

Downloaded from https:// www.studiestoday.com



''ਬਸ਼ੀਰਿਆ, ਮੈਂ ਤੈਨੂੰ ਫ਼ੁੱਟਬਾਲ ਤਾਂ ਦਿੱਤਾ, ਪਰ ਮੈਂ 'ਕੱਲਾ ਤੈਨੂੰ ਖੇਡਣ ਦੀ ਵਿਹਲ ਨਹੀਂ ਦੇ ਸਕਦਾ। ਤੂੰ ਕਾਲਜ ਨਾ ਜਾ ਸਕਿਆ, ਯੂਨੀਵਰਸਿਟੀ ਦੀ ਟੀਮ ਵਿੱਚ ਨਾ ਜਾ ਸਕਿਆ।'' ਮੈਂ ਤੇਰਾ ਯਾਰ ਤੇਜ ਲਿਖਣ ਲੱਗ ਪਿਆ ਹਾਂ। ਚੇਤੇ ਈ ਤੂੰ ਕਿਹਾ ਸੀ, ''ਮੇਰਾ ਹਾਲ ਲਿਖੀਂ'', ਮੈਂ ਤੇਰਾ ਹਾਲ ਲਿਖਾਂਗਾ ਤੇ ਸਿਰਫ਼ ਲਿਖਾਂਗਾ ਈ ਨਹੀਂ ਮੈਂ ਆਪਣੀ ਲੇਖਣੀ ਰਾਹੀਂ ਉਸ ਜ਼ਿੰਦਗੀ ਲਈ ਸੰਗਰਾਮ ਕਰਾਂਗਾ ਜਿਸ ਵਿੱਚ ਠੇਕੇਦਾਰ ਸਾਰਾ ਦੁੱਧ ਨਹੀਂ ਚੁੱਕ ਲਿਜਾਣਗੇ ਤੇ ਬਸ਼ੀਰੇ ਦੁੱਧ ਪੀਣਗੇ, ਜਿੱਥੇ ਕਿੱਕ ਮਾਰਨ ਦੀ ਸੱਧਰ ਸਾਰੀ ਉਮਰ ਕਿਸੇ ਦੇ ਪੈਰਾਂ ਨੂੰ ਕੜਵੱਲ ਨਹੀਂ ਪਾਂਦੀ ਰਹੇਗੀ ਤੇ ਜਿੱਥੇ ਬਸ਼ੀਰੇ ਦੇ ਬਾਲ-ਮਨ ਦੀਆਂ ਉਡਾਰੀਆਂ ਨੂੰ ਇੱਕ ਸੰਗਲ਼ ਪਾ ਕੇ ਮੱਝ ਦੇ ਕਿੱਲੇ ਨਾਲ਼ ਕੋਈ ਨਹੀਂ ਬੰਨ ਸਕੇਗਾ....

**ਸ਼ਬਦ—ਅਰਥ :**

**ਲੁਕਣਮੀਟੀ** - ਲੁਕਣਮੀਚੀ, ਇੱਕ ਬਾਲ-ਖੇਡ। **ਸੈਆਂ** - ਸੈਂਕੜੇ। **ਗੌਣ** - ਗਾਣੇ, ਗੀਤ। **ਮਿਉਂਦਾ** - ਸਮਾਉਂਦਾ। **ਸੂਹੀਆਂ** - ਲਾਲ। **ਸਿੱਪੀ-ਸਿੱਪੀ ਦੁੱਧ** - ਬੂੰਦ - ਬੂੰਦ ਦੁੱਧ। **ਕੜਵਲ** - ਵਲ਼,ਮਰੋੜ। **ਸੰਗਰਾਮ** - ਲੜਾਈ, ਯੁੱਧ।

## ਪਾਠ-ਅਭਿਆਸ

1. 'ਬਸ਼ੀਰਾ' ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।
2. ਇਸ ਕਹਾਣੀ ਦੀ ਕਿਹੜੀ ਘਟਨਾ ਨੇ ਲੇਖਕ ਨੂੰ ਰੋਣ ਲਈ ਮਜਬੂਰ ਕਰ ਦਿੱਤਾ?
3. ਪੜ੍ਹਾਈ ਦੇ ਨਾਲ਼-ਨਾਲ਼ ਬਸ਼ੀਰਾ ਸਕੂਲ ਦੀਆਂ ਹੋਰ ਕਿਹੜੀਆਂ ਕਿਰਿਆਵਾਂ ਵਿੱਚ ਹਿੱਸਾ ਲੈਂਦਾ ਸੀ?
4. ਫ਼ੁਟਬਾਲ ਖੇਡ ਰਹੇ ਬਸ਼ੀਰੇ ਨੂੰ ਦੇਖ ਕੇ ਲੇਖਕ ਕੀ ਮਹਿਸੂਸ ਕਰਦਾ ਸੀ?
5. ਲੇਖਕ ਦਾ ਜਨਮ-ਦਿਨ ਮਨਾਉਣ ਆਏ ਮੁੰਡੇ-ਕੁੜੀਆਂ ਵਿੱਚੋਂ, ਲੇਖਕ ਨੂੰ ਕਾਂਤੀ ਨਾਂ ਦੀ ਕੁੜੀ ਕਿਉਂ ਚੰਗੀ ਲੱਗਦੀ ਸੀ?
6. ਲੇਖਕ ਅਤੇ ਬਸ਼ੀਰਾ ਆਪਣੇ ਭਵਿਖ ਬਾਰੇ ਕਿਹੜੀਆਂ ਵਿਓਂਤਾਂ ਬਣਾਉਂਦੇ ਸਨ?
7. 'ਮੀਏਂ ਨੇ ਮੱਝ ਖ਼ਰੀਦ ਲਈ ਏ,' ਲੇਖਕ ਨੂੰ ਇਸ ਗੱਲ ਦੀ ਸਮਝ ਕਿਉਂ ਨਹੀਂ ਸੀ ਆ ਰਹੀ?
8. ਕਹਾਣੀ ਦੇ ਅੰਤ ਵਿੱਚ ਲੇਖਕ, ਬਸ਼ੀਰੇ ਦੇ ਬਾਲ-ਮਨ ਦੀਆਂ ਉਡਾਰੀਆਂ ਨੂੰ ਪੂਰੀਆਂ ਕਰਨ ਲਈ ਕੀ ਕਲਪਨਾ ਕਰਦਾ ਹੈ?

******

Downloaded from https:// www.studiestoday.com

Downloaded from https:// www.studiestoday.com

# ਨੌਰੰਗ ਸਿੰਘ

(1905-1963)

**ਲੇਖਕ ਬਾਰੇ :**

ਨੌਰੰਗ ਸਿੰਘ ਦਾ ਜਨਮ 1905 ਈ. ਨੂੰ ਮਾਤਾ ਸ੍ਰੀਮਤੀ ਭਗਵਾਨ ਕੌਰ ਅਤੇ ਪਿਤਾ ਸ੍ਰੀ ਪੂਰਨ ਸਿੰਘ ਦੇ ਘਰ ਚੱਕ ਨੰ. 24 ਜ਼ਿਲ੍ਹਾ ਲਾਇਲਪੁਰ (ਪਾਕਿਸਤਾਨ) ਵਿਖੇ ਹੋਇਆ। ਮੁਢਲੀ ਵਿੱਦਿਆ ਦਸਵੀਂ ਤੱਕ ਖ਼ਾਲਸਾ ਹਾਈ ਸਕੂਲ ਲਾਇਲਪੁਰ ਤੋਂ ਕੀਤੀ ਅਤੇ ਉਚੇਰੀ ਧਾਰਮਿਕ ਵਿੱਦਿਆ ਸਿੱਖ ਮਿਸ਼ਨਰੀ ਕਾਲਜ, ਅੰਮ੍ਰਿਤਸਰ ਤੋਂ ਗ੍ਰਹਿਣ ਕੀਤੀ। 1934 ਈ: ਵਿੱਚ ਆਪ ਦੀ ਪਹਿਲੀ ਕਹਾਣੀ 'ਤਾਰੋ' ਪ੍ਰੀਤਲੜੀ ਵਿੱਚ ਛਪੀ। 1939 ਈ. ਤੋਂ 1947 ਈ. ਤੱਕ ਸੰਸਾਰ ਪ੍ਰੀਤ-ਮੰਡਲ ਦੇ ਮੈਂਬਰ ਵਜੋਂ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਸੰਪਰਕ ਵਿੱਚ ਰਹੇ। ਪ੍ਰੀਤ ਨਗਰ ਰਹਿੰਦਿਆਂ 'ਪ੍ਰੀਤਲੜੀ ਉਰਦੂ' ਅਤੇ 'ਪ੍ਰੀਤਲੜੀ ਸੈਨਿਕ ਸਪਤਾਹਿਕ' ਦੇ ਸੰਪਾਦਕ ਰਹੇ। ਆਪ ਮਲਾਇਆ ਦੀ ਯਾਤਰਾ 'ਤੇ ਵੀ ਗਏ।

ਦੇਸ ਦੀ ਵੰਡ ਤੋਂ ਬਾਅਦ ਆਪ ਨੂੰ ਪਿੰਡ ਸਵਾੜਾ ਤਹਿ : ਖਰੜ ਵਿੱਚ ਜ਼ਮੀਨ ਅਲਾਟ ਹੋਈ ਅਤੇ ਇੱਥੇ ਹੀ ਰਹਿਣ ਲੱਗ ਪਏ। 1954 ਈ. ਤੋਂ 1963 ਈ. ਤੱਕ ਕਮਿਉਨਿਟੀ ਪ੍ਰੋਜੈਕਟ ਵਿਭਾਗ, ਪੰਜਾਬ ਵਿੱਚ ਨੌਕਰੀ ਕੀਤੀ ਤੇ ਇਸੇ ਦੌਰਾਨ ਡਾ. ਮਹਿੰਦਰ ਸਿੰਘ ਰੰਧਾਵਾ ਨੂੰ 'ਪੰਜਾਬ ਦੇ ਲੋਕ-ਗੀਤ' ਅਤੇ 'ਪੰਜਾਬ' ਨਾਂ ਦੀਆਂ ਪੁਸਤਕਾਂ ਲਈ ਸਹਿਯੋਗ ਦਿੱਤਾ।

ਮੁਢਲੇ ਕਹਾਣੀਕਾਰਾਂ ਵਿੱਚ ਆਪ ਦਾ ਨਾਂ ਵਿਸ਼ੇਸ਼ ਸਥਾਨ ਰੱਖਦਾ ਹੈ। ਉਹਨਾਂ ਦੇ 'ਭੁੱਖੀਆਂ ਰੂਹਾਂ', 'ਬੋਝਲ ਪੰਡ', 'ਮਿਰਜ਼ੇ ਦੀ ਜੂਹ', 'ਬੂਹਾ ਖੁੱਲ੍ਹ ਗਿਆ', 'ਮੁਹਾਂਦਰੇ', 'ਅੰਨ੍ਹਾ-ਖੂਹ' (ਬੱਚਿਆਂ ਲਈ) ਆਦਿ ਕਹਾਣੀ-ਸੰਗ੍ਰਹਿ ਜ਼ਿਕਰਯੋਗ ਹਨ।

ਆਪ ਦੀਆਂ ਕੁਝ ਹੋਰ ਰਚਨਾਵਾਂ 'ਸੰਝ ਸਵੇਰ' ਕਾਵਿ-ਸੰਗ੍ਰਹਿ ਤੇ 'ਮਿੰਦੋ' ਨਾਵਲ ਵੀ ਹਨ।

ਹਥਲੀ ਪਾਠ-ਪੁਸਤਕ ਵਿੱਚ ਆਪ ਦੀ ਬਹੁ-ਚਰਿਚਤ ਕਹਾਣੀ 'ਮੁਰਕੀਆਂ' ਸ਼ਾਮਲ ਕੀਤੀ ਗਈ ਹੈ।

**ਕਹਾਣੀ ਬਾਰੇ :**

ਇਸ ਕਹਾਣੀ ਵਿੱਚ ਕਰੀਮੂ ਅਤੇ ਰਹੀਮੂ ਦੋ ਭਰਾ ਹਨ। ਉਹ ਸਦਾ ਖੇਡਣ ਵਿੱਚ ਮਸਤ ਰਹਿੰਦੇ ਹਨ। ਉਹਨਾਂ ਦੀ ਬਿਮਾਰ ਮਾਂ ਮੰਜੇ 'ਤੇ ਪਈ ਦਮ ਤੋੜ ਰਹੀ ਹੈ ਪਰ ਉਹਨਾਂ ਨੂੰ ਇਸ ਗੱਲ ਦੀ ਕੋਈ ਪਰਵਾਹ ਨਹੀਂ ਹੈ। ਉਹਨਾਂ ਦਾ ਪਿਤਾ ਜੁਆਰੀਆ ਅਤੇ



Downloaded from https:// www.studiestoday.com

Downloaded from https:// www.studiestoday.com



ਨਸ਼ੇੜੀ ਸੀ, ਜੋ ਜੂਏ ਵਿੱਚ ਆਪਣਾ ਸਭ ਕੁਝ ਹਾਰ ਚੁੱਕਾ ਸੀ। ਵਿਹਲੇ ਰਹਿਣ ਕਾਰਨ ਪਿੰਡ ਵਾਲ਼ੇ ਉਹਨਾਂ 'ਤੇ ਚੋਰੀਆਂ ਕਰਨ ਦਾ ਸ਼ੱਕ ਕਰਦੇ ਹਨ। ਬਿਮਾਰ ਪਈ ਮਾਂ, ਦੋਂਹਾਂ ਭਰਾਵਾਂ ਨੂੰ ਦੱਸਦੀ ਹੈ ਕਿ ਉਸ ਦੇ ਕੰਨਾਂ ਵਿੱਚ ਪਾਈਆਂ ਮੁਰਕੀਆਂ ਉਹਨਾਂ ਦੇ ਬਾਪ ਦੀ ਨਿਸ਼ਾਨੀ ਹੈ। ਇਹ ਮੁਰਕੀਆਂ ਉਹ ਸਾਰੀ ਉਮਰ ਉਸ ਦੇ ਕੰਨਾਂ ਵਿੱਚ ਪਾਈਆਂ ਦੇਖਣੀਆਂ ਚਾਹੁੰਦਾ ਸੀ। ਮਾਂ ਦੀ ਮੌਤ ਉਪਰੰਤ ਉਹ ਕਬਰਾਂ ਵਿੱਚ ਦਫ਼ਨ ਆਪਣੀ ਮਾਂ ਦੇ ਕੰਨਾਂ ਤੋਂ ਮੁਰਕੀਆਂ ਲਾਹ ਕੇ ਵੇਚਣ ਦੀ ਸੋਚਦੇ ਹਨ। ਜਦੋਂ ਉਹ ਕਬਰ ਪੁੱਟਣ ਲਗਦੇ ਹਨ ਤਾਂ ਉਹਨਾਂ ਨੂੰ ਆਪਣੀ ਮਾਂ ਦੀ ਨਸੀਹਤ ਯਾਦ ਆ ਜਾਂਦੀ ਹੈ ਤੇ ਉਹਨਾਂ ਦੇ ਮਨਾਂ 'ਤੇ ਗਹਿਰਾ ਅਸਰ ਹੁੰਦਾ ਹੈ। ਉਹ ਮਾਂ ਦੇ ਕੰਨਾਂ ਦੀਆਂ ਮੁਰਕੀਆਂ, ਬਿਨਾ ਉਤਾਰੇ ਘਰ ਵਾਪਸ ਪਰਤ ਆਉਂਦੇ ਹਨ। ਇਸ ਪ੍ਰਕਾਰ ਇਹ ਕਹਾਣੀ ਬੜੇ ਮਾਰਮਿਕ ਅੰਤ ਨਾਲ਼ ਖ਼ਤਮ ਹੁੰਦੀ ਹੈ।

******

Downloaded from https:// www.studiestoday.com

Downloaded from https:// www.studiestoday.com

# ਮੁਰਕੀਆਂ

*ਨੌਰੰਗ ਸਿੰਘ*

''ਹੂੰ......ਹੂੰ......ਹਾਏ'' ਬੀਮਾਰ ਮਾਂ ਅੰਦਰ ਹੰਗੂਰਾ ਮਾਰਦੀ ਸੀ। ਕਰੀਮੂ ਤੇ ਰਹੀਮੂ ਬਾਹਰ ਅਖ਼ਰੋਟ ਪਏ ਖੇਡਦੇ ਸਨ।

''ਹੂੰ ਮੀਰੀ.....ਚੱਲ ਸੁੱਟ'' ਕਰੀਮੂ ਨੇ ਕਿਹਾ।

ਰਹੀਮੂ ਨੇ ਪਚਾਮਿਆਂ ਤੋਂ ਖਲੋ ਕੇ ਅਖਰੋਟ ਦੀ ਲੱਪ ਖ਼ੁੱਤੀ ਵੱਲ ਵਗਾਹੀ। ਕੁਝ ਪੈ ਗਏ ਤੇ ਬਾਕੀ ਦੇ ਬਾਹਰ ਖਿੰਡਰਿਆਂ ਵੱਲ ਵੇਖਦਿਆਂ ਉਸ ਆਪਣੇ ਵੱਡੇ ਭਰਾ ਕਰੀਮੂ ਨੂੰ ਪੁੱਛਿਆ :

''ਦੱਸ ਚੋਟ ਕਿਹੜੇ 'ਤੇ ਲਾਵਾਂ?

''ਲਾ ਵਿਚਕਾਰਲੇ ਤੇ''

ਰਹੀਮੂ ਨੇ ਸ਼ਿਸਤ ਬੰਨ੍ਹ ਕੇ ਅੱਗੇ ਨੂੰ ਝੁਕ ਕੇ ਦੱਸੇ ਅਖਰੋਟ ਤੇ ਖਰੋਟ ਵਗਾਹਿਆ, ਪਰ ਨਿਸ਼ਾਨਾ ਉੱਕ ਗਿਆ ''ਹਾ......ਹਾ.....ਹਾ .....ਉੱਕ ਗਿਆ।'' ਕਰੀਮੂ ਉੱਚੀ ਸਾਰੀ ਹੱਸ ਉੱਠਿਆ।

''ਹਾਏ......ਹਾਏ.......ਵੇ ਪਾਣੀ ਦਾ ਘੁੱਟ ਮੂੰਹ ਵਿੱਚ ਪਾ ਜਾਓ ਵੇ'' ਅੰਦਰੋਂ ਮਾਂ ਦੀ ਟੁੱਟਵੀਂ ਅਵਾਜ਼ ਆਈ।

''ਦੇ ਦੇਂਦੇ ਆਂ ਮਾਂ ਪਾਣੀ ਵੀ'' ਕਰੀਮੂ ਨੇ ਅਖਰੋਟ ਹੂੰਝਦਿਆਂ ਆਖਿਆ ਤੇ ਕਾਹਲ਼ੀ ਨਾਲ਼ ਉਹ ਨੀਯਤ ਥਾਂ ਤੇ ਅਖਰੋਟ ਖੁੱਤੀ ਵਿੱਚ ਪਾਣ ਲਈ ਜਾ ਖੜੋਤਾ ਤੇ ਅੱਗੇ ਨੂੰ ਬਾਂਹ ਕਰਕੇ ਅਖਰੋਟ ਖੁੱਤੀ ਵੱਲ ਸੁੱਟੇ। ਨਾਲ਼ੇ ਉਸ ਰਹੀਮੂ ਤੋਂ ਪੁੱਛਿਆ :

''ਕਿੰਨੇ ਪਏ ਨੀ?''

''ਇੱਕੋ ਪਿਐ ਕੁੱਲ'' ਰਹੀਮੂ ਏਸ ਤੇ ਡਾਢਾ ਖ਼ੁਸ਼ ਸੀ। ਉਸ ਚੋਟ ਲਾਣ ਲਈ ਇੱਕ ਅਖਰੋਟ ਵੱਲ ਇਸ਼ਾਰਾ ਕੀਤਾ। ਪਤਾ ਨਹੀਂ ਕਰੀਮੂ ਤੋਂ ਚੋਟ ਲੱਗੀ ਕਿ ਨਾ ਪਰ ਉਹ ਇਹ ਜਾਣ ਕੇ ਕਿ ਉਸ ਦੀ ਚੋਟ ਅਖਰੋਟ ਤੇ ਵੱਜ ਗਈ ਏ ਤੇ ਉਹ ਸਾਰੇ ਅਖਰੋਟ ਹੂੰਝਣ ਦਾ ਹੱਕਦਾਰ ਹੈ ਅੱਗੇ ਵਧਿਆ ਪਰ ਰਹੀਮੂ ਨੇ ਇਉਂ ਕਰਨ ਤੋਂ ਉਹਨੂੰ ਡੱਕਿਆ। ਉਹਦਾ ਖ਼ਿਆਲ ਸੀ ਚੋਟ ਨਹੀਂ ਵੱਜੀ ਤੇ ਐਵੇਂ ਉਹ ਸਾਰੇ ਅਖਰੋਟ ਚੁੱਕ ਨਹੀਂ ਸਕਦਾ ਪਰ ਕਰੀਮੂ ਆਖੀ ਜਾਏ ਚੋਟ ਲੱਗੀ ਏ। ਰਹੀਮੂ ਆਖੇ ਤੂੰ ਰੋਂਦੂ ਏਂ। ਵਧਾਣ ਵਧ ਗਿਆ। ਦੋਵੇਂ ਗੁੱਥਮ-ਗੁੱਥਾ ਹੋ ਪਏ। ਕਰੀਮੂ ਵੱਡਾ ਸੀ। ਉਸ ਰਹੀਮੂ ਦੇ ਦੰਦਾਂ 'ਤੇ ਹੂਰਾ ਕੱਢ ਮਾਰਿਆ ਤੇ ਲਹੂ ਵੱਗ ਪਿਆ।

ਬੁੱਢੀ ਮਾਂ ਅੰਦਰੋਂ ਇੱਕੋ ਸਾਹੇ 'ਹਾਏ-ਹਾਏ' ਕਰਦੀ ਪਾਣੀ ਮੰਗਦੀ ਰਹੀ। ਉਹਦੇ ਕੰਨੀਂ ਇਹਨਾਂ ਦੇ ਵਖੜਾਂਦ ਦੀ 'ਵਾਜ ਪੈ-ਪੈ ਉਹਨੂੰ ਵਧੇਰੇ ਦੁਖੀ ਕਰਦੀ ਸੀ।



Downloaded from https:// www.studiestoday.com

Downloaded from https:// www.studiestoday.com



ਉਹਦੇ ਤਿਹਾਏ ਬੁੱਲ੍ਹਾਂ ਤੇ ਸਿਕੜੀਆਂ ਆ ਗਈਆਂ ਸਨ ਪਰ ਕਿਸੇ ਉਹਦੀ ਨਾ ਸੁਣੀ।

ਅੱਜ ਹੀ ਨਹੀਂ, ਅੱਗੇ ਵੀ ਅਨੇਕਾਂ ਵਾਰ ਇਹ ਦੋਵੇਂ ਖੇਡਦੇ-ਖੇਡਦੇ ਲੜ ਪੈਂਦੇ ਹੁੰਦੇ ਸਨ। ਇੱਕ ਦੂਜੇ ਦੇ ਝੱਗੇ ਖੋਹ ਘੱਤਦੇ। ਖਰੂੰਢਾਂ ਨਾਲ਼ ਮੂੰਹ ਛਿੱਲੇ ਜਾਂਦੇ ਪਰ ਮੁੜ ਗੁੱਸਾ ਢਿੱਲਾ ਹੋਣ 'ਤੇ ਦੋਵੇਂ ਉਹ-ਜਿਹੇ ਦੇ ਉਹ-ਜਿਹੇ ਹੋ ਜਾਂਦੇ।

ਦੋਹਾਂ ਦੇ ਪਿੰਡੇ ਘੱਟੇ ਨਾਲ਼ ਅੱਟੇ ਹੋਏ, ਪੈਰੋਂ ਨੰਗੇ, ਨਖਙੰਮੇ ਜਿਹੇ ਉਹ ਪਿੰਡ ਦੀਆਂ ਗਲ਼ੀਆਂ ਵਿੱਚ ਭੌਂਦੇ ਰਹਿੰਦੇ ਹੁੰਦੇ ਸਨ। ਲੋਕੀ ਉਹਨਾਂ ਵੱਲ ਤੱਕਦੇ ਪਰ ਕੋਈ ਉਹਨਾਂ ਨੂੰ ਮੂੰਹ ਨਾ ਲਾਉਂਦਾ। ਹੋਰ ਕੋਈ ਮੁੰਡਾ ਵੀ ਉਹਨਾਂ ਨਾਲ਼ ਨਾ ਖੇਡਦਾ। ਸਦਾ ਹੀ ਭਾਂਤ-ਭਾਂਤ ਦੀਆਂ ਗੱਲਾਂ ਉਹਨਾਂ ਬਾਰੇ ਚਲਦੀਆਂ ਰਹਿੰਦੀਆਂ ਸਨ।

ਸੋਲ਼ਾਂ ਤੇ ਚੌਦਾਂ ਵਰ੍ਹਿਆਂ ਦੇ ਕਰੀਮੂ ਰਹੀਮੂ ਅਖਰੋਟਾਂ ਨਾਲ਼ ਖੁੱਤੀ ਖੇਡਦੇ ਲੋਕਾਂ ਨੂੰ ਉੱਕਾ ਨਾ ਭਾਉਂਦੇ। ਇਹ ਖੇਡ ਨਿੱਕੇ ਬੱਚਿਆਂ ਦੀ ਜੋ ਹੋਈ ਪਰ ਇਹ ਦੋਵੇਂ ਭਰਾ ਘੜੇ ਹੋਏ ਹੀ ਵੱਖਰੀ ਮਿੱਟੀ ਦੇ ਸਨ। ਅਖਰੋਟਾਂ ਤੋਂ ਹਟ ਕੌਡੀਆਂ ਨੂੰ ਜੁਟ ਜਾਂਦੇ। ਕਈ ਵਾਰ ਉੱਥੇ ਹੀ ਜੂਤ-ਪਤਾਂਗ ਹੋ ਕੇ ਰੁੱਸੇ-ਰੁੱਸੇ ਪਿੰਡ ਦੀਆਂ ਹੱਟੀਆਂ ਤੇ ਜਾ ਬਹਿੰਦੇ। ਓਥੇ ਲੋਕਾਂ ਦੀਆਂ ਐਧਰਲੀਆਂ-ਓਧਰਲੀਆਂ ਸਲੂਣੀਆਂ-ਅਲੂਣੀਆਂ ਵਿੱਚ ਇਹਨਾਂ ਦੇ ਕੰਨ ਰਸੇ ਰਹਿੰਦੇ। ਆਥਣ ਨੂੰ ਘਰ ਪਰਤਣ ਵੇਲ਼ੇ ਮੁੜ ਦੋਹਾਂ ਦੀ ਗਲਵੱਕੜੀ ਪਈ ਹੁੰਦੀ ਸੀ।

ਮਾਂ ਨੂੰ ਬਿਮਾਰ ਪਿਆਂ ਮਹੀਨੇ ਤੋਂ ਉੱਤੇ ਹੋ ਗਿਆ ਸੀ। ਹਕੀਮ ਜਾਂ ਡਾਕਟਰ ਨੂੰ ਸੱਦਣ ਦੀ ਉਸ ਘਰ ਵਿੱਚ ਪੁਜੱਤ ਹੀ ਕਿੱਥੇ ਸੀ ਪਰ ਲਾਗਲੇ ਸ਼ਹਿਰ ਦੇ ਸਰਕਾਰੀ ਹਸਪਤਾਲੋਂ ਮੁਫ਼ਤ ਦੁਆਈਆਂ ਲਿਆਉਣ ਦੀ ਵਿਹਲ ਵੀ ਤੇ ਕਰੀਮੂ, ਰਹੀਮੂ ਨੂੰ ਨਹੀਂ ਸੀ ਲੱਭਦੀ।

ਜਦੋਂ ਉਹ ਖ਼ਰੋਟ ਤੇ ਕੌਡੀਆਂ ਖੇਡ ਹਟਦੇ ਅਤੇ ਹੱਟਾਂ ਤੇ ਕੋਈ ਗੱਲਾਂ ਕਰਨ ਵਾਲ਼ਾ ਬੰਦਾ ਵੀ ਉਹਨਾਂ ਨੂੰ ਦਿਖਾਈ ਨਾ ਦੇਂਦਾ ਤਾਂ ਉਹ ਆਪਣੀਆਂ ਗੁਲੇਲਾਂ ਤੇ ਗੋਲ਼ੀਆਂ ਚੁੱਕ ਕੇ ਬਾਹਰ ਸ਼ਿਕਾਰ ਨੂੰ ਟੁਰ ਵਗਦੇ। ਜੰਡਾਂ, ਚਰਵਾਹਾਂ, ਵਣਾਂ ਥੱਲੇ ਖਲੋ ਕੇ ਉੱਥੇ ਬੈਠੇ ਪੰਛੀਆਂ ਨੂੰ ਲੱਭਦੇ। ਜੇ ਕੋਈ ਕਬੂਤਰ, ਘੁੱਗੀ, ਤਿਲੀਅਰ ਜਾਂ ਤਿੱਤਰ ਉਹਨਾਂ ਨੂੰ ਕਿਸੇ ਦਰਖ਼ਤ ਉੱਤੇ ਦਿਸ ਪੈਂਦਾ ਤਾਂ ਦੋਵੇਂ ਡੰਡ ਪਾ ਦੇਂਦੇ.....ਔਹ ਬੈਠਾ ਏ, ਐਹ ਬੈਠਾ ਏ...ਤੇ ਆਪਣੀਆਂ ਗੁਲੇਲਾਂ ਦੀਆਂ ਤੰਦਾਂ ਖਿੱਚਦੇ......ਪਰ ਜਨੌਰ ਪਹਿਲਾਂ ਹੀ ਰੌਲ਼ਾ ਸੁਣ ਕੇ ਉੱਡ ਚੁੱਕੇ ਹੁੰਦੇ ਸਨ।

ਉਹਨਾਂ ਤੋਂ ਅੱਜ ਤੀਕਰ ਕਦੇ ਕੋਈ ਪੰਛੀ ਨਹੀਂ ਸੀ ਮੋਇਆ। ਹਾਰ ਕੇ ਉਹ ਕਿਸੇ ਵਗਦੇ ਸੂਏ ਦੇ ਕੰਢੇ ਖਲੋਤੇ ਬ੍ਰਿਛ ਦੀ ਛਾਵੇਂ ਬਹਿ ਜਾਂਦੇ। ਕਦੇ ਬੁੱਕਾਂ ਨਾਲ਼ ਪਾਣੀ ਪੀਂਦੇ ਤੇ ਕਦੇ ਟਾਵੀਆਂ-ਟਾਵੀਆਂ ਗੱਲਾਂ ਕਰਦੇ :

''ਲੋਕੀ ਪਤਾ ਨਹੀਂ ਕਿੱਦਾਂ ਸ਼ਿਕਾਰ ਖੇਡ ਲੈਂਦੇ ਨੇ'' ਕਰੀਮੂ ਉਂਗਲ਼ਾਂ ਨਾਲ਼ ਗਾਰਾ ਕਰੋਚਦਾ ਐਵੇਂ ਜਿਹੇ ਆਖਦਾ।

Downloaded from https:// www.studiestoday.com

Downloaded from https:// www.studiestoday.com



''ਖ਼ਬਰੇ ਉਹਨਾਂ ਦੀਆਂ ਗੁਲੇਲਾਂ ਤੇ ਗੋਲ਼ੀਆਂ ਕਿੱਦਾਂ ਦੀਆਂ ਹੁੰਦੀਆਂ ਹੋਣਗੀਆਂ?'' ਦੂਜਾ ਉੱਤਰ ਦਿੰਦਾ।

''ਸਾਥੋਂ ਤੇ ਨਹੀਂ ਮੋਇਆ ਕਦੇ ਕੋਈ ਪੰਛੀ।''

ਫੇਰ ਇੱਕ ਨਿਰਾਸਤਾ ਜਿਹੀ ਉਹਨਾਂ ਦੇ ਚਿਹਰਿਆਂ 'ਤੇ ਛਾ ਜਾਂਦੀ। ਉਹ ਕਿੰਨਾਂ ਚਿਰ ਚੁੱਪ-ਚੁਪੀਤੇ ਬੈਠੇ ਘਾਹ ਦੀਆਂ ਤਿਣਾਂ ਉਖਾੜਦੇ ਰਹਿੰਦੇ। ਕਦੇ ਉੱਠ ਕੇ ਲੱਤਾਂ ਸੂਏ ਵਿੱਚ ਲਮਕਾ ਬਹਿੰਦੇ ਤੇ ਕਦੇ ਗੁਲੇਲਾਂ ਦੀਆਂ ਗੋਲ਼ੀਆਂ ਨਾਲ਼ ਹੀ ਖੁੱਤੀ ਦਾ ਝੱਸ ਪੂਰਾ ਕਰਦੇ। ਕਈ ਵਾਰ ਇਉਂ ਹੀ ਬਾਹਰ ਭੌਂਦਿਆਂ-ਭੌਂਦਿਆਂ ਨੂੰ ਦਿਨ ਬਤੀਤ ਹੋ ਜਾਂਦਾ।

ਆਥਣ ਹੋ ਗਈ ਸੀ। ਵਾਗੀ ਹੇਕਾਂ ਲਾਉਂਦੇ ਘਰਾਂ ਨੂੰ ਪਰਤ ਰਹੇ ਸਨ। ਹਲ਼ੋਂ ਛੁੱਟੇ ਬੌਲ਼ਦਾਂ ਦੀਆਂ ਟੱਲੀਆਂ ਟਣਕਣ ਲੱਗੀਆਂ। ਕਰੀਮੂ ਤੇ ਰਹੀਮੂ ਆਪਣੀਆਂ ਗੁਲੇਲਾਂ ਮੋਢਿਆਂ ਤੇ ਟੰਗੀ ਪਿੰਡ ਨੂੰ ਪਰਤ ਪਏ। ਹੌਲ਼ੀ-ਹੌਲ਼ੀ ਜਾਂਦੇ ਲੋਕਾਂ ਦੇ ਡੰਗਰਾਂ ਨੂੰ ਤੱਕ ਕੇ ਉਹਨਾਂ ਨੂੰ ਕੋਈ ਖ਼ਿਆਲ ਜਿਹਾ ਆ ਗਿਆ ਤੇ ਉਹ ਕੁਝ-ਕੁਝ ਬੋਲਦੇ ਜਾਂਦੇ ਸਨ। ਜਦੋਂ ਉਹਨਾਂ ਦਾ ਪਿਉ ਜਿਊਂਦਾ ਸੀ, ਉਹਨਾਂ ਦੇ ਘਰ ਦੋ ਝੋਟੀਆਂ ਹੁੰਦੀਆਂ ਸਨ। ਇੱਕ ਪਹਿਲਣ ਤੇ ਇੱਕ ਦੂਜੇ ਸੂਏ। ਨਾਲ਼ੇ ਇੱਕ ਵਹਿੜਕੀ ਵੀ ਸੀ। ਉਹ ਉਹਨਾਂ ਤਿਹਾਂ ਨੂੰ ਚਾਰਦੇ ਹੁੰਦੇ ਸਨ। ਇਉਂ ਹੀ ਹੇਕਾਂ ਲਾਉਂਦੇ ਘਰ ਮੁੜਦੇ ਹੁੰਦੇ ਸਨ, ਓਦੋਂ।

''ਫੇਰ ਉਹ ਵਹਿੜੀ ਤੇ ਮੱਝਾਂ ਕਿੱਥੇ ਗਈਆਂ?'' ਰਹੀਮੂ ਨੇ ਆਪਣੇ ਵੱਡੇ ਭਰਾ ਤੋਂ ਪੁੱਛਿਆ।

''ਅੱਬਾ ਜੂਏ ਵਿੱਚ ਹਾਰ ਚੁੱਕਿਆ ਸੀ ਉਹਨਾਂ ਨੂੰ ਤੇ......ਤੈਨੂੰ ਨਹੀਂ ਪਤਾ?''

''ਚਲੋ ਠੀਕ ਹੋਇਆ, ਸਾਂਭ ਸੰਭਾਈ ਦਾ ਟੰਟਾ ਗਲ਼ੋਂ ਲੱਥਾ,'' ਰਹੀਮੂ ਨੇ ਖ਼ੁਸ਼ ਹੋ ਕੇ ਕਿਹਾ।

ਘੁਸਮੁਸਾ ਜਿਹਾ ਹੋ ਗਿਆ ਸੀ ਜਦੋਂ ਉਹ ਇੱਕ ਖੇਤ ਦੀ ਵੱਟ ਉੱਤੇ ਆਣ ਖਲੋਤੇ। ਅਕਾਸ਼ ਉੱਤੇ ਜੇ ਕੋਈ ਤਾਰਾ ਚੜ੍ਹਿਆ ਵੀ ਸੀ ਤਾਂ ਉਹ ਖੁਰਾਂ ਦੇ ਘੱਟੇ ਨਾਲ਼ ਫ਼ਜ਼ਾਂ ਅੱਟੀ ਹੋਈ ਹੋਣ ਕਰਕੇ ਵਿਖਾਲ਼ੀ ਨਹੀਂ ਸੀ ਦੇਂਦਾ। ਚਿੜੀਆਂ ਬਾਜਰੇ ਦੇ ਸਿੱਟਿਆਂ ਉੱਤੇ ਅੰਤਮ ਠੂੰਗੇ ਭਰ ਕੇ ਉੱਡ ਚੁੱਕੀਆਂ ਸਨ। ਕਰੀਮੂ ਤੇ ਰਹੀਮੂ ਦੇ ਖੱਬੇ ਪਾਸੇ ਇੱਕ ਮੱਕੀ ਦੀ ਪੈਲ਼ੀ ਡਰੇ ਹੋਏ ਬੱਚੇ ਵਾਂਗ ਚੁੱਪ ਖਲੋਤੀ ਸੀ। ਪਹਿਲਵਾਨਾਂ ਦੇ ਡੌਲ਼ਿਆਂ ਵਰਗੀਆਂ ਛੱਲੀਆ ਹਰੇਕ ਟਾਂਡੇ ਨਾਲ਼ ਜੁੜੀਆਂ ਹੋਈਆਂ ਦਿਸਦੀਆਂ ਸਨ।

''ਪਤਾ ਈ ਕਰੀਮੂ, ਇਹ ਸਾਡੀਆਂ ਪੈਲ਼ੀਆਂ ਹੁੰਦੀਆਂ ਸਨ ਕਦੇ?''

''ਹਾਂ ਪਤਾ ਏ। ਕਈ ਵਾਰ ਲੱਕੜਾਂ ਲੈ ਕੇ ਮੁੜਦੀ ਮਾਂ ਇੱਥੋਂ ਦੀ ਲੰਘਦੀ ਦੱਸਿਆ ਕਰਦੀ ਏ। ਮੈਂ ਓਦੋਂ ਨਿੱਕਾ ਜਿਹਾ ਹੁੰਦਾ ਸਾਂ।''

''ਇਹ ਵੀ ਉਸੇ ਰਾਹ ਅੱਬਾ ਨੇ ਭੇਜੀਆਂ ਜੇਹੜੇ ਰਾਹ ਵਹਿੜਕੀ ਤੇ ਝੋਟੀਆਂ

Downloaded from https:// www.studiestoday.com

Downloaded from https:// www.studiestoday.com



ਗਈਆਂ ਸਨ।'' ਇਉਂ ਆਖਦਾ-ਆਖਦਾ ਕਰੀਮੂ ਹੱਸ ਪਿਆ, ਨਾਲ਼ ਹੀ ਕਰੀਮੂ ਵੀ। ਦੋਵੇਂ ਹੀ ਖਿੜ-ਖਿੜ ਕਰਦੇ ਦੂਹਰੇ ਹੁੰਦੇ ਜਾਂਦੇ ਸਨ। ਉਹਨਾਂ ਦੀਆਂ ਅੱਖਾਂ ਵਿੱਚ ਪਾਣੀ ਆ ਗਿਆ ਜੀਕਰ ਉਹ ਰੋ ਰਹੇ ਹੁੰਦੇ ਨੇ।

ਇੰਨੇ ਨੂੰ ਹਵਾ ਦਾ ਇੱਕ ਰੁਮਕਾ ਵਗਿਆ। ਉਹ ਦੋਵੇਂ ਖ਼ਾਮੋਸ਼ ਜਿਹੇ ਹੋ ਕੇ ਮੱਕੀ ਦੇ ਪੱਤਿਆਂ ਦੀ ਖੜ-ਖੜ ਕਿੰਨਾਂ ਚਿਰ ਸੁਣਦੇ ਰਹੇ।

''ਅੱਬਾ ਏਥੇ ਹਲ਼ ਵਾਹੁੰਦਾ ਹੁੰਦਾ ਸੀ'' ਵੱਡੇ ਨੇ ਹੌਕਾ ਜਿਹਾ ਭਰ ਕੇ ਆਖਿਆ। ''ਹੁਣ ਨਾ ਸਾਡੇ ਵਾਹੁਣ ਨੂੰ ਭੋਂਏਂ, ਨਾ ਜੋਣ ਨੂੰ ਢੱਗੇ।''

''ਚੱਲ ਚੰਗਾ ਏ ਏਦਾਂ ਈ.....ਕੀ ਲੈਣਾ ਜੇ ਗਲ਼ ਫਾਹੇ ਪਾ ਕੇ'' ਰਹੀਮੂ ਨੇ ਬੇਪਰਵਾਹੀ ਨਾਲ਼ ਗੁਲੇਲ ਦੀਆਂ ਤਣੀਆਂ ਖਿੱਚਦਿਆਂ ਆਖਿਆ। ਫੇਰ ਦੋਵੇਂ ਚੁੱਪ ਹੋ ਗਏ। ਉਹਨਾਂ ਦੇ ਚਿਹਰੇ ਉਹਨਾਂ ਦੇ ਅੰਤਰੀਵ ਅਹਿਸਾਸਾਂ ਨੂੰ ਪ੍ਰਗਟ ਕਰਦੇ ਸਨ। ਏਨੇ ਨੂੰ ਕਰੀਮੂ ਨੇ ਆਖਿਆ :

''ਚੱਲ ਰਹੀਮੂ ਵਗ ਚੱਲੀਏ, ਕੋਈ ਛੱਲੀਆਂ ਦੇ ਚੋਰ ਜਾਣ ਕੇ ਸਾਨੂੰ ਕੁੱਟ ਹੀ ਨਾ ਕੱਢੇ।'' ਤੇ ਦੋਵੇਂ ਕਾਹਲ਼ੀ-ਕਾਹਲ਼ੀ ਉਲ਼ਾਂਘਾਂ ਭਰਦੇ ਪਿੰਡ ਵੱਲ ਤੁਰ ਪਏ, ਜਿੱਥੇ ਦੀਵੇ ਬਲ਼ ਚੁੱਕੇ ਸਨ।

* * *

ਜਿੱਦਣ ਦੀ ਮਾਂ ਬੀਮਾਰ ਪਈ ਸੀ ਦੋਵੇਂ ਇੱਕੋ ਵੇਲ਼ੇ ਰੋਟੀ ਖਾਂਦੇ ਹੁੰਦੇ ਸਨ। ਮਾਂ ਲੋਕਾਂ ਦੇ ਘਰੀਂ ਪੀਹਣ-ਦਲਣ ਕਰਕੇ ਖਾਣ ਲਈ ਦਾਣੇ ਇੱਕਠੇ ਕਰ ਲੈਂਦੀ ਹੁੰਦੀ ਸੀ। ਉਹ ਦਾਣੇ ਇਹਨਾਂ ਦੇ ਨਿੱਤ ਦੋ ਡੰਗ ਨਹੀਂ ਸਨ ਟਪਾ ਸਕਦੇ। ਦੋਵੇਂ ਜਣੇ ਚੁੱਲ੍ਹਾ ਤਾਉਂਦੇ ਤੇ ਕੱਚੀਆਂ ਧੁਆਂਖੀਆਂ ਜਿਹੀਆਂ ਰੋਟੀਆਂ ਲੂਣ ਨਾਲ਼ ਖਾ ਕੇ ਸੌਂ ਰਹਿੰਦੇ। ਕਦੇ-ਕਦੇ ਫਾਕਿਆਂ ਵਿੱਚ ਹੀ ਉਹਨਾਂ ਦੀਆ ਰਾਤਾਂ ਗੁਜ਼ਰਦੀਆਂ ਹੁੰਦੀਆਂ ਸਨ।

ਪਿੰਡ ਦੇ ਇਹਨਾਂ ਨੂੰ ਗੰਵਾਰ ਸਮਝਦੇ ਸਨ। ਉਹਨਾਂ ਕਈ ਵਾਰ ਇਹਨਾਂ ਦੋਹਾਂ ਭਰਾਵਾਂ ਨੂੰ ਘਰ ਦੀਆਂ ਚੀਜ਼ਾਂ ਹੱਟਾਂ ਉੱਤੇ ਵੇਚਦਿਆਂ ਤੱਕਿਆ ਸੀ। ਪਿੰਡ ਵਿੱਚ ਕਿਸੇ ਦੀ ਚੋਰੀ ਹੋ ਜਾਂਦੀ, ਛੱਲੀਆਂ ਟੁੱਟਦੀਆਂ ਜਾਂ ਕਪਾਹ ਚੁਗੀ ਜਾਂਦੀ ਤਾਂ ਲੋਕਾਂ ਦਾ ਪਹਿਲਾ ਸ਼ੱਕ ਕਰੀਮੂ-ਰਹੀਮੂ ਤੇ ਜਾਂਦਾ। ਉਹਨਾਂ ਦੇ ਘਰ ਦੀ ਤਲਾਸ਼ੀ ਹੁੰਦੀ ਪਰ ਕਦੇ ਕੋਈ ਸ਼ੈ ਉਹਨਾਂ ਦੇ ਘਰੋਂ ਬਰਾਮਦ ਨਹੀਂ ਸੀ ਹੋਈ, ਤਾਂ ਵੀ ਲੋਕਾਂ ਦਾ ਸ਼ੱਕ ਉਹਨਾਂ ਤੇ ਸਦਾ ਟਿਕਿਆ ਰਿਹਾ।

ਲੋਕਾਂ ਦੇ ਨਿੱਤ-ਨਿੱਤ ਦੇ ਉਲ਼ਾਂਭਿਆਂ ਤੇ ਤਲਾਸ਼ੀਆਂ ਤੋਂ ਮਾਂ ਛਿੱਥੀ ਪੈ ਗਈ ਹੋਈ ਸੀ। ਕਰੀਮੂ ਤੇ ਰਹੀਮੂ ਵੀ ਇਕਾਂਤ ਵਿੱਚ ਬਹਿ ਕੇ ਇਹਨਾਂ ਊਜਾਂ ਨੂੰ ਮਹਿਸੂਸ ਤਾਂ ਕਰਦੇ ਪਰ ਪਲ ਕੁ ਲਈ। ਮੁੜ ਉਹ ਛੇਤੀ ਹੀ ਕੌਡੀਆਂ ਅਖਰੋਟਾਂ ਨਾਲ਼ ਪੱਲੇ ਭਰ ਕੇ ਬਾਹਰ ਨੂੰ ਟੁਰ ਪੈਂਦੇ ਤੇ ਉਹਨਾਂ ਨੂੰ ਸਭ ਕੁਝ ਭੁੱਲ ਜਾਂਦਾ।

ਲੋਕੀਂ ਇਹਨਾਂ ਨੂੰ ਮੌਕੇ ਉੱਤੇ ਫੜਨ ਲਈ ਪੈਲ਼ੀਆਂ ਵਿੱਚ ਲੁਕ-ਲੁਕ ਬਹਿੰਦੇ।

Downloaded from https:// www.studiestoday.com

Downloaded from https:// www.studiestoday.com



ਪਿੰਡ ਵਾਲ਼ਿਆਂ ਦਾ ਖ਼ਿਆਲ ਸੀ ਕਿ ਇਹਨਾਂ ਨੂੰ ਉੱਤੋਂ ਫੜ ਕੇ ਜੇਲ੍ਹਖ਼ਾਨੇ ਭਿਜਵਾ ਦਿੱਤਾ ਜਾਵੇ। ਇਹੋ-ਜਿਹੇ ਵਿਚਾਰ ਸੁਣ ਕੇ ਦੋਵੇਂ ਭਰਾ ਕਦੇ-ਕਦੇ ਗੱਲਾਂ ਵੀ ਕੀਤਾ ਕਰਦੇ :

''ਲੋਕੀ ਸਾਡੇ ਉੱਤੇ ਬਦੋ-ਬਦੀ ਦਾ ਸ਼ੱਕ ਕਿਉਂ ਕਰੀ ਜਾਂਦੇ ਨੇ? ਅਸਾਂ ਕਦੇ ਕਿਸੇ ਦੀ ਰੀਣ ਤੱਕ ਨਹੀਂ ਛੂਹੀ।''

''ਐਵੇਂ ਝੱਲੇ ਨੀ'' ਦੂਜਾ ਆਖਦਾ ਤੇ ਦੋਵੇਂ ਜਣੇ ਉੱਚੀ-ਉੱਚੀ ਹੱਸ ਪੈਂਦੇ।

* * *

ਮਾਂ ਦੀ ਹਾਲਤ ਦਿਨੋ-ਦਿਨ ਵਿਗੜਦੀ ਜਾਂਦੀ ਸੀ। ਉਹ ਦੋਵੇਂ ਰਾਤ ਵੇਲ਼ੇ ਮਾਂ ਕੋਲ਼ ਆ ਬਹਿੰਦੇ। ਮਾਂ ਦੇ ਮੂੰਹ ਨੂੰ ਤੱਕਦੇ। ਮਾਂ ਬੜੀਆਂ ਸੋਗੀ ਗੱਲਾਂ ਉਹਨਾਂ ਨੂੰ ਸੁਣਾਂਦੀ। ਬਹੁਤੀਆਂ ਉਹਨਾਂ ਦੇ ਪਿਉ ਬਾਰੇ।

ਭਾਵੇਂ ਉਹਨੂੰ ਜੂਏ ਦੀ ਆਦਤ ਸੀ ਪਰ ਉਹ ਬੜਾ ਚੰਗਾ ਮਨੁੱਖ ਸੀ, ਤੁਹਾਡਾ ਅੱਬਾ, ਬੱਚਾ!''

''ਹਾਂ ਮਾਂ, ਬੜਾ ਚੰਗਾ ਸੀ'' ਕਰੀਮੂ ਖ਼ੁਸ਼ੀ ਨਾਲ਼ ਬੋਲਿਆ।

''ਮੈਨੂੰ ਹਲ਼ ਛੱਡ ਕੇ ਕੁੱਛੜ ਚੁੱਕ ਲੈਂਦਾ, ਛੱਲੀਆਂ ਦੇਂਦਾ, ਗੰਨੇ ਵੀ......ਬੱਲੇ ਬੱਲੇ ਕਿੰਨੀਆਂ ਹੋਰ ਚੀਜ਼ਾਂ। ਸਾਥੋਂ ਮੁੱਕਦੀਆਂ ਹੀ ਨਾ....ਹੈਂ ਨਾ ਕਰੀਮੂ!''ਰਹੀਮੂ ਬੋਲਿਆ।

''ਦਾਣੇ ਹੀ ਦਾਣੇ ਹੁੰਦੇ ਸਨ ਸਾਡੇ ਕੋਠਿਆਂ ਵਿੱਚ ਓਦੋਂ'' ਨਾਲ਼ ਲੱਗਦਿਆਂ ਕਰੀਮੂ ਮਾਂ ਵੱਲ ਤੱਕਦਾ ਬੋਲਿਆ, ''ਰੱਜ ਰੱਜ ਰੋਟੀਆਂ ਖਾਂਦੇ ਹੁੰਦੇ ਸਾਂ ਪਰ ਹੁਣ ਤੇ ਮਾਂ ਸਾਡੇ ਕੋਠੇ ਖ਼ਾਲੀ ਪਏ ਨੀ......।''

ਇੱਕ ਪਲ ਲਈ ਕੋਠੇ ਵਿੱਚ ਹੂਕ ਜਿਹੀ ਛਾ ਗਈ। ਤਿੰਨਾਂ ਨੇ ਦੀਵੇ ਦੀ ਮੱਧਮ ਹੁੰਦੀ ਜੋਤ ਵੱਲ ਤੱਕਿਆ। ਮਾਂ ਦੀਆਂ ਅੱਖਾਂ ਗਿੱਲੀਆਂ ਸਨ। ਉਸ ਗਲੇਡੂ ਭਰ ਕੇ ਮੁੜ ਆਖਿਆ :

''ਉਹ ਮੈਨੂੰ ਬੜਾ ਪਿਆਰ ਕਰਦਾ ਸੀ ਤੁਹਾਡਾ ਅੱਬਾ, ਬੱਚਾ.....ਵੇਂਹਦੇ ਜੇ ਇਹ ਮੇਰੇ ਕੰਨਾਂ ਦੀਆਂ ਮੁਰਕੀਆਂ? ਜਦੋਂ ਮੇਰਾ ਵਿਆਹ ਹੋਇਆ ਸੀ, ਓਦੋਂ ਬਣਵਾਈਆਂ ਸਨ, ਤੁਹਾਡੇ ਅੱਬਾ ਨੇ, ਇਹ ਸੋਨੇ ਦੀਆਂ ਮੁਰਕੀਆਂ।''

ਕਰੀਮੂ ਤੇ ਰਹੀਮੂ ਦੀਆਂ ਨਜ਼ਰਾਂ ਮਾਂ ਦੀਆਂ ਮੁਰਕੀਆਂ ਤੇ ਜੰਮੀਆਂ ਹੋਈਆਂ ਸਨ। ਮਾਂ ਨੂੰ ਹਟਕੋਰੇ ਜਿਹੇ ਆਉਣ ਲੱਗ ਪਏ ਤੇ ਉਹ ਮੁੜ ਬੋਲੀ :

''ਬੜੇ ਔਖੇ ਵੇਲ਼ੇ ਆਏ ਬੱਚਾ! ਜਦੋਂ ਜੂਏ ਵਿੱਚ ਸਭ ਕੁਝ ਲਾ ਬੈਠਾ ਸੀ, ਉਦੋਂ ਘਰ ਦਾ ਲਾਂਘਾ ਟਪਾਣ ਲਈ ਮੈਂ ਆਖਿਆ ਸੀ, ਇਹ ਮੁਰਕੀਆਂ ਵੇਚ ਦਿਓ ਪਰ ਉਸ ਆਖਿਆ ਸੀ, ''ਨਹੀਂ ਮੈਂ ਸਾਰੀ ਉਮਰ ਹੀ ਤੇਰੇ ਕੰਨਾਂ ਵਿੱਚ ਇਹ ਲਮਕਦੀਆਂ ਵੇਖਾਂਗਾ।''

Downloaded from https:// www.studiestoday.com

Downloaded from https:// www.studiestoday.com



ਮਾਂ ਦੀਆਂ ਝੁਰੜੀਆਂ ਵਿੱਚ ਹੰਝੂਆਂ ਦੀਆਂ ਤਤੀਰੀਆਂ ਫਸੀਆਂ ਹੋਈਆਂ ਸਨ। ਕਰੀਮੂ ਤੇ ਰਹੀਮੂ ਸੁੰਨ ਹੋਏ ਬੈਠੇ ਰਹੇ। ਮਾਂ ਕੁਝ ਰੁਕ ਕੇ ਮੁੜ ਬੋਲੀ :

''ਮੈਂ ਉਮਰ ਭਰ ਇਹਨਾਂ ਮੁਰਕੀਆਂ ਨੂੰ ਸਾਂਭ-ਸਾਂਭ ਰੱਖਦੀ ਆਈ ਹਾਂ ਪੁੱਤਰ......ਜੇ ਮੈਂ......ਮਰ ਗਈ ਇਹ ਮੇਰੇ ਨਾਲ਼ ਹੀ ਕਬਰ ਵਿੱਚ ਦਬਾ ਦੇਣੀਆਂ, ਤੁਹਾਡੇ ਅੱਬਾ ਦੀ ਯਾਦ'' ਉਹਦਾ ਗਲ਼ਾ ਰੁਕ ਗਿਆ ਤੇ ਅੱਗੇ ਉਹ ਕੁਝ ਨਾ ਕਹਿ ਸਕੀ।

ਬਿੰਦ ਕੁ ਮਗਰੋਂ ਦੋਵੇਂ ਉੱਠ ਕੇ ਬਾਹਰ ਨਿਕਲ਼ ਆਏ। ਅਕਾਸ਼ ਉੱਤੇ ਤਾਰੇ ਬਿੱਲੀ ਦੀਆਂ ਅੱਖਾਂ ਵਾਂਗ ਲਟ-ਲਟ ਪਏ ਝਾਕਦੇ ਸਨ, ਮਾਨੋ ਉਹਨਾਂ ਨੂੰ ਘੂਰਕ ਰਹੇ ਨੇ। ਦੋਵੇਂ ਨਾਲ਼ੋਂ-ਨਾਲ਼ ਡੱਠੀਆਂ ਮੰਜੀਆਂ ਤੇ ਪੈ ਕੇ ਗੱਲਾਂ ਜਿਹੀਆਂ ਕਰਨ ਲੱਗ ਪਏ।

''ਮਾਂ ਐਵੇਂ ਨਿੱਤ ਮਰਨ ਮਰਨ ਕਰਦੀ ਰਹਿੰਦੀ ਏ।'' ਕਰੀਮੂ ਬੋਲਿਆ।

''ਰੱਬ ਕਰੇ, ਨਾ ਮਾਂ ਮਰੇ, ਤੇ ਨਾ ਹੀ ਉਹਦੀਆਂ ਮੁਰਕੀਆਂ ਦੱਬੀਆਂ ਜਾਣ।'' ਰਹੀਮੂ ਨੇ ਆਖਿਆ।

''ਹਾਂ, ਉਹ ਜੀਊਂਦੀ ਹੀ ਰਹੇ ਤੇ ਵੇਖਦੀ ਰਹੇ ਆਪਣੀਆਂ ਮੁਰਕੀਆਂ ਨੂੰ।'' ਫੇਰ ਦੋਵੇਂ ਚੁੱਪ ਕਰ ਗਏ।

''ਸੋਨਾ ਵੀ ਕਦੀ ਦੱਬੀਦਾ ਏ ਭੋਂ ਵਿੱਚ ਭਲਾ?''ਰਹੀਮੂ ਨੇ ਮੁੜ ਪੁੱਛਿਆ।

''ਕਾਹਨੂੰ, ਮਾਂ ਤੇ ਸੁਦੈਣ ਇਆ; ਲੋਕੀ ਤੇ ਸਗੋਂ ਸੋਨਾ ਧਰਤੀ 'ਚੋਂ ਕੱਢਦੇ ਹੁੰਦੇ ਨੇ.....।''

''ਕਿੰਨੇ ਕੰਮ ਆਉਂਦਾ ਏ.....। ਸੋਨੇ ਦੇ ਪੈਸੇ, ਪੈਸਿਆਂ ਦੇ ਦਾਣੇ ਤੇ ਰੋਟੀਆਂ......।'' ਇਉਂ ਗੱਲਾਂ ਕਰਦੇ ਉਹ ਸੌਂ ਗਏ।

ਕਈ ਦਿਨ ਹੋਰ ਲੰਘ ਗਏ। ਓੜਕ ਰਿੜ੍ਹਕਦੀ ਮਾਂ ਦਾ ਅੰਤ ਹੋ ਗਿਆ। ਦੂਹਾਂ ਭਰਾਵਾਂ ਨੜੋਇਆ ਤਿਆਰ ਕੀਤਾ। ਕੋਈ ਉਹਨਾਂ ਦੀ ਸਹਾਇਤਾ ਨੂੰ ਨਾ ਪਹੁੰਚਿਆ। ਉਹਨਾਂ ਆਪੀਂ ਕਬਰ ਪੁੱਟੀ ਤੇ ਅੰਤਮ ਦਰਸ਼ਨਾਂ ਲਈ ਮਾਂ ਦਾ ਮੂੰਹ ਨੰਗਿਆਂ ਕੀਤਾ। ਦੂਹਾਂ ਕੰਨਾਂ ਵਿੱਚ ਦੋ ਸੋਨੇ ਦੀਆਂ ਮੁਰਕੀਆਂ ਉਸੇ ਤਰ੍ਹਾਂ ਲਮਕ ਰਹੀਆਂ ਸਨ....ਉਹਨਾਂ ਦੇ ਪਿਉ ਦੀ ਯਾਦਗਾਰ।

ਮਾਂ ਨੂੰ ਚੰਗੀ ਤਰ੍ਹਾਂ ਦਫ਼ਨਾ ਕੇ ਦੋਵੇਂ ਘਰ ਪਰਤ ਆਏ। ਨਾ ਕੋਈ ਦਿਲਬਰੀ ਲਈ ਉਹਨਾਂ ਕੋਲ਼ ਬੈਠਾ, ਨਾ ਹੀ ਪਿੰਡ ਵਿੱਚ ਕਿਸੇ ਨੂੰ ਉਹਨਾਂ ਦੀ ਮਾਂ ਦਾ ਗ਼ਮ ਸੀ। ਰਾਤੀ ਦੋਵੇਂ ਭੁੱਖੇ ਭਾਣੇ ਮੰਜਿਆਂ ਤੇ ਚੁੱਪ-ਚਾਪ ਜਿਹੇ ਪੈ ਗਏ। ਕੁਝ ਚਿਰ ਮਗਰੋਂ ਕਰੀਮੂ ਦੇ ਮੂੰਹੋਂ ਨਿਕਲ਼ਿ ਆ :

''ਚਲੋ ਜੀ ਤੁਰ ਗਈ ਮਾਂ ਵੀ ਅੱਜ।''

''ਹੁਣ ਉਹ ਕਿੱਥੇ ਜਾਏਗੀ ਕਰੀਮੂ?'' ਰਹੀਮੂ ਨੇ ਵੀ ਚੁੱਪ ਤੋੜੀ।

''ਬਹਿਸ਼ਤੀਂ।''

''ਮੁਰਕੀਆਂ ਵੀ ਨਾਲ਼ ਈ?''

Downloaded from https:// www.studiestoday.com

Downloaded from https:// www.studiestoday.com



''ਮੁਰਕੀਆਂ?'' ਕਰੀਮੂ ਕੋਈ ਉੱਤਰ ਨਾ ਦੇ ਸਕਿਆ। ਓੜਕ ਦੁਹਾਂ ਨੂੰ ਨੀਂਦਰ ਆ ਗਈ।

ਧਰੂਅ ਦੁਆਲੇ ਘੁੰਮਣ ਵਾਲ਼ੀ ਸੱਤ-ਰਿਸ਼ੀਆਂ ਦੀ ਖਿੱਤੀ ਕਿਤੇ ਦੀ ਕਿਤੇ ਜਾ ਚੁੱਕੀ ਸੀ। ਕਿੰਨੇ ਹੀ ਤਾਰੇ ਅਕਾਸ਼ੋਂ ਬੁਝ ਚੁੱਕੇ ਸਨ ਜਦੋਂ ਰਹੀਮੂ ਕਸਮੇੜੇ ਜਿਹੇ ਪਾਂਦਾ ਜਾਗਿਆ। ਰਾਤ ਏਡੀ ਡਰੌਣੀ ਸੀ ਜੇਡਾ ਉਹਨਾਂ ਦੀ ਮੋਈ ਮਾਂ ਦਾ ਚਿਹਰਾ। ਉਸ ਸਹਿਜੇ ਜਿਹੇ ਭਰਾ ਨੂੰ ਜਗਾ ਕੇ ਆਖਿਆ :

''ਭੁੱਖ ਲੱਗੀ ਉ ਕਰੀਮੂ!''

''ਘਰ ਵਿੱਚ ਤੇ ਕੁਝ ਨਹੀਂ'' ਕਰੀਮੂ ਬੋਲਿਆ।

ਫੇਰ ਕਿੰਨਾਂ ਚਿਰ ਦੋਵੇਂ ਗੁੰਮ ਜਿਹੇ ਪਏ ਰਹੇ ਪਰ ਰਹੀਮੂ ਨੇ ਮੁੜ ਆਖਿਆ :

''ਅਖਰੋਟ ਭੰਨ ਕੇ ਖਾ ਲਵਾਂ?''

''ਖੇਡਾਂਗੇ ਕਾਹਦੇ ਨਾਲ਼?''

ਮੁੜ ਇੱਕ ਹੂਕ ਜਿਹੀ ਛਾ ਗਈ।

''ਤੇ ਫੇਰ?''

''ਫੇਰ?''

ਇੱਕੋ ਵਾਰ ਇੱਕੋ ਫੁਰਨਾ ਜੀਕਰ ਦੁਹਾਂ ਨੂੰ ਫੁਰ ਪਿਆ ਹੁੰਦਾ ਏ। ਬਿਨਾਂ ਹੋਰ ਕੁਝ ਬੋਲਿਆਂ ਦੋਵੇਂ ਉੱਠ ਖਲੋਤੇ। ਮਲਕੜੇ ਜਿਹੇ ਇੱਕ ਨੇ ਕਹੀ ਚੁੱਕੀ ਤੇ ਦੂਜੇ ਨੇ ਕੰਧਾਲ਼ਾ ਅਤੇ ਬੂਹਾ ਲਾ ਕੇ ਸਹਿਜੇ ਸਹਿਜੇ ਦੋਵੇਂ ਬਾਹਰ ਨਿਕਲ਼ ਗਏ।

* * *

ਰਾਤ ਮੌਤ ਜੇਡੀ ਖ਼ਾਮੋਸ਼ ਸੀ। ਸੱਜਰੀ ਦੱਬੀ ਮਾਂ ਦੀ ਕਬਰ ਉੱਤੇ ਦੋ ਕਾਲ਼ੇ ਵਜੂਦ ਅਹਿੱਲ ਖਲੋਤੇ ਸਨ, ਜੀਕਰ ਮੌਤ ਦੇ ਪਰਛਾਵੇਂ ਹੁੰਦੇ ਹਨ। ਕਿੰਨਾਂ ਚਿਰ ਕੋਈ ਅਵਾਜ਼ ਉੱਥੋਂ ਪੈਦਾ ਨਾ ਹੋਈ। ਕੁਝ ਚਿਰ ਮਗਰੋਂ ਕੁਝ ਸਾਂ-ਸਾਂ ਹੋਈ।

''ਕਰੀਮੂ......ਮਾਰ ਵੀ.......ਟੱਕ'' ਸਹਿਜੇ ਹੀ ਰਹੀਮੂ ਦੇ ਮੂੰਹੋਂ ਮਸਾਂ ਨਿਕਲ਼ਿਆ।

''ਤੂੰ ਵੀ ਤੇ.......?''ਕਰੀਮੂ ਨੇ ਕੰਬਦੀਆਂ ਬਾਹਾਂ ਨਾਲ਼ ਕਹੀ ਆਪਣੇ ਵੱਲ ਝੁਕਾਂਦਿਆਂ ਕਿਹਾ।

ਉਹਨਾਂ ਦੀਆਂ ਹਿੱਕਾਂ ਠੱਕ-ਠੱਕ ਵੱਜ ਰਹੀਆਂ ਸਨ। ਕਹੀ ਤੇ ਕੰਧਾਲ਼ਾ ਜੀਕਰ ਉਹਨਾਂ ਤੋਂ ਚੁੱਕੇ ਹੀ ਨਹੀਂ ਸਨ ਜਾਂਦੇ। ਕੱਲਰ ਪੁੱਟਣ ਲਈ ਹਥਿਆਰਾਂ ਨੂੰ ਉਭਾਰ ਕੇ ਉਹ ਟੱਕ ਮਾਰਨਾ ਚਾਹੁੰਦੇ ਸਨ ਪਰ ਬਾਹਵਾਂ ਜੀਕਰ ਸਤਿਆ-ਹੀਣ ਹੋ ਗਈਆਂ ਹੁੰਦੀਆਂ ਹਨ। ਰਾਤ ਦੀ ਖ਼ਾਮੋਸ਼ੀ ਵਿੱਚੋਂ ਇੱਕ ਬੇ-ਮਲੂਮੀ ਜਿਹੀ ਅਵਾਜ਼ ਉਹਨਾਂ ਦੇ ਕੰਨਾਂ ਵਿੱਚ ਗੂੰਜ ਉੱਠੀ, ਜੀਕਰ ਅਕਾਸ਼ ਤੇ ਪਤਾਲ਼ ਦੋਵੇਂ ਬੋਲ ਉਠੇ ਹੁੰਦੇ ਹਨ।

''ਕਬਰ.....ਵਿੱਚ.......ਮੇਰੇ ਨਾਲ਼ ਦਬਾ ਦੇਣੀਆਂ.......ਮੇਰੀਆਂ ਮੁਰਕੀਆਂ

Downloaded from https:// www.studiestoday.com

Downloaded from https:// www.studiestoday.com



ਤੁਹਾਡੇ ਅੱਬਾ.......ਦੀ ਯਾਦ, ਬੱਚਾ!''

''ਮਾਂ.......?'' ਰਹੀਮੂ ਦੇ ਮੂੰਹੋਂ ਬੇ-ਤਹਾਸ਼ਾ ਇਉਂ ਨਿਕਲ਼ਿਆ ਜੀਕਰ ਉਹ ਰੋ ਪਿਆ ਹੁੰਦਾ ਏ।

''ਚੱਲ ਰਹੀਮੂ........'' ਕਰੀਮੂ ਕੇਵਲ ਇੰਨਾ ਹੀ ਆਖ ਸਕਿਆ।

ਹਥਿਆਰ ਦੋਹਾਂ ਦੇ ਹੱਥੋਂ ਢਹਿ ਪਏ। ਤਾਰਿਆਂ ਦੀ ਲੋ ਵਿੱਚ ਉਹਨਾਂ ਘਰ ਨੂੰ ਮੁੜੇ ਜਾਂਦਿਆਂ ਦੀਆਂ ਅੱਖਾਂ ਵਿੱਚ ਹੰਝੂ ਚਮਕ ਰਹੇ ਸਨ।

**ਸ਼ਬਦ-ਅਰਥ :**

**ਹੂੰਝਣਾ** - ਇਕੱਠੇ ਕਰਨਾ। **ਗੁੱਥਮ-ਗੁੱਥਾ** - ਆਪਸ ਵਿੱਚ ਹੱਥੋ-ਪਾਈ ਹੋਣਾ। **ਹੂਰਾ ਕੱਢ ਮਾਰਨਾ** - ਘਸੁੰਨ ਮਾਰਨਾ। **ਸਿੱਕੜੀ** - ਸੁੱਕੇ ਹੋਏ ਬੁੱਲ੍ਹਾਂ ਉੱਤੇ ਚਿੱਟੇ ਰੰਗ ਦੀ ਪਰਤ ਆ ਜਾਣੀ। **ਦਿਲਬਰੀ** - ਦਿਲ ਨੂੰ ਦਿਲਾਸਾ ਦੇਣਾ। **ਕੰਧਾਲ਼ਾ** - ਲੋਹੇ ਦਾ ਇੱਕ ਸੰਦ ਜਿਸ ਨਾਲ਼ ਧਰਤੀ ਪੁੱਟੀ ਜਾਂਦੀ ਹੈ। **ਝੱਗੇ** - ਕਮੀਜ਼ਾਂ। **ਡੰਡ ਪਾਉਣਾ** - ਰੌਲ਼ਾ ਪਾਉਣਾ। **ਭੌਂਦਿਆਂ-ਭੌਂਦਿਆਂ** - ਤੁਰਦਿਆਂ-ਫਿਰਦਿਆਂ। **ਫਾਕਿਆਂ ਵਿੱਚ ਰਾਤਾਂ ਗੁਜ਼ਾਰਨਾ** - ਭੁੱਖੇ ਪੇਟ ਸੌਂ ਜਾਣਾ। **ਗੰਵਾਰ** - ਗਵਾਰ, ਬੇਅਕਲ, - ਮੂਰਖ਼। **ਹੂਕ** - ਚੀਸ। **ਘੁਰਕਣਾ** - ਡਰਾਵਾ ਦੇਣਾ, ਧਮਕੀ। **ਖਿੱਤੀ** - ਤਾਰਿਆਂ ਦਾ ਝੁੰਡ।

## ਪਾਠ-ਅਭਿਆਸ

1. 'ਮੁਰਕੀਆਂ' ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।
2. ਕਰੀਮੂ ਤੇ ਰਹੀਮੂ ਆਪਣੀ ਬਿਮਾਰ ਪਈ ਮਾਂ ਦੀ ਪਰਵਾਹ ਕਿਉਂ ਨਹੀਂ ਕਰਦੇ?
3. ਆਥਣ ਸਮੇਂ ਘਰਾਂ ਨੂੰ ਮੁੜਦੇ ਵਾਗੀਆਂ ਨੂੰ ਵੇਖ ਕੇ ਕਰੀਮੂ ਤੇ ਰਹੀਮੂ ਕੀ ਸੋਚਦੇ ਸਨ?
4. ਕਰੀਮੂ ਤੇ ਰਹੀਮੂ ਆਪਣੀ ਭੌਂ ਅਤੇ ਡੰਗਰ-ਵੱਛਾ ਖੁੱਸਣ 'ਤੇ ਆਪਣੇ-ਆਪ ਨੂੰ ਕਿਵੇਂ ਧਰਵਾਸ ਦਿੰਦੇ ਸਨ?
5. ਕਰੀਮੂ ਅਤੇ ਰਹੀਮੂ ਬਾਰੇ ਪਿੰਡ ਦੇ ਲੋਕਾਂ ਦੀ ਕੀ ਰਾਏ ਸੀ?
6. ਮਾਂ ਨੂੰ ਆਪਣੀਆਂ ਮੁਰਕੀਆਂ ਬਾਰੇ ਪੁੱਤਰਾਂ 'ਤੇ ਕੀ ਸ਼ੱਕ ਸੀ?
7. ਕਰੀਮੂ ਤੇ ਰਹੀਮੂ ਦੀ ਮਾਂ ਨੂੰ ਆਪਣੀਆਂ ਮੁਰਕੀਆਂ ਨਾਲ਼ ਏਨਾ ਮੋਹ ਕਿਉਂ ਸੀ?
8. ''ਕਬਰ........ਵਿੱਚ......ਮੇਰੇ ਨਾਲ਼ ਦਬਾ ਦੇਣੀਆਂ.......ਮੇਰੀਆਂ ਮੁਰਕੀਆਂ ਤੁਹਾਡੇ ਅੱਬਾ.......ਦੀ ਯਾਦ ਬੱਚਾ।''
   ਕਲਪਨਾ 'ਚ ਕਬਰ 'ਚੋਂ ਆਏ ਮਾਂ ਦੇ ਬੋਲਾਂ ਨੇ ਕਰੀਮੂ ਤੇ ਰਹੀਮੂ 'ਤੇ ਕੀ ਅਸਰ ਪਾਇਆ?

******

Downloaded from https:// www.studiestoday.com

Downloaded from https:// www.studiestoday.com

# ਸੰਤੋਖ ਸਿੰਘ ਧੀਰ

(1920-2010)

**ਲੇਖਕ ਬਾਰੇ :**

ਸੰਤੋਖ ਧੀਰ ਦਾ ਜਨਮ ਉਹਨਾਂ ਦੇ ਨਾਨਕੇ ਬਸੀ ਪਠਾਣਾ, ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ ਵਿਖੇ 2 ਦਸੰਬਰ, 1920 ਈ. ਨੂੰ ਮਾਤਾ ਸ੍ਰੀਮਤੀ ਯਮੁਨਾ ਦੇਵੀ, ਪਿਤਾ ਸ੍ਰੀ ਈਸ਼ਰ ਸਿੰਘ ਦੇ ਘਰ ਹੋਇਆ। ਉਹਨਾਂ ਦਾ ਜੱਦੀ ਪਿੰਡ ਡਡਹੇੜੀ ਜ਼ਿਲ੍ਹਾ ਲੁਧਿਆਣਾ ਹੈ। ਉਹਨਾਂ ਨੇ ਦਸਵੀਂ ਅਤੇ ਗਿਆਨੀ ਤੱਕ ਪੜ੍ਹਾਈ ਕੀਤੀ। ਕੁਝ ਚਿਰ ਸਕੂਲ ਅਧਿਆਪਕ ਵਜੋਂ ਸੇਵਾ ਨਿਭਾਈ ਪਰ ਉਹਨਾਂ ਨੇ ਆਪਣੇ ਜੀਵਨ ਦਾ ਸਮਾਂ, ਅੰਤ ਤੱਕ ਸੁਤੰਤਰ ਲੇਖਣ ਨੂੰ ਹੀ ਸਮਰਪਿਤ ਕੀਤਾ।

ਕਵੀ ਤੇ ਕਹਾਣੀਕਾਰ ਵਜੋਂ ਸ੍ਰੀ ਧੀਰ ਨੂੰ ਪੰਜਾਬੀ ਸਾਹਿਤ ਦੇ ਇਤਿਹਾਸ ਵਿੱਚ ਇੱਕੋ-ਜਿੰਨਾ ਸਨਮਾਨ ਹਾਸਲ ਹੈ ਕਿਉਂਕਿ ਉਹ ਸਾਰੀ ਜ਼ਿੰਦਗੀ ਪ੍ਰਗਤੀਵਾਦੀ ਸੋਚ ਨੂੰ ਪ੍ਰਣਾਇਆ ਰਿਹਾ। ਉਸ ਦੇ ਪ੍ਰਮੁੱਖ ਕਾਵਿ-ਸੰਗ੍ਰਹਿ, 'ਪਹੁ-ਫੁਟਾਲਾ', 'ਧਰਤੀ ਮੰਗਦੀ ਮੀਂਹ ਵੇ', 'ਪੱਤ ਝੜੇ ਪੁਰਾਣੇ', 'ਬਿਰਹੜੇ', 'ਅੱਗ ਦੇ ਪੱਤੇ', 'ਸੰਜੀਵਨੀ', 'ਆਉਣ ਵਾਲ਼ਾ ਸੂਰਜ', 'ਕੋਧਰੇ ਦਾ ਗੀਤ' ਆਦਿ ਹਨ। ਉਸ ਦੇ ਨਾਵਲ 'ਯਾਦਗਾਰ', 'ਮੈਨੂੰ ਇੱਕ ਸੁਪਨਾ ਆਇਆ', 'ਨਵਾਂ ਜਨਮ', 'ਸ਼ਰਾਬੀ' ਆਦਿ ਹਨ। 'ਮੇਰੀ ਕਲਮ' (ਸਾਹਿਤਿਕ ਸ੍ਵੈਜੀਵਨੀ), 'ਬ੍ਰਿਹਸਪਤੀ' (ਸ੍ਵੈਜੀਵਨੀ), 'ਮੇਰੀ ਇੰਗਲੈਂਡ ਯਾਤਰਾ' (ਸਫ਼ਰਨਾਮਾ), 'ਕਬੀਰ ਰਚਨਾਵਲੀ', (ਅਨੁਵਾਦ) ਹੋਰ ਜ਼ਿਕਰਯੋਗ ਰਚਨਾਵਾਂ ਹਨ।

ਕਹਾਣੀ-ਖੇਤਰ ਵਿੱਚ ਉਹਨਾਂ ਦੀ ਪ੍ਰਸਿੱਧੀ ਉਹਨਾਂ ਦੇ ਕਹਾਣੀ-ਸੰਗ੍ਰਹਿਆਂ - 'ਸਿੱਟਿਆਂ ਦੀ ਛਾਂ', 'ਸਵੇਰ ਹੋਣ ਤੱਕ', 'ਸਾਂਝੀ ਕੰਧ', 'ਸ਼ਰਾਬ ਦਾ ਗਲਾਸ', 'ਊਸ਼ਾ ਭੈਣ ਜੀ ਚੁੱਪ ਹਨ,' 'ਪੱਖੀ' ਆਦਿ ਨਾਲ਼ ਹੋਈ। 'ਪੱਖੀ' ਕਹਾਣੀ-ਸੰਗ੍ਰਹਿ ਨੂੰ 1996 ਈ. ਵਿੱਚ ਸਾਹਿਤ-ਅਕਾਦਮੀ ਦਿੱਲੀ ਵੱਲੋਂ ਪੁਰਸਕਾਰ ਪ੍ਰਾਪਤ ਹੋਇਆ। ਭਾਸ਼ਾ-ਵਿਭਾਗ ਪੰਜਾਬ ਨੇ ਆਪ ਨੂੰ 'ਸ਼੍ਰੋਮਣੀ ਪੰਜਾਬੀ ਸਾਹਿਤਕਾਰ, ਪੁਰਸਕਾਰ ਨਾਲ਼ ਸਨਮਾਨਿਤ ਕੀਤਾ। ਆਪ ਨੂੰ ਕਿੰਨੇ ਸਾਰੇ ਹੋਰ ਵੀ ਸਨਮਾਨ ਮਿਲ਼ੇ। 'ਸਾਂਝੀ ਕੰਧ', 'ਸਵੇਰ ਹੋਣ ਤੱਕ', 'ਕੋਈ ਇੱਕ ਸਵਾਰ', 'ਮੇਰਾ ਉੱਜੜਿਆ ਗੁਆਂਢੀ', ਤੇ 'ਮੰਗੋ' ਉਹਨਾਂ ਦੀਆਂ ਸ਼ਾਹਕਾਰ ਕਹਾਣੀਆਂ ਹਨ।

ਸ੍ਰੀ ਧੀਰ ਦੀਆਂ ਰਚਨਾਵਾਂ ਵਿੱਚ ਪ੍ਰਗਤੀਵਾਦੀ ਯਥਾਰਥਵਾਦੀ ਦ੍ਰਿਸ਼ਟੀਕੋਣ ਬੜੇ ਹੀ ਸੰਤੁਲਿਤ ਢੰਗ ਨਾਲ਼ ਪੇਸ਼ ਹੋਇਆ ਹੈ। ਇਸ ਬਹੁ-ਪੱਖੀ ਲੇਖਕ ਨੇ ਜਿੱਥੇ ਆਪਣੇ ਜੀਵਨ ਵਿੱਚ ਮਨੁੱਖ-ਵਿਰੋਧੀ ਤਾਕਤਾਂ ਖ਼ਿਲਾਫ਼ ਇੱਕ ਨਿਰੰਤਰ ਸੰਗਰਾਮ ਲੜਿਆ, ਉੱਥੇ ਉਹਨਾਂ ਦੀਆਂ ਰਚਨਾਵਾਂ ਹੱਕ-ਸੱਚ ਲਈ ਨਿਰੋਈ-ਪ੍ਰੇਰਨਾ ਦਿੰਦੀਆਂ ਹਨ। ਇਸ



Downloaded from https:// www.studiestoday.com

Downloaded from https:// www.studiestoday.com



ਸੰਘਰਸ਼ਸ਼ੀਲ ਲੇਖਕ ਨੇ ਤ੍ਰੁਟੀਆਂ, ਔਕੜਾਂ ਤੇ ਮਾਨਸਿਕ ਸੰਕਟਾਂ ਦਾ ਡਟ ਕੇ ਮੁਕਾਬਲਾ ਕੀਤਾ।

ਹਥਲੀ ਪਾਠ-ਪੁਸਤਕ ਵਿੱਚ ਧੀਰ ਦੀ ਕਹਾਣੀ 'ਸਾਂਝੀ ਕੰਧ' ਸ਼ਾਮਲ ਕੀਤੀ ਗਈ ਹੈ।

**ਕਹਾਣੀ ਬਾਰੇ :**

'ਸਾਂਝੀ ਕੰਧ' ਸੰਤੋਖ ਸਿੰਘ ਧੀਰ ਦੀ ਪ੍ਰਤਿਨਿਧ ਕਹਾਣੀ ਹੈ। ਇਹ ਕਹਾਣੀ ਇੱਕ ਪੇਂਡੂ ਪਰਿਵਾਰ ਨਾਲ਼ ਸੰਬੰਧਿਤ ਹੈ। ਦੋ ਭਰਾਵਾਂ, ਕਪੂਰ ਸਿੰਘ ਅਤੇ ਦਰਬਾਰਾ ਸਿੰਘ ਦੇ ਘਰਾਂ ਦੀ ਇੱਕ ਕੰਧ ਸਾਂਝੀ ਹੈ। ਇਹ ਕੰਧ ਬਾਰਸ਼ਾਂ ਕਾਰਨ ਡਿਗ ਜਾਂਦੀ ਹੈ। ਕਪੂਰ ਸਿੰਘ ਦਰਬਾਰਾ ਸਿੰਘ ਤੋਂ ਕੰਧ ਬਣਾਉਣ ਲਈ ਹਿੱਸੇ ਵਜੋਂ ਪੈਸੇ ਦੀ ਮੰਗ ਕਰਦਾ ਹੈ। ਦਰਬਾਰਾ ਸਿੰਘ ਚਾਹੁੰਦਾ ਹੋਇਆ ਵੀ ਉਸ ਦੀ ਗੱਲ ਨਹੀਂ ਮੰਨਦਾ।

ਜਦੋਂ ਦਰਬਾਰਾ, ਕਪੂਰ ਸਿੰਘ ਨੂੰ ਪੈਸੇ ਦੇਣ ਲਈ ਰਾਜ਼ੀ ਹੁੰਦਾ ਹੈ ਤਾਂ ਪਿੰਡ ਦਾ ਸਰਪੰਚ ਦਰਬਾਰੇ ਨੂੰ ਮੁਕਰਾ ਦਿੰਦਾ ਹੈ। ਗੱਲ ਗਾਲ਼ੀ-ਗਲ਼ੋਚ ਅਤੇ ਹੱਥੋ-ਪਾਈ ਤੱਕ ਪੁੱਜ ਜਾਂਦੀ ਹੈ। ਇੰਞ ਦੋਵੇਂ ਭਰਾ ਇੱਕ-ਦੂਜੇ ਤੋਂ ਵੱਖ ਹੋ ਜਾਂਦੇ ਹਨ।

ਅੰਤ ਦਰਬਾਰਾ ਬਿਮਾਰ ਪੈ ਜਾਂਦਾ ਹੈ। ਜਦੋਂ ਕਪੂਰ ਸਿੰਘ ਨੂੰ ਉਸ ਦੇ ਬਿਮਾਰ ਹੋਣ ਦਾ ਪਤਾ ਲੱਗਦਾ ਹੈ ਤਾਂ ਉਹ ਉਸ ਦੀ ਖ਼ਬਰ ਲੈਣ ਲਈ ਉਸ ਦੇ ਘਰ ਚਲਾ ਜਾਂਦਾ ਹੈ। ਦਰਬਾਰਾ ਮਹਿਸੂਸ ਕਰਦਾ ਹੈ ਕਿ ਉਸ ਨੂੰ ਕਿਸੇ ਦੀਆਂ ਗੱਲਾਂ ਵਿੱਚ ਨਹੀਂ ਸੀ ਆਉਣਾ ਚਾਹੀਦਾ, ਸਗੋਂ ਭਰਾ ਦਾ ਸਾਥ ਦੇਣਾ ਚਾਹੀਦਾ ਸੀ।

Downloaded from https:// www.studiestoday.com

Downloaded from https:// www.studiestoday.com

# ਸਾਂਝੀ ਕੰਧ

ਅੱਠ ਮਹੀਨੇ ਦੀ ਖ਼ੱਜਲ਼ ਖ਼ੁਆਰੀ ਮਗਰੋਂ ਜਦ ਕਪੂਰ ਸਿੰਘ ਵਿਚਾਰਾ ਮਸੀਂ ਘਰ ਬਣਾਉਣ ਦੀ ਪੁੱਜਤ ਵਿੱਚ ਹੋਇਆ ਤਾਂ ਰੇੜ੍ਹਕਾ ਸਾਂਝੀ ਕੰਧ ਉੱਤੇ ਪੈ ਗਿਆ। ਇਹ ਕੰਧ ਉਹਦੇ ਚਾਚੇ ਦੇ ਪੁੱਤ ਦਰਬਾਰੇ ਨਾਲ਼ ਸਾਂਝੀ ਸੀ।

ਪਿਛਲੇ ਵਰ੍ਹੇ ਦੀਆਂ ਬਾਰਸ਼ਾਂ ਵਿੱਚ ਕਪੂਰ ਸਿੰਘ ਦਾ ਘਰ ਢਹਿ ਗਿਆ ਸੀ। ਉਂਝ ਤਾਂ ਕਿੰਨੇ ਹੀ ਘਰ ਢਹਿ ਗਏ ਸਨ ਪਰ ਕਪੂਰ ਸਿੰਘ ਦੇ ਘਰ ਦਾ ਢਹਿਣਾ ਪਿੰਡ ਵਿੱਚ ਸਭ ਤੋਂ ਵੱਡੀ ਦੁਰਘਟਨਾ ਸੀ। ਇੱਕ ਵੀ ਖਣ ਸਾਬਤ ਨਹੀਂ ਸੀ ਰਿਹਾ।

ਪੈਸੇ ਵੱਲੋਂ ਕਪੂਰ ਸਿੰਘ ਅੱਗੇ ਹੀ ਕਮਜ਼ੋਰ ਸੀ। ਖ਼ਬਰੇ ਕਿਵੇਂ ਅੰਦਰੇ-ਅੰਦਰ ਆਪਣੀ ਕਬੀਲਦਾਰੀ ਤੋਰਦਾ ਸੀ। ਪਹਿਲਾਂ ਉਹ ਮਕਾਨ ਵਾਸਤੇ ਕਰਜ਼ੇ ਲਈ ਜ਼ਿਲ੍ਹੇ ਦੇ ਦਫ਼ਤਰਾਂ ਵਿੱਚ ਧੱਕੇ ਖਾਂਦਾ ਰਿਹਾ। ਉੱਥੇ ਵਜ਼ੀਰਾਂ ਦੀਆਂ ਸਿਫ਼ਾਰਸ਼ਾਂ ਚੱਲਦੀਆਂ ਸਨ। ਹਾਰ ਕੇ ਉਹ ਨੂੰ ਦਸ ਵਿੱਘੇ ਭੋਂ ਬੈ ਕਰਨੀ ਪਈ। ਕਿੰਨਾ ਕੁ ਚਿਰ ਬੇਗਾਨੇ ਘਰਾਂ ਵਿੱਚ ਟੱਬਰ ਰੁਲ਼ਦਾ ਰਹੇ। ਇੱਟਾਂ ਸੁਟਾ ਲਈਆਂ, ਸੀਮਿੰਟ ਦਾ ਵੀ ਬੰਦੋਬਸਤ ਬਣ ਗਿਆ ਪਰ ਜਦ ਤੱਕ ਦਰਬਾਰੇ ਨਾਲ਼ ਗੱਲ ਨਾ ਖੋਲ੍ਹੀ ਜਾਵੇ ਕੰਮ ਕਿਵੇਂ ਸ਼ੁਰੂ ਹੋ ਸਕਦਾ ਹੈ?

ਸਾਹਮਣੇ ਗਲ਼ੀ ਸੀ, ਕਿਸੇ ਦਾ ਰੌਲ਼ਾ ਨਹੀਂ। ਸੱਜੇ ਪਾਸੇ ਦੀ ਕੰਧ ਚਾਚੀ ਰਾਮ ਕੌਰ ਨਾਲ਼ ਸਾਂਝੀ ਸੀ। ਕਪੂਰ ਸਿੰਘ ਦੇ ਨਾਲ਼ ਹੀ ਦਰਬਾਰੇ ਦੇ ਘਰ ਦਾ ਵੀ ਕੁਝ ਹਿੱਸਾ ਡਿੱਗ ਪਿਆ ਸੀ, ਜਿਸ ਤੋਂ ਉਹ ਆਪ ਤੰਗ ਸੀ ਤੇ ਉਹਨੂੰ ਆਪ ਕੰਧ ਦੀ ਲੋੜ ਸੀ। ਪਿਛਲੇ ਪਾਸੇ ਚੰਨਣ ਸਿੰਘ ਚੀਨੀਏਂ ਦੀ ਆਬਾਦੀ ਸੀ। ਕਦੇ ਨਾ ਕਦੇ ਉਹਨੇ ਵੀ ਦੋ ਖਣ ਅਬਾਦੀ ਵਿੱਚ ਛੱਤਣੇ ਸਨ। ਇਸ ਲਈ ਉਹਨੇ ਸ਼ਤੀਰ ਧਰਨ ਵੇਲ਼ੇ ਅੱਧ ਦੇਣਾ ਮੰਨ ਲਿਆ। ਝਗੜਾ ਸੀ ਤਾਂ ਦਰਬਾਰੇ ਵਾਲ਼ੀ ਖੱਬੀ ਬਾਹੀ ਦਾ ਤੇ ਇਹ ਝਗੜਾ ਥੋੜ੍ਹੇ ਕੀਤਿਆਂ ਮੁਕਦਾ ਨਹੀਂ ਸੀ ਦਿਸਦਾ।

ਇੱਕ ਦੋ ਵਾਰੀ ਕੰਧ ਕਰਨ ਲਈ ਕਪੂਰ ਸਿੰਘ ਨੇ ਦਰਬਾਰੇ ਨੂੰ ਆਖਿਆ ਪਰ ਉਸ ਨੇ ਕੋਈ ਹੂੰ-ਹਾਂ ਨਾ ਕੀਤੀ ਸਗੋਂ ਰੁੱਖਾ ਜਵਾਬ ਦੇਂਦਿਆਂ ਕਿਹਾ, ''ਜਦ ਕੰਧਾਂ ਦੇ ਸਮੇਂ ਆਉਣਗੇ, ਕੰਧਾਂ ਦੇਖੀਆਂ ਜਾਣਗੀਆਂ।'' ਪਰ ਕਪੂਰ ਸਿੰਘ ਲਈ ਹੁਣ ਹੋਰ ਸਮਾਂ ਕਦੋਂ ਹੋਣਾ ਸੀ, ਜਿਹੜਾ ਘਰੋਂ ਬੇ-ਘਰ ਹੋਇਆ ਬੈਠਾ ਸੀ।

ਦਰਬਾਰੇ ਵਾਲ਼ੀ ਇਹ ਕੰਧ ਵਡਾਰੂਆਂ ਵੇਲ਼ੇ ਦੀ ਕੱਚੀ ਤੇ ਥਾਂ-ਥਾਂ ਤੋਂ ਗਈ ਹੋਈ ਸੀ। ਕੋਈ ਥਾਂ 'ਤੇ ਚਾਰ-ਚਾਰ ਉਂਗਲ਼ ਦੀਆਂ ਭਗਾਂ ਖੁੱਲ੍ਹੀਆਂ ਹੋਈਆਂ ਸਨ। ਉਂਞ ਵੀ ਥੋਥੜ ਜਿਵੇਂ ਰੇਹੀ ਦੀ ਖਾਧੀ ਹੁੰਦੀ ਹੈ। ਆਰ-ਪਾਰ ਕਈ ਮੋਰੀਆਂ। ਪਿੱਛੋਂ ਕੋਠੜੀ ਦੇ ਸ਼ਤੀਰ ਦੱਬੇ ਹੋਏ ਤੇ ਛੱਤ ਝੁਕੀ ਹੋਈ ਸੀ। ਲੋੜ ਅਸਲ ਵਿੱਚ ਦਰਬਾਰੇ ਨੂੰ ਵੀ ਕੰਧ ਦੀ ਓਨੀ ਹੀ ਸੀ, ਜਿੰਨੀ ਕਪੂਰ ਸਿੰਘ ਨੂੰ। ਨਵੀਂ ਕੰਧ ਮਾੜੀ ਵੀ ਕਿਸ ਨੂੰ ਰਹਿੰਦੀ ਹੈ? ਪਰ ਬਹਾਨੇ ਲਈ, ਇੱਕ ਲੇਖੇ, ਉਹਨੂੰ ਇਹ ਕੰਧ ਬਿਨਾਂ ਸਰਦਾ ਵੀ ਸੀ। ਉਹਦੇ ਕੋਲ਼ ਦੋ ਘਰ



Downloaded from https:// www.studiestoday.com

Downloaded from https:// www.studiestoday.com



ਸਨ। ਇਸ ਪੁਰਾਣੇ ਕੋਠੇ ਵਿੱਚ ਤਾਂ ਉਹਦਾ ਕੱਖ-ਕੰਡਾ ਤੇ ਡੰਗਰ-ਵੱਛਾ ਹੁੰਦਾ ਸੀ। ਆਪ ਉਹ ਇਸ ਤੋਂ ਅਗਲੇ ਘਰ ਵਿੱਚ ਰਹਿੰਦੇ ਸਨ, ਜਿਸ ਦੀ ਹਾਲਤ ਬਹੁਤ ਚੰਗੀ ਸੀ ਤੇ ਜੋ ਉਹਨਾਂ ਦੇ ਗੁਜ਼ਾਰੇ ਲਈ ਕਾਫ਼ੀ ਸੀ ਪਰ ਕਪੂਰ ਸਿੰਘ ਨੂੰ ਤਾਂ ਕੰਧ ਬਣਾਏ ਬਿਨਾਂ ਕਿਸੇ ਤਰ੍ਹਾਂ ਵੀ ਨਹੀਂ ਸੀ ਸਰਦਾ। ਨਵੇਂ ਘਰ ਉੱਤੇ ਜਿਸ ਨੇ ਨਵੇਂ ਸਿਰਿਉਂ ਪੈਸਾ ਲਾਉਣਾ ਹੋਵੇ, ਉਹ ਹੁਣ ਕੱਚੀ ਵੀ ਕਿਉਂ ਰੱਖੇ? ਤਿੰਨਾਂ ਪਾਸਿਆਂ ਦੀਆਂ ਕੰਧਾਂ ਪੱਕੀਆਂ ਨਿਕਲ਼ਦੀਆਂ ਸਨ। ਇਸ ਚੌਥੀ ਨੂੰ ਕੱਚੀ ਰੱਖ ਕੇ ਉਹ ਮਕਾਨ ਦੀ ਜੱਖਣਾ ਵੀ ਕਿਵੇਂ ਪੁੱਟ ਲਵੇ? ਪੱਕੀਆਂ ਕੰਧਾਂ ਉੱਤੇ ਕਦੇ ਚੁਬਾਰੇ ਵੀ ਬਣ ਸਕਦੇ ਹਨ। ਕੱਚੀਆਂ ਤੇ ਬੋਦੀਆਂ ਕੰਧਾਂ ਦੇ ਅੱਗੇ ਥੋੜ੍ਹੇ ਹੱਥ ਲੱਗੇ ਸਨ?

ਕਪੂਰ ਸਿੰਘ ਬੜਾ ਤੰਗ ਪਿਆ। ਸ਼ਰੀਕ, ਕਹਿੰਦੇ ਹੁੰਦੇ ਨੇ, ਮਿੱਟੀ ਦਾ ਵੀ ਬੁਰਾ। ਉਹਨੂੰ ਰਹਿ-ਰਹਿ ਕੇ ਦਰਬਾਰੇ ਉੱਤੇ ਗ਼ੁੱਸਾ ਆਉਂਦਾ ਪਰ ਗੁੱਸੇ ਨਾਲ, ਉਹ ਜਾਣਦਾ ਸੀ, ਉਹਦਾ ਕੰਮ ਸੌਰਨਾਂ ਨਹੀਂ। ਚਾਚੀ ਰਾਮ ਕੌਰ, ਚੰਨਣ ਸਿੰਘ ਚੀਨੀਆਂ ਤੇ ਹੋਰ ਕਈਆਂ ਨੂੰ ਉਹਨੇ ਆਖਿਆ ਕਿ ਉਹ ਹੀ ਦਰਬਾਰੇ ਨੂੰ ਜਾ ਕੇ ਸਮਝਾਉਣ ਪਰ ਦਰਬਾਰਾ ਸੀ ਕਿ ਰੱਸੀ ਦਾ ਸੱਪ ਬਣਿਆ ਬੈਠਾ ਸੀ। ਗਲ਼ੀ, ਗੁਆਂਢ, ਮਿੱਤਰ, ਪਿਆਰਾ, ਜਦ ਕਿਸੇ ਨੂੰ ਵੀ ਆਈ-ਗਈ ਨਾ ਦਿੱਤੀ ਤਾਂ ਉਹਨੇ ਸੋਚਿਆ, ਇੱਕ ਵਾਰ ਫੇਰ ਉਹ ਆਪ ਜਾ ਕੇ ਦਰਬਾਰੇ ਨੂੰ ਸਮਝਾਵੇ ਖ਼ਬਰੇ ਕੋਈ ਗੱਲ ਉਹਦੀ ਅਕਲ ਵਿੱਚ ਆ ਹੀ ਜਾਵੇ।

ਅਗਲੀ ਸਵੇਰ ਉਹਨੇ ਦਰਬਾਰੇ ਦੇ ਬੂਹੇ ਅੱਗੇ ਥੋੜ੍ਹਾ ਅਹੁਲ ਕੇ ਵਾਜ ਮਾਰੀ। ਅੰਦਰੋਂ ਕੁੜੀ ਨੇ ਦੱਸਿਆ ਕਿ ਉਹ ਹੁਣੇ ਪਟਵਾਰੀ ਵੱਲ ਨੂੰ ਗਿਆ ਹੈ। ਕਪੂਰ ਸਿੰਘ ਮਗਰੇ ਤੁਰ ਪਿਆ। ਉੱਥੇ ਹੀ ਦੋ ਆਦਮੀਆਂ ਦੇ ਸਾਹਮਣੇ, ਗੱਲ ਕਰਨੀ ਯੋਗ ਸਮਝੀ। ਜਾਂਦੇ ਨੂੰ ਅੱਗੇ ਰਾਮ ਰਤਨ ਪਟਵਾਰੀ, ਧੰਮਾ ਸਿੰਘ ਸਰਪੰਚ, ਟੁੰਡਾ ਲੰਬੜਦਾਰ ਤੇ ਇੱਕ ਦੋ ਹੋਰ ਆਦਮੀ ਮੰਜਿਆਂ ਉੱਤੇ ਬੈਠੇ ਸਨ। ਦਰਬਾਰਾ ਪਟਵਾਰੀ ਦੀ ਪੈਂਦ ਬੈਠਾ ਜਿਵੇਂ ਕੁਝ ਲਿਖਵਾ ਰਿਹਾ ਸੀ। ਕਪੂਰ ਸਿੰਘ ਨੇ ਸਾਰਿਆਂ ਨੂੰ ਹੀ ਸਾਂਝੇ ਮੰਨ ਕੇ ਦਰਬਾਰੇ ਨੂੰ ਧੀਰਜ-ਨਾਲ਼ ਆਖਿਆ, ''ਭਾਈ ਦਰਬਾਰਾ ਸਿਆਂਹ! ਕੰਧ ਦਾ ਫੇਰ ਹੁਣ ਕਿੱਕਣ ਕਰਨੈਂ?''

''ਕਿਹੜੀ ਕੰਧ.....?'' ਦਰਬਾਰੇ ਨੇ ਪੈਰਾਂ ਉੱਤੇ ਪਾਣੀ ਹੀ ਨਾ ਪੈਣ ਦਿੱਤਾ।

''ਤੂੰ ਭੁਲਿਆ ਹੋਇਐਂ....'' ਕਪੂਰ ਸਿੰਘ ਬੋਲਿਆ, ''ਆਪਣੀ....ਸਾਂਝੀ...।''

''ਮੈਨੂੰ ਨ੍ਹੀ ਲੋੜ ਕੰਧ ਕਰਨ ਦੀ।'' ਓਪਰਿਆਂ ਵਾਂਗ ਦਰਬਾਰੇ ਨੇ ਉਹਦੇ ਵੱਲੋਂ ਮੂੰਹ ਫੇਰ ਕੇ ਹਵਾ ਵਿੱਚ ਖ਼ਾਲੀ ਝਾਕਦਿਆਂ ਕਿਹਾ।

''ਜੇ ਤੈਨੂੰ ਲੋੜ ਨਹੀਂ, ਤਾਂ ਮੈਨੂੰ ਤਾਂ ਹੈ।'' ਕਪੂਰ ਸਿੰਘ ਨਿਮਾਣਾ ਜਿਹਾ ਹੋ ਕੇ ਬੋਲਿਆ ਪਰ ਇਹ ਗੱਲ ਦਰਬਾਰੇ ਦੇ ਨੇੜਿਓਂ ਵੀ ਨਾ ਗਈ। ਉਹਨੇ ਹੋਰ ਵੀ ਰੁੱਖੀ ਤਰ੍ਹਾਂ ਕਿਹਾ, ''ਤੈਨੂੰ ਲੋੜ ਐ, ਤੂੰ ਕਰ ਲੈ।''

''ਮੈਂ ਕਿਵੇਂ ਕਰ ਸਕਦਾ ਭਲਾਂ, ਐਡੀ ਬੜੀ ਕੰਧ, ਕੱਲਾ - ਚਾਲ਼ੀ ਫੁੱਟ ਲੰਮੀ, ਚੌਦਾਂ ਫੁੱਟ ਉੱਚੀ, ਡੂਢ ਇੱਟ ਚੌੜੀ.......।''

Downloaded from https:// www.studiestoday.com

Downloaded from https:// www.studiestoday.com



''ਫੇਰ ਮੇਰੇ ਸਿਰ 'ਸਾਨ ਐ?''

'''ਸਾਨ ਤਾਂ ਨਹੀਂ ਮੇਰਾ ਕੰਮ ਤਾਂ ਅਟਕਿਆ ਖੜੈ?''

''ਮੈਨੂੰ ਜ਼ੁਮੇਵਾਰੀ ਐ ਤੇਰੇ ਕੰਮ ਦੀ? ਅਟਕਿਐ ਅਟਕਿਆ ਰਹੇ।'' ਦਰਬਾਰਾ ਸਿਰ ਨੂੰ ਆਇਆ।

ਕੋਲ਼ੋਂ ਪਟਵਾਰੀ ਨੇ ਹੌਲ਼ੀ ਜਿਹੀ ਆਖਿਆ, ''ਕਾਹਨੂੰ ਬਾਖੇ ਚੌੜੇ ਹੁੰਦੇ ਓਂ, ਮੁਕਾ ਲਓ ਰਲ਼ ਕੇ।''

ਪਰ ਸਰਪੰਚ ਨੇ ਮਲ਼ਵੀਂ ਜੀਭ ਨਾਲ਼ ਚੱਬਕੇ ਟੋਕਿਆ, ''ਆਪਾਂ ਨੇ ਕਾਹਨੂੰ ਆਉਣੈਂ ਵਿੱਚ ਪਟਵਾਰੀ ਜੀ! ਭਾਈ-ਭਾਈ ਨੇ, ਆਪੇ ਸਮਝਣਗੇ।''

ਕਪੂਰ ਸਿੰਘ ਸਰਪੰਚ ਦਾ ਰੁਖ਼ ਤਾੜ ਗਿਆ। ਅੱਗੇ ਵੀ ਉਹ ਕਈ ਵਰ੍ਹਿਆਂ ਤੋਂ ਉਹਦੇ ਨਾਲ਼ ਲੱਗਦਾ ਆਉਂਦਾ ਸੀ। ਦਰਬਾਰੇ ਘੱਪਲ਼ ਨੂੰ ਇਹਨਾਂ ਗੱਲਾਂ ਦੀ ਕੀ ਸ਼ਰਮ। ਹੁਣ ਜੇ ਕਪੂਰ ਸਿੰਘ ਦਾ ਭਾਈ ਹੀ ਸਰਪੰਚ ਨੂੰ ਉਹਦੇ ਖਿਲਾਫ਼ ਵਰਤਣ ਲਈ ਮਿਲ਼ੇ ਤਾਂ ਹੋਰ ਉਹਨੂੰ ਕੀ ਚਾਹੀਦਾ ਸੀ। ਉਹਨੇ ਹੋਰ ਨਰਮ ਹੋ ਕੇ ਦਰਬਾਰੇ ਨੂੰ ਸਮਝਾਉਣਾ ਚਾਹਿਆ, ''ਦਰਬਾਰਾ ਸਿਆਂਹ, ਮੈਂ ਤੈਨੂੰ ਮਿੰਨਤ ਨਾਲ਼ ਕਹਿਨਾਂ ਆਪਾਂ ਕਬੀਲਦਾਰ ਆਂ, ਲੜਦੇ ਚੰਗੇ ਨਹੀਂ ਲਗਦੇ, ਆ ਰਲ਼ ਕੇ ਕੰਧ ਬਣਾਈਏ, ਤੂੰ ਹਾਂ ਕਰ, ਜਿਕੁਣ ਕਹੇਂਗਾ ਮੈਂ ਓਕਣੇ ਮੰਨ ਲੂੰਗਾ, ਕੰਧ ਐ ਮਾੜੀ, ਦੋਹਾਂ ਨੂੰ ਇਹ ਦਾ ਸੁੱਖ ਐ, ਮਾੜੀ-ਮੋਟੀ ਕੰਧੋੜੀ ਹੁੰਦੀ, ਮੈਂ ਤੈਨੂੰ ਕਹਿੰਦਾ ਵੀ ਨਾ, ਸਾਰਾ ਭਾਰ ਚੱਕਣਾ ਮੈਨੂੰ ਭੀ ਔਖੈ, ਤੂੰ ਮੈਨੂੰ ਬਹੁਤਾ ਚਕਾ ਦੇਹ, ਆਪ ਥੋੜ੍ਹਾ ਚੱਕ ਲਈਂ!''

ਕਪੂਰ ਸਿੰਘ ਦੀ ਨਰਮਾਈ ਨੇ ਦਰਬਾਰੇ ਦੀ ਅੜਬਾਈ ਕੁਝ ਢਿੱਲੀ ਕਰ ਦਿੱਤੀ। ਘੁੱਟੀਆਂ ਉਹਦੇ ਮੱਥੇ ਵਿੱਚੋਂ ਮਿਟਣ ਲੱਗੀਆਂ। ਪਲ ਦੀ ਪਲ ਹਾਂ ਕਰ ਦੇਣ ਲਈ ਉਹਦਾ ਜੀ ਵੀ ਕੀਤਾ ਪਰ ਉਦੋਂ ਹੀ ਹੌਲ਼ੀ ਜਿਹੀ ਸਰਪੰਚ ਖੰਘੂਰਿਆ। ਏਨੀ ਹੌਲ਼ੀ ਤੇ ਏਨਾ ਬੇ-ਮਲੂਮ, ਜਿਸ ਵਿਚਲੀ ਰਮਜ਼ ਨੂੰ ਦਰਬਾਰਾ ਹੀ ਬੁੱਝ ਸਕੇ।

ਦਰਬਾਰੇ ਨੂੰ ਫਿਰ ਵੱਟ ਚੜ੍ਹ ਗਿਆ ਤੇ ਉਹਦੇ ਪੱਧਰ ਹੁੰਦੇ ਮੱਥੇ ਵਿੱਚ ਘੁੱਟੀਆਂ ਫੇਰ ਸੰਘਣੀਆਂ ਹੋ ਗਈਆਂ। ''ਓ, ਮੈਂ ਸੁਦਾਈ ਆਂ, ਜਿਹੜਾ ਮੱਲੋ-ਮੱਲੀ ਕਿਸੇ ਦਾ ਭਾਰ ਚੱਕਦਾ ਫਿਰਾਂ?''

''ਪਰ ਤੈਨੂੰ ਅਨਕਾਰ ਕਿਹੜੀ ਗੱਲੋਂ ਐ?'' ਕਪੂਰ ਸਿੰਘ ਨੇ ਫੇਰ ਵੀ ਭਾਈ ਬੰਦੀ ਵਰਤੀ। ਕੀ ਕਰੇ, ਉਹਨੂੰ ਲੋੜ ਜੋ ਸੀ।

''ਮੇਰੇ ਵਿੱਚ ਨਹੀਂ ਜਾਨ ਪੈਸਾ ਖਰਚਣ ਦੀ, ਮੈਂ ਫਾਹੇ ਚੜ੍ਹਾਂ?'' ਦਰਬਾਰਾ ਉਸੇ ਤਰ੍ਹਾਂ ਹਵਾ ਨੂੰ ਘੂਰਦਾ ਸੀ।

''ਖ਼ਰਚ ਹਾਲੇ ਮੈਂ ਕਰ ਦਿੰਨਾਂ, ਤੂੰ ਫੇਰ ਦੇ ਦੇਈਂ। ਜਦ ਹੋਣਗੇ ਉਦੋਂ ਦੇ ਦਈਂ।''

Downloaded from https:// www.studiestoday.com

Downloaded from https:// www.studiestoday.com



''ਮੈਂ ਐਵੇਂ ਤੇਰੀ ਜੁੱਤੀ ਹੇਠ ਆਵਾਂ।'' ਦਰਬਾਰਾ ਕਿਸੇ ਰਾਹ ਵੀ ਨਹੀਂ ਸੀ ਤੁਰਨ ਦਿੰਦਾ। ਭਾਈ ਜੇ ਮਿੱਤਰ ਹੋਵੇ ਤਾਂ ਉਹਦੇ ਵਰਗਾ ਕੋਈ ਮਿੱਤਰ ਨਹੀਂ, ਜੇ ਭਾਈ ਦੁਸ਼ਮਣ ਬਣ ਜਾਵੇ ਤਾਂ ਉਹਦੇ ਵਰਗਾ ਕੋਈ ਦੁਸ਼ਮਣ ਨਹੀਂ।

ਟੁੰਡੇ ਲੰਬੜਦਾਰ ਨੇ ਗੱਲ ਮੁਕਾਉਣੀ ਚਾਹੀ, ''ਲੈਣਾ-ਦੇਣਾ ਬਣਿਆ ਹੋਇਆ ਈ ਐ, ਕੋਈ ਡਰ ਨਹੀਂ ਅੱਗੜ-ਪਿੱਛੜ ਦਾ ਵੀ।'' ਕਪੂਰ ਸਿੰਘ ਦੀ ਹਾਲਤ ਉੱਤੇ ਉਹਨੂੰ ਤਰਸ ਆ ਰਿਹਾ ਸੀ।

''ਤੈਨੂੰ ਨਹੀਂ ਪਤਾ ਚਾਚਾ......!'' ਦਰਬਾਰੇ ਨੇ ਝੱਟ ਤਾੜ ਦਿੱਤਾ। ਉਹ ਚੁੱਪ ਕਰ ਗਿਆ। ਕਿਹੜਾ ਲੱਕੜ ਤੋਂ ਆਪਣੀ ਹੇਠੀ ਕਰਾਵੇ।

ਕਪੂਰ ਸਿੰਘ ਦੁਖੀ ਹੋ ਗਿਆ ਕਿ ਕੀ ਕਰੇ ਤੇ ਕੀ ਨਾ ਕਰੇ। ਇਹ ਬੇਈਮਾਨ ਕਿਸੇ ਪਾਸੇ ਦੀ ਨਹੀਂ ਮੰਨਦਾ। ਪੱਲਿਉਂ ਚਾਰ ਸੌ ਰੁਪਈਏ ਲਾ ਕੇ ਉਹਨੂੰ ਮੁਫ਼ਤ ਵਿੱਚ ਕੰਧ ਬਣਾ ਕੇ ਦੇ ਦਿਓ ਤਾਂ ਲੋੜ ਐ, ਜੇ ਅੱਧ ਮੰਗੋ ਤਾਂ ਲੋੜ ਨਹੀਂ। ਉਹ ਜਾਣਦੈ ਕੰਧ ਤਾਂ ਇਹਨੂੰ ਆਪਣੀ ਲੋੜ ਨੂੰ ਬਣਾਉਣੀਓਂ ਪੈਣੀ ਐ, ਉਹ ਕਿਉਂ ਖ਼ਾਹ ਮਖ਼ਾਹ ਹਾਮੀ ਭਰੇ। ਸ਼ਤੀਰ ਉਹਦੇ ਕੋਈ ਲਾਹ ਹੀ ਨਹੀਂ ਸਕਦਾ।

''ਦਰਬਾਰਾ ਸਿਆਂਹ'' ਕਪੂਰ ਸਿੰਘ ਬਿਰ-ਬਿਰ ਕਰਨ ਲੱਗਾ, ''ਮੇਰੇ ਹਾਲ ਕੰਨੀ ਦੇਖ, ਕਿੰਨਾ ਚਿਰ ਹੋ ਗਿਆ ਮੈਨੂੰ ਰੁਲ਼ਦੇ ਨੂੰ, ਹੁਣ ਤੂੰ ਐਵੇਂ ਅੜਿੱਕਾ ਨਾ ਡਾਹ, ਜਿੱਕਣ ਕਰੇਂਗਾ, ਓਕਣੇ ਕਰ ਲਾਂਗੇ।

ਨਿੱਕਾ ਜਿਹਾ ਖੰਘੂਰਾ ਫੇਰ ਸੁਣਿਆ।

ਦਰਬਾਰੇ ਵਿੱਚ ਜਿਵੇਂ ਓਪਰੀ ਹਵਾ ਆ ਗਈ ਹੋਵੇ। ਬਿਨਾਂ ਅੱਖ ਮਿਲ਼ਾਏ ਉਹਨੇ ਕੋਰਾ ਹੋ ਕੇ ਆਖਿਆ, ''ਮੇਰਾ ਹਾਲ ਕਿਹੜਾ ਚੰਗੈ, ਮੈਂ ਤੇਰੇ ਹਾਲ ਕੰਨੀ ਦੇਖਾਂ।''

ਪਟਵਾਰੀ, ਸਰਪੰਚ, ਲੰਬੜਦਾਰ ਤੇ ਹੋਰ ਸਾਰੇ ਚੁੱਪ ਕਰਕੇ ਸੁਣਦੇ ਰਹੇ। ਕਪੂਰ ਸਿੰਘ ਨੇ ਹੋਰ ਮੁੱਚ, ਕੇ ਹੋਰ ਸਮਾਈ ਨਾਲ਼ ਆਖਿਆ, ''ਡੂਢ ਇੱਟ ਦੀ ਨਾ ਸਹੀ ਇੱਕ ਇੱਟ ਦੀ ਕਰ ਲੈ।''

''ਇੱਕ ਇੱਟੀ ਵੀ ਨ੍ਹੀਂ ਕਰਨੀ।''

'ਕੱਚੀ ਕਰ ਲੈ।'

''ਕੱਚੀ ਨਾ ਪੱਕੀ।''

''ਚੱਲ ਤੂੰ ਇੱਟਾਂ ਦਾ ਹੀ ਅੱਧ ਦੇ ਦੇਹ, ਮਜੂਰੀ ਨਾ ਸਹੀ।'' ਉਹਨੇ ਹੋਰ ਕਾਂਪ ਖਾਧੀ ਪਰ ਦਰਬਾਰਾ ਤਾਂ ਇੱਕੋ ਆਟੇ ਦਾ ਸ਼ੀਂਹ ਸੀ। ਹੋਰ ਵਿਗੜ ਕੇ ਬੋਲਿਆ, ''ਜਦ ਮੈਂ ਕੇਰਾਂ ਕਹਿ ਦਿੱਤਾ, ਮੈਨੂੰ ਨ੍ਹੀਂ ਲੋੜ, ਮੈਂ ਨ੍ਹੀਂ ਕਰਨੀ, ਮੈਨੂੰ ਨਾ ਕਹੀਂ।''

ਜੇ ਕੰਧ ਕਪੂਰ ਸਿੰਘ ਵੀ ਕਰੇ ਤਾਂ ਵੀ ਢਾਹੁਣ ਵੇਲ਼ੇ ਤਾਂ ਆਧੀ ਦਾ ਕੋਲ਼ ਹੋਣਾ ਜ਼ਰੂਰੀ ਸੀ। ਆਪਣੇ ਘਰ ਨੂੰ ਸਾਂਭਣਾ, ਸ਼ਤੀਰਾਂ ਹੇਠ ਥੰਮੀਆਂ ਦੇਣੀਆਂ। ਉਹਨੇ ਹੋਰ ਵੀ

Downloaded from https:// www.studiestoday.com

Downloaded from https:// www.studiestoday.com



ਠਰ੍ਹੰਮੇ ਨਾਲ਼ ਦਰਬਾਰੇ ਨੂੰ ਆਖਿਆ, ''ਪਰ ਤੇਰੀ ਰਜ਼ਾਮੰਦੀ ਬਿਨਾਂ ਮੈਂ ਕੰਧ ਨੂੰ ਛੇੜਾਂ ਵੀ ਕਿਵੇਂ? ਤੂੰ ਕੋਲ਼ ਤਾਂ ਖੜ੍ਹ, ਕੰਧ ਬਣੂੰਗੀ ਤਾਂ ਢਹਿ ਕੇ ਹੀ।''

''ਮੈਂ ਤਾਂ ਸਰਦਾਰ ਜੀ ਅੱਗ ਨ੍ਹੀਂ ਲੈਣ ਜਾਂਦਾ ਕੰਧ ਨੂੰ। ਤੂੰ ਕਹਿਨੈਂ ਕੋਲ਼ ਖੜ! ਮੈਨੂੰ ਚੱਟੀ ਪਈ ਐ?''

''ਨਾ ਬਈ.....!'' ਵਿੱਚੋਂ ਹੀ ਕਿਸੇ ਨੇ ਦਰਬਾਰੇ ਦੀ ਗੱਲ ਤੋਂ ਆਖਿਆ, ''ਆਹ ਤਾਂ ਬੇ ਜੈ ਐ?''

ਹੁਣ ਤਾਂ ਕਪੂਰ ਸਿੰਘ ਨੂੰ ਵੀ ਅੱਗ ਲੱਗ ਗਈ। ''ਇਹਨੂੰ ਕਹਿੰਦੇ ਨੇ ਸ਼ਰੀਕ'' ਉਹਨੇ ਦਿਲ ਵਿੱਚ ਆਖਿਆ। ਬੰਦਾ ਕਿੱਥੋਂ ਕੁ ਤੱਕ ਸਬਰ ਕਰਦਾ ਰਹੇ? ਤਾਂ ਵੀ ਉਹ ਤੱਤ ਨੂੰ ਮਾਰ ਕੇ ਪਰ ਥੋੜ੍ਹਾ ਤੇਜ਼ ਹੋ ਕੇ ਬੋਲਿਆ, ''ਜੇ ਮੈਂ ਬਣਾ ਲਾਂ ਤਾਂ ਤੂੰ ਸ਼ਤੀਰ ਤਾਂ ਨ੍ਹੀ ਧਰੇਂਗਾ ਮੇਰੀ ਕੰਧ ਉੱਤੇ?''

''ਸ਼ਤੀਰ ਧਰਨੋਂ ਮੈਨੂੰ ਕਿਹੜਾ ਹਟਾ ਸਕਦੇ? ਮੈਂ ਮਾਲਕ ਆਂ ਕੰਧ ਦਾ!''ਦਰਬਾਰੇ ਨੇ ਹਿੱਕ ਥਾਪੜੀ!

''ਤੇਰੇ ਕੱਲੇ ਦੀ ਐ ਕੰਧ? ਮੇਰੀ ਨ੍ਹੀਂ, ਤੂੰ ਬਹੁਤਾ ਮਾਲਕ ਐਂ!'' ਜੇ ਭਖੇ ਨਾ ਕਪੂਰ ਸਿੰਘ ਤਾਂ ਕੀ ਕਰੇ?

ਦਰਬਾਰੇ ਨੇ ਉਲਟੀ ਹੋਰ ਤੜ੍ਹੀ ਮਾਰੀ, ''ਮੈਂ ਤਾਂ ਸਰਦਾਰ ਜੀ ਤੇਰੇ ਉੱਤੇ ਅਰਜ਼ੀ ਦੇਣੀ ਐਂ ਤੂੰ ਭਾਲ਼ਦੈਂ ਅੱਧ, ਤੇਰਾ ਕੋਠਾ ਢਹਿਣ ਨਾਲ਼ ਕੰਧ ਹੋਗੀ ਨੰਗੀ, ਜੇ ਮੀਂਹਾਂ ਵਿੱਚ ਨੰਗੀ ਕੰਧ ਮੇਰਾ ਕੋਠਾ ਲੈ ਕੇ ਬਹਿ ਗਈ, ਤਾਂ ਕੌਣ ਹੋਇਆ ਜ਼ੁੰਮੇਵਾਰ?''

ਹੁਣ ਤਾਂ ਕਪੂਰ ਸਿੰਘ ਹੋਰ ਵੀ ਭੜਕ ਪਿਆ, ''ਤੂੰ ਲਾ ਲਈਂ ਜਿਹੜਾ ਜ਼ੋਰ ਲਾਉਨੈਂ, ਮੈਂ ਜਾਣਦਾਂ ਜਿਹੜਾ ਵਕੀਲ ਤੇਰੇ ਅੰਦਰ ਬੋਲਦੈ, ਅਰਜ਼ੀ ਦਊ ਇਹ ਨਗੌਰਾ ਮੇਰੇ ਉੱਤੇ, ਹੁਣ ਗਿਣ ਕੇ ਲਈਂ ਤੂੰ ਹਰਜਾਨਾ ਮੇਰੇ ਕੋਲ਼ੋਂ ਹਵੇਲੀ ਦਾ, ਚੱਲ ਮੈਂ ਢਾਹੁਨਾਂ ਕੰਧ, ਆ ਹਟਾ ਤੂੰ ਮੈਨੂੰ.....।''

ਦਰਬਾਰਾ ਭਾਵੇਂ ਕਪੂਰ ਸਿੰਘ ਤੋਂ ਕੁਝ ਛੋਟਾ ਸੀ। ਸਰੀਰ ਦਾ ਵੀ ਲਿੱਸਾ ਤੇ ਅੱਗੇ ਕਦੇ ਉਹਦੇ ਸਾਹਮਣੇ ਇਉਂ ਉਹ ਬੋਲਿਆ ਵੀ ਨਹੀਂ ਸੀ ਪਰ ਚੁੱਕ ਬੁਰੀ ਹੁੰਦੀ ਹੈ। ਦਰਬਾਰਾ ਉੱਠ ਕੇ ਖੜਾ ਹੋ ਗਿਆ ਤੇ ਬਾਹਵਾਂ ਚਾੜ੍ਹਦਾ ਗੜ੍ਹਕੇ ਨਾਲ਼ ਬੋਲਿਆ, ''ਤੂੰ ਹੱਥ ਤਾਂ ਲਾ ਜਾ ਕੇ ਕੰਧ ਨੂੰ!''

ਨੇੜੇ ਹੀ ਸੀ, ਦੋਵੇਂ ਉਲ਼ਝ ਪੈਂਦੇ ਕਿ ਟੁੰਡੇ ਲੰਬੜਦਾਰ ਨੇ ਝੱਟ ਉੱਠ ਕੇ ਦਰਬਾਰੇ ਨੂੰ ਡੱਕ ਦਿੱਤਾ ਤੇ ਕਪੂਰ ਸਿੰਘ ਨੂੰ ਚਲੇ ਜਾਣ ਦੀ ਸੈਨਤ ਕੀਤੀ।

ਕਪੂਰ ਸਿੰਘ ਉੱਥੋਂ ਤੁਰ ਪਿਆ, ''ਮਖਾਂ ਚੱਲ ਤਾਂ ਸਹੀ, ਮੈਂ ਢਾਹੁਨਾਂ, ਤੂੰ ਹਟਾਈਂ, ਦੇਖੀਂ ਨਾਲ਼ੇ ਹੁਣ ਕੰਧ ਬਣਦੀ ਵੀ ਕਿਵੇਂ ਐ, ਨਾਲ਼ੇ ਨਾ ਦੇਈਂ ਖਾਂ ਭਲਾ ਤੂੰ ਅੱਧ......'' ਪਟਵਾਰਖ਼ਾਨੇ ਦਾ ਬੂਹਾ ਲੰਘਦਿਆਂ ਉਹ ਕਹਿ ਰਿਹਾ ਸੀ।

Downloaded from https:// www.studiestoday.com

Downloaded from https:// www.studiestoday.com



ਸਾਰਾ ਪਿੰਡ ਦਰਬਾਰੇ ਨੂੰ ਕੋਸਣ ਲੱਗਾ, ''ਬਹੁਤ ਮਾੜੀ ਗੱਲ ਐ ਦਰਬਾਰੇ ਖਾਤਰ, ਕਿਸੇ ਲੋਟ ਤਾਂ ਬੰਦੇ ਨੂੰ ਮੰਨਣਾ ਚਾਹੀਦੈ।''

ਕਪੂਰ ਸਿੰਘ ਦੁਚਿੱਤੀ ਵਿੱਚ ਪੈ ਗਿਆ। ਘਰ ਬਣਾਵੇ ਕਿ ਨਾ ਬਣਾਵੇ। ਏਦੋਂ ਚੰਗਾ ਤਾਂ ਪਿੰਡੋਂ ਬਾਹਰ ਜਾ ਵਸਣਾ ਸੀ। ਕੰਧ ਬਣਦੀ ਦਿਸਦੀ ਨਹੀਂ। ਅੱਧੀ ਵੰਡ ਕੇ ਬਣਾਉਣ ਜਾਂ ਠੋਹਕਰਾਂ ਕਰਨ ਵਿੱਚ ਉਹ ਗੱਲ ਨਹੀਂ। ਚਾਰ ਚੁਫ਼ੇਰਿਓਂ ਪੱਕਾ, ਸੋਹਣਾ, ਟੱਲੀ ਵਰਗਾ ਚਕੋਰ ਘਰ ਬਣ ਜਾਂਦਾ। ਅਖ਼ੀਰ ਉਹਨੇ ਫ਼ੈਸਲਾ ਕੀਤਾ ਉਹ ਕੰਮ ਸ਼ੁਰੂ ਕਰੇ, ਜਦ ਕੰਧ ਉੱਤੇ ਆ ਗਿਆ ਤਾਂ ਆਪੇ ਕੋਈ ਨਾ ਕੋਈ ਰਾਹ ਨਿਕਲ਼ ਆਵੇਗਾ। ਅੜਿਆ ਤਾਂ ਕਿਸੇ ਦਾ ਕੁਝ ਰਹਿੰਦਾ ਹੀ ਨਹੀਂ। ਪੱਕੀ ਬਣ ਗਈ ਤਾਂ ਚੰਗਾ, ਨਹੀਂ ਠੋਹਕਰਾਂ ਕਰਕੇ ਉੱਤੇ ਪਾਸਵੱਲੀਆਂ ਪਾ ਦਿਆਂਗੇ। ਇੱਕ ਪਾਸਾ ਜਾਣੋ ਕੱਚਾ ਰਹਿ ਗਿਆ। ਹੋਰ ਹੁਣ ਕੀਤਾ ਵੀ ਕੀ ਜਾਵੇ। ਲੋਕ ਤਾਂ ਕਹਿੰਦੇ ਸਨ ਜਾ ਕੇ ਡਿਪਟੀ ਦੇ ਅਰਜ਼ੀ ਮਾਰੇ ਪਰ ਮਾਮਲਾ ਹੋਰ ਚੱਕਰ ਵਿੱਚ ਪੈ ਜਾਣਾ ਸੀ। ਜੇਠ-ਹਾੜ੍ਹ ਦੇ ਖੁੱਲ੍ਹੇ ਦਿਨ ਲੰਘਦੇ ਜਾਂਦੇ ਸਨ। ਜੇ ਇਸੇ ਤਰ੍ਹਾਂ ਕਰਦਿਆਂ ਸਿਆਲ਼ ਆ ਗਿਆ ਤਾਂ ਕੰਮ ਰਾਜਾਂ ਤੋਂ ਉਂਞ ਨਹੀਂ ਮੁੱਕਿਆ ਕਰਨਾ ਤੇ ਨਾਲ਼ੇ ਹੁਣ ਦਾ ਖੁੰਝਿਆ ਖ਼ਬਰੇ ਕਦ ਉੱਤੇ ਜਾ ਪਵੇ.....।

ਕੰਮ ਸ਼ੁਰੂ ਹੋ ਗਿਆ। ਚਾਚੀ ਰਾਮ ਕੌਰ ਵਾਲ਼ੀ ਕੰਧ ਢਾਹ ਕੇ ਮਜ਼ਦੂਰ ਨੀਹਾਂ ਕੱਢਣ ਲੱਗੇ। ਤਿੰਨਾਂ ਦਿਨਾਂ ਵਿੱਚ ਕੰਧ ਸਿਰੇ ਜਾ ਲੱਗੀ। ਦਲਾਨ, ਵਰਾਂਡਾ, ਰਸੋਈ ਤੇ ਹੋਰ ਸਾਰੀਆਂ ਨੀਹਾਂ ਭਰੀਆਂ ਗਈਆਂ। ਬੈਠਕ ਦੀਆਂ ਕੰਧਾਂ ਉੱਠਣ ਲੱਗੀਆਂ। ਬੂਹਿਆਂ ਤੇ ਬਾਰੀਆਂ ਦੀਆਂ ਚੁਗਾਠਾਂ ਖੜ੍ਹੀਆਂ ਹੋ ਗਈਆਂ। ਦਸਾਂ ਦਿਨਾਂ ਵਿੱਚ ਥਾਂਉਂ ਦਾ ਹੁਲੀਆ ਬਦਲ ਗਿਆ ਤੇ ਮੁਕਾਬਲੇ ਦੀ ਚਾਚੀ ਰਾਮ ਕੌਰ ਵਾਲ਼ੀ ਪੱਕੀ ਕੰਧ ਸਾਹਮਣੇ ਦਰਬਾਰੇ ਦੀ ਕੱਚੀ ਹੁਣ ਹੋਰ ਬੁਰੀ ਦਿਸਣ ਲੱਗੀ। ਆਉਂਦਾ ਜਾਂਦਾ ਹਰ ਕੋਈ ਆਖੇ, ''ਹੁਣ ਇਹ ਵੀ ਦਲਿੱਦਰ ਕੱਢ ਕੇ ਛੱਡਿਓ!''

ਪਰ, ਦਰਬਾਰੇ ਨੇ ਅਜੇ ਵੀ ਇੱਕੋ ਨੰਨਾ ਫੜਿਆ ਹੋਇਆ ਸੀ।

ਬੈਠਕ ਦੀਆਂ ਬਾਰੀਆਂ ਤੇ ਬੂਹਿਆਂ ਉੱਤੇ ਲਿੰਟਲ ਲੱਗ ਗਏ। ਡਿਓੜੀ ਦੀ ਚੁਗ਼ਾਠ ਵੀ ਧਰੀ ਗਈ। ਬੈਠਕ ਚਾਚੀ ਰਾਮ ਕੌਰ ਦੀ ਕੰਧ ਨਾਲ਼ ਸੀ ਤੇ ਲੰਘਣ ਲਈ ਡਿਓੜੀ ਦਰਬਾਰੇ ਵੱਲ। ਡਿਓੜੀ ਦੀ ਛੱਤ ਨੀਵੀਂ ਰੱਖ ਕੇ ਅੱਠ ਫੁੱਟ ਉੱਤੇ ਲਿੰਟਲ ਪਾਉਣਾ ਸੀ ਕਿਉਂਕਿ ਉੱਤੇ ਮਿਆਨੀ ਰੱਖਣੀ ਸੀ। ਡਿਓੜੀ ਦਾ ਲੈਂਟਰ ਲਾਉਣ ਲਈ ਹੁਣ ਦਰਬਾਰੇ ਵਾਲ਼ੀ ਕੰਧ ਦਾ ਫ਼ੈਸਲਾ ਹੋਣਾ ਜ਼ਰੂਰੀ ਸੀ। ਇੱਕ ਦਿਨ ਵੀ ਹੋਰ ਕਿਸੇ ਪਾਸੇ ਹੱਥ ਨਹੀਂ ਸੀ ਚੱਲ ਸਕਦਾ।

ਜਦ ਕੋਈ ਵਾਹ ਨਾ ਚੱਲੀ ਤਾਂ ਕਪੂਰ ਸਿੰਘ ਨੇ ਦਰਵਾਜ਼ੇ ਇਕੱਠ ਕੀਤਾ। ਸਾਰਾ ਪਿੰਡ ਚੌਂਤਰੇ ਉੱਤੇ ਜੁੜ ਗਿਆ। ਪੰਚਾਇਤ ਨੇ ਦਰਬਾਰੇ ਨੂੰ ਸੱਥ ਵਿੱਚ ਬੁਲਾਇਆ ਤੇ ਕੰਧ ਕਰਨ ਲਈ ਆਖਿਆ। ਪਹਿਲਾਂ ਤਾਂ ਉਹਨੇ ਬੜੇ ਪੈਰ ਅੜਾਏ, ''ਮੈਂ ਕੁੜੀ ਦਾ ਵਿਆਹ ਕਰਨੈਂ...ਮੈਨੂੰ ਲੋੜ ਨਹੀਂ.........ਮੇਰੀ ਪੁੱਜਤ ਨਹੀਂ......।'' ਅਖ਼ੀਰ

Downloaded from https:// www.studiestoday.com

Downloaded from https:// www.studiestoday.com



ਪੰਚਾਇਤ ਨੇ ਸਮਝਾ ਧਮਕਾ ਕੇ ਮਨਾ ਹੀ ਲਿਆ। ਪਿੰਡ ਦੀ ਸਾਂਝੀ ਰਾਏ ਸਾਹਮਣੇ ਉਹਨੂੰ ਝੁਕਣਾ ਹੀ ਪਿਆ।

ਮਜ਼ੂਰੀ ਉਹਨੂੰ ਛੱਡੀ ਗਈ। ਇੱਟਾਂ ਤੇ ਹੋਰ ਸਮਾਨ ਦਾ ਅੱਧ ਦੇਣਾ ਕੀਤਾ। ਉਹਨੂੰ ਕਿਉਂਕਿ ਹਾਲੇ ਕੰਧ ਦੀ ਏਨੀ ਲੋੜ ਨਹੀਂ ਸੀ, ਇਸ ਲਈ ਰਿਆਇਤ ਵਜੋਂ ਰਕਮ ਦੋ ਲੰਮੀਆਂ ਕਿਸ਼ਤਾਂ ਵਿੱਚ ਵੰਡ ਦਿੱਤੀ। ਆਉਂਦੀ ਲੋਹੜੀ ਛੱਡ ਕੇ ਪਹਿਲੀ ਕਿਸ਼ਤ ਨਿਮਾਣੀ ਨੂੰ ਤੇ ਦੂਜੀ ਅਗਲੀ ਲੋਹੜੀ ਨੂੰ। ਕਾਗਜ਼ ਬਣ ਗਿਆ।

ਭਾਵੇਂ ਮਜ਼ੂਰੀ ਸਾਰੀ ਹੀ ਕਪੂਰ ਸਿੰਘ ਦੇ ਸਿਰ ਪੈ ਗਈ ਸੀ, ਜੋ ਅੱਸੀ ਬਿਆਸੀ ਤੱਕ ਬਣਦੀ ਸੀ ਤਾਂ ਵੀ ਉਹ ਖ਼ੁਸ਼ ਸੀ, ਕੰਮ ਤੁਰਦਾ ਹੋ ਗਿਆ। ਉਸ ਦੇ ਸਿਰ ਚਾਲ੍ਹੀ ਕੁ ਹੀ ਵੱਧ ਪਏ? ਕੋਈ ਗੱਲ ਨਹੀਂ, ਏਨਾ ਕੁਝ ਕੁ ਤਾਂ ਉਹ ਆਪ ਵੀ ਦਰਬਾਰੇ ਨੂੰ ਜਾ ਕਹਿੰਦਾ ਸੀ।

ਅਗਲੇ ਦਿਨ ਪੰਚਾਇਤ ਦੇ ਚਾਰ ਆਦਮੀ ਆਏ ਤੇ ਸਾਹਮਣੇ ਕੰਧ ਢੁਹਾ ਕੇ ਨੀਂਹ ਪਟਵਾਉਣ ਲੱਗੇ। ਇੱਟ ਧਰਨ ਵੇਲ਼ੇ ਕੰਧ ਉੱਤੇ ਮੇਲਾ ਲੱਗ ਗਿਆ।

ਦਰਬਾਰਾ ਖ਼ੁਸ਼ ਤਾਂ ਅੱਗੇ ਹੀ ਨਹੀਂ ਸੀ ਪਰ ਹੁਣ ਜਦ ਕੰਧ ਬਣਨ ਹੀ ਲੱਗ ਪਈ ਤਾਂ ਅੜ ਫੁੱਟਣ ਦੀ ਨਮੋਸ਼ੀ ਵਿੱਚ ਉਹਦੀ ਹਿੱਕ ਉੱਤੇ ਸੱਪ ਲਿਟ ਰਿਹਾ ਸੀ।

ਇੱਕ ਪਾਸਿਉਂ ਧੰਮਾ ਸਿੰਘ ਸਰਪੰਚ ਨੇ ਰੱਸੀ ਫੜੀ, ਦੂਜੇ ਪਾਸਿਉਂ ਨਾਹਰ ਸਿੰਘ ਅਕਾਲੀ ਨੇ। ਜਦ ਰੱਸੀ ਨਾਹਰ ਸਿੰਘ ਨੇ ਨੀਂਹ ਦੇ ਸਿਰੇ ਉੱਤੇ ਛੂਹੀ ਤਾਂ ਝੱਟ ਦਰਬਾਰਾ ਬੁਖਲਾਈ ਅਵਾਜ਼ ਵਿੱਚ ਬੋਲਿਆ, ''ਆਪਣੇ ਅਮਾਨ ਨੂੰ ਜਾਣ ਕੇ ਨਿਆਂ ਕਰੀਂ ਕਾਲੀਆ!''

''ਸਾਨੂੰ ਤਾਂ ਦੋਵੇਂ ਇਕਸਾਰ ਓ ਦਰਬਾਰਾ ਸਿਆਂਹ।'' ਨਾਹਰ ਸਿੰਘ ਨੇ ਉੱਤਰ ਦਿੱਤਾ।

ਸਾਰੇ ਲੋਕ ਇੱਕ-ਟੱਕ ਰੱਸੀ ਵੱਲ ਵੇਖਣ ਲੱਗੇ।

ਪਰਲੇ ਸਿਰੇ ਬੈਠੇ ਧੰਮਾ ਸਿੰਘ ਸਰਪੰਚ ਨੇ ਹੱਥ ਭਰ ਕਪੂਰ ਸਿੰਘ ਵੱਲ ਰੱਸੀ ਧਰ ਦਿੱਤੀ।

ਇੱਕ ਦਮ ਰੌਲ਼ਾ ਪੈ ਗਿਆ, ''ਆਹ ਤਾਂ ਜਮਾ ਵਿੰਗੀ ਆ, ਐਥੇ ਕੰਧ ਜਾਂਦੀਓ ਨ੍ਹੀਂ.....''

ਕਿਸੇ ਉੱਚੀ ਬੋਲ ਕੇ ਧੰਮਾ ਸਿੰਘ ਨੂੰ ਆਖਿਆ ਕਿ ਰੱਸੀ ਇੱਕ ਹੱਥ ਦੂਜੇ ਪਾਸੇ ਨੂੰ ਧਰੇ। ਐਨਾ ਫ਼ਰਕ ਤਾਂ ਅੰਨ੍ਹਿਆਂ ਨੂੰ ਵੀ ਦਿਸਦਾ ਸੀ।

ਰੱਸੀ ਧੰਮਾ ਸਿੰਘ ਨੂੰ ਦੂਜੇ ਪਾਸੇ ਧਰਨੀ ਪਈ!

''ਹੁਣ ਠੀਕ ਐ।'' ਸਾਰਿਆਂ ਨੇ ਤਸੱਲੀ ਦਾ ਸਾਹ ਲਿਆ।

ਸਾਹਲ ਸੁੱਟ ਕੇ ਮਿਸਤਰੀ ਨਿਸ਼ਾਨ ਲਾਉਣ ਲੱਗਾ ਕਿ ਦਰਬਾਰੇ ਨੇ ਝੱਟ ਰੌਲ਼ਾ

Downloaded from https:// www.studiestoday.com

Downloaded from https:// www.studiestoday.com



ਪਾ ਦਿੱਤਾ, ''ਮੈਨੂੰ ਨ੍ਹੀਂ ਮਨਜ਼ੂਰ! ਇਹ ਕੋਈ ਅਨਸਾਫ਼ ਐ, ਕੰਧ ਚਾਰ ਉਂਗਲ਼ ਮੇਰੇ ਪਾਸੇ ਪਈ ਐ।''

''ਤੇਰੇ ਪਾਸੇ ਤਾਂ ਸਾਰੀਓ ਪਈ ਐ, ਜਦ ਚਾਰ ਆਦਮੀ ਖੜ੍ਹੇ ਨੇ ਕੋਲ਼....।'' ਕਪੂਰ ਸਿੰਘ ਬੋਲਿਆ।

ਦਰਬਾਰੇ ਨੇ ਝੱਟ ਗਾਲ਼ ਕੱਢ ਕੇ ਆਖਿਆ, ''ਜੰਮਿਆਂ ਕੌਣ ਐ ਓਇ, ਮੇਰੇ ਪਾਸੇ ਕੰਧ ਕਰਨ ਵਾਲ਼ਾ।''

ਬੰਦਾ ਭਾਵੇਂ ਲੱਖ ਨਰਮ ਹੋਵੇ, ਗਾਲ੍ਹ ਪਰ ਕਿਸੇ ਤੋਂ ਕੋਈ ਕਿਉਂ ਖਾਵੇ? ਪੂਰੇ ਜੋਸ਼ ਨਾਲ਼ ਕਪੂਰ ਸਿੰਘ ਨੇ ਮੁੱਕਾ ਵੱਟ ਕੇ ਵੰਗਾਰਿਆ, ''ਨਿਊਂ 'ਚ ਗੱਡ ਦੂੰ ਨਿਊਂ 'ਚ.....'' ਤੇ ਏਨੇ ਵਿੱਚ ਘਰੋਂ ਉਦ੍ਹਾ ਛੋਟਾ ਭਰਾ ਗੰਧਾਲ਼ੀ ਚੁੱਕ ਲਿਆਇਆ। ਦੋਵੇਂ ਪਾਸਿਉਂ ਗਾਲ੍ਹਾਂ ਦੀ ਵਾਛੜ ਹੋਣ ਲੱਗੀ। ਦੂਜੇ ਪਾਸੇ ਦਰਬਾਰੇ ਦਾ ਭਤੀਜਾ ਗੰਡਾਸੀ ਚਾੜ੍ਹ ਕੇ ਆ ਗਿਆ। ਦਰਬਾਰੇ ਨੇ ਲੈਂਦਿਆਂ ਹੀ ਦੁਹੱਥੜੀ ਜੋੜ ਕੇ ਲਾਠੀ ਕਪੂਰ ਸਿੰਘ ਦੇ ਮਾਰੀ, ''ਆ ਤੈਨੂੰ ਦੇਖਾਂ ਨਿਊਂ 'ਚ ਗੱਡਦੇ ਨੂੰ'' ਤੇ ਨਾਲ਼ ਹੀ ਨਾਲ਼ ਤਤੀਰੀ ਕਪੂਰ ਸਿੰਘ ਦੇ ਸਿਰ ਵਿੱਚੋਂ ਆਈ। ''ਘੀਚਰਾਂ, ਘੀਚਰਾਂ!'' ਝੱਟ ਗੰਧਾਲ਼ੀ ਦਰਬਾਰੇ ਦੇ ਮੌਰਾਂ ਉੱਤੇ ਪਈ, ਦੂਜੀ ਪੁੜਪੁੜੀ ਵਿੱਚ ਲਹੂ ਦੀ ਟੀਕ ਚੱਲ ਪਈ ਤੇ ਉਹ ਉਲਟ ਕੇ ਨੀਂਹ ਵਿੱਚ ਜਾ ਡਿੱਗਿਆ। ਪੰਚ ਰੱਸੀ ਛੱਡ ਕੇ ਪਰ੍ਹਾਂ ਹੋ ਗਏ ਸਨ। ਆਖਰ ਕੁਝ ਲੋਕ ਹੌਂਸਲਾ ਕਰਕੇ ਛੁਡਾਉਣ ਲੱਗੇ। ਤੀਵੀਆਂ ਘਰਾਂ ਚੋਂ ਨਿਕਲ਼ ਕੇ ਆਹਮੋ-ਸਾਹਮਣੇ ਬਾਹਾਂ ਉਲਾਰਦੀਆਂ ਮਿਹਣੋ-ਮਿਹਣੀ ਹੋਣ ਲੱਗੀਆਂ। ਚੀਕ ਚਿਹਾੜਾ, ਗਾਲ੍ਹਾਂ ਦੁਪੜਾਂ, ਕੰਨ ਪਈ 'ਵਾਜ ਨਾ ਸੁਣੇ। ਦੋ ਘੰਟੇ ਉਹ ਝੱਜੂ ਪਿਆ, ਉਹ ਰੂਦ ਛਣਿਆਂ ਕਿ ਲੋਕੀਂ ਕੰਨਾਂ ਉੱਤੇ ਹੱਥ ਧਰ ਗਏ।

ਇਸ ਤੋਂ ਮਗਰੋਂ, ਕੁਝ ਦਿਨ ਪਾ ਕੇ ਕੰਧ ਤਾਂ ਬਣ ਗਈ, ਜਿਹੋ-ਜਿਹੀ ਚਾਹੀਦੀ ਸੀ, ਓਹੋ ਜਿਹੀ ਬਣ ਗਈ ਪਰ ਜਿਉਂਣ ਦਾ ਹੱਜ ਕੋਈ ਨਾ ਰਿਹਾ। ਜਿਹੜੀ ਗੱਲ ਦਾ ਡਰ ਸੀ, ਉਹੋ ਹੋ ਕੇ ਹਟੀ। ਦੋਹਾਂ ਧਿਰਾਂ ਦੀਆਂ ਜ਼ਮਾਨਤਾਂ ਹੋ ਗਈਆਂ। ਦਿਲਾਂ ਵਿੱਚ ਪਾਟਕ ਪੈ ਗਏ। ਬੋਲ ਚਾਲ ਜਾਂਦੀ ਰਹੀ। ਪੁਸ਼ਤਾਂ ਲਈ ਵੈਰ ਖੜਾ ਹੋ ਗਿਆ।

ਦੋ, ਚਾਰ, ਛੇ ਮਹੀਨੇ ਓੜਕ ਵਰ੍ਹਾ ਲੰਘ ਗਿਆ। ਨਮਾਣੀ ਦੇ ਮੌਕੇ ਵੀ ਕਪੂਰ ਸਿੰਘ ਨੇ ਆਪ ਜਾ ਕੇ ਦਰਬਾਰੇ ਤੋਂ ਪੈਸੇ ਮੰਗਣ ਦਾ ਛੇੜ ਨਾ ਛੇੜਨਾ ਚਾਹਿਆ। ਸਾਰੇ ਪਿੰਡ ਸਾਹਮਣੇ ਲਿਖਤ ਹੋਈ ਸੀ। ਮੁੱਕਰ ਤਾਂ ਉਹ ਸਕਦਾ ਹੀ ਨਹੀਂ ਸੀ।

ਛੇ ਮਹੀਨੇ ਹੋਰ ਲੰਘ ਗਏ। ਦੂਜੀ, ਲੋਹੜੀ ਦੀ ਕਿਸ਼ਤ ਵੀ ਲੰਘ ਗਈ। ਆਥਣ ਸਵੇਰ ਕਪੂਰ ਸਿੰਘ ਪੰਚਾਇਤ ਨੂੰ ਕਹਿਣ ਵਾਲ਼ਾ ਹੀ ਸੀ। ਇੱਕ ਸਵੇਰ ਕਾਲ਼ਜਾ ਫੜੀ ਚਾਚੀ ਰਾਮ ਕੌਰ ਆਈ, ''ਤੈਂ ਕੁਛ ਸੁਣਿਆ ਕਪੂਰ ਸਿੰਹਾਂ?''

ਹੈਰਾਨ ਹੋ ਕੇ ਕਪੂਰ ਸਿੰਘ ਚੌਂਕਿਆ, ''ਨਾ ਚਾਚੀ, ਕਿਉਂ, ਕੀ ਗੱਲ ਐ?''

''ਲੈ ਵੇ, ਤੈਨੂੰ ਖਬਰ ਨ੍ਹੀਂ, ਮੁੰਡਾ ਤਾਂ ਭੁੰਜੇ ਲਿਹਾ ਪਿਐ, ਦਰਬਾਰਾ!''

Downloaded from https:// www.studiestoday.com

Downloaded from https:// www.studiestoday.com



''ਦਰਬਾਰਾ?''

''ਲੈ ਹੋਰ ਕੀ, ਉਹ ਤਾਂ ਨਮੂਨੀਏਂ ਨਾਲ਼ ਜੁੜਿਆ ਪਿਐ, ਠੰਢ ਦੀ ਸੀੜ੍ਹ 'ਚ ਆ ਗਿਆ, ਰਾਤ ਬਹੂ ਰੋਂਦੀ ਨਹੀਂ ਸੀ ਝੱਲੀ ਜਾਂਦੀ, ਇੱਕ ਤਾਂ ਲਾਜ ਕਰਾਉਣੇ ਕਿਹੜਾ ਸੌਖੇ ਨੇ ਚੰਦਰੇ, ਬਿਨਾਂ ਪੈਸੇ।''

''ਮੈਨੂੰ ਤਾਂ ਚਾਚੀ, ਹੁਣ ਤਿਤੋਂ ਪਤਾ ਲੱਗਿਐ......!''

''ਲੈ ਆਹੋ ਡੱਡ, ਤੈਨੂੰ ਕਿਤੇ ਓਪਰੈ।''

''ਆਉਣ ਜਾਣ ਬਾਝੋਂ ਕੰਧ ਉਹਲੇ ਪਰਦੇਸ ਐ ਚਾਚੀ।''

''ਲੈ ਉਹ ਜਾਣੇ, ਨੌਂਹਾਂ ਨਾਲ਼ੋਂ ਮਾਸ ਨ੍ਹੀਂ ਟੁੱਟਦਾ ਕਦੇ ਸਾਊ.......!'' ਕਹਿੰਦਿਆਂ ਚਾਚੀ ਸੈਨਤ ਸੁੱਟ ਕੇ ਚਲੀ ਗਈ।

ਕਪੂਰ ਸਿੰਘ ਉੱਠਿਆ ਤੇ ਝਕਦਾ ਝਕਾਉਂਦਾ ਦਰਬਾਰੇ ਦੇ ਘਰ ਅੰਦਰ ਲੰਘ ਗਿਆ। ਵਿਹੜੇ ਵਿੱਚ, ਕੰਧ ਦੀ ਓਟ ਨਾਲ਼, ਧੁੱਪੇ ਦਰਬਾਰੇ ਦਾ ਮੰਜਾ ਸੀ। ਕਪੂਰ ਸਿੰਘ ਨੇ ਜਦ ਦਰਬਾਰੇ ਵੱਲ ਦੇਖਿਆ ਤਾਂ ਉਹ ਖੜ੍ਹੇ ਦਾ ਖੜ੍ਹਾ ਰਹਿ ਗਿਆ। ਸੁੱਕ ਕੇ ਪਿੰਜਰ ਬਣਿਆ ਸਰੀਰ, ਧੂੰਏਂ ਵਰਗਾ ਰੰਗ, ਅੰਦਰ ਨੂੰ ਧਸੀਆਂ ਹੋਈਆਂ ਅੱਖਾਂ ਤੇ ਦਰਬਾਰੇ ਦੀ ਨਿਆਣੀ ਟੱਬਰੀ......!''

ਅੰਦਰੋਂ ਦਰਬਾਰੇ ਦੀ ਘਰ ਵਾਲ਼ੀ ਨੇ ਮੰਜੇ ਕੋਲ਼ ਸਟੂਲ ਡਾਹ ਦਿੱਤਾ ਪਰ ਕਪੂਰ ਸਿੰਘ ਦਰਬਾਰੇ ਦੇ ਕੋਲ਼ ਹੀ ਮੰਜੇ ਦੀ ਬਾਹੀ ਉੱਤੇ ਬਹਿ ਗਿਆ। ''ਕੀ ਹਾਲ ਐ, ਭਾਈ ਦਰਬਾਰਿਆ.....?''

ਰਜਾਈ ਦੇ ਆਸਰੇ ਢੋ ਲਾ ਕੇ ਦਰਬਾਰਾ ਕੁਝ ਬੈਠਦਾ ਹੋਇਆ ਬੋਲਿਆ, ''ਹੁਣ ਤਾਂ ਚੰਗੈ ਬਾਈ'' ਬੀਮਾਰੀ ਦਾ ਭੰਨਿਆ ਉਹਦਾ ਨਿਢਾਲ਼ ਮਨ ਕੁਝ ਕਰਾਰ ਫੜ ਆਇਆ।

''ਕੋਈ ਨਾ, ਤੂੰ ਪਿਆ ਰਹੁ, ਉਠਣ ਦੀ ਖੇਚਲ਼ ਨਾ ਕਰ।''

''ਕਮਜ਼ੋਰੀ ਜਾਦੇ.....ਐ....!'' ਬੋਲਣ ਲੱਗਿਆਂ ਦਰਬਾਰੇ ਦਾ ਸਾਰਾ ਤਿੱਗ ਕੰਬਦਾ ਸੀ।

''ਸਭ ਦੂਰ ਹੋ ਜੂ, ਚੁਗ਼ਾਠ ਬਚ ਰਹੇ, ਵਾਣ ਬਥੇਰਾ।'' ਕਪੂਰ ਸਿੰਘ ਨੇ ਹੌਸਲਾ ਦਿੱਤਾ।

ਲੋਗੜ ਗਰਮ ਕਰਕੇ ਉਹਦੀ ਕੁੜੀ, ਹਰਬੰਸੋ, ਉਹਦੀਆਂ ਵੱਖੀਆਂ ਨੂੰ ਸੇਕਣ ਲਈ ਲਿਆਈ।

''ਅਲਾਜ ਕੀਹਦੈ!'' ਕਪੂਰ ਸਿੰਘ ਨੇ ਪੁੱਛਿਆ।

''ਅਲਾਜ!'' ਦਰਬਾਰਾ ਅੱਗੋਂ ਚੁੱਪ ਕਰ ਗਿਆ।

ਇਲਾਜ ਕਿਸੇ ਦਾ ਵੀ ਨਹੀਂ ਸੀ। ਘਰਾਂ ਦੇ ਇਲਾਜ ਵੀ ਕੋਈ ਇਲਾਜ ਹੁੰਦੇ ਹਨ?

ਕਪੂਰ ਸਿੰਘ ਤੋਂ ਲੁਕਿਆ ਕੀ ਸੀ। ਇੱਕ-ਦੂਜੇ ਦੇ ਘਰ ਦੀ ਹਾਲਤ ਉਹ

Downloaded from https:// www.studiestoday.com

Downloaded from https:// www.studiestoday.com



ਜਾਣਦੇ ਹੀ ਸਨ। ਕਪੂਰ ਸਿੰਘ ਨੇ ਦਸ ਰੁਪਏ ਦਾ ਨੋਟ ਕੱਢ ਦੇ ਦਰਬਾਰੇ ਦੀ ਜੇਬ ਵਿੱਚ ਪਾ ਦਿੱਤਾ ''ਮੈਂ ਜਾ ਕੇ ਮੰਡੀਓਂ ਡਾਕਟਰ ਨੂੰ ਭੇਜਦਾਂ।''

ਦਰਬਾਰੇ ਦੇ ਮਨ ਵਿੱਚ ਹੂਕ ਉਠੀ, ''ਮੈਂ ਤਾਂ ਤੇਰੇ ਅੱਗੇ ਵੀ ਪੈਸੇ ਦੇਣੇ ਆ ਬਾਈ....ਕੰਧ ਆਲ਼ੇ....!''

''ਤੂੰ ਹਾਲੇ ਤੱਕੜਾ ਹੋ, ਦਿੰਦਾ ਰਹੀਂ ਪੈਸੇ, ਪੈਸੇ ਸਾਲ਼ਿਆਂ ਨੇ ਨਾਲ਼ ਜਾਣੈ?''

ਦਰਬਾਰੇ ਦੀਆਂ ਅੱਖਾਂ ਸਿੰਮ ਆਈਆਂ। ਥੋੜ੍ਹੇ ਚਿਰ ਪਿੱਛੋਂ ਭਰੇ ਹੋਏ ਗੱਚ ਨਾਲ਼ ਧੀਮਾ ਹੋ ਕੇ ਬੋਲਿਆ, ''ਮਕਾਨ ਦਾ ਕੰਮ ਚੜ੍ਹ ਗਿਆ ਸਿਰੇ?''

''ਥੋਹੜਾ ਜਿਹਾ ਟੀਪ ਟੱਲਾ ਰਹਿੰਦੈ, ਸੀਮਿੰਟ ਥੁੜ ਗਿਆ।''

''ਮੈਨੂੰ ਤਾਂ ਸਹੁਰਾ ਸਰਪੰਚ ਭਖਾਉਂਦਾ ਰਿਹਾ, ਨਹੀਂ ਤਾਂ, ਮੈਂ ਕਿਹੜਾ ਤੇਰਾ ਦੋਖੀ ਸੀ।''

''ਹੁਣ ਤੂੰ ਇਹਨਾਂ ਗੱਲਾਂ ਨੂੰ ਮਨ 'ਤੇ ਨਾ ਲਿਆ। ਜੇ ਚਾਰ ਭਾਂਡੇ ਹੋਣਗੇ ਤਾਂ ਖੜਕਣਗੇ।''

''ਹਾੜ੍ਹ ਦਾ ਬੰਸੋ ਦਾ ਵਿਆਹ ਦੇ ਦੇਈਏ?'' ਦਰਬਾਰੇ ਦੇ ਲੂੰ-ਲੂੰ 'ਚੋਂ ਅਪਣੱਤ ਜਾਗ ਰਹੀ ਸੀ।

''ਕੋਈ ਡਰ ਨ੍ਹੀਂ, ਜਿਹੜਾ ਭਾਰ ਸਿਰੋਂ ਲਹਿ ਜਾਵੇ, ਚੰਗਾ।''

''ਤੂੰ ਆਇੰਗਾ?''

''ਜਿਕਣ ਤੂੰ ਕਹੇਂ!''

ਦਰਬਾਰੇ ਨੇ ਕੰਬਦੇ ਹੱਥਾਂ ਵਿੱਚ ਕਪੂਰ ਸਿੰਘ ਦਾ ਹੱਥ ਫੜ ਕੇ ਆਖਿਆ, ''ਤੇਰੇ ਬਿਨਾਂ ਬਾਈ ਮੈਂ ਕਾਹਦੇ ਜੋਗਾ...!'' ਉਹਦੇ ਬੁੱਲ੍ਹ ਫਰਕਣ ਲੱਗੇ ਤੇ ਅੱਖਾਂ ਵਿੱਚੋਂ ਪਰਲ-ਪਰਲ ਹੰਝੂਆਂ ਦੀਆਂ ਧਾਰਾਂ ਫੁੱਟ ਪਈਆਂ।

''ਓ ਤੂੰ ਦਿਲ ਰੱਖ ਵੀਰ, ਮੈਂ ਤਿਤੋਂ ਨਾਬਰ ਤਾਂ ਨ੍ਹੀਂ....!'' ਕਪੂਰ ਸਿੰਘ ਨੇ ਮਸੀਂ ਇਹ ਬੋਲ ਆਖੇ। ਹੰਝੂਆਂ ਦੀਆਂ ਧਾਰਾਂ ਹੁਣ ਉਹਦੇ ਚਿਹਰੇ ਉੱਤੇ ਵੀ ਵਗ ਪਈਆਂ ਸਨ।

**ਸ਼ਬਦ-ਅਰਥ :**

**ਖ਼ੱਜਲ਼-ਖੁਆਰੀ** - ਪ੍ਰੇਸ਼ਾਨੀ। **ਥੋਥੜ** - ਬੁੱਢੀ ਹੋਈ। **ਘਪਲ਼** - ਮੂਰਖ। **ਜੁੱਤੀ ਹੇਠ ਆਉਣਾ** - ਅਹਿਸਾਨਮੰਦ ਹੋਣਾ। **ਸ਼ੀਂਹ** - ਸ਼ੇਰ। **ਝੱਜੂ ਪਿਆ** - ਝਗੜਾ ਖੜ੍ਹਾ ਕੀਤਾ, ਬਖੇੜਾ ਪਿਆ। **ਰੂਦ ਛਾਣਿਆ** - ਗਾਲ਼ਾਂ ਦਿੱਤੀਆਂ। **ਚੁਗਾਠ ਬਚ ਰਹੇ ਵਾਣ ਬਥੇਰਾ** - ਜ਼ਿੰਦਗੀ ਬਚ ਰਹੇ ਬਾਕੀ ਕਿਸੇ ਚੀਜ਼ ਦਾ ਘਾਟਾ ਨਹੀਂ। **ਨਾਬਰ** - ਇਨਕਾਰੀ। **ਵਡਾਰੂਆਂ** - ਬਜ਼ੁਰਗਾਂ। **ਦਲਾਨ** - ਵੱਡਾ ਕਮਰਾ ।

Downloaded from https:// www.studiestoday.com

Downloaded from https:// www.studiestoday.com



## ਪਾਠ-ਅਭਿਆਸ

1. 'ਸਾਂਝੀ ਕੰਧ' ਕਹਾਣੀ ਦਾ ਸਾਰ ਲਿਖੋ।
2. ਦਰਬਾਰਾ ਸਿੰਘ ਨੂੰ ਕਪੂਰ ਸਿੰਘ ਨਾਲ਼ ਕੰਧ ਸਾਂਝੀ ਕਰਨ ਦੀ ਲੋੜ ਕਿਉਂ ਨਹੀਂ ਸੀ ?
3. ਸਰਪੰਚ ਦੇ ਖੰਘੂਰੇ ਦਾ ਦਰਬਾਰੇ 'ਤੇ ਕੀ ਅਸਰ ਹੋਇਆ?
4. ਦਰਬਾਰਾ ਸਿੰਘ ਚਾਹੁੰਦਾ ਹੋਇਆ ਵੀ, ਕਪੂਰ ਸਿੰਘ ਦੀ ਸਾਂਝੀ ਕੰਧ ਬਣਾਉਣ ਵਿੱਚ ਮਦਦ ਨਹੀਂ ਸੀ ਕਰ ਰਿਹਾ, ਕਿਉਂ?
5. ਕਪੂਰ ਸਿੰਘ ਨੂੰ ਕਿਹੜੀ ਗੱਲ ਦਾ ਡਰ ਸੀ, ਜਿਸ ਕਰਕੇ ਉਹ ਦਰਬਾਰਾ ਸਿੰਘ ਪ੍ਰਤਿ ਨਰਮਾਈ ਵਰਤ ਰਿਹਾ ਸੀ?
6. ''ਸਭ ਦੂਰ ਹੋ ਜੂ, ਚੁਗਾਠ ਬਚ ਰਹੇ, ਵਾਣ ਬਥੇਰਾ।'' ਇਹ ਸ਼ਬਦ ਕਪੂਰ ਸਿੰਘ ਨੇ ਕਿਉਂ ਅਤੇ ਕਿਸ ਨੂੰ ਕਹੇ?
7. ਕਹਾਣੀ ਦੇ ਅੰਤ 'ਚ ਕਪੂਰ ਸਿੰਘ ਆਪਣੇ ਬਿਮਾਰ ਭਰਾ ਦਰਬਾਰੇ ਨੂੰ ਕਿਵੇਂ ਹੌਸਲਾ ਦਿੰਦਾ ਹੈ?
8. ''ਸਾਂਝੀ ਕੰਧ'' ਕਹਾਣੀ ਵਿੱਚ ਕਹਾਣੀਕਾਰ ਕੀ ਸੁਨੇਹਾ ਦੇਣਾ ਚਾਹੁੰਦਾ ਹੈ?

******

Downloaded from https:// www.studiestoday.com

Downloaded from https:// www.studiestoday.com

## ਦਲੀਪ ਕੌਰ ਟਿਵਾਣਾ

(1935)

**ਲੇਖਕ ਬਾਰੇ :**

ਦਲੀਪ ਕੌਰ ਟਿਵਾਣਾ ਦਾ ਜਨਮ 4 ਮਈ, 1935 ਈ. ਨੂੰ ਪਿੰਡ ਰੱਬੋਂ ਵਿਖੇ ਮਾਤਾ ਚੰਦ ਕੌਰ ਦੀ ਕੁੱਖੋਂ ਅਤੇ ਪਿਤਾ ਸ੍ਰੀ ਕਾਕਾ ਸਿੰਘ ਦੇ ਘਰ ਹੋਇਆ। ਛੋਟੀ ਉਮਰੇ ਹੀ ਉਹਨਾਂ ਦੀ ਭੂਆ ਉਹਨਾਂ ਨੂੰ ਪਟਿਆਲੇ ਲੈ ਆਈ। 1955 ਈ. ਵਿੱਚ ਐੱਮ. ਏ. ਪਾਸ ਕਰਨ ਉਪਰੰਤ ਦਲੀਪ ਕੌਰ ਟਿਵਾਣਾ ਸਰਕਾਰੀ ਕਾਲਜ, ਧਰਮਸ਼ਾਲਾ ਵਿਖੇ ਲੈਕਚਰਾਰ ਲੱਗ ਗਏ। 1963 ਈ. ਵਿੱਚ ਆਪ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੰਜਾਬੀ ਵਿਭਾਗ ਵਿੱਚ ਲੈਕਚਰਾਰ ਲੱਗ ਗਏ। ਇੱਥੇ ਹੀ ਉਹਨਾਂ ਨੇ ਬਤੌਰ ਰੀਡਰ, ਪ੍ਰੋਫ਼ੈਸਰ ਅਤੇ ਡੀਨ ਦੀਆਂ ਸੇਵਾਵਾਂ ਨਿਭਾਈਆਂ ਅਤੇ ਇੱਥੋਂ ਹੀ ਸੇਵਾ-ਮੁਕਤ ਹੋਏ। ਅੱਜ-ਕੱਲ੍ਹ ਉਹ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਲਾਈਫ਼ ਫ਼ੈਲੋ ਹਨ।

ਦਲੀਪ ਕੌਰ ਟਿਵਾਣਾ ਨੇ ਆਪਣਾ ਸਾਹਿਤਿਕ ਜੀਵਨ ਕਹਾਣੀਆਂ ਲਿਖਣ ਨਾਲ਼ ਸ਼ੁਰੂ ਕੀਤਾ। ਇੱਕੀ ਸਾਲ ਦੀ ਉਮਰ ਵਿੱਚ ਉਹਨਾਂ ਦਾ ਪਹਿਲਾ ਕਹਾਣੀ-ਸੰਗ੍ਰਹਿ 'ਪ੍ਰਬਲ-ਵਹਿਣ' ਛਪਿਆ। 'ਤ੍ਰਾਟਾਂ', 'ਸਾਧਨਾ', 'ਵੇਦਨਾ', 'ਵੈਰਾਗੇ ਨੈਣ', 'ਤੂੰ ਭਰੀ ਹੁੰਗਾਰਾ' ਆਦਿ ਉਹਨਾਂ ਦੇ ਕਹਾਣੀ-ਸੰਗ੍ਰਹਿ ਛਪ ਚੁੱਕੇ ਹਨ।

ਉਹਨਾਂ ਨੇ ਨਾਵਲ-ਖੇਤਰ ਵਿੱਚ ਬੜਾ ਯੋਗਦਾਨ ਪਾਇਆ ਹੈ। ਉਹਨਾਂ ਦੇ ਨਾਵਲ 'ਅਗਨੀ-ਪ੍ਰੀਖਿਆ', 'ਵਾਟ ਹਮਾਰੀ', 'ਤੀਲੀ ਦਾ ਨਿਸ਼ਾਨ', 'ਪੈੜਚਾਲ', 'ਸੂਰਜ ਤੇ ਸਮੁੰਦਰ' ਆਦਿ ਹਨ। ਉਹਨਾਂ ਦੇ ਪ੍ਰਸਿੱਧ ਨਾਵਲ 'ਏਹੁ ਹਮਾਰਾ ਜੀਵਣਾ' 'ਤੇ ਉਹਨਾਂ ਨੂੰ 'ਸਾਹਿਤ ਅਕਾਦਮੀ' ਪੁਰਸਕਾਰ ਮਿਲ਼ਿਆ। ਇਸ ਨਾਵਲ ਉੱਤੇ ਟੀ. ਵੀ. ਸੀਰੀਅਲ ਵੀ ਬਣਿਆ। 'ਰਿਣ ਪਿੱਤਰਾਂ ਦਾ' ਨਾਵਲ ਉੱਤੇ ਫ਼ਿਲਮ ਵੀ ਬਣ ਚੁੱਕੀ ਹੈ।

ਦਲੀਪ ਕੌਰ ਟਿਵਾਣਾ ਨੇ ਸ੍ਵੈਜੀਵਨੀ, 'ਨੰਗੇ ਪੈਰਾਂ ਦਾ ਸਫ਼ਰ', ਅਤੇ ਸਾਹਿਤਿਕ ਸ੍ਵੈਜੀਵਨੀ : 'ਪੂਛਤੇ ਹੋ ਤੋ ਸੁਨੋ' ਲਿਖੀਆਂ ਹਨ।

ਦਲੀਪ ਕੌਰ ਨੂੰ ਭਾਰਤ ਸਰਕਾਰ ਵੱਲੋਂ 'ਪਦਮ ਸ੍ਰੀ' ਸਨਮਾਨ ਨਾਲ਼ ਅਲੰਕ੍ਰਿਤ ਕੀਤਾ ਗਿਆ। ਇਹਨਾਂ ਨੂੰ ਪੰਜਾਬ ਸਰਕਾਰ ਵੱਲੋਂ 'ਪੰਜਾਬੀ ਸਾਹਿਤ ਰਤਨ' ਐਵਾਰਡ ਵੀ ਮਿਲ਼ਿਆ। ਇਹਨਾਂ ਤੋਂ ਇਲਾਵਾ ਉਹਨਾਂ ਨੇ ਨੈਸ਼ਨਲ ਤੇ ਇੰਟਰਨੈਸ਼ਨਲ ਕਾਨਫ਼੍ਰੰਸਾਂ ਵਿੱਚ ਪ੍ਰਧਾਨਗੀਆਂ ਵੀ ਕੀਤੀਆਂ। ਕਲਕੱਤਾ, ਕਰਨਾਟਕ, ਕਨੇਡਾ, ਅਮਰੀਕਾ, ਪਾਕਿਸਤਾਨ ਆਦਿ ਤੋਂ ਵੀ ਆਪ ਨੂੰ ਸਨਮਾਨ ਪ੍ਰਾਪਤ ਹੋਏ।

ਦਲੀਪ ਕੌਰ ਟਿਵਾਣਾ ਦੀਆਂ ਕਈ ਪੁਸਤਕਾਂ ਦੂਜੀਆਂ ਭਾਸ਼ਾਵਾਂ ਵਿੱਚ ਵੀ ਅਨੁਵਾਦ ਹੋ ਚੁੱਕੀਆਂ ਹਨ। ਡਾ. ਟਿਵਾਣਾ 'ਪੰਜਾਬੀ ਸਾਹਿਤ ਅਕਾਦਮੀ' ਲੁਧਿਆਣਾ ਦੇ ਪ੍ਰਧਾਨ ਵੀ ਰਹੇ।



Downloaded from https:// www.studiestoday.com

Downloaded from https:// www.studiestoday.com



ਹਥਲੀ ਪਾਠ-ਪੁਸਤਕ ਵਿੱਚ ਟਿਵਾਣਾ ਦੀ 'ਬੱਸ ਕੰਡਕਟਰ' ਕਹਾਣੀ ਸ਼ਾਮਲ ਕੀਤੀ ਗਈ ਹੈ।

**ਕਹਾਣੀ ਬਾਰੇ** :

ਇਸ ਕਹਾਣੀ ਵਿੱਚ ਉਹਨਾਂ ਨੇ ਸੱਚੇ ਤੇ ਪਵਿੱਤਰ ਪ੍ਰੇਮ ਦਾ ਪ੍ਰਗਟਾਅ ਕੀਤਾ ਹੈ। ਇਹ ਇੱਕ ਮਨੋ-ਵਿਗਿਆਨਿਕ ਕਹਾਣੀ ਹੈ। ਇਸ ਵਿੱਚ ਦੱਸਿਆ ਗਿਆ ਹੈ ਕਿ ਇੱਕ ਬੱਸ ਕੰਡਕਟਰ, ਆਪਣੀ ਜਵਾਨ ਭੈਣ ਮਰ ਜਾਣ 'ਤੇ ਆਪਣੇ ਦਿਲ ਅੰਦਰ ਇੱਕ ਸੱਖਣਾਪਣ ਲਈ ਫਿਰਦਾ ਹੈ। ਮਰੀ ਹੋਈ ਭੈਣ ਦੀ ਯਾਦ ਉਸ ਦੇ ਮਨ ਵਿੱਚ ਡੂੰਘੀ ਉੱਕਰੀ ਗਈ ਹੈ ਜਿਸ ਕਰਕੇ ਉਹ ਸੰਸਾਰ ਦੀ ਹਰ ਲੜਕੀ ਵਿੱਚੋਂ, ਉਸ ਨੂੰ ਲੱਭਣ ਦੀ ਕੋਸ਼ਸ਼ ਕਰਦਾ ਹੈ। ਜਦੋਂ ਅਚਾਨਕ ਇੱਕ ਲੇਡੀ ਡਾਕਟਰ ਵਿੱਚੋਂ ਉਸ ਦੀ ਭੈਣ ਦੇ ਗੁਆਚੇ ਹੋਏ ਨਕਸ਼ ਉਸ ਨੂੰ ਨਜ਼ਰ ਆਉਂਦੇ ਹਨ ਤਾਂ ਉਹ ਉਸ ਵੱਲ ਖਿੱਚਿਆ ਜਾਂਦਾ ਹੈ। ਸੱਚ-ਮੁੱਚ ਹੀ ਉਹ ਲੇਡੀ ਡਾਕਟਰ ਉਸ ਨੂੰ ਆਪਣੀ ਭੈਣ ਨਜ਼ਰ ਆਉਣ ਲੱਗ ਪੈਂਦੀ ਹੈ। ਫੇਰ ਭਲਾ ਇੱਕ ਭਰਾ ਆਪਣੀ ਭੈਣ ਤੋਂ ਟਿਕਟ ਦੇ ਪੈਸੇ ਕਿਵੇਂ ਲੈ ਸਕਦਾ ਹੈ? ਇਹ ਇੱਕ ਭਾਵਨਾਤਮਿਕ ਕਹਾਣੀ ਹੈ, ਜਿਸ ਨੂੰ ਦਲੀਪ ਕੌਰ ਟਿਵਾਣਾ ਨੇ ਕਲਾਮਈ ਸ਼ੈਲੀ ਵਿੱਚ ਪੇਸ਼ ਕੀਤਾ ਹੈ।

******

Downloaded from https:// www.studiestoday.com

Downloaded from https:// www.studiestoday.com

## ਬੱਸ ਕੰਡਕਟਰ

*ਦਲੀਪ ਕੌਰ ਟਿਵਾਣਾ*

ਲੇਡੀ ਡਾਕਟਰ ਪਾਲੀ ਦੀ ਬਦਲੀ ਨਾਭੇ ਤੋਂ ਪਟਿਆਲੇ ਦੀ ਹੋ ਗਈ। ਘਰ ਵਾਲ਼ੇ ਕੋਸ਼ਸ਼ ਕਰ ਰਹੇ ਸਨ ਕਿ ਬਦਲੀ ਰੁਕਵਾ ਲਈ ਜਾਵੇ ਜਿਸ ਕਰ ਕੇ ਉਹ ਪਟਿਆਲੇ ਮਕਾਨ ਲੈ ਕੇ ਰਹਿਣ ਦੀ ਥਾਂ ਵੱਡੇ ਡਾਕਟਰ ਤੋਂ ਇਜਾਜ਼ਤ ਲੈ ਕੇ ਹਰ ਰੋਜ਼ ਬੱਸ 'ਤੇ ਸਵੇਰੇ ਨਾਭੇ ਤੋਂ ਚਲੀ ਜਾਂਦੀ ਤੇ ਆਥਣ ਨੂੰ ਪਰਤ ਆਉਂਦੀ।

ਬੱਸਾਂ ਦੀ ਖੜ-ਖੜ, ਗਰਮੀ, ਪਸੀਨਾ, ਭੀੜ ਤੇ ਕੰਡਕਟਰ ਦੀਆਂ ਬੇਹੂਦਾਂ ਹਰਕਤਾਂ ਅਸੱਭਯ ਬੋਲਾਂ ਤੋਂ ਉਹਦਾ ਡਾਢਾ ਜੀ ਕਾਹਲ਼ਾ ਪੈਂਦਾ ਪਰ 'ਕੁਝ ਦਿਨਾਂ ਦੀ ਹੀ ਤੇ ਗੱਲ ਏ', ਸੋਚ ਉਹ ਸਭੋ ਕੁਝ ਜਰ ਲੈਂਦੀ। ਜਿਸ ਦਿਨ ਜੀਤ ਦੀ ਉਸ ਬੱਸ 'ਤੇ ਡਿਊਟੀ ਹੁੰਦੀ ਉਹ ਥੋੜ੍ਹੀ ਸੌਖੀ ਰਹਿੰਦੀ ਕਿਉਂਕਿ ਉਸ ਬੱਸ ਦਾ ਕੰਡਕਟਰ ਬੜਾ ਸਾਊ ਦਿਸਦਾ ਸੀ।

''ਇਹ ਬੈਗ ਵਾਲ਼ੀ ਕੁੜੀ ਕਾਸੇ ਵਿੱਚ ਨੌਕਰ ਏ?'' ਇੱਕ ਦਿਨ ਰੋਜ਼ਾਨਾ ਸਫ਼ਰ ਕਰਨ ਵਾਲ਼ੇ ਇੱਕ ਮੁਸਾਫ਼ਰ ਭਾਈ ਨੇ ਜੀਤ ਨੂੰ ਪੁੱਛਿਆ।

''ਆਹੋ ਜੀ ਡਾਕਟਰਨੀ ਏ, ਵੱਡੀ ਡਾਕਟਰਨੀ। ਆਂਹਦੇ ਨੇ ਪੂਰਾ ਤਿੰਨ ਸੌ ਰੁਪਈਆ ਤਨਖ਼ਾਹ ਲੈਂਦੀ ਏ।'' ਜੀਤ ਨੇ ਟਿਕਟ ਫੜਾਉਂਦਿਆਂ ਹੌਲ਼ੀ ਜਿਹੀ ਦੱਸਿਆ।

''ਜੀ ਅੱਜ-ਕੱਲ੍ਹ ਤਾਂ ਕੁੜੀਆਂ ਵੀ ਆਦਮੀਆਂ ਤੋਂ ਵੱਧ ਕਮਾਉਂਦੀਆਂ ਨੇ। ਤਦੇ ਤਾਂ ਆਦਮੀਆਂ ਦਾ ਰੋਹਬ ਨਹੀਂ ਰਿਹਾ।'' ਨਾਲ਼ ਹੀ ਸੀਟ 'ਤੇ ਬੈਠੇ ਅਧਖੜ ਜਿਹੇ ਬੰਦੇ ਨੇ ਆਖਿਆ।

''ਜੀ ਭਾਵੇਂ ਕਿੰਨਾ ਹੀ ਕਮਾਉਣ, ਘਰਾਣਿਆਂ ਦੀਆਂ ਕਾਹਨੂੰ ਆਦਮੀਆਂ ਸਾਹਮਣੇ ਅੱਖਾਂ ਚੁੱਕਦੀਆਂ ਨੇ - ਤੇ ਆਹ ਕੁੜੀ ਡਾਕਟਰਨੀ, ਮੈਂ ਕਈ ਵਾਰੀ ਪਟਿਆਲੇ ਜਾਂਦਾ ਰਹਿਨਾ ਵਾਂ, ਦੇਖੀ ਐ, ਸਹੁਰੀ ਦੇ ਜਾਣੀ ਮੂੰਹ ਵਿੱਚ ਬੋਲ ਨੀ।'' ਪਾਲੀ ਵੱਲ ਤੱਕਦਿਆਂ ਸੀਟ 'ਤੇ ਬੈਠੇ ਇੱਕ ਸਰਦਾਰ ਨੇ ਆਖਿਆ।

''ਯਾ ਰੱਬ ਸਾਡੀ ਵੀ ਕਿਸੇ ......।'' - ਫ਼ਿਕਰਾ ਵਿੱਚੇ ਹੀ ਰਹਿ ਗਿਆ ਜਦੋਂ ਟਿਕਟ ਫੜਾਂਉਂਦਿਆਂ ਗੁਲਾਬੀ ਜਿਹੇ ਕੁੜਤੇ ਵਾਲ਼ੇ ਧੇਲੇ ਦੇ ਸ਼ੁਕੀਨ ਵੱਲ ਜੀਤ ਨੇ ਘੂਰ ਕੇ ਤੱਕਿਆ ਤੇ ਆਖਿਆ, ''ਕਿਉਂ ਬਈ ਓਏ, ਜਾਣ ਦੀ ਹੈ ਸਲਾਹ, ਲਾਹ ਦਿਆਂ ਹੁਣੇ ਈ ਭੁੰਜੇ?''

''ਮੈਂ ਤਾਂ ਕੰਡਕਟਰ ਸਾਹਿਬ ਕੁਝ ਨਹੀਂ ਆਖਿਆ। ਐਵੇਂ ਕਾਹਨੂੰ ਗਰਮ ਹੁੰਦੇ ਓ --''

ਪਾਲੀ ਨੂੰ ਜਦੋਂ ਜੀਤ ਨੇ ਟਿਕਟ ਫੜਾਇਆ ਤਾਂ ਉਹ ਅੱਗੋਂ ਦਸਾਂ ਦਾ ਨੋਟ ਕੱਢ ਕੇ ਫੜਾਉਣ ਲੱਗੀ।

''ਭਾਨ ਤਾਂ ਹੈ ਨਹੀਂ ਮੇਰੇ ਕੋਲ਼, ਚਲੋ ਪੈਸੇ ਕੱਲ੍ਹ ਦੇ ਦੇਣਾ।'' ਆਖ ਉਹ ਅਗਾਂਹ ਲੰਘ ਗਿਆ।



Downloaded from https:// www.studiestoday.com

Downloaded from https:// www.studiestoday.com



ਅੱਗੋਂ ਇੱਕ ਬੁੱਢੀ ਨੇ ਵੀ ਹੋਰ ਦਸਾਂ ਦਾ ਨੋਟ ਹੀ ਕੱਢਿਆ।

''ਮਾਈ ਟੁੱਟੇ ਪੈਸੇ ਨਹੀਂ ਮੇਰੇ ਕੋਲ਼। ਸਾਢੇ ਦੱਸ ਆਨੇ ਸਾਰੇ ਭਾੜੇ ਦੇ ਹੁੰਦੇ ਨੇ ਤੇ ਐਡਾ ਸਾਰਾ ਨੋਟ ਕੱਢ ਫੜਾਉਂਦੇ ਓ। ਚੰਗਾ ਜਾਹ ਪੈਸੇ ਭਨਾ ਲਿਆ, ਉੱਤਰ ਕੇ।'' ਜੀਤ ਨੇ ਜ਼ਰਾ ਸਖ਼ਤ ਅਵਾਜ਼ ਨਾਲ਼ ਆਖਿਆ।

''ਵੇ ਪੁੱਤਾ, ਐਨੇ ਨੂੰ ਬੱਸ ਨਾ ਤੁਰ ਜਾਵੇ, ਮੈਂ ਤਾਂ ਜ਼ਰੂਰੀ ਜਾਣਾ ਏ। ਤੂੰ ਬਾਕੀ ਪੈਸੇ ਮੈਨੂੰ ਪਟਿਆਲੇ ਜਾ ਕੇ ਦੇ ਦੇਵੀਂ।'' ਬੁੱਢੀ ਨੇ ਤਰਲੇ ਨਾਲ਼ ਆਖਿਆ।

''ਅੱਛਾ ਮਾਈ ਬੈਠ ਜਾ।'' ਆਖ ਉਹ ਟਿਕਟ ਕੱਟਣ ਲੱਗ ਪਿਆ।

ਪਾਲੀ ਆਪਣੇ ਹਸਪਤਾਲ, ਮਰੀਜ਼ਾਂ, ਦਵਾਈਆਂ, ਨਰਸਾਂ, ਡਿਊਟੀਆਂ ਬਾਰੇ ਸੋਚ ਰਹੀ ਸੀ। ਬੱਸ ਰੱਖੜਾ, ਕਲਿਆਣ ਤੇ ਰੌਲੀ ਪਿੱਛੇ ਛੱਡਦੀ ਹੋਈ ਚੁੰਗੀ ਕੋਲ਼ ਪਹੁੰਚ ਗਈ।

''ਯਾਰ ਅੱਜ ਇਧਰ ਦੀ ਚੱਲੀਂ, ਨੀਲਾ ਭਵਨ ਕੰਨੀਂ ਦੀ।'' ਜੀਤ ਨੇ ਡਰਾਈਵਰ ਨੂੰ ਆਖਿਆ।

ਗੁਰਦਵਾਰੇ ਵੱਲ ਜਾਣ ਵਾਲ਼ੀਆਂ ਸਵਾਰੀਆਂ ਜ਼ਰਾ ਬੁੜਬੜਾਈਆਂ ਪਰ ਹੁਣ ਤੱਕ ਤਾਂ ਬੱਸ ਮੁੜ ਕੇ ਸਿੱਧੀ ਸੜਕੇ ਵੀ ਪੈ ਚੁੱਕੀ ਸੀ। ਫੂਲ ਸਿਨਮਾ ਕੋਲ਼ ਕੰਡਕਟਰ ਨੇ ਘੰਟੀ ਕਰ ਕੇ ਬੱਸ ਰੋਕ ਲਈ ਤੇ ਬਾਰੀ ਖੋਲ੍ਹਦਿਆਂ ਪਾਲੀ ਨੂੰ ਆਖਣ ਲੱਗਾ, ''ਤੁਸੀਂ ਏਥੇ ਉੱਤਰ ਜਾਓ, ਹਸਪਤਾਲ ਨੇੜੇ ਰਹੂਗਾ।''

ਪਾਲੀ ਕਾਹਲ਼ੀ ਨਾਲ਼ ਉੱਤਰ ਗਈ। ਉਹ ਉਹਦਾ ਧੰਨਵਾਦ ਕਰਨਾ ਵੀ ਭੁੱਲ ਗਈ। 'ਵਿਚਾਰਾ ਬੜਾ ਚੰਗਾ ਕੰਡਕਟਰ ਏ।' ਉਹਨੂੰ ਇੱਕ ਵਾਰੀ ਖ਼ਿਆਲ ਆਇਆ।

ਅੱਜ ਸ਼ਾਮ ਨੂੰ ਵਾਪਸ ਜਾਣ ਲੱਗਿਆ ਜਦੋਂ ਉਹ ਸਟੇਸ਼ਨ ਤੇ ਪਹੁੰਚੀ ਤਾਂ ਬੱਸ ਭਰ ਚੁੱਕੀ ਸੀ। ਬੜੀ ਔਖੀ ਹੋ ਕੇ ਪੌਣਾ ਘੰਟਾ ਦੂਸਰੀ ਬੱਸ ਦਾ ਇੰਤਜ਼ਾਰ ਕੀਤਾ। ਕਿਸੇ ਬੱਸ ਦਾ ਇੱਕ ਕੰਡਕਟਰ ਕਮੀਜ਼ ਦੇ ਗਲ਼ਮੇ ਦੇ ਬਟਨ ਖੋਲ੍ਹ ਅਵਾਰਾ ਫ਼ਿਲਮ ਦਾ ਗਾਣਾ ਗੁਣ-ਗੁਣਾਂਦਾ ਦੋ-ਤਿੰਨ ਵਾਰੀ ਪਾਲੀ ਦੇ ਅੱਗੋਂ ਦੀ ਲੰਘਿਆ। ਪਤਾ ਨਹੀਂ ਕਿਉਂ ਲੋਕੀਂ ਇਸ ਵੱਲ ਅੱਖਾਂ ਪਾੜ-ਪਾੜ ਤੱਕਦੇ ਸਨ।

ਅਗਲੇ ਦਿਨ ਫਿਰ ਚਾਨਸ ਅਜਿਹਾ ਹੋਇਆ ਕਿ ਜਦੋਂ ਉਹ ਨਾਭੇ ਅੱਡੇ 'ਤੇ ਪਹੁੰਚੀ ਤਾਂ ਬੱਸ ਭਰ ਚੁੱਕੀ ਸੀ ਤੇ ਬਿਨਾਂ ਟਿਕਟੋਂ, ਵਾਧੂ ਸਵਾਰੀਆਂ ਨੂੰ ਜੀਤ ਫੜ-ਫੜ ਉਤਾਰ ਰਿਹਾ ਸੀ। ਉਹ ਇੱਕ ਪਲ ਪਾਲੀ ਕੋਲ਼ ਆਇਆ ਤੇ ਆਖਣ ਲੱਗਾ, ''ਤੁਸੀਂ ਅਗਲੀ ਸੀਟ ਤੇ ਝੋਲ਼ਾ ਚੁੱਕ ਕੇ ਬੈਠ ਜਾਵੋ। ਤੁਹਾਡੀ ਖ਼ਾਤਰ ਸੀਟ ਰੱਖੀ ਐ।''

ਕਈ ਘੂਰਦੀਆਂ ਨਜ਼ਰਾਂ ਕੋਲੋਂ ਲੰਘ ਪਾਲੀ ਸੀਟ 'ਤੇ ਜਾ ਬੈਠੀ ਤੇ ਜੀਤ ਨੇ ਝੱਟ ਬੱਸ ਨੂੰ ਚੱਲਣ ਦੀ ਘੰਟੀ ਮਾਰ ਦਿੱਤੀ।

'ਇਹ ਤਾਂ ਵਿਚਾਰਾ ਬੜਾ ਚੰਗਾ ਕੰਡਕਟਰ ਏ', ਪਾਲੀ ਨੂੰ ਦਿਲ ਵਿੱਚ ਇੱਕ ਵਾਰੀ ਫੇਰ ਖ਼ਿਆਲ ਆਇਆ।

Downloaded from https:// www.studiestoday.com

Downloaded from https:// www.studiestoday.com



ਬਦਲੀ ਮੁੜ ਨਾਭੇ ਦੀ ਕਰਾਉਣ ਵਿੱਚ ਜਿਉਂ-ਜਿਉਂ ਦੇਰ ਹੋ ਰਹੀ ਸੀ, ਪਾਲੀ ਦੁਖੀ ਹੁੰਦੀ। ਬੱਸਾਂ ਦੀ ਖੜ ਖੜ, ਬੱਸ ਨਿਕਲ਼ ਜਾਣ ਦਾ ਡਰ ਹਰ ਵੇਲ਼ੇ ਦਿਮਾਗ਼ 'ਤੇ ਚੜ੍ਹੇ ਰਹਿੰਦੇ। ਕਈ ਵਾਰ ਜਦੋਂ ਕਦੇ ਮੋਟੀਆਂ ਸਵਾਰੀਆਂ ਨਾਲ਼ ਬੈਠਣਾ ਪੈਂਦਾ, ਉਹਦੇ ਵਧੀਆ ਕੱਪੜੇ ਵੱਟੋ-ਵੱਟ ਹੋ ਜਾਂਦੇ ਤੇ ਕਿਸੇ ਕੋਲ਼ੋਂ ਆਉਂਦੀ ਪਸੀਨੇ ਦੀ ਬੋ ਉਹਦਾ ਸਿਰ ਚਕਰਾਣ ਲਾ ਦਿੰਦੀ।

ਫਿਰ ਇੱਕ ਦਿਨ ਜਦੋਂ ਪਾਲੀ ਪੈਸੇ ਦੇਣ ਲੱਗੀ ਤਾਂ, ''ਨਹੀਂ ਬੀਬੀ, ਰਹਿਣ ਦਿਓ'', ਆਖ ਜੀਤ ਅੱਗੋਂ ਲੰਘ ਗਿਆ।

''ਨਹੀਂ ਬਾਈ, ਪੈਸੇ ਲੈ ਲੈ।'' ਪਾਲੀ ਨੇ ਜ਼ੋਰ ਲਾਇਆ।

''ਕੀ ਫ਼ਰਕ ਪੈ ਚੱਲਿਆ ਏ !'' ਆਖ ਉਹ ਹੋਰ ਅਗਾਂਹ ਜਾ ਕੇ ਕਿਸੇ ਨੂੰ ਟਿਕਟ ਦੇਣ ਲੱਗ ਪਿਆ।

ਝਗੜਾ ਕਰਨਾ ਪਾਲੀ ਨੂੰ ਚੰਗਾ ਨਾ ਲੱਗਿਆ ਤੇ ਉਹ ਚੁੱਪ ਕਰਕੇ ਬੈਠ ਗਈ। ਸਾਰੇ ਰਾਹ ਉਹ ਹੈਰਾਨ ਹੁੰਦੀ ਰਹੀ ਕਿ ਕੰਡਕਟਰ ਨੇ ਉਹਦੇ ਕੋਲ਼ੋਂ ਪੈਸੇ ਕਿਉਂ ਨਾ ਲਏ? ਉਹਨੂੰ ਇਹ ਚੰਗਾ ਵੀ ਨਾ ਲੱਗਿਆ। ਤਿੰਨ ਸੌ ਰੁਪਈਆ ਕਮਾਉਣ ਵਾਲ਼ੀ ਡਾਕਟਰ ਕੁੜੀ ਲਈ ਸਾਢੇ ਦਸ ਆਨੇ ਭਲਾ ਕੀ ਮਾਇਨੇ ਰੱਖਦੇ ਸਨ।

ਅਗਲੇ ਦਿਨ ਉਹ ਜਾਣ ਕੇ ਪੰਜ ਮਿੰਟ ਦੇਰ ਨਾਲ਼ ਗਈ। ਉਸ ਨੇ ਸੋਚਿਆ 'ਅੱਜ ਪੀਪਲ ਬੱਸ 'ਤੇ ਨਹੀਂ, ਸਗੋਂ ਪੈਪਸੂ ਰੋਡਵੇਜ਼ 'ਤੇ ਜਾਵਾਂਗੀ। ਕੀ ਫ਼ਜ਼ੂਲ ਗੱਲ ਏ ਕਿ ਸਵਾਰੀ ਤੋਂ ਪੈਸੇ ਹੀ ਨਾ ਲਏ ਜਾਣ।'

ਪਰ ਉਹ ਦੇਖ ਹੈਰਾਨ ਹੋਈ ਕਿ ਡ੍ਰਾਈਵਰ ਬੱਸ ਸਟਾਰਟ ਕਰੀ ਖੜ੍ਹਾ ਸੀ ਤੇ ਕੰਡਕਟਰ ਨੂੰ 'ਵਾਜਾਂ ਮਾਰ ਰਿਹਾ ਸੀ।

''ਓਏ ਆਉਂਦਾ ਹੁਣ, ਕਿਉਂ ਭੈਰਮੀ ਵੱਢੀ ਐ। ਐਡੀ ਛੇਤੀ ਜਾਣੀ ਮੀਂਹ ਆਉਂਦਾ ਏ'', ਜੀਤ ਨੇ ਹੌਲ਼ੀ-ਹੌਲ਼ੀ ਆਉਂਦਿਆਂ ਆਖਿਆ।

''ਅੱਗੇ ਪਹੁੰਚਣਾ ਏ ਕਿ ਨਹੀਂ, ਮੜ੍ਹਕਾਂ ਨਾਲ਼ ਹੀ ਆਉਂਦਾ ਏ।'' ਡ੍ਰਾਈਵਰ ਬੋਲਿਆ।

''ਚਲੋ ਬੀਬੀ, ਬੈਠੋ ਅਗਲੀ ਸੀਟ 'ਤੇ'', ਤਾਕੀ ਖੋਲ੍ਹਦਿਆਂ ਜੀਤ ਨੇ ਆਖਿਆ।

''ਮੇਮ ਸਾਹਿਬਾਂ ਤੋਂ ਬਿਨਾਂ ਬੱਸ ਕਿਵੇਂ ਤੁਰ ਪੈਂਦੀ।'' ਪਿੱਛਿਓਂ ਨਾਭੇ ਤੋਂ ਪਟਿਆਲੇ ਹਰ ਰੋਜ਼ ਜਾਣ ਵਾਲ਼ਾ ਇੱਕ ਕਲਰਕ ਹੌਲ਼ੀ ਜਿਹੀ ਬੋਲਿਆ।

ਜੀਤ ਨੇ ਘੂਰ ਕੇ ਉਹਦੇ ਵੱਲ ਵੇਖਿਆ, ਸਭ ਚੁੱਪ ਕਰ ਗਏ। ਬੱਸ ਤੁਰ ਪਈ।

ਪਾਲੀ ਨੇ ਪੈਸੇ ਕੱਢੇ ਪਰ ਉਹਦੇ ਬਾਰ-ਬਾਰ ਆਖਣ 'ਤੇ ਜੀਤ ਨੇ ਨਾਂਹ ਕਰ ਦਿੱਤੀ। ਪਾਲੀ ਨੂੰ ਡਾਢਾ ਗੁੱਸਾ ਆਇਆ। ਇਸ ਬੇਈਮਾਨੀ ਵਿੱਚ ਇਹ ਮੈਨੂੰ ਵੀ ਹਿੱਸੇਦਾਰ

Downloaded from https:// www.studiestoday.com

Downloaded from https:// www.studiestoday.com



ਬਣਾ ਰਿਹਾ ਏ.......ਪਰ ਕਿਹੜਾ ਪੈਸੇ ਲੈ ਕੇ ਟਿਕਟ ਨਹੀਂ ਕੱਟਦਾ......ਪਰ ਕੰਪਨੀ ਨਾਲ਼ ਤਾਂ ਧੋਖਾ ਹੀ ਹੈ ਨਾ। ਉਹ ਸੋਚ ਹੀ ਰਹੀ ਸੀ ਕਿ ਬੱਸ ਖੜ੍ਹੀ ਕਰ, ਇੱਕ ਚੈਕਰ ਚੜ੍ਹ ਪਿਆ। ਲੋਕਾਂ ਦੀਆਂ ਉਹ ਜਦੋਂ ਟਿਕਟਾਂ ਦੇਖ ਰਿਹਾ ਸੀ ਤਾਂ ਪਾਲੀ ਤੇਲ਼ੀਓ-ਤੇਲ਼ੀ ਹੋ ਗਈ।

''ਕਿੱਡੀ ਸ਼ਰਮ ਦੀ ਗੱਲ ਏ ਕਿ ਮੇਰੇ ਕੋਲ਼ ਟਿਕਟ ਹੀ ਨਹੀਂ......ਮੈਂ ਆਖ ਦਿਆਂਗੀ ਕਿ ਕੰਡਕਟਰ ਨੇ ਦਿੱਤਾ ਹੀ ਨਹੀਂ, ਮੈਂ ਮੰਗਿਆ ਸੀ'', ਉਹਨੇ ਸੋਚਿਆ। 'ਪਰ ਬੇਚਾਰਾ ਫਸੇਗਾ......ਨਹੀਂ, ਕਹਿ ਦਿਆਂਗੀ, ਮੈਂ ਲੈਣਾ ਭੁੱਲ ਗਈ.......ਪਰ ਨਹੀਂ ਮੈਂ ਕਾਹਨੂੰ ਝੂਠ ਬੋਲਾਂ'.......ਉਹਦੇ ਅੰਦਰ ਬਹਿਸ ਹੋਣ ਲੱਗੀ।

ਇੰਨੇ ਨੂੰ ਚੈੱਕਰ ਉਹਦੇ ਕੋਲ਼ ਆ ਪਹੁੰਚਿਆ। ''ਜੀ.....ਟਿਕਟ''। ਚੈੱਕਰ ਨੇ ਅਜੇ ਆਖਿਆ ਹੀ ਸੀ ਕਿ ਜੀਤ ਨੇ ਆਪਣੀ ਜੇਬ ਵਿੱਚੋਂ ਟਿਕਟ ਕੱਢ ਕੇ ਕਿਹਾ, ''.......ਇਹ......ਬੀਬੀ ਮੇਰੀ ਭੈਣ ਏ, ਇਹਨਾਂ ਦਾ ਟਿਕਟ ਮੇਰੇ ਕੋਲ਼ ਏ।''

ਟਿਕਟ ਦੇਖ ਕੇ ਚੈੱਕਰ ਇੱਕ ਵਾਰੀ ਗੋਡਿਆਂ ਤੋਂ ਘਸੇ ਪਜਾਮੇ ਤੇ ਕੂਹਣੀਆਂ ਤੋਂ ਫਟੇ ਖ਼ਾਕੀ ਕੱਪੜਿਆਂ ਵਾਲ਼ੇ ਕੰਡਕਟਰ ਤੇ ਕੀਮਤੀ ਸਾੜ੍ਹੀ ਵਾਲ਼ੀ ਡਾਕਟਰਨੀ ਵੱਲ ਤੱਕ ਕੇ ਅੱਖਾਂ ਹੀ ਅੱਖਾਂ ਵਿੱਚ ਮੁਸਕਰਾਇਆ।

ਜੀਤ ਲੋਹਾ-ਲਾਖਾ ਹੋ ਗਿਆ। ਚੈੱਕਰ ਛੇਤੀ ਨਾਲ਼ ਬੱਸ ਵਿੱਚੋਂ ਉੱਤਰ ਗਿਆ।

ਪਾਲੀ ਹੈਰਾਨ ਪਰੇਸ਼ਾਨ ਸੋਚ ਰਹੀ ਸੀ ਕਿ ਸੱਠਾਂ ਰੁਪਈਆਂ ਵਿੱਚ ਗੁਜ਼ਾਰਾ ਕਰਨ ਵਾਲ਼ਾ ਖ਼ਬਰੇ ਕਿਸੇ ਦਿਨ ਰੋਟੀ ਖੁਣੋਂ ਵੀ ਐਵੇਂ ਰਹਿ ਕੇ ਮੇਰੇ ਟਿਕਟ ਦੇ ਪੈਸੇ ਪੂਰੇ ਕਰਦਾ ਹੋਵੇ।

ਹਸਪਤਾਲ ਵਿੱਚ ਪਾਲੀ ਨੂੰ ਕਿੰਨੀ ਵਾਰੀ ਇਹ ਗੱਲ ਯਾਦ ਆਈ ਤੇ ਉਸ ਨੂੰ ਡਾਢੀ ਬੇਚੈਨੀ ਹੋਈ।

ਸ਼ਾਮ ਨੂੰ ਜਦੋਂ ਉਹ ਅੱਡੇ 'ਤੇ ਪਹੁੰਚੀ ਤਾਂ ਹੌਲ਼ੀ-ਹੌਲ਼ੀ ਤੁਰਦਾ ਉਦਾਸ ਜੀਤ ਉਹਦੇ ਕੋਲ਼ ਆਇਆ।

''ਮੇਰੀ ਵੱਡੀ ਭੈਣ ਵੀ ਲਾਹੌਰ ਡਾਕਟਰੀ ਵਿੱਚ ਪੜ੍ਹਦੀ ਸੀ......ਹੱਲਿਆਂ ਵੇਲ਼ੇ ਉੱਥੇ ਹੀ ਮਾਰੀ ਗਈ........ਬਾਕੀ ਘਰ ਦੇ ਵੀ ਮਰ ਗਏ। ਮੈਂ ਰੁਲ਼ਦਾ-ਖੁਲ਼ਦਾ ਇੱਧਰ ਆ ਗਿਆ। ਪੜ੍ਹਾਈ ਵੀ ਕਿੱਥੋਂ ਹੋਣੀ ਸੀ। ਕਈ ਵਾਰੀ ਤਾਂ ਰੋਟੀ ਵੀ ਨਸੀਬ ਨਾ ਹੁੰਦੀ। ਫਿਰ ਕੰਡਕਟਰ ਬਣ ਗਿਆ। ਤੁਹਾਡਾ ਬੈਗ ਤੇ ਟੂਟੀਆਂ ਜਿਹੀਆਂ ਦੇਖ ਕੇ ਮੈਨੂੰ ਅਮਰਜੀਤ ਯਾਦ ਆ ਜਾਂਦੀ ਸੀ....'' ਤੇ ਅੱਗੋਂ ਉਹਦਾ ਗਲ਼ਾ ਭਰ ਆਇਆ।

ਪਾਲੀ ਡਾਢੀ ਬੇਚੈਨ ਹੋਈ, ਉਹਨੂੰ ਸਮਝ ਨਾ ਲੱਗੇ ਕਿ ਉਹ ਕੀ ਆਖੇ।

ਇੰਨੇ ਨੂੰ ਬੱਸ ਆ ਗਈ। ਉਹ ਕਾਹਲ਼ੀ ਨਾਲ਼ ਉੱਧਰ ਨੂੰ ਤੁਰ ਪਿਆ ਤੇ ਪਾਲੀ ਉਹਨੂੰ ਜਾਂਦੇ ਨੂੰ ਡਾਢੀਆਂ ਮੋਹ-ਭਿੱਜੀਆਂ ਅੱਖਾਂ ਨਾਲ਼ ਤੱਕਦੀ ਰਹੀ।

Downloaded from https:// www.studiestoday.com

Downloaded from https:// www.studiestoday.com



**ਸ਼ਬਦ - ਅਰਥ :**

**ਆਥਣ** - ਸ਼ਾਮ। **ਅਸੱਭਯ** - ਗਵਾਰ। **ਧੇਲੇ ਦਾ ਸ਼ੁਕੀਨ** - ਨਿਕੰਮਾ, ਘਟੀਆ ਆਦਮੀ। **ਕੰਨੀਂ ਦੀ** - ਵੱਲ ਦੀ। **ਹੱਲਿਆਂ ਵੇਲ਼ੇ** - ਸੰਨ 1947 ਵਿੱਚ ਭਾਰਤ ਅਤੇ ਪਾਕਿਸਤਾਨ ਦੀ ਵੰਡ ਦਾ ਸਮਾਂ। **ਮੋਹ ਭਿੱਜੀਆਂ** - ਪਿਆਰ ਨਾਲ਼ ਭਿੱਜੀਆਂ। **ਟੂਟੀਆਂ** - ਡਾਕਟਰ ਦੀ ਸਟੈੱਥੋਸਕੋਪ ਤੋਂ ਭਾਵ।

## ਪਾਠ - ਅਭਿਆਸ

1. 'ਬੱਸ ਕੰਡਕਟਰ' ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।
2. ਬੱਸ ਵਿੱਚ ਇੱਕ ਸਵਾਰ ਸਰਦਾਰ ਪਾਲੀ ਬਾਰੇ ਕੀ ਆਖਦਾ ਹੈ?
3. ਬੱਸ ਕੰਡਕਟਰ ਨੇ ਟਿਕਟ ਦੇਣ ਲੱਗਿਆਂ ਪਾਲੀ ਅਤੇ ਬੁੱਢੀ ਮਾਈ ਨਾਲ਼ ਕਿਹੋ-ਜਿਹਾ ਵਰਤਾਅ ਕੀਤਾ?
4. ਬੱਸ ਕੰਡਕਟਰ ਬਾਰੇ ਪਾਲੀ ਦੇ ਮਨ ਵਿੱਚ ਕਿਹੋ-ਜਿਹੇ ਵਿਚਾਰ ਆ ਰਹੇ ਸਨ?
5. ਬੱਸ ਵਿੱਚ ਟਿਕਟ-ਚੈੱਕਰ ਦੇ ਚੜ੍ਹ ਜਾਣ ਨਾਲ਼ ਪਾਲੀ ਕਿਉਂ ਡਰ ਰਹੀ ਸੀ?
6. ਹਸਪਤਾਲ ਵਿੱਚ ਪਾਲੀ ਨੂੰ ਕਿਹੜੀ ਗੱਲ ਬੇਚੈਨ ਕਰ ਰਹੀ ਸੀ?
7. ਬੱਸ ਕੰਡਕਟਰ ਨੇ ਪਾਲੀ ਨਾਲ਼ ਆਪਣਾ ਕਿਹੜਾ ਰਾਜ਼ ਸਾਂਝਾ ਕੀਤਾ?
8. ਬੱਸ ਕੰਡਕਟਰ ਦਾ ਸੁਭਾਅ ਕਿਹੋ-ਜਿਹਾ ਸੀ?

******

Downloaded from https:// www.studiestoday.com

Downloaded from https:// www.studiestoday.com

# ਮੋਹਨ ਭੰਡਾਰੀ

(1937)

**ਕਹਾਣੀਕਾਰ ਬਾਰੇ :**

ਮੋਹਨ ਭੰਡਾਰੀ ਦਾ ਜਨਮ 14 ਫਰਵਰੀ, 1937 ਈ. ਨੂੰ ਪਿੰਡ ਬਨਭੌਰਾ ਜ਼ਿਲ੍ਹਾ ਸੰਗਰੂਰ ਵਿਖੇ ਮਾਤਾ ਸ੍ਰੀਮਤੀ ਭਗਵਾਨ ਦੇਵੀ ਅਤੇ ਪਿਤਾ ਸ੍ਰੀ ਨੱਥੂ ਰਾਮ ਦੇ ਘਰ ਹੋਇਆ। ਉਹ ਪੰਜਾਬੀ ਦੇ ਸਿਰਮੌਰ ਕਹਾਣੀਕਾਰਾਂ ਵਿੱਚ ਗਿਣੇ ਜਾਂਦੇ ਹਨ।

ਹੁਣ ਤੱਕ ਉਹਨਾਂ ਨੇ ਛੇ ਮੌਲਿਕ ਕਹਾਣੀ-ਸੰਗ੍ਰਹਿ : 'ਮਨੁੱਖ ਦੀ ਪੈੜ', 'ਕਾਠ ਦੀ ਲੱਤ', ' ਪਛਾਣ', 'ਮੂਨ ਦੀ ਅੱਖ' ਤੇ 'ਗੋਰਾ ਬਾਸ਼ਾ' ਲਿਖ ਕੇ ਪੰਜਾਬੀ ਸਾਹਿਤ ਦੀ ਝੋਲ਼ੀ ਪਾਏ ਹਨ। ਮੋਹਨ ਭੰਡਾਰੀ ਨੇ ਨੌਂਵੀਂ ਸ਼੍ਰੇਣੀ 'ਚ ਪੜ੍ਹਦਿਆਂ ਪਲੇਠੀ ਕਹਾਣੀ 'ਅਧਵਾਟਾ' ਲਿਖੀ।

ਚੰਡੀਗੜ੍ਹ ਸ਼ਹਿਰ ਵਿੱਚ ਰਹਿੰਦਿਆਂ, ਉਹ ਬੁਨਿਆਦੀ ਤੌਰ 'ਤੇ ਮਾਲਵੇ ਦੇ ਉਸ ਪੇਂਡੂ ਸੱਭਿਆਚਾਰ ਨਾਲ਼ ਜੁੜੇ ਹੋਏ ਹਨ ਜਿਸ ਦੇ ਉਹ ਜੰਮ-ਪਲ਼ ਹਨ। ਉਹਨਾਂ ਦੇ ਪਾਤਰ ਮਾਲਵੇ ਦੇ ਬੇਜ਼ਮੀਨੇ ਖੇਤ-ਮਜ਼ਦੂਰ, ਕੰਮੀ ਅਤੇ ਗ਼ਰੀਬ ਕਿਰਸਾਣ ਹਨ। ਉਹ ਪੇਂਡੂ ਜੀਵਨ ਵਿੱਚ ਘਰੋਗੀ ਮਸਲਿਆਂ ਰਿਸ਼ਤਿਆਂ, ਦੋਸਤੀਆਂ, ਦੁਸ਼ਮਣੀਆਂ ਦੇ ਬਾਵਜੂਦ ਇੱਕ ਸੰਤੁਲਨ ਨੂੰ ਲੱਭਦੇ ਹਨ ਜਿਸ ਨਾਲ਼ ਉਪਰੋਕਤ ਸਾਰੀਆਂ ਗੱਲਾਂ ਹੋਣ ਦੇ ਬਾਵਜੂਦ ਪਿੰਡ ਦੀ ਸਮੁੱਚੀ ਹੋਂਦ ਕਾਇਮ ਰਹੇ। ਉਹ 'ਪੰਜਾਬ ਸਿੱਖਿਆ ਵਿਭਾਗ, ਚੰਡੀਗੜ੍ਹ 'ਤੋਂ ਬਤੌਰ ਸੁਪਰਡੈਂਟ ਗ੍ਰੇਡ-1 ਸੇਵਾ-ਮੁਕਤ ਹੋਏ ਹਨ।

ਮੋਹਨ ਭੰਡਾਰੀ ਨੂੰ ਉਹਨਾਂ ਦੇ ਕਹਾਣੀ-ਸੰਗ੍ਰਹਿ 'ਤਿਲਚੌਲੀ' 'ਤੇ 'ਚੰਡੀਗੜ੍ਹ ਸਾਹਿਤ ਅਕਾਦਮੀ ਵੱਲੋਂ ਪੁਰਸਕਾਰ ਮਿਲ਼ਿਆ। 'ਪਛਾਣ' ਕਹਾਣੀ-ਸੰਗ੍ਰਹਿ ਨੂੰ 'ਕੁਲਵੰਤ ਸਿੰਘ ਵਿਰਕ ਪੁਰਸਕਾਰ' ਦਿੱਤਾ ਗਿਆ। ਕਹਾਣੀ-ਸੰਗ੍ਰਹਿ 'ਮੂਨ ਦੀ ਅੱਖ' ਨੂੰ 1998 ਈ. ਵਿੱਚ ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਨਾਲ਼ ਸਨਮਾਨਿਤ ਕੀਤਾ ਗਿਆ। ਭੰਡਾਰੀ ਨੇ ਆਪਣੀਆਂ ਕਹਾਣੀਆਂ ਤੋਂ ਇਲਾਵਾ ਬਹੁਤ ਸਾਰਾ ਹੋਰ ਸਾਹਿਤ ਵੀ ਪੰਜਾਬੀ ਵਿੱਚ ਅਨੁਵਾਦ ਕੀਤਾ। ਉਹਨਾਂ ਨੇ ਭਾਰਤ ਦੇ ਕਈ ਪ੍ਰਸਿੱਧ ਲੇਖਕਾਂ ਦੇ ਕਹਾਣੀ-ਸੰਗ੍ਰਹਿ ਵੀ ਸੰਪਾਦਿਤ ਕੀਤੇ।

ਹਥਲੀ ਪਾਠ-ਪੁਸਤਕ ਵਿੱਚ ਭੰਡਾਰੀ ਦੀ ਕਹਾਣੀ 'ਬਾਕੀ ਸਭ ਸੁੱਖ-ਸਾਂਦ ਹੈ', ਸ਼ਾਮਲ ਕੀਤੀ ਗਈ ਹੈ।



Downloaded from https:// www.studiestoday.com

Downloaded from https:// www.studiestoday.com



**ਕਹਾਣੀ ਬਾਰੇ :**

ਇਸ ਕਹਾਣੀ ਵਿੱਚ ਲੇਖਕ ਨੇ ਪਿੰਡ ਦੇ ਲੋਕਾਂ ਦਾ ਦੁੱਖ-ਦਰਦ ਬਿਆਨ ਕੀਤਾ ਹੋਇਆ ਹੈ। ਕਹਾਣੀ ਦਾ ਮੁੱਖ-ਪਾਤਰ (ਲੇਖਕ)ਉਹਨਾਂ ਦੇ ਸਾਰੇ ਦੁੱਖਾਂ-ਸੁੱਖਾਂ ਦਾ ਇੱਕ ਤਰ੍ਹਾਂ ਨਾਲ਼ ਭਾਈਵਾਲ ਹੀ ਬਣ ਜਾਂਦਾ ਹੈ। ਕੁੜੀਆਂ ਉਸ ਕੋਲ਼ੋਂ ਆਪਣੇ-ਆਪਣੇ ਪਤੀਆਂ ਨੂੰ ਪ੍ਰੇਮ ਭਰੀਆਂ ਚਿੱਠੀਆਂ ਲਿਖਵਾਉਂਦੀਆਂ ਹਨ। ਕਈ ਏਨੀਆਂ ਅਨਭੋਲ਼ ਹਨ, ਜੋ ਲੇਖਕ ਨੂੰ ਕਹਿੰਦੀਆਂ, "ਸਾਨੂੰ ਲੋਕਾਂ ਵਾਂਗੂੰ ਟੋਟਕੇ ਤਾਂ ਘੜਨੇ ਨਹੀਂ ਆਉਂਦੇ, ਤੂੰ ਆਪ ਲਿਖ ਦੇ ਜਿਹੜੀ ਗੱਲ ਤੈਨੂੰ ਚੰਗੀ ਲੱਗਦੀ ਹੈ, ਵਿੱਚ ਸਾਡੀ ਰਾਮ-ਸਤ ਜ਼ਰੂਰ ਲਿਖ ਦੇਈਂ।"

ਬਜ਼ੁਰਗ ਔਰਤਾਂ ਵੀ ਉਸ ਕੋਲ਼ ਆਪਣੇ ਰੋਣੇ ਰੋਂਦੀਆਂ। ਕਬੀਲਦਾਰ ਲੋਕ ਵੀ ਉਸ ਤੋਂ ਆਪਣੀਆਂ ਚਿੱਠੀਆਂ ਲਿਖਵਾਉਂਦੇ।

ਅਖੀਰ ਵਿੱਚ ਹਰ ਕੌਰ, ਜਾਗਰ ਫ਼ੌਜੀ ਦੀ ਮਾਂ ਆਪਣੇ ਪੁੱਤਰ ਨੂੰ ਚਿੱਠੀ ਲਿਖਵਾਉਂਦੀ ਹੈ, ਜਿਸ ਵਿੱਚ ਉਹ ਆਸੇ-ਪਾਸੇ ਦੀਆਂ ਗੱਲਾਂ ਲਿਖਵਾਉਣ ਤੋਂ ਬਾਅਦ, ਸਭ ਤੋਂ ਵੱਧ ਮਹੱਤਵਪੂਰਨ ਗੱਲ ਨੂੰ ਸਭ ਤੋਂ ਪਿੱਛੋਂ ਲਿਖਵਾਉਂਦੀ ਹੋਈ ਹਰਕੌਰ ਕਹਿੰਦੀ ਹੈ, "ਹੋਰ ਲਿਖ ਦੇ ਪੁੱਤ, ਬਈ ਕਰਤਾਰੋ ਦੇ ਘਰ ਕਾਕਾ ਹੋ ਕੇ ਗੁਜ਼ਰ ਗਿਐ, ਕਰਤਾਰੋ ਮੰਜੇ 'ਤੇ ਮਰਨ ਵਾਲ਼ੀ ਪਈ ਐ।" ਹੋਰ ਪੁੱਛਣ 'ਤੇ ਕਿ ਕੀ ਹੋਰ ਕੁਝ ਲਿਖਣਾ ਹੈ ਤਾਂ ਕਹਿੰਦੀ ਹੈ, "ਬੱਸ ਪੁੱਤ ····· ਲਿਖ ਦੇ, ਬਾਕੀ ਸਭ ਸੁੱਖ-ਸਾਂਦ ਹੈ।" ਇਹ ਸੁਣ ਕੇ ਲੇਖਕ ਸੁੰਨ ਹੋ ਜਾਂਦਾ ਹੈ ਤੇ ਕਲਮ ਉਸ ਦੇ ਹੱਥੋਂ ਡਿਗ ਪੈਂਦੀ ਹੈ।

Downloaded from https:// www.studiestoday.com

Downloaded from https:// www.studiestoday.com

# ਬਾਕੀ ਸਭ ਸੁੱਖ-ਸਾਂਦ ਹੈ

*ਮੋਹਨ ਭੰਡਾਰੀ*

ਸਾਡੀ ਬੀਹੀ ਦੇ ਲਗ-ਪਗ ਪੰਜਾਹ ਦੇ ਪੰਜਾਹ ਘਰਾਂ ਨੇ ਆਪੋ ਆਪਣੀ ਰਾਏ ਕਾਇਮ ਕਰ ਲਈ ਸੀ। ਕੋਈ ਕਹਿੰਦਾ ਸੀ, "ਮੋਹਣਾ ਹੰਕਾਰ ਗਿਆ ਹੈ, ਇਹ ਸਮਝਦਾ ਹੈ ਕਿ ਸਾਰੇ ਪਿੰਡ 'ਚ ਮੈਥੋਂ ਸਿਵਾ ਹੁਣ ਚਿੱਠੀ ਲਿਖਣ ਵਾਲ਼ਾ ਹੋਰ ਕੋਈ ਨਹੀਂ। ਲੋਕੀਂ ਚਿੱਠੀਆਂ ਲਿਖਵਾਉਣ ਲਈ ਤੜਫਦੇ ਤੇ ਵਿਲ੍ਹੂੰ-ਵਿਲ੍ਹੂੰ ਕਰਦੇ ਫਿਰਨਗੇ।"

ਕੋਈ ਕਹਿੰਦਾ, "ਦਸਮੀਂ ਕਾਹਦੀ ਕਰ ਲਈ, ਏਸ ਮੁੰਡੇ ਦਾ ਦਮਾਕ ਹੀ ਅਸਮਾਨੀਂ ਚੜ੍ਹ ਗਿਆ ਹੈ। ਇਹ ਹੁਣ ਰੱਬ ਨੂੰ ਟੱਪ ਦੱਸਦੈ। ਭਲੇ ਵੇਲ਼ੇ ਇੱਕ ਬੋਰੀ ਜਹੀ ਦੀ ਪਤਲੂਨ (ਕਟਰਾਈ) ਮਿਲ਼ ਗਈ। ਉਹ ਪਾ ਕੇ ਤੇ ਪੱਟੀਆਂ ਵਾਹ ਕੇ ਸਰਦਾਰਾਂ ਦੇ ਮੁੰਡਿਆਂ ਨਾਲ਼ ਬੀਹਾਂ 'ਚ ਗੇੜੇ ਮਾਰਦਾ ਰਹਿੰਦੈ। ਕਦੇ ਬਾਹਰ ਖੇਤੀਂ ਟੱਕਰ ਗਿਆ, ਕੱਲਾ, ਤਾਂ ਨਾਨਕੇ ਯਾਦ ਕਰਵਾ ਦਿਆਂਗੇ ਇਹਦੇ। ਆਪਣੇ ਆਪ ਨੂੰ ਨਾਢੂ ਖ਼ਾਂ ਸਮਝਦੈ। ਨਾਲ਼ੇ ਦੇਖਲਾਂਗੇ ਇਹਦੇ ਹਮੈਤੀ ਨੂੰ, ਜਿਹੜਾ ਮੂਹਰੇ ਆਊਗਾ।"

ਲੋਕ ਭੂਸਰ ਗਏ ਸਨ।

ਸਾਰੇ ਮਹੱਲੇ 'ਚ ਤਰਾਹ-ਤਰਾਹ ਹੋ ਰਹੀ ਸੀ। ਸਭ ਨੇ ਆਪੋ-ਆਪਣੀ ਰਾਏ ਕਾਇਮ ਕਰ ਲਈ ਸੀ। ਬੀਹੀ ਦੀਆਂ ਬੁੜ੍ਹੀਆਂ ਵੀ ਘੁਸਰ-ਮੁਸਰ ਕਰਦੀਆਂ ਰਹਿੰਦੀਆਂ। ਉਂਗਲ਼ਾਂ ਕੱਢ-ਕੱਢ ਗੱਲਾਂ ਕਰਦੀਆਂ। ਨਵੀਂਆਂ ਵਿਆਹੀਆਂ ਕੁੜੀਆਂ ਹਰਾਸੀਆਂ ਹਰਾਸੀਆਂ ਰਹਿੰਦੀਆਂ। ਬਿਤਰ-ਬਿਤਰ ਦੇਖਦੀਆਂ ਰਹਿੰਦੀਆਂ। ਹੋਰ ਉਹ ਕਿਸ ਤੋਂ ਚਿੱਠੀ ਲਿਖਵਾਉਂਦੀਆਂ। ਕਬੀਲਦਾਰੀ ਦੇ ਸੌ ਪੜਦੇ ਹੁੰਦੇ ਨੇ। ਉਹ ਸੋਚਦੀਆਂ।

ਅਸਲੀ ਗੱਲ ਬਾਰੇ ਕੋਈ ਧਿਆਨ ਨਹੀਂ ਸੀ ਦਿੰਦਾ, ਗੱਲ ਤਾਂ ਦਰਅਸਲ ਇਹ ਸੀ ਕਿ ਮੈਂ ਪੂਰੇ ਪੰਜ ਵਰ੍ਹੇ ਚਿੱਠੀਆਂ ਲਿਖਦਾ ਰਿਹਾ ਸਾਂ। ਪੰਜਵੀਂ ਤੋਂ ਲੈ ਕੇ ਦਸਵੀਂ ਤੱਕ। ਚਿੱਠੀਆਂ ਲਿਖ-ਲਿਖ ਮੈਂ ਅੱਕ ਗਿਆ ਸਾਂ। ਲੋਕੀਂ ਚਿੱਠੀਆਂ ਲਿਖਵਾਉਂਦੇ ਵੀ ਤਾਂ ਸਿੱਧੀ ਤਰ੍ਹਾਂ ਨਹੀਂ ਸਨ, ਕੁੜੀਆਂ ਚਾਰ-ਚਾਰ ਸਫ਼ਿਆਂ ਦੀਆਂ ਚਿੱਠੀਆਂ ਲਿਖਵਾਉਂਦੀਆਂ ਸਨ। ਚਿੱਠੀਆਂ ਵਿੱਚ ਦੋਹੇ, ਟਿੱਚਰਾਂ ਤੇ ਤੁਕਾਂ ਜੋੜ-ਜੋੜ ਲਿਖਵਾਉਂਦੀਆਂ ਸਨ। ਹਾਲਾਂ ਕਿ ਉਹਨਾਂ ਨੂੰ ਪਤਾ ਹੁੰਦਾ ਸੀ ਕਿ ਚਿੱਠੀ ਲਿਖਣ ਵਾਲ਼ਾ ਕੋਈ ਹੋਰ ਹੈ ਪਰ ਉਹ ਛਾਤੀ 'ਤੇ ਹੱਥ ਰੱਖਕੇ ਤੇ ਅੱਖਾਂ ਮੀਚ ਕੇ ਕਹਿੰਦੀਆਂ ਲਿਖ, "ਚਿੱਠੀ ਲਿਖਦੀ ਹਾਂ ਖ਼ੂਨ ਨਾਲ਼ ਸਿਆਹੀ ਨਾ ਸਮਝਣਾ। ਮਰ ਗਈ ਹਾਂ ਤੇਰੀ ਯਾਦ ਵਿੱਚ ਜਿਊਂਦੀ ਨਾ ਸਮਝਣਾ।" ਮੈਨੂੰ ਕਈ ਕਈ ਮਿੰਟ ਉਡੀਕਣਾ ਪੈਂਦਾ ਕਿ ਉਹ ਸਮਾਧੀ 'ਚੋਂ ਨਿਕਲਣ ਤੇ ਅਗਲੀ ਗੱਲ ਲਿਖਵਾਉਣ। ਅਗਲੀ ਗੱਲ ਹੁੰਦੀ, "ਇਹਨਾਂ ਪਰਦੇਸੀਆਂ 'ਤੇ ਨਾ ਕਰਨਾ ਇਤਬਾਰ ਲੋਕੋ, ਇਹ ਰੱਸੀ ਦਾ ਸੱਪ ਬਣਾ ਦਿੰਦੇ।"

ਕੋਈ ਕਹਿੰਦੀ, "ਇਉਂ ਲਿਖ ਦੇ, ਬਈ ਉਹ ਸਾਨੂੰ ਚਿੱਠੀ ਪਾ ਦੇਵੇ ਕਿ ਉਹ



Downloaded from https:// www.studiestoday.com

Downloaded from https:// www.studiestoday.com



ਇਸ ਮਹੀਨੇ ਦੇ ਅੰਦਰ-ਅੰਦਰ ਮੈਨੂੰ ਲੈਣ ਆਊਗਾ। ਭਾਵੇਂ ਨਾ ਹੀ ਆਵੇ ਪਰ ਏਸ ਤਰ੍ਹਾਂ ਚਿੱਠੀ ਜ਼ਰੂਰ ਲਿਖ ਦੇਵੇ।"

ਇਸ ਤਰ੍ਹਾਂ ਦੀਆਂ ਚਿੱਠੀਆਂ ਲਿਖ-ਲਿਖ ਮੈਂ ਥੱਕ ਗਿਆ ਸਾਂ। ਵਾਰਿਸ ਸ਼ਾਹ ਦੀ ਬੈਂਤ ਤੋਂ ਲੈ ਕੇ ਕਬੀਰ ਦੇ ਦੋਹੇ ਤੱਕ, ਉਹ ਆਪਣੀਆਂ ਚਿੱਠੀਆਂ 'ਚ ਪਤਾ ਨਹੀਂ ਕਿਉਂ ਲਿਖਾਉਂਦੀਆਂ ਸਨ? ਹੋਰ ਛੋਟੇ-ਛੋਟੇ ਟੋਟਕਿਆਂ ਦਾ ਤਾਂ ਅੰਤ ਨਹੀਂ ਸੀ। ਪਤਾ ਨਹੀਂ ਕੀ ਕੁਝ ਲਿਖਾਉਂਦੀਆਂ ਰਹਿੰਦੀਆਂ ਸਨ, ਉਹ।

ਕੋਈ ਕਹਿੰਦੀ, 'ਵੇ ਮੋਹਣਿਆ! ਸਾਨੂੰ ਲੋਕਾਂ ਵਾਗੂੰ ਟੋਟਕੜੇ ਤਾਂ ਘੜਨੇ ਨਹੀਂ ਆਉਂਦੇ, ਤੂੰ ਆਪੇ ਲਿਖਦੇ ਜਿਹੜੀ ਗੱਲ ਤੈਨੂੰ ਚੰਗੀ ਲੱਗਦੀ ਐ। ਵਿੱਚ ਸਾਡੀ ਰਾਮ ਸਤ ਜ਼ਰੂਰ ਲਿਖ ਦੇਈਂ, ਮੈਂ ਪਰੇਸ਼ਾਨ ਹੋ ਜਾਂਦਾ। ਆਖ਼ਰ ਮੈਂ ਆਪਣੇ ਆਪ ਕੀ ਲਿਖਾਂ ਤੇ ਕੀ ਨਾ ਲਿਖਾਂ?

ਬੁੜ੍ਹੀਆਂ ਆਪਣੇ ਰੋਣੇ ਰੋਂਦੀਆਂ। ਕਿਸੇ ਦੀ ਨੂੰਹ ਕੁੱਪਤੀ ਸੀ। ਕਿਸੇ ਦੀ ਧੀ ਦੁਖੀ ਸੀ। ਕਿਸੇ ਦਾ ਪੁੱਤ ਫ਼ੌਜ 'ਚ ਭਰਤੀ ਹੋ ਗਿਆ ਸੀ। ਕਿਸੇ ਦਾ ਹੱਥ ਤੰਗ ਸੀ। ਮੁਕੱਦਮਾ ਉਹਨਾਂ ਨੂੰ ਖਾਈ ਜਾ ਰਿਹਾ ਸੀ। ਮਹੀਨੇ 'ਚ ਦੋ-ਦੋ ਤਰੀਕਾਂ ਪੈਂਦੀਆਂ ਸਨ। ਕਿਸੇ ਦੀ ਧੀ ਨੂੰ ਲੰਮੀ ਬਿਮਾਰੀ ਸੀ। ਸਹੁਰੇ ਉਹਨੂੰ ਲਿਜਾਂਦੇ ਨਹੀਂ ਸਨ। ਉਹ ਪੇਕਿਆਂ ਦਾ ਬੂਹਾ ਮੱਲੀ ਬੈਠੀ ਸੀ। ਉਹ ਨਾ ਮਰਦੀ ਸੀ ਤੇ ਨਾ ਰਾਜ਼ੀ ਹੁੰਦੀ ਸੀ। ਡਾਕਟਰ ਨੇ ਨਿੱਤ ਨਵੇਂ ਲੋਦੇ ਲਾ-ਲਾ ਕੇ ਕੁੜੀ ਦਾ ਸਰੀਰ ਛਾਣ ਦਿੱਤਾ ਸੀ। ਡਾਕਟਰ ਦਾ ਘਰ ਭਰ ਰਿਹਾ ਸੀ। ਉਹ ਦਿਨ-ਬਦਿਨ ਕੰਗਾਲ ਹੋ ਰਹੇ ਸਨ।

ਗੱਲ ਕੀ, ਲੋਕਾਂ ਦੇ ਦੁੱਖ ਲਿਖ-ਲਿਖ ਮੈਂ ਦੁਖੀ ਹੋ ਜਾਂਦਾ ਸੀ। ਸਾਰਾ-ਸਾਰਾ ਦਿਨ ਸੋਚਦਾ ਰਹਿੰਦਾ ਸਾਂ, ਇਹ ਲੋਕ ਵੀ ਕਦੀ ਰਾਜ਼ੀ-ਖੁਸ਼ੀ ਹੋਣਗੇ, ਖ਼ੁਸ਼ੀਆਂ ਮਨਾਣਗੇ ਤੇ ਮੈਥੋਂ ਸੋਹਣੀਆਂ-ਸੋਹਣੀਆਂ ਗੱਲਾਂ ਲਿਖਵਾਉਣਗੇ ? ਉਹ ਗੱਲਾਂ ਜਿਹੜੀਆਂ ਮੈਨੂੰ ਦੁਖੀ ਨਾ ਕਰਨ, ਮੈਨੂੰ ਖ਼ੁਸ਼ ਰੱਖਣ। ਸਦਾ ਖ਼ੁਸ਼। ਸੋਚਦਾ-ਸੋਚਦਾ ਮੈਂ ਗੌਤਮ ਬੁੱਧ ਦੀ ਫ਼ਿਲਾਸਫ਼ੀ 'ਚ ਜਾ ਵੜਦਾ। 'ਇਹ ਦੁਨੀਆਂ ਦੁੱਖਾਂ ਦਾ ਘਰ ਹੈ।' ਉਹਦਾ ਇਹ ਵਚਨ ਮੇਰੇ ਦਿਮਾਗ ਵਿੱਚ ਗੂੰਜਦਾ ਰਹਿੰਦਾ।

ਮੇਰਾ ਜੀ ਕਰਦਾ ਮੈਂ ਪਿੰਡੋਂ ਭੱਜ ਜਾਵਾਂ, ਦੂਰ......ਜਿੱਥੇ ਕੋਈ ਮੈਨੂੰ ਜਾਣਦਾ ਨਾ ਹੋਵੇ। ਉੱਥੇ ਨਾ ਮੈਥੋਂ ਕੋਈ ਚਿੱਠੀ ਲਿਖਵਾਏਗਾ ਤੇ ਨਾ ਮੈਂ ਦੁਖੀ ਹੋਵਾਂਗਾ।

ਕਪੂਰੇ ਦਾ ਪੁੱਤ ਮੇਘਾ, ਮੇਲੋ ਦੀ ਧੀ ਸਰਬਤੀ ਤੇ ਨਾਈਆਂ ਦਾ ਘੋਟਾ, ਇਹ ਸਾਰੇ ਜਣੇ ਹੁਣ ਪੰਜਵੀਂ 'ਚ ਹੋ ਗਏ ਸਨ। ਮੈਂ ਇਸ਼ਾਰੇ ਨਾਲ਼ ਸਮਝਾਉਣ ਦੀ ਕੋਸ਼ਸ਼ ਕਰਦਾ ਕਿ ਹੁਣ ਉਹਨਾਂ ਤੋਂ ਲਿਖਵਾ ਲਿਆ ਕਰਨ ਲੋਕ ਚਿੱਠੀਆਂ।

ਪਰ ਉਹ ਕਹਿੰਦੇ ਸਨ ਕਿ ਕੀਹਦੇ-ਕੀਹਦੇ ਸਾਹਮਣੇ ਆਪਣੇ ਘਰ ਦਾ ਭੇਤ ਉਹ ਖੋਲ੍ਹਦੇ ਫਿਰਨ। ਕਬੀਲਦਾਰੀ ਦੇ ਸੌ ਪੜਦੇ ਹੁੰਦੇ ਹਨ।

"ਮੋਹਣ ਸਿਆਂ, ਤੇਰੇ ਤੋਂ ਕਦੇ ਅਸੀਂ ਕੋਈ ਗੱਲ ਲੁਕਾ ਕੇ ਨੀਂ ਰੱਖੀ। ਹਰ ਗੱਲ ਆਪਣੇ ਧੀਆਂ ਪੁੱਤਾਂ ਵਾਂਗ ਤੇਰੇ ਨਾਲ਼ ਕਰ ਲੈਂਦੇ ਹਾਂ। ਆਪਣੇ ਦਿਲ ਫੋਲ ਲੈਂਦੇ ਹਾਂ ਤੇਰੇ

Downloaded from https:// www.studiestoday.com

Downloaded from https:// www.studiestoday.com



ਕੋਲ਼, ਹੋਰ ਕੀ ਐ ਏਥੇ, ਬਸ ਆਪਣਾ ਦਿਲ ਹੌਲ਼ਾ ਹੋ ਜਾਂਦੈ ਜ਼ਰਾ। ਨਾਲ਼ੇ ਤੂੰ ਸਾਡੀ ਸੁਣ ਵੀ ਲੈਨੈਂ ਧਿਆਨ ਨਾਲ਼।"

ਉਹਨਾਂ ਦਾ ਲਾਡ ਨਾਲ਼ ਕਿਹਾ, "ਮੋਹਣ ਸਿਆਂ" ਮੈਨੂੰ ਚੰਗਾ-ਚੰਗਾ ਲਗਦਾ। ਉਹ ਸੱਚੇ ਵੀ ਸਨ। ਮੈਂ ਉਹਨਾਂ ਦੇ ਘਰਾਂ ਦੀ ਹਰ ਗੱਲ, ਹਰ ਘਟਨਾ, ਥੋੜ੍ਹ, ਤੇ ਲੋੜ ਤੋਂ ਜਾਣੂ ਸਾਂ, ਜਿਵੇਂ ਮੈਂ ਉਹਨਾਂ ਦੇ ਟੱਬਰ ਦਾ ਹੀ ਇੱਕ ਜੀਅ ਹੋਵਾਂ। ਇਹ ਸੋਚ ਕੇ ਮੈਂ ਨੀਵੀਂ ਪਾ ਲੈਂਦਾ ਤੇ ਮੈਨੂੰ ਸ਼ਰਮ ਜਿਹੀ ਆ ਜਾਂਦੀ। ਆਖ਼ਰ ਦੋ ਲਫ਼ਜ਼ ਲਿਖਣ ਪਿੱਛੇ ਮੈਂ ਉਹਨਾਂ ਨੂੰ ਐਨਾ ਕਿਉਂ ਤੰਗ ਕਰਦਾ ਸਾਂ? ਕਿਉਂ ਜਵਾਬ ਦੇ ਦਿੰਦਾ ਸਾਂ ਚਿੱਠੀ ਲਿਖਣ ਤੋਂ?

ਪਰ ਇਸ ਦੇ ਬਾਵਜੂਦ ਮੇਰੀ ਝਿਜਕ ਦੂਰ ਨਾ ਹੋਈ। ਹਰ ਮੌਕੇ 'ਤੇ ਮੈਂ ਉਹਨਾਂ ਨੂੰ ਟਾਲਣ ਦੀ ਕੋਸ਼ਸ਼ ਕਰਦਾ। ਹਰ ਰੋਜ਼ ਹੀ "ਕੱਲ੍ਹ ਨੂੰ ਲਿਖ ਦਿਊਂ" ਕਹਿ ਕੇ ਲਾਰਾ ਲਾ ਛੱਡਦਾ। ਪਤਾ ਨਹੀਂ ਹੁਣ ਚਿੱਠੀ ਲਿਖਵਾਉਣ ਲਈ ਕਿਸੇ ਦੇ ਘਰ ਜਾਣ ਲੱਗਿਆਂ ਮੈਨੂੰ ਸ਼ਰਮ ਕਿਉਂ ਮਹਿਸੂਸ ਹੁੰਦੀ ਸੀ। ਪਤਾ ਨਹੀਂ ਮੈਂ ਕਿਉਂ ਝਿਜਕਦਾ ਸਾਂ।

ਅਜੇ ਪਰਸੋਂ ਦੀ ਗੱਲ ਹੈ। ਜਾਗਰ ਫ਼ੌਜੀ ਦੀ ਮਾਂ ਹਰ ਕੌਰ ਮੈਨੂੰ ਆਪਣੇ ਘਰ ਲਿਜਾਣ ਲਈ ਆਈ। ਮੇਰੇ ਕੋਲ਼ੋਂ ਚਿੱਠੀ ਲਿਖਵਾਣ ਲਈ। ਪਹਿਲਾਂ ਤਾਂ ਮੈਂ ਟਾਲ਼-ਮਟੋਲ਼ ਕਰਦਾ ਰਿਹਾ ਪਰ ਜਦੋਂ ਉਹਦੀਆਂ ਅੱਖਾਂ ਭਰ ਆਈਆਂ ਤਾਂ ਮੈਂ ਨੀਵੀਂ ਪਾ ਲਈ ਤੇ ਉਹਦੇ ਪਿੱਛੇ-ਪਿੱਛੇ ਤੁਰ ਪਿਆ।

ਆਪਣੇ ਘਰ ਜਾ ਕੇ ਉਹਨੇ ਬਾਹਰਲੇ ਦਰਵਾਜ਼ੇ ਕੋਲ਼ ਮੇਰੀ ਖ਼ਾਤਰ ਪੀੜ੍ਹੀ ਡਾਹ ਦਿੱਤੀ। ਮੈਂ ਚੁੱਪ ਕਰਕੇ ਬੈਠ ਗਿਆ। ਉਹ ਉੱਠ ਕੇ ਕਾੜ੍ਹਨੀ 'ਚੋਂ ਦੁੱਧ ਦਾ ਗਲਾਸ ਭਰ ਲਿਆਈ। ਮੈਂ ਬੜੀ ਨਾਂਹ-ਨੁੱਕਰ ਕੀਤੀ ਪਰ ਉਸ ਕਿਹਾ, "ਪੀ ਲੈ ਪੁੱਤ, ਕਿਹੜਾ ਜੈ ਖਾਣਾ ਆਪਾਂ ਮੁੱਲ ਲਿਆਂਦੈ ਕਿਤੋਂ। ਸੁੱਖ ਨਾਲ਼ ਦੋ ਲਵੇਰੀਆਂ ਖੜ੍ਹੀਆਂ ਨੇ ਘਰ। ਬੇਸ਼ੱਕ ਲੈ ਜਿਆ ਕਰ ਵੇਲ਼ੇ-ਕੁਵੇਲ਼ੇ ਲੋੜ ਪੈ ਜਾਵੇ ਜੇ ਕਦੇ। ਅਸੀਂ ਪੁੱਤ, ਤੇਰਾ ਹੱਕ ਨਹੀਂ ਰੱਖਦੇ, ਬੱਸ ਚਿੱਠੀ ਦੇ ਬੋਲ ਜ਼ਰਾ ਚੰਗੇ ਲਿਖ ਦੇਈਂ। ਆਹ ਲੈ ਫੜ ਕਾਟ।" ਉਹਨੇ ਕਾਂਸੀ ਦੀ ਥਾਲ਼ੀ 'ਤੇ ਰੱਖ ਕੇ ਪੋਸਟ-ਕਾਰਡ ਮੈਨੂੰ ਫੜਾ ਦਿੱਤਾ।

"ਪਹਿਲਾਂ ਦੁੱਧ ਦੀ ਘੁੱਟ ਭਰ ਲੈ ਪੁੱਤ, ਬੈ ਭਰ ਜੂ।" ਉਹਨੇ ਪਿੱਤਲ਼ ਦੇ ਗਲਾਸ ਵੱਲ ਇਸ਼ਾਰਾ ਕਰਦਿਆਂ ਕਿਹਾ।

ਮੈਂ ਸੰਗਦਿਆਂ-ਸੰਗਦਿਆਂ ਗਲਾਸ ਮੂੰਹ ਨੂੰ ਲਾ ਲਿਆ ਪਰ ਇਕਦਮ ਮੂੰਹ ਤੋਂ ਲਾਹ ਲਿਆ। ਗਰਮ-ਗਰਮ ਦੁੱਧ ਨੇ ਮੇਰੀ ਜੀਭ, ਗਰਮ-ਗਰਮ ਗਲਾਸ ਨੇ ਮੇਰੇ ਬੁੱਲ੍ਹ ਫੂਕ ਦਿੱਤੇ।

ਮੈਨੂੰ ਬੁੜ੍ਹੀ 'ਤੇ ਬਹੁਤ ਗੁੱਸਾ ਆਇਆ। ਮੇਰੀ ਜੀਭ ਅਜੇ ਵੀ ਜਲੂੰ-ਜਲੂੰ ਕਰ ਰਹੀ ਸੀ।

ਬੁੜ੍ਹੀ ਵੀ ਡਰ ਜਿਹੀ ਗਈ। ਉਹਨੇ ਦੁੱਧ ਫੈਂਟ-ਫੈਂਟ ਪਾਣੀ ਵਰਗਾ ਕਰ ਦਿੱਤਾ, ਜਿਹੜਾ ਮੈਂ ਇੱਕੋ ਸਾਹ ਪੀ ਗਿਆ।

ਅੰਦਰੋਂ ਥਮ੍ਹਲੇ ਉਹਲਿਓਂ ਕਿਸੇ ਦੀ "ਹਾਏ! ਹਾਏ! " ਦੀ ਅਵਾਜ਼ ਆਈ। ਪੁੱਛਣ 'ਤੇ ਪਤਾ ਲੱਗਾ ਕਿ ਉਹ ਕਰਤਾਰੋ ਸੀ। ਹਰ ਕੌਰ ਦੀ ਨੂੰਹ। ਜਿਸ ਪਰਸੋਂ ਪੁੱਤ

Downloaded from https:// www.studiestoday.com

Downloaded from https:// www.studiestoday.com



ਜੰਮਿਆ ਸੀ। ਅੰਦਰ ਮੰਜੇ 'ਤੇ ਪਈ ਉਹ ਕਰਾਹ ਰਹੀ ਸੀ। ਉਹਨੂੰ ਪਰਸੋਂ ਤੋਂ ਹੀ ਦਰਦ ਹੋ ਰਿਹਾ ਸੀ ਜਿਹੜਾ ਅਜੇ ਤੱਕ ਨਹੀਂ ਸੀ ਟਿਕਿਆ।

ਬੁੜ੍ਹੀ ਨੇ ਹਉਕਾ ਭਰ ਕੇ ਕਿਹਾ, "ਪੁੱਤ ਮੋਹਨਿਆਂ, ਜ਼ਰਾ ਚੰਗੀ ਤਰ੍ਹਾਂ ਲਿਖੀਂ ਚਿੱਠੀ, ਜਿਹਨੂੰ ਪੜ੍ਹ ਕੇ ਮੁੰਡਾ ਫ਼ੌਜ 'ਚੋਂ ਨਾਂਵਾਂ ਕਟਾ ਆਵੇ। ਅਸੀਂ ਬਹੁਤ ਦੁਖੀ ਹਾਂ, ਪੁੱਤ......... ।" ਉਹਦੀਆਂ ਅੱਖਾਂ ਫੇਰ ਭਰ ਆਈਆਂ।

ਮੇਰਾ ਵੀ ਦਿਲ ਬੜਾ ਖ਼ਰਾਬ ਜਿਹਾ ਹੋ ਗਿਆ।

ਮੈਂ ਆਪਣੇ ਵੱਲੋਂ ਰਾਜ਼ੀ-ਖ਼ੁਸ਼ੀ ਲਿਖੀ। ਉਹਦੀ ਰਾਜ਼ੀ ਖ਼ੁਸ਼ੀ ਪੁੱਛੀ ਤੇ ਫੇਰ ਸਵਾਲੀਆ ਨਜ਼ਰਾਂ ਨਾਲ਼ ਬੁੜ੍ਹੀ ਵੱਲ ਵੇਖਣ ਲੱਗ ਪਿਆ।

"ਲਿਖ ਪੁੱਤ........! ਬਈ ਉਹਦਾ ਬਾਪੂ ਪੰਜਮੇਂ, ਤਰੀਕ 'ਤੇ ਜਾ ਆਇਆ। ਏਸ ਪੰਦਰਾਂ ਦੀ ਫੇਰ ਪੇਸ਼ੀ ਪੈ ਗਈ।"

"ਹੋਰ? " ਮੈਂ ਲਿਖ ਕੇ ਪੁੱਛਿਆ।

"ਦੀਪੋ ਦੇ ਪਰਾਹੁਣੇ ਦਾ ਅਜੇ ਕੋਈ ਪਤਾ ਨਹੀਂ ਕਿੱਥੇ ਗਿਆ। ਕਿੱਥੇ ਹੈ, ਕਿੱਥੇ ਨਹੀਂ। ਉਹ ਵੀ ਗ਼ੌਰ ਕਰਕੇ ਉੱਧਰੋਂ ਥਹੁ-ਪਤਾ ਕੱਢੇ! "

"ਬੂਰੀ ਮ੍ਹੈਸ ਐਤਕਾਂ ਤੂ ਗਈ। ਨਾਲ਼ੇ ਉਹਦੀ ਪੂਛ ਨੂੰ ਬਾਹਮਣੀ ਲੱਗ ਗਈ ਸੀ ਪਰ ਹੁਣ ਠੀਕ ਹੈ। ਪੂਛ ਵੱਢ ਕੇ ਮ੍ਹੈਸ ਦੀ ਕਦਰ ਵੀ ਅੱਧੀ ਰਹਿ ਗਈ।" ਮੈਨੂੰ ਪਤਾ ਨਾ ਲੱਗਾ ਕਿ ਇਹ ਗੱਲ ਉਹਨੇ ਮੇਰੇ ਨਾਲ਼ ਕੀਤੀ ਸੀ ਜਾਂ ਲਿਖਣ ਲਈ ਕਹੀ ਸੀ ਪਰ ਮੈਂ ਲਿਖ ਹੀ ਦਿੱਤੀ।

"ਨਾਰੇ ਬਲ਼ਦ ਦਾ ਕੰਨ੍ਹਾ ਮਤਾੜਿਆ ਗਿਆ, ਐਤਕੀਂ। ਜੇ ਪਤਾ ਹੁੰਦਾ ਬਾਰੂ ਨੂੰ ਨਾ ਵੇਚਦੇ ਪਰ ਵੇਚਦੇ ਵੀ ਕਿੱਦਾਂ ਨਾ, ਹਾਲ਼ਾ ਜੁ ਦੇਣਾ ਸੀ, ਖੇਤੀਆਂ ਤਾਂ ਜੈ ਖਾਣੀਆਂ ਐਤਕੀਂ ਪਾਣੀ ਨੇ ਮਾਰ ਲਈਆਂ। ਕਾਲ਼ਜੇ 'ਚ ਰੁੱਗ ਭਰਦੈ, ਗੋਡੇ-ਗੋਡੇ ਪਾਣੀ ਦੇਖ ਕੇ, ਖੇਤਾਂ ਦੇ।" ਉਹ ਲਗਾਤਾਰ ਬੋਲੀ ਗਈ।

"ਇਹ ਬਾਰੂ ਕੌਣ ਹੋਇਆ।" ਮੈਂ ਪੁੱਛਿਆ।

"ਆਪਣਾ ਵੱਛਾ ਸੀ ਪੁੱਤ, ਘਰ ਦਾ ਪਾਲ਼ਿਆ ਹੋਇਆ। ਮੈਂ ਚੰਦਰੇ ਨੂੰ ਸਾਰਾ -ਸਾਰਾ ਦੁੱਧ ਛੱਡਦੀ ਰਹੀ ਆਂ। ਮੁੰਡਾ ਕਹਿੰਦਾ ਵੇਚਣਾ ਨੀ ਬੜਾ ਸੋਹਣਾ ਵਹਿੜਕਾ ਨਿਕਲੂ। ਉਹਦੀਆਂ ਮੇਲੇ ਤੋਂ ਲਿਆਂਦੀਆਂ ਘੁੰਗਰਾਲ਼ਾਂ ਤੇ ਨੱਥਾਂ ਅਜੇ ਬਹੂ ਦੇ ਸੰਦੂਕ 'ਚ ਜਿਉਂ ਦੀਆਂ ਤਿਉਂ ਪਈਆਂ ਨੇ। ਸਾਨੂੰ ਪਾਉਣੀਆਂ ਵੀ ਨਸੀਬ ਨਾ ਹੋਈਆਂ। ਜਿੱਦਣ ਵਿਕ ਗਿਆ, ਤੇਰੇ ਚਾਚੇ ਨੇ ਟੁੱਕ ਦੀ ਇੱਕ ਬੁਰਕੀ ਨਾ ਖਾਧੀ। ਥਮ੍ਹਲੇ ਨਾਲ਼ ਲੱਗ ਕੇ ਬੈਠਾ ਰਿਹਾ ਸਾਰਾ ਦਿਨ। ਨੀਵੀਂ ਪਾ ਕੇ।"

"ਹੋਰ ਕੀ ਲਿਖਾਂ, ਚਾਚੀ? " ਮੈਂ ਕੁਵੇਲਾ ਹੁੰਦਾ ਦੇਖ ਕੇ ਕਿਹਾ।

"ਹੋਰ ਲਿਖ ਦੇ ਪੁੱਤ, ਬਈ ਕਰਤਾਰੋ ਦੇ ਘਰ ਕਾਕਾ ਹੋ ਕੇ ਗੁਜ਼ਰ ਗਿਆ।

Downloaded from https:// www.studiestoday.com

Downloaded from https:// www.studiestoday.com



ਕਰਤਾਰੋ ਮੰਜੇ 'ਤੇ ਮਰਨ ਵਾਲ਼ੀ ਪਈ ਐ। ਜਲਦੀ ਤੋਂ ਜਲਦੀ ਸਾਹਬ ਨੂੰ ਕਹਿ ਕੇ ਨਾਮਾ ਕਟਾ ਆਵੇ। ਚਿੱਠੀ ਨੂੰ ਤਾਰ ਸਮਝੇ।"

ਮੈਂ ਸੁੰਨ ਹੋ ਗਿਆ।

"ਕਿੰਨਾ ਸੋਹਣਾ ਸੀ ਗੋਭਲ਼ਾ ਜਿਹਾ, ਮੇਰਾ ਪੋਤਾ, ਇੰਨ-ਬਿੰਨ ਬਾਪ 'ਤੇ ਗਿਆ ਸੀ। ਤਿੱਖਾ-ਤਿੱਖਾ ਨੱਕ, ਚੌੜਾ ਮੱਥਾ ਤੇ ਭਰਮਾਂ ਚੇਹਰਾ। ਮੂੰਹ ਜਿਮੇਂ ਹਸੂੰ-ਹਸੂੰ ਕਰਦਾ ਸੀ। ਜਦੋਂ ਦੀਵੇ-ਚਾਨਣੇ ਮੈਂ ਦੇਖਿਆ ਇਉਂ ਲੱਗਿਆ ਜਿਮੇਂ ਸਾਮਰਤੱਖ ਮੇਰਾ ਪੁੱਤ ਆ ਗਿਆ ਹੋਵੇ, ਛੁੱਟੀ ਲੈ ਕੇ ਫ਼ੌਜ 'ਚੋਂ। ਓਸੇ ਵੇਲ਼ੇ ਮੇਰਾ ਮੱਥਾ ਠਣਕਿਆ। ਮੈਂ ਕਿਹਾ ਹਰ ਕੁਰੇ, ਤੇਰੇ ਘਰ ਤੇਰਾ ਦੂਜਾ ਪੁੱਤ ਜੰਮਿਐਂ, ਜਦੋਂ ਸੁੱਖ ਨਾਲ਼ ਗੱਭਰੂ ਹੋ ਗਿਆ, ਦੁਨੀਆਂ ਖੜ੍ਹੀ ਹੋ-ਹੋ ਦੇਖੂ, ਰੱਬ ਸੁੱਖ ਰੱਖੇ। ਲੰਮੀ ਉਮਰ ਦੇਵੇ ਮੇਰੇ ਪੋਤੇ ਨੂੰ। ਪਰ ਸਾਡੇ ਭਾਗ ਖੋਟੇ..........।" ਬੁੜ੍ਹੀ ਆਪੇ ਬੁੜਬੁੜਾਈ।

"ਭਾਬੀ ਦੀ ਉਮਰ ਲੰਮੀ ਚਾਹੀਦੀ ਐ, ਚਾਚੀ। ਇਹਦਾ ਧਿਆਨ ਨਾਲ਼ ਇਲਾਜ ਕਰਵਾ। ਨਾਲ਼ੇ ਜਿਊਂਦਾ ਰਹੇ ਸਾਡਾ ਭਾਈ। ਉਹਦੀ ਲਿਖੀ ਹੀ ਏਨੀ ਕੁ ਸੀ।" ਮੈਂ ਦਿਲਾਸਾ ਦਿੰਦਿਆਂ ਕਿਹਾ।

ਚਾਚੀ ਨੇ ਸਿਰ 'ਤੇ ਰੱਖੇ ਖੱਦਰ ਦੇ ਪਰਨੇ ਨਾਲ਼ ਅੱਖਾਂ ਪੂੰਝੀਆਂ।

"ਲਿਖ 'ਤਾ ਪੁੱਤ ਸਭ ਕੁਸ਼।" ਚਾਚੀ ਨੇ ਕਿਹਾ।

"ਆਹੋ ਚਾਚੀ।" ਮੈਂ ਬੜੀ ਮੁਸ਼ਕਲ ਨਾਲ਼ ਕਹਿ ਸਕਿਆ।

ਚੰਗਾ ਪੁੱਤ ਇੱਕ ਵਾਰੀ ਸਾਰੀ ਚਿੱਠੀ ਵਾਚ ਕੇ ਸੁਣਾ ਦੇ ਮੈਨੂੰ। ਕੋਈ ਭੁੱਲੀ-ਚੁੱਕੀ ਗੱਲ ਚੇਤੇ ਆ ਜੂ ਨਾਲ਼ੇ" ਉਹਦੀਆਂ ਅੱਖਾਂ 'ਚ ਤਰਲਾ ਸੀ।

ਮੈਂ ਸਾਰੀ ਚਿੱਠੀ ਪੜ੍ਹ ਕੇ ਸੁਣਾ ਦਿੱਤੀ।

"ਬੱਸ ਚਾਚੀ? " ਮੈਂ ਐਡਰੈੱਸ ਲਿਖਦਿਆਂ-ਲਿਖਦਿਆਂ ਪੁੱਛਿਆ।

"ਬੱਸ ਪੁੱਤ......ਲਿਖ ਦੇ, ਬਾਕੀ ਸਭ ਸੁੱਖ-ਸਾਂਦ ਹੈ।"

**ਸ਼ਬਦ-ਅਰਥ :**

**ਵਿਲੂੰ-ਵਿਲੂੰ ਕਰਦੇ** - ਰਊਂ-ਰਊਂ ਕਰਦੇ। **ਭੂਸਰ ਗਏ** - ਹੰਕਾਰ ਗਏ। **ਬਾਹਮਣੀ** - ਪਸ਼ੂਆਂ ਦੀ ਇੱਕ ਬਿਮਾਰੀ, ਕੰਨ੍ਹਾ - ਬਲ਼ਦ ਾ ਮੋਢਾ। ਮਤਾੜਿਆ - ਜ਼ਖਮੀ ਹੋਇਆ।

## ਪਾਠ-ਅਭਿਆਸ

1. ਕਹਾਣੀ 'ਬਾਕੀ ਸਭ ਸੁੱਖ-ਸਾਂਦ ਹੈ' ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

Downloaded from https:// www.studiestoday.com

Downloaded from https:// www.studiestoday.com



2. ਪਿੰਡ ਦੇ ਲੋਕ ਮੋਹਨ ਸਿੰਘ ਬਾਰੇ ਕਿਹੋ-ਜਿਹੀਆਂ ਗੱਲਾਂ ਕਰਦੇ ਸਨ?
3. ਅਜਿਹੇ ਕੀ ਕਾਰਨ ਸਨ ਜਿਨ੍ਹਾਂ ਕਰਕੇ ਲੇਖਕ, ਪਿੰਡ ਦੇ ਲੋਕਾਂ ਦੀਆਂ ਚਿੱਠੀਆਂ ਲਿਖਣ ਤੋਂ ਅੱਕ ਗਿਆ ਸੀ?
4. ''ਮੋਹਣ ਸਿਆਂ, ਤੇਤੋਂ ਕਦੇ ਅਸੀਂ ਕੋਈ ਗੱਲ ਲੁਕਾ ਕੇ ਨੀਂ ਰੱਖੀ.......ਨਾਲ਼ੇ ਤੂੰ ਸਾਡੀ ਸੁਣ ਵੀ ਲੈਨੈਂ ਧਿਆਨ ਨਾਲ਼।'' ਪਿੰਡ ਦੇ ਲੋਕ ਲੇਖਕ ਨੂੰ ਅਜਿਹਾ ਕਿਉਂ ਕਹਿੰਦੇ ਹਨ?
5. ਮਾਂ ਹਰ ਕੌਰ ਨੇ, ਲੇਖਕ ਨੂੰ ਆਪਣੇ ਘਰ ਬੁਲਾ ਕੇ ਉਸ ਦੀ 'ਆਉ-ਭਗਤ' ਕਿਵੇਂ ਕੀਤੀ?
6. ਚਿੱਠੀ ਲਿਖਵਾਉਂਦਿਆਂ ਮਾਂ ਹਰ ਕੌਰ ਨੇ ਅਜਿਹਾ ਕਿਹੜਾ ਵਿਸ਼ਾ ਛੋਹਿਆ ਜਿਸ ਨਾਲ਼ ਲੇਖਕ ਦਾ ਦਿਲ ਖ਼ਰਾਬ ਹੋ ਗਿਆ ਸੀ?
7. ਬਜ਼ੁਰਗ ਔਰਤ ਨੇ ਚਿੱਠੀ ਵਿੱਚ ਆਪਣੇ ਪਸ਼ੂਆਂ ਬਾਰੇ ਮੋਹਣ ਸਿੰਘ (ਲੇਖਕ) ਤੋਂ ਕੀ ਕੁਝ ਲਿਖਵਾਇਆ?
8. ਹਰ ਕੌਰ ਦੇ ਮੂੰਹੋਂ 'ਬਾਕੀ ਸਭ ਸੁੱਖ-ਸਾਂਦ ਹੈ' ਸ਼ਬਦ ਸੁਣ ਕੇ ਲੇਖਕ ਦੇ ਹੱਥੋਂ ਕਲਮ ਕਿਉਂ ਡਿੱਗ ਪਈ?

******

Downloaded from https:// www.studiestoday.com

Downloaded from https:// www.studiestoday.com

# (ਇਕਾਂਗੀ ਭਾਗ)
## ਗੁਰਚਰਨ ਸਿੰਘ ਜਸੂਜਾ
(1925)

**ਲੇਖਕ ਬਾਰੇ :**

ਗੁਰਚਰਨ ਸਿੰਘ ਜਸੂਜਾ ਦਾ ਜਨਮ 1 ਮਈ, 1925 ਈ: ਨੂੰ ਮਾਤਾ ਸ੍ਰੀ ਮਤੀ ਗਿਆਨ ਕੌਰ ਅਤੇ ਪਿਤਾ ਸ੍ਰੀ ਮੋਹਨ ਸਿੰਘ ਜਸੂਜਾ ਦੇ ਘਰ ਅੰਮ੍ਰਿਤਸਰ ਵਿਖੇ ਹੋਇਆ। ਉਹਨਾਂ ਨੇ ਪੰਜਾਬੀ ਵਿੱਚ ਐੱਮ.ਏ. ਦੀ ਡਿਗਰੀ ਪ੍ਰਾਪਤ ਕੀਤੀ। ਕਿੱਤੇ ਵਜੋਂ ਉਹਨਾਂ ਨੇ ਆਪਣਾ ਜੀਵਨ ਕਲਰਕੀ ਤੋਂ ਸ਼ੁਰੂ ਕੀਤਾ, ਸਕੂਲ-ਅਧਿਆਪਕ ਰਹੇ, ਬੈਂਕ ਵਿੱਚ ਵੀ ਨੌਕਰੀ ਕੀਤੀ, ਅੰਤ ਵਪਾਰ ਵਿੱਚ ਪੈਰ ਜਮਾ ਲਏ। ਉਹਨਾਂ ਨੇ 'ਲਿਖਾਰੀ' ਅਤੇ 'ਰੋਜ਼ਾਨਾ ਖ਼ਾਲਸਾ ਸੇਵਕ' ਨਾਂ ਦੇ ਮੈਗਜ਼ੀਨਾਂ ਵਿੱਚ ਕੰਮ ਕੀਤਾ। ਜਸੂਜਾ ਨੇ ਹੇਠਲੀ ਮੱਧ-ਸ਼੍ਰੇਣੀ ਦੀਆਂ ਆਰਥਿਕ ਸਮੱਸਿਆਵਾਂ ਨੂੰ ਮਨੋਵਿਗਿਆਨਿਕ ਢੰਗ ਨਾਲ਼ ਸੋਚ-ਵਿਚਾਰ ਕੇ ਆਪਣੇ ਕਈ ਨਾਟਕਾਂ ਦਾ ਵਿਸ਼ਾ ਬਣਾਇਆ ਹੈ।

ਉਹਨਾਂ ਨੇ 'ਚੜ੍ਹਿਆ ਸੋਧਣ ਧਰਤ ਲੁਕਾਈ', 'ਮੱਕੜੀ ਦਾ ਜਾਲ', 'ਕੰਧਾਂ ਰੇਤ ਦੀਆਂ' ਅਤੇ 'ਅੰਧਕਾਰ' ਆਦਿ ਪੂਰੇ ਨਾਟਕ ਲਿਖੇ। 'ਪਾਰਸ ਦੀ ਛੋਹ' ਤੇ 'ਜੰਗਲ' ਆਦਿ ਆਪ ਦੇ ਕਾਵਿ-ਨਾਟ ਹਨ। ਆਪ ਨੇ ਗਊਮੁਖਾ-ਸ਼ੇਰਮੁਖਾ', 'ਚਾਰ ਦੀਵਾਰੀ' ਅਤੇ 'ਪਛਤਾਵਾ' ਆਦਿ ਇਕਾਂਗੀ-ਸੰਗ੍ਰਹਿ ਲਿਖ ਕੇ ਪੰਜਾਬੀ ਸਾਹਿਤ ਨੂੰ ਦਿੱਤੇ।

ਜਸੂਜਾ ਦੇ ਬਹੁਤੇ ਨਾਟਕ ਰੇਡੀਓ ਅਤੇ ਟੈਲੀਵੀਜ਼ਨ ਤੋਂ ਪ੍ਰਸਾਰਿਤ ਹੋਏ ਅਤੇ ਬੜੀ ਸਫ਼ਲਤਾ ਨਾਲ਼ ਮੰਚ 'ਤੇ ਵੀ ਖੇਡੇ ਜਾ ਚੁੱਕੇ ਹਨ। ਉਹਨਾਂ ਦੇ ਪਹਿਲੇ ਇਕਾਂਗੀ 'ਗਊਮੁਖਾ-ਸ਼ੇਰਮੁਖਾ' ਨੂੰ 1954 ਈ: ਵਿੱਚ ਆਲ ਇੰਡੀਆ ਰੇਡੀਓ ਦੇ ਨਾਟਕ-ਮੁਕਾਬਲੇ ਵਿੱਚ ਪਹਿਲਾ ਸਥਾਨ ਪ੍ਰਾਪਤ ਹੋਇਆ। ਭਾਸ਼ਾ ਵਿਭਾਗ ਪੰਜਾਬ ਵੱਲੋਂ, ਆਪ ਨੂੰ ਸਾਲ 1997 ਈ. ਦਾ ਸ਼੍ਰੋਮਣੀ ਪੰਜਾਬੀ ਟੈਲੀਫ਼ਿਲਮ ਸਕ੍ਰਿਪਟ/ਨਾਟਕ ਲੇਖਕ ਦਾ ਪੁਰਸਕਾਰ ਦੇ ਕੇ ਸਨਮਾਨਿਤ ਕੀਤਾ ਗਿਆ। ਆਪ ਦੇ ਕਈ ਨਾਟਕਾਂ ਅਤੇ ਇਕਾਂਗੀਆਂ ਨੂੰ 'ਭਾਸ਼ਾ ਵਿਭਾਗ ਪੰਜਾਬ, ਵੱਲੋਂ ਇਨਾਮ ਦਿੱਤੇ ਗਏ ਹਨ।

ਹਥਲੀ ਪਾਠ-ਪੁਸਤਕ ਵਿੱਚ ਜਸੂਜਾ ਦਾ ਇਕਾਂਗੀ 'ਗਊਮੁਖਾ-ਸ਼ੇਰਮੁਖਾ' ਸ਼ਾਮਲ ਕੀਤਾ ਗਿਆ ਹੈ।



Downloaded from https:// www.studiestoday.com

Downloaded from https:// www.studiestoday.com



**ਇਕਾਂਗੀ ਬਾਰੇ** :

ਇਸ ਇਕਾਂਗੀ ਵਿੱਚ ਗੁਰਚਰਨ ਸਿੰਘ ਜਸੂਜਾ ਨੇ ਇਹ ਦੱਸਣ ਦਾ ਯਤਨ ਕੀਤਾ ਹੈ ਕਿ ਕਿਸ ਤਰ੍ਹਾਂ ਦਲਾਲ ਖ਼ਰੀਦਣ ਅਤੇ ਵੇਚਣ ਵਾਲ਼ੇ ਨੂੰ ਤਸਵੀਰ ਦੇ ਦੋਵੇਂ ਪਾਸੇ ਦਿਖਾ ਕੇ, ਤਸੱਲੀ ਕਰਵਾ ਕੇ ਸੌਦਾ ਸਿਰੇ ਚੜ੍ਹਾ ਦਿੰਦੇ ਹਨ।

ਇਸ ਇਕਾਂਗੀ ਵਿੱਚ ਦਲਾਲ ਸ਼ਰਨ ਸਿੰਘ ਇਸ ਕੰਮ ਨੂੰ ਤੋੜ ਚੜ੍ਹਾਉਣ ਲਈ ਆਪਣੇ ਸਾਰੇ ਗੁਣਾਂ ਦੀ ਵਰਤੋਂ ਕਰਦਾ ਹੈ। ਉਹ ਮਕਾਨ ਦਾ ਸੌਦਾ ਕਰਾਉਣ ਜਾਂਦਾ ਹੈ ਤਾਂ ਮਕਾਨ-ਮਾਲਕ ਕਿਸ਼ਨ ਦੇਈ ਨੂੰ ਪਤਾ ਹੀ ਨਹੀਂ ਲੱਗਣ ਦਿੰਦਾ ਕਿ ਕਿਸ ਕੰਮ ਆਇਆ ਹੈ, ਸਗੋਂ ਕਹਿੰਦਾ ਹੈ, "ਸਾਡੇ ਦੋ ਕਮਰਿਆਂ ਦੇ ਫ਼ਰਸ਼ ਟੁੱਟ ਗਏ ਨੇ ਤੇ ਉਹ ਬਣਵਾਣੇ ਨੇ। ਮੈਂ ਤੁਹਾਡੀ ਭਰਜਾਈ ਨਾਲ਼ ਗੱਲ ਕਰ ਬੈਠਾ ਕਿ ਭੈਣ ਹੁਰਾਂ ਦੇ ਫ਼ਰਸ਼ ਬੜੇ ਸੁਹਣੇ ਹਨ।" ਇਸ ਤਰ੍ਹਾਂ ਉਹ ਆਪਣੇ-ਆਪ ਨੂੰ ਫ਼ਰਸ਼ ਦਿਖਾਉਣ ਲਈ ਇਜਾਜ਼ਤ ਲੈਣ ਆਇਆ ਦੱਸਦਾ ਹੈ।

ਸ਼ਰਨ ਸਿੰਘ ਬਹੁਤੀ ਬਹਿਸਬਾਜ਼ੀ ਵਿੱਚ ਨਹੀਂ ਪੈਂਦਾ, ਕਿਸ਼ਨ ਦੇਈ ਦੀ ਹਰ ਗੱਲ ਵਿੱਚ 'ਹਾਂ' ਮਿਲ਼ਾਉਂਦਾ ਹੈ। ਆਸ਼ੇ ਦੀ ਪੂਰਤੀ ਲਈ ਵਿਰੋਧਤਾ ਨੂੰ ਖ਼ਤਮ ਕਰਦਾ ਹੈ। ਉਸ ਦਾ ਆਪੇ 'ਤੇ ਕਾਬੂ ਹੈ। ਕਿਸ਼ਨ ਦੇਈ ਉਸ ਨੂੰ ਆਪਣੇ ਘਰ ਆਉਣ 'ਤੇ ਬੁਰਾ ਭਲਾ ਕਹਿੰਦੀ ਹੈ ਪਰ ਸ਼ਰਨ ਸਿੰਘ ਬਿਲਕੁਲ ਗ਼ੁੱਸਾ ਨਹੀਂ ਕਰਦਾ ਸਗੋਂ ਇਸ ਤਰ੍ਹਾਂ ਦੀਆਂ ਗੱਲਾਂ ਕਰਦਾ ਹੈ ਕਿ ਦੂਸਰੇ ਨੂੰ ਆਪਣਾ ਲੱਗਣ ਲੱਗ ਜਾਂਦਾ ਹੈ। ਉਹ ਮਾਲਕਣ ਦੇ ਪਤੀ ਦੀਆਂ ਰੀਝਾਂ ਨਾਲ਼ ਬਣਾਏ ਮਕਾਨ ਦੀਆਂ ਅਤੇ ਬੱਚੇ ਦੀਆਂ ਗੱਲਾਂ ਕਰਦਾ ਹੋਇਆ ਘਰ ਦੇ ਬੰਦਿਆਂ ਵਾਂਗ ਆਪਣੀ ਸਲਾਹ ਵੀ ਦੇਈ ਜਾਂਦਾ ਹੈ। ਇਸ ਤਰ੍ਹਾਂ ਉਹ ਦੂਸਰਿਆਂ ਦਾ ਕੰਮ ਕਰਦਾ ਨਜ਼ਰ ਆਉਂਦਾ ਹੈ।

******

Downloaded from https:// www.studiestoday.com

Downloaded from https:// www.studiestoday.com

# ਗਊਮੁਖਾ-ਸ਼ੇਰਮੁਖਾ

*ਗੁਰਚਰਨ ਸਿੰਘ ਜਸੂਜਾ*

**ਪਾਤਰ :**

ਕਿਸ਼ਨ ਦੇਈ
ਸ਼ਰਨ ਸਿੰਘ
ਚੋਪੜਾ ਸਾਹਿਬ
ਸੁਦਰਸ਼ਨ

## ਪਹਿਲੀ ਝਾਕੀ

### ਬਜ਼ਾਰ ਦਾ ਇੱਕ ਸੀਨ

ਚੋਪੜਾ ਸਾਹਿਬ ਤੇ ਸ਼ਰਨ ਸਿੰਘ ਬਜ਼ਾਰ ਵਿੱਚ ਗੱਲਾਂ ਕਰਦੇ ਤੁਰੀ ਜਾਂਦੇ ਹਨ। ਫੇਰ ਇੱਕ ਪਾਸੇ ਖਲੋ ਕੇ ਗੱਲੀਂ ਲੱਗ ਜਾਂਦੇ ਹਨ। ਚੋਪੜਾ ਸਾਹਿਬ ਇੱਕ ਅੱਧਖੜ ਉਮਰ ਦਾ ਆਦਮੀ ਹੈ। ਉਸ ਨੇ ਪੈਂਟ ਪਾਈ ਹੋਈ ਹੈ ਤੇ ਹੱਥ ਵਿੱਚ ਹੈਟ ਹੈ। ਸ਼ਰਨ ਸਿੰਘ ਕਰੜ-ਬਰੜੀ ਦਾੜ੍ਹੀ ਤੇ ਸਾਦੇ ਕੱਪੜਿਆਂ ਵਾਲ਼ਾ ਇੱਕ ਸਿੱਖ ਹੈ। ਉਸ ਨੇ ਜ਼ਰਾ ਕੁ ਮੈਲ਼ੀ ਪੱਗ, ਕਮੀਜ਼ ਤੇ ਖੁੱਲ੍ਹਾ ਪਜਾਮਾ ਪਾਇਆ ਹੋਇਆ ਹੈ।

ਚੋਪੜਾ : ਤੁਸੀਂ ਸਰਦਾਰ ਸਾਹਿਬ ਬੜੇ ਜ਼ੋਰਾਵਰ ਓ। ਦੇਖੋ ਨਾ, ਜ਼ਬਰਦਸਤੀ ਘਸੀਟੀ ਲਿਜਾਂਦੇ ਓ।

ਸ਼ਰਨ ਸਿੰਘ : (ਅਣਸੁਣੀ ਕਰਕੇ) ਔਹ ਦੇਖੋ ਨਾ, ਜੀਹਦਾ ਸਬਜ਼ ਰੰਗ ਦਾ ਛੱਜਾ ਏ। ਗਲ਼ੀ ਵੱਲ ਦੋ ਬਾਰੀਆਂ ਨੇ। ਛੱਜੇ ਤੇ ਖਲੋ ਜਾਈਏ ਤਾਂ ਬੱਸ ਫਰਨ-ਫਰਨ ਹਵਾ ਆਉਂਦੀ ਏ।

ਚੋਪੜਾ : ਬੜੇ ਡਾਢੇ ਓ ! ਮੈਂ ਅਰਜ਼ ਪਿਆ ਕਰਨਾ ਕਿ ਮੇਰਾ ਕੋਈ ਸੌਦਾ ਕਰਨ ਦਾ ਇਰਾਦਾ ਨਹੀਂ। ਤੁਹਾਡੇ ਮਜ਼ਬੂਰ ਕਰਨ ਤੇ ਨਾਲ਼ ਆ ਗਿਆ।

ਸ਼ਰਨ ਸਿੰਘ : ਇਹ ਗੱਲ ਤੁਸੀਂ ਰਹਿਣ ਦਿਓ। ਮੈਂ ਸਭ ਜਾਣਨਾਂ । ਚੀਜ਼ ਐਹੋ, ਜਿਹੀ ਲੈ ਕੇ ਦਿਆਂਗਾ ਜਿਹੜਾ ਯਾਦ ਪਏ ਕਰੋਂ। ਤੁਸੀਂ ਚੱਲੋ ਤਾਂ ਸਹੀ, ਤੁਹਾਨੂੰ ਮਕਾਨ ਦਿਖਾ ਲਿਆਵਾਂ।

ਚੋਪੜਾ : ਮਗਰ ਪੰਜਾਹ ਹਜ਼ਾਰ ਕੀਮਤ ਬਹੁਤ ਜ਼ਿਆਦਾ ਏ।

ਸ਼ਰਨ ਸਿੰਘ : ਤੁਸੀਂ ਅੰਦਰੋਂ ਮਕਾਨ ਵੇਖੋਗੇ ਫੇਰ ਪਤਾ ਲੱਗੇਗਾ ਕੀ ਚੀਜ਼ ਏ। ਰੀਝ ਨਾਲ਼ ਬਣਿਆ ਹੋਇਆ ਮਕਾਨ ਏ। ਵੈਸੇ ਤੁਸੀਂ ਜਾਣਦੇ ਓ ਮੂੰਹੋਂ ਮੰਗੀ



Downloaded from https:// www.studiestoday.com

Download from https:// www.studiestoday.com



ਤਾਂ ਮੌਤ ਵੀ ਨਹੀਂ ਮਿਲ਼ਦੀ। ਤੁਸੀਂ ਬੇਫ਼ਿਕਰ ਰਹੋ ਕੀਮਤ ਬਾਰੇ ਮੈਂ ਆਪੇ ਗੱਲ ਕਰ ਲਵਾਂਗਾ। ਵੈਸੇ ਮਕਾਨ ਮਾਲਕ ਹੈ, ਜ਼ਰਾ ਅੜਬ ਜਿਹੀ ਔਰਤ। ਕੁਝ ਸਮਝਾਣਾ ਬੁਝਾਣਾ ਈ ਪਵੇਗਾ। ਉਹਨੇ ਤਾਂ ਮਕਾਨ ਨੂੰ ਜਾਨ ਨਾਲ਼ੋਂ ਵੱਧ ਪਿਆਰਾ ਰੱਖਿਐ।

ਚੋਪੜਾ : ਇਹ ਹੁਣ ਤੁਸੀਂ ਜਾਣੋ।

ਸ਼ਰਨ ਸਿੰਘ : ਕਿਉਂ ਨਹੀਂ, ਕਿਉਂ ਨਹੀਂ, ਇਹ ਤਾਂ ਮੇਰੀ ਡਿਊਟੀ ਹੋਈ। ਦਲਾਲੀ ਕਿਸ ਗੱਲ ਦੀ ਲੈਣੀ ਏਂ?

(ਇੱਕ ਪਾਸੇ ਚਲਾ ਜਾਂਦਾ ਹੈ ।)

## ਦੂਜੀ ਝਾਕੀ
## ਕਿਸ਼ਨ ਦੇਈ ਦੇ ਮਕਾਨ ਦੀ ਬੈਠਕ

ਕਮਰੇ ਦੀ ਸਜਾਵਟ ਤੋਂ ਦਰਮਿਆਨੇ ਮੇਲ਼ ਦੇ ਘਰਾਣੇ ਦਾ ਪ੍ਰਭਾਵ ਮਿਲ਼ਦਾ ਹੈ। ਮਾਮੂਲੀ ਜਿਹਾ ਫ਼ਰਨੀਚਰ, ਪਰ ਸਾਫ਼। ਸਾਹਮਣੀ ਕੰਧ ਦੀ ਅੰਗੀਠੀ 'ਤੇ ਕੁਝ ਕਿਤਾਬਾਂ ਆਦਿਕ। ਇੱਕ ਪਾਸੇ ਮੰਜਾ ਡੱਠਾ ਹੋਇਆ ਹੈ ਤੇ ਦੋ ਕੁਰਸੀਆਂ ਹਨ। ਪਰਦਾ ਉੱਠਣ 'ਤੇ ਕਿਸ਼ਨ ਦੇਈ ਕਮਰੇ ਦੀਆਂ ਚੀਜ਼ਾਂ ਤੇ ਫ਼ਰਨੀਚਰ ਆਦਿ ਨੂੰ ਸਾਫ਼ ਕਰਕੇ ਰੱਖਦੀ ਨਜ਼ਰ ਆਉਂਦੀ ਹੈ। ਉਹ ਸਾਦੇ ਪਹਿਰਾਵੇ ਵਾਲ਼ੀ ਅੱਧਖੜ ਉਮਰ ਦੀ ਜ਼ਨਾਨੀ ਹੈ। ਸ਼ਾਇਦ ਘਰ ਵਿੱਚ ਕੰਮ ਲੱਗੀ ਹੋਣ ਕਰਕੇ ਪਹਿਰਾਵਾ ਬਹੁਤ ਹੀ ਸਾਦਾ ਜਿਹਾ ਹੈ।

ਕਿਸ਼ਨ ਦੇਈ: (ਅੰਗੀਠੀ ਤੇ ਪਈਆਂ ਕਿਤਾਬਾਂ ਪੂੰਝਦੀ ਹੋਈ) ਹੂੰ । ਗੋਡੇ-ਗੋਡੇ ਘੱਟਾ ਚੜ੍ਹਿਆ ਹੋਇਆ ਏ ਕਿਤਾਬਾਂ 'ਤੇ..... ਸੁਦਰਸ਼ਨ ...... ਸੁਦਰਸ਼ਨ....।
(ਸੁਦਰਸ਼ਨ ਇੱਕ 17-18 ਵਰ੍ਹੇ ਦਾ ਮੁੰਡਾ ਆਉਂਦਾ ਹੈ ।)

ਸੁਦਰਸ਼ਨ : ਦੱਸ ਝਾਈ।

ਕਿਸ਼ਨ ਦੇਈ: ਬੇਟਾ ਤੂੰ ਇਹ ਆਪਣਾ ਕਮਰਾ ਸਾਫ਼ ਨਹੀਂ ਕੀਤਾ? ਵੇਖੋ ਨਾ, ਕਿਸ ਤਰ੍ਹਾਂ ਸਾਰੀਆਂ ਕਿਤਾਬਾਂ ਘੱਟੇ ਨਾਲ਼ ਲੱਥ-ਪੱਥ ਹੋਈਆਂ ਪਈਆਂ ਨੇ।

ਸੁਦਰਸ਼ਨ : ਝਾਈ, ਮੈਂ ਹੁਣੇ ਈ ਬਜ਼ਾਰੋਂ ਆਉਨਾਂ ਪਿਆ।

ਕਿਸ਼ਨ ਦੇਈ: ਹੱਛਾ, ਮੈਨੂੰ ਚੇਤਾ ਈ ਤਾਂ ਭੁੱਲ ਗਿਆ ਸੀ। ਘਰ ਦੀਆਂ ਸਫ਼ਾਈਆਂ ਕਰਨ ਵਿੱਚ ਤਾਂ ਮੇਰੀ ਮੱਤ ਮਾਰੀ ਜਾਂਦੀ ਹੈ। ਰਤਾ ਧਿਆਨ ਨਾ ਦਿਓ ਤਾਂ ਘੱਟੇ-ਮਿੱਟੀ ਨਾਲ਼ ਹੁਲੀਆਂ ਈ ਬਦਲ ਜਾਂਦਾ ਏ।

ਸੁਦਰਸ਼ਨ : ਪਰ ਝਾਈ, ਤੂੰ ਵੀ ਤਾਂ ਐਵੇਂ ਈ ਸਾਰਾ ਦਿਨ ਲੱਗੀ ਰਹਿਨੀ ਏਂ।

Download from https:// www.studiestoday.com

Downloaded from https:// www.studiestoday.com



ਕਿਸ਼ਨ ਦੇਈ: ਐਵੇਂ ਈ ਲੱਗੀ ਰਹਿਨੀ ਆਂ ? ਜ਼ਰਾ ਕੋਠੇ 'ਤੇ ਜਾ ਕੇ ਤਾਂ ਵੇਖ ਕਮਰੇ ਦਾ ਫ਼ਰਸ਼ ਲਿਸ਼ਕਾਂ ਮਾਰਦਾ ਏ। ਵੇਖ ਕੇ ਤਬੀਅਤ ਖ਼ੁਸ਼ ਹੋ ਜਾਂਦੀ ਏ।...... ਪਰ ਮੈਂ ਕੋਈ ਕਿਸੇ ਦੇ ਸਿਰ 'ਹਸਾਨ ਕਰਨੀ ਆਂ? ਆਪਣਾ ਕੰਮ ਕਰਨੀ ਆਂ। (ਬੂਹਾ ਖੜਕਦਾ ਹੈ।)

ਸੁਦਰਸ਼ਨ : ਝਾਈ, ਸ਼ਰਨ ਸਿੰਘ ਦਲਾਲ ਆਇਆ ਈ।

ਕਿਸ਼ਨ ਦੇਈ: (ਮੱਥੇ ਵੱਟ ਪਾ ਕੇ) ਫੇਰ ਆ ਧਮਕਿਐ। ਇਹਨਾਂ ਦਲਾਲਾਂ ਨੇ ਕਿਹਾ ਜੀਅ ਸਾੜਿਐ । ਕੋਈ ਨਾ ਕੋਈ ਦਿਮਾਗ਼ ਚੱਟਣ ਆਇਆ ਈ ਰਹਿੰਦੈ। (ਸ਼ਰਨ ਸਿੰਘ ਅੰਦਰ ਆਉਂਦਾ ਹੈ)

ਸ਼ਰਨ ਸਿੰਘ : ਨਮਸਤੇ ਭੈਣ ਜੀ।

ਕਿਸ਼ਨ ਦੇਈ: (ਗੁੱਸੇ ਨਾਲ਼) ਤੂੰ ਭਰਾਵਾ ਫੇਰ ਆ ਗਿਐਂ। ਮੈਂ ਤੈਨੂੰ ਕਿੰਨੀ ਵਾਰੀ ਕਹਿ ਚੁੱਕੀ ਆਂ, ਮੈਂ ਮਕਾਨ ਨਹੀਂ ਵੇਚਣਾ, ਨਹੀਂ ਵੇਚਣਾ। ਕੋਈ ਮਜ਼ਬੂਰੀ ਏ? ਕੋਈ ਜ਼ਬਰਦਸਤੀ ਏ?

ਸ਼ਰਨ ਸਿੰਘ : ਤੁਸੀਂ ਮੇਰੀ ਗੱਲ ਤਾਂ ਸੁਣਦੇ ਈ ਨਹੀਂ। ਮੈਂ ਤੁਹਾਨੂੰ ਇਹ ਕਹਿਣ ਬਿਲਕੁਲ ਨਹੀਂ ਆਇਆ ਕਿ ਤੁਸੀਂ ਮਕਾਨ ਵੇਚ ਦਿਓ। ਤੁਸੀਂ ਵੇਚੋ, ਨਾ ਵੇਚੋ, ਤੁਹਾਡੀ ਦੌਲਤ ਏ। ਹਾਂ, ਮੈਂ ਕਿਸੇ ਵੇਲ਼ੇ ਕੰਮ ਆ ਸਕਾਂ, ਤੁਹਾਡੀ ਕੋਈ ਸੇਵਾ ਕਰ ਸਕਾਂ ਤਾਂ ਹਾਜ਼ਰ ਆਂ।

ਕਿਸ਼ਨ ਦੇਈ: (ਜ਼ਰਾ ਸ਼ਾਂਤ ਹੋ ਕੇ) ਤਾਂ ਫੇਰ ਹੋਰ ਕੀ ਗੱਲ ਏ?

ਸ਼ਰਨ ਸਿੰਘ : ਭੈਣ ਜੀ, ਗੱਲ ਇਹ ਸੀ.... (ਰੁਖ਼ ਪਲਟ ਕੇ) ਸ਼ਾਇਦ ਤੁਹਾਨੂੰ ਪਤਾ ਈ ਏ, ਮੈਂ ਕਰੋਲ ਬਾਗ਼ ਰਹਿਨਾਂ। ਤੁਹਾਡੀ ਦਇਆ ਨਾਲ਼ ਆਪਣਾ ਮਕਾਨ ਲਿਆ ਹੋਇਆ ਏ। ਸਾਡੇ ਦੋ ਕਮਰਿਆਂ ਦੇ ਫ਼ਰਸ਼ ਟੁੱਟ ਗਏ ਨੇ ਤੇ ਉਹ ਹੁਣ ਨਵੇਂ ਬਨਵਾਣੇ ਨੇ। ਮੈਂ ਤੁਹਾਡੀ ਭਰਜਾਈ ਨਾਲ਼ ਕਿਤੇ ਜ਼ਿਕਰ ਕਰ ਬੈਠਾ ਕਿ ਭੈਣ ਹੁਰਾਂ ਦੇ ਮਕਾਨ ਵਿੱਚ ਫ਼ਰਸ਼ ਬੜੇ ਸੋਹਣੇ ਬਣੇ ਹੋਏ ਨੇ। ਉਹ ਹੁਣ ਰੋਜ਼ ਮੇਰੇ ਕੰਨ ਖਾਂਦੀ ਰਹਿੰਦੀ ਏ ਕਿ ਚੱਲ ਕੇ ਮੈਨੂੰ ਦਿਖਾ ਲਿਆਵੋ ਤੇ ਓਹੋ-ਜਿਹੇ ਫ਼ਰਸ਼ ਆਪਾਂ ਵੀ ਬਣਵਾਈਏ।

ਕਿਸ਼ਨ ਦੇਈ: ਭਰਾਵਾ, ਮੈਂ ਇਹ ਮਕਾਨ ਬੜੀ ਰੀਝ ਨਾਲ਼ ਬਣਵਾਇਐ। ਆਪ ਸਾਹਮਣੇ ਖਲੋ ਕੇ ਮਨ ਮਰਜ਼ੀ ਦੇ ਫ਼ਰਸ਼ ਬਣਵਾਏ ਸਨ। ਸੁਦਰਸ਼ਨ ਦੇ ਬਾਊ ਜੀ ਨੂੰ ਘਰ ਦੀ ਸ਼ਾਨ ਬਣਾਉਣ ਦਾ ਬੜਾ ਸ਼ੌਕ ਹੁੰਦਾ ਸੀ।

ਸ਼ਰਨ ਸਿੰਘ : ਜੀ ਹਾਂ, ਮੈਂ ਸਭ ਜਾਣਨਾਂ । ਮੇਰੇ ਨਾਲ਼ ਉਹਨਾਂ ਦੇ ਬੜੇ ਤਲਕਾਤ ਸਨ। ਕਿਹੀ ਰੀਝ ਨਾਲ਼ ਮਕਾਨ ਬਣਵਾਇਆ ਸਾਨੇ ਪਰ ਵਿਚਾਰਿਆਂ ਨੂੰ ਭੋਗਣ ਦਾ ਮੌਕਾ ਈ ਨਹੀਂ ਮਿਲ਼ਿਆ। ਹੱਛਾ, ਉਹਨਾਂ ਦੇ ਬਾਲ-ਬੱਚੇ

Downloaded from https:// www.studiestoday.com

Downloaded from https:// www.studiestoday.com



ਰਾਜ਼ੀ ਰਹਿਣ। ਹੁਣ ਕਾਕਾ ਵੀ ਸਿਆਣਾ ਹੋ ਗਿਐ ........ ਕੀ ਨਾਂ ਏ ਤੇਰਾ ਬੇਟਾ ?

ਸੁਦਰਸ਼ਨ : ਜੀ ਸੁਦਰਸ਼ਨ ।

ਸ਼ਰਨ ਸਿੰਘ : ਕਿਹੜੀ ਜਮਾਤ ਵਿੱਚ ਪੜ੍ਹਨਾ ਏਂ ਹੁਣ?

ਕਿਸ਼ਨ ਦੇਈ: ਸੁਦਰਸ਼ਨ ਤਾਂ ਐਤਕੀ ਦਸਵੀਂ ਪਾਸ ਕਰ ਗਿਐ। ਫ਼ਸਟ ਡਵੀਜ਼ਨ ਲਈ ਸੂ।

ਸ਼ਰਨ ਸਿੰਘ : ਸ਼ਾਬਾਸ਼, ਸ਼ਾਬਾਸ਼ ! ਤਾਂ ਤੇ ਭੈਣ ਜੀ, ਮੁਬਾਰਕ ਹੋਵੇ। ਸੱਚੀਂ ਬਹੁਤ ਖ਼ੁਸ਼ੀ ਹੋਈ ਏ। ਆਖ਼ਰ ਮੇਰੇ ਦੋਸਤ ਦਾ ਲੜਕਾ ਏ। ਮੇਰੇ ਦਿਲ ਕੋਲ਼ੋਂ ਪੁੱਛ ਕੇ ਵੇਖੋ, ਇੰਨੀ ਖ਼ੁਸ਼ੀ ਤੁਹਾਨੂੰ ਨਹੀਂ ਹੋਈ ਹੋਣੀ ਜਿੰਨੀ ਮੈਨੂੰ ਹੋਈ ਏ।

ਕਿਸ਼ਨ ਦੇਈ: ਕਾਕਾ ਜਾਹ । ਮਾਮਾ ਜੀ ਜੋਗਾ ਸ਼ਰਬਤ ਲੈ ਆ।

ਸੁਦਰਸ਼ਨ : ਹੱਛਾ ਝਾਈ। (ਜਾਂਦਾ ਹੈ ।)

**(ਇੱਕ ਮਿੰਟ ਚੁੱਪ)**

ਸ਼ਰਨ ਸਿੰਘ : ਸੁਦਰਸ਼ਨ ਨਿੱਕਾ ਜਿਹਾ ਈ ਹੁੰਦਾ ਸੀ ਜਦੋਂ ਇਹਦੇ ਬਾਊ ਜੀ ਗੁਜ਼ਰੇ ਨੇ।

ਕਿਸ਼ਨ ਦੇਈ: ਉਦੋਂ ਇਹ ਅੱਠ ਕੁ ਸਾਲ ਦਾ ਸੀ।

ਸ਼ਰਨ ਸਿੰਘ : ਹੁਣ ਮੁੰਡਾ ਹੁਸ਼ਿਆਰ ਹੋਇਆ ਏ, ਫੇਰ ਮੈਟ੍ਰਿਕ ਪਾਸ ਕਰ ਗਿਆ ਏ। ਅੱਜ ਇਹਦੇ ਬਾਊ ਜੀ ਹੁੰਦੇ ਤਾਂ ਵੇਖ ਕੇ ਕਿੰਨਾ ਖ਼ੁਸ਼ ਹੁੰਦੇ।

ਕਿਸ਼ਨ ਦੇਈ: (ਠੰਢਾ ਸਾਹ ਭਰ ਕੇ) ਹੱਛਾ ਭਰਾਵਾ, ਕਿਸਮਤ ਦੀ ਲਿਖੀ ਨੂੰ ਕੌਣ ਮੋੜ ਸਕਦਾ ਏ? ਅਖੇ ਰਾਈ ਘਟੇ ਨਾ ਤਿਲ ਵਧੇ ਜੋ ਲਿਖਿਆ ਕਰਤਾਰ।

ਸ਼ਰਨ ਸਿੰਘ : ਅਫ਼ਸੋਸ ਈ ਹੁੰਦਾ ਏ।

ਕਿਸ਼ਨ ਦੇਈ: ਹੱਛਾ । ਸਮਾਂ ਪਾ ਕੇ ਸਭੋ ਕੁਝ ਹੋਵੇਗਾ। ਤੁਸੀਂ ਸਮਝੋ ਬਦਕਿਸਮਤ ਉਹ ਜੋ ਇਸ ਵਸਦੀ ਵਾੜੀ ਨੂੰ ਛੱਡ ਕੇ ਚਲੇ ਗਏ।

ਸ਼ਰਨ ਸਿੰਘ : ਮੇਰੇ ਨਾਲ਼ ਤਾਂ ਉਹਨਾਂ ਦੇ ਬੜੇ ਅੱਛੇ ਤਲਕਾਤ ਸਨ ਜੀ। ਮੇਰੇ ਜਮਾਤੀ ਸਨ। 'ਕੱਠੇ ਪੜ੍ਹੇ, ਕੱਠੇ ਖੇਡੇ। ਬੜੇ ਮਿਲਣਸਾਰ ਸੁਭਾਅ ਦੇ ਆਦਮੀ ਸਨ। (ਸੁਦਰਸ਼ਨ ਗਲਾਸ ਲਈ ਆਉਂਦਾ ਹੈ।)

ਸੁਦਰਸ਼ਨ : ਲਉ ਸਰਦਾਰ ਜੀ, ਸ਼ਰਬਤ ਦਾ ਗਲਾਸ ਫੜ ਲਓ।

ਕਿਸ਼ਨ ਦੇਈ: ਲਉ ਜੀ, ਪੀਓ।

ਸ਼ਰਨ ਸਿੰਘ : (ਗਲਾਸ ਫੜਦਾ ਹੋਇਆ) ਤੁਸਾਂ ਤਾਂ ਐਵੇਂ ਈ ਖੇਚਲ਼ ਕੀਤੀ ਹੈ ਭੈਣ ਜੀ।

ਕਿਸ਼ਨ ਦੇਈ: ਲਓ, ਪਾਣੀ ਦੀ ਵੀ ਕੋਈ ਖੇਚਲ਼ ਹੁੰਦੀ ਏ।

Downloaded from https:// www.studiestoday.com

Downloaded from https:// www.studiestoday.com



(ਸ਼ਰਨ ਸਿੰਘ ਸ਼ਰਬਤ ਪੀਂਦਾ ਹੈ ਤੇ ਗਲਾਸ ਖ਼ਾਲੀ ਕਰ ਕੇ ਵਾਪਸ ਦੇਂਦਾ ਹੈ।)

ਸ਼ਰਨ ਸਿੰਘ : ਲੈ ਕਾਕਾ, ਗਲਾਸ ਫੜ ਲੈ ।

ਸੁਦਰਸ਼ਨ : ਹੋਰ ਲਿਆਵਾਂ ਜੀ ?

ਸ਼ਰਨ ਸਿੰਘ : ਨਹੀਂ ਕਾਕਾ ਬੱਸ ।....... (ਗਲ਼ਾ ਸਾਫ਼ ਕਰਦਾ ਹੋਇਆ) ਤੇ ਹੁਣ ਸੁਦਰਸ਼ਨ ਨੂੰ ਕਿਹੜੇ ਕਾਲਜ ਦਾਖ਼ਲ ਕਰਵਾ ਰਹੇ ਓ?

ਕਿਸ਼ਨ ਦੇਈ: ਬਸ ਸੋਚੀਂ ਪਈ ਹੋਈ ਆਂ ਕਿ ਕਿਵੇਂ ਕਰਾਂ। ਅੱਗੇ ਪੜ੍ਹਾਈ ਲਈ ਖ਼ਰਚ ਵੀ ਕਾਫ਼ੀ ਚਾਹੀਦਾ ਏ। ਇੱਕੋ ਮਕਾਨ ਦਾ ਕਿਰਾਇਆ ਈ ਆਉਂਦਾ ਏ ਨਾ।

ਸ਼ਰਨ ਸਿੰਘ : ਭੈਣਾਂ, ਵੱਡੇ ਸਿਰਾਂ ਦੀਆਂ ਵੱਡੀਆਂ ਪੀੜਾਂ, ਉੱਚੇ ਦਰਜੇ ਦੀਆਂ ਪੜ੍ਹਾਈਆਂ ਕਰਨੀਆਂ ਵੀ ਕਿਹੜੀਆਂ ਅਸਾਨ ਨੇ। ਖ਼ਰਚ ਕਰ-ਕਰ ਕੇ ਮੂੰਹ ਫਿਰ ਜਾਂਦੈ। ਤੁਸੀਂ ਹੁਣ ਮੇਰੀ ਰਾਇ ਪੁੱਛੋ ਤਾਂ ਮੈਂ ਆਖਾਂਗਾ ਕਿ ਮੁੰਡੇ ਨੂੰ ਕਿਸੇ ਕੰਮ-ਕਾਰ ਵਿੱਚ ਪਾ ਦਿਓ।

ਸੁਦਰਸ਼ਨ : ਝਾਈ ਇਹ ਗੱਲ ਠੀਕ ਏ।

ਕਿਸ਼ਨ ਦੇਈ: ਕੰਮ ਕਾਰ ਦੀ ਤੈਨੂੰ ਅਜੇ ਕੀ ਸਮਝ ਏ। ਨਿੱਕਾ ਜਿਹਾ ਤਾਂ ਤੂੰ ਹੈਗਾ ਏਂ।

ਸ਼ਰਨ ਸਿੰਘ : ਦੇਖੋ ਨਾ ਪਰਮਾਤਮਾ ਨੇ ਇਨਸਾਨ ਨੂੰ ਅਕਲ ਦਿੱਤੀ ਏ। ਕਿਸ ਲਈ? ਸੋਚਣ ਸਮਝਣ ਲਈ। ਆਖ਼ਰ ਤੁਸਾਂ ਈ ਆਪਣੇ ਬੱਚੇ ਦੀ ਜ਼ਿੰਦਗੀ ਬਨਾਣੀ ਏ, ਤੁਸਾਂ ਈ ਇਹਨੂੰ ਰਾਹੇ ਪਾਣਾ ਏ, ਤੁਸਾਂ ਈ ਇਹਦੀ ਨਿਗਰਾਨੀ ਕਰਨੀ ਏ। ਮੇਰੀ ਰਾਇ ਤਾਂ ਇਹੋ ਏ, ਤੁਹਾਡਾ ਸਰਵਨ ਪੁੱਤਰ ਏ ਤੇ ਤੁਸੀਂ ਡਰੋ ਨਾ। ਮੁੰਡਾ ਕੰਮ ਵਿੱਚ ਪਵੇਗਾ ਤਾਂ ਆਪੇ ਜਾਚ ਆਉਂਦੀ ਜਾਵੇਗੀ। ਅਖੇ ਜਿਉਂ-ਜਿਉਂ ਭਿੱਜੇ ਕੰਬਲ਼ੀ ਤਿਉਂ-ਤਿਉਂ ਭਾਰੀ ਹੋਏ।

ਕਿਸ਼ਨ ਦੇਈ: ਕਿਉਂ ਸੁਦਰਸ਼ਨ, ਆਪਣੇ ਕਿਸੇ ਵਿਹਾਰ ਕਾਰ ਵਿੱਚ ਲੱਗ ਜਾਵੇਂ ਤਾਂ ਚੰਗਾ ਈ ਏ।

ਸੁਦਰਸ਼ਨ : ਜਿਵੇਂ ਤੁਸੀਂ ਆਖੋ।

ਸ਼ਰਨ ਸਿੰਘ : ਵਿਹਾਰ ਕਾਰ ਲਈ ਆਖ਼ਰ ਰੁਪੈ ਦੀ ਤਾਂ ਲੋੜ ਏ। ਜੇ ਤੁਹਾਡਾ ਵਿਚਾਰ ਮਕਾਨ ਵੇਚਣ ਦਾ ਹੋਵੇ ਤਾਂ ਪੰਜਤਾਲ਼ੀ ਕੁ ਹਜ਼ਾਰ ਦੇ ਕਰੀਬ ਵੱਟਿਆ ਈ ਜਾਵੇਗਾ।

ਕਿਸ਼ਨ ਦੇਈ: (ਤਿੜ ਕੇ) ਪੰਜਤਾਲ਼ੀ ਹਜ਼ਾਰ ? ਭਰਾਵਾ ਤੂੰ ਤਾਂ ਕਮਾਲ ਕਰ ਦਿੱਤੀ ਏ। ਅਜੇ ਤਿੰਨ ਮਹੀਨੇ ਵੀ ਨਹੀਂ ਹੋਏ ਇੱਕ ਦਲਾਲ ਪੰਜਾਹ ਹਜ਼ਾਰ ਦੁਆਂਦਾ ਸੀ ਤੇ ਮਿੰਨਤਾਂ ਵੀ ਕਰਦਾ ਸੀ।

Downloaded from https:// www.studiestoday.com

Downloaded from https:// www.studiestoday.com

ਸ਼ਰਨ ਸਿੰਘ : ਖ਼ੈਰ ਹੋ ਸਕਦੈ, ਪਰ ਸਮੇਂ-ਸਮੇਂ ਦੀ ਗੱਲ ਏ।

ਕਿਸ਼ਨ ਦੇਈ: ਮੈਂ ਤਾਂ ਪੰਜਾਹ ਹਜ਼ਾਰ ਤੋਂ ਇੱਕ ਪੈਸਾ ਵੀ ਘੱਟ ਵੱਟਣ ਨੂੰ ਤਿਆਰ ਨਹੀਂ।

ਸ਼ਰਨ ਸਿੰਘ : (ਜ਼ਰਾ ਮੁੜ ਕੇ ਆਉਂਦਾ ਹੋਇਆ) ਹਾਂ ਸੱਚ, ਇੱਕ ਹੋਰ ਗੱਲ ਯਾਦ ਆਈ। ਤੁਹਾਡੇ ਮਕਾਨ ਦੇ ਸਾਹਮਣੇ ਖੂਹ ਹੁੰਦਾ ਸੀ ਨਾ?

ਸੁਦਰਸ਼ਨ : ਆਹੋ ਜੀ।

ਸ਼ਰਨ ਸਿੰਘ : ਤਦੇ ਹੀ ਲੋਕੀਂ ਸੱਚ ਆਖਦੇ ਨੇ ਖੂਹ ਦੇ ਸਾਹਮਣੇ ਵਾਲ਼ਾ ਮਕਾਨ ਵੀ ਨਹਿਸ਼ ਹੁੰਦਾ ਏ।

ਕਿਸ਼ਨ ਦੇਈ: ਪਰ ਹੁਣ ਤਾਂ ਖੂਹ ਕਦੇ ਦਾ ਬੰਦ ਹੋ ਚੁੱਕਾ ਏ।

ਸ਼ਰਨ ਸਿੰਘ : ਫੇਰ ਕੀ ਹੋ ਗਿਆ? ਉਹਨਾਂ ਅਸਰ ਤਾਂ ਹੁੰਦਾ ਏ ਨਾ। ਖੂਹਾਂ 'ਤੇ ਕਈ ਤਰ੍ਹਾਂ ਦੇ ਜਿੰਨ ਭੂਤ ਤੇ ਚੁੜੇਲਾਂ ਦਾ ਵਾਸਾ ਹੁੰਦਾ ਹੈ। ਮੈਂ ਸਮਝਨਾਂ ਐਸੇ ਲਈ ਤੁਸਾਂ ਇਸ ਮਕਾਨ ਵਿੱਚ ਸੁੱਖ ਨਹੀਂ ਪਾਇਆ।

ਕਿਸ਼ਨ ਦੇਈ: ਇੱਥੇ ਸੁੱਖ ਤਾਂ ਮੈਂ ਵਾਕਿਆ ਈ ਨਹੀਂ ਪਾਇਆ। ਜਦੋਂ ਸੁਦਰਸ਼ਨ ਦਾ ਬਾਊ ਗੁਜ਼ਰਿਆ ਏ, ਅਜੇ ਮਕਾਨ ਬਣਿਆਂ ਸਾਲ ਵੀ ਨਹੀਂ ਸੀ ਹੋਇਆ।

ਸ਼ਰਨ ਸਿੰਘ : (ਜਾਂਦਾ-ਜਾਂਦਾ) ਤੁਸੀਂ ਫ਼ਿਕਰ ਨਾ ਕਰੋ। ਸੁਦਰਸ਼ਨ ਦੇ ਬਾਊ ਹੁਰਾਂ ਨਾਲ਼ ਮੇਰੇ ਬੜੇ ਤਲਕਾਤ ਸਨ। ਮੇਰਾ ਤਾਂ ਇਹ ਆਪਣਾ ਕੰਮ ਹੋਇਆ।

ਕਿਸ਼ਨ ਦੇਈ: ਕਿਉਂ ਸੁਦਰਸ਼ਨ ! ਫੇਰ ਮਕਾਨ ਵੇਚ ਦਈਏ?

ਸੁਦਰਸ਼ਨ : ਜਿਵੇਂ ਤੇਰੀ ਮਰਜ਼ੀ ਝਾਈ ਪਰ ਉਹ ਤਾਂ ਕਹਿੰਦੇ ਸਾਹਮਣੇ ਭੂਤ ਤੇ ਚੁੜੇਲਾਂ ਰਹਿੰਦੀਆਂ ਨੇ। ਮੈਨੂੰ ਡਰ ਲੱਗਣ ਲੱਗ ਪਿਐ।

ਕਿਸ਼ਨ ਦੇਈ: ਹਟ ਕਮਲ਼ਾ ਨਾ ਹੋਵੇ ਤੇ। ਜਵਾਨ ਪੁੱਤ ਹੋ ਕੇ ਡਰੀਦਾ ਏ? ....... ਹਾਂ ਸੱਚ, ਤੇਰੀ ਇੰਟਰਵੀਊ ਦਾ ਕੀ ਬਣਿਆ?

ਸੁਦਰਸ਼ਨ : ਅਜੇ ਕੀ ਪਤਾ ਪਰ ਉਮੀਦ ਨਹੀਂ ਕੋਈ ਨੌਕਰੀ ਮਿਲ਼ੇ। ਉਹਨਾਂ ਸਾਰੇ ਅੱਠ ਜਣੇ ਰੱਖਣੇ ਨੇ ਤੇ ਪੰਜਾਹ ਮੁੰਡੇ ਪਹੁੰਚੇ ਹੋਏ ਸਨ, ਵਿੱਚ ਕਈ ਬੀ.ਏ. ਪਾਸ ਵੀ ਸਨ।

ਕਿਸ਼ਨ ਦੇਈ: ਤਾਂ ਸ਼ਰਨ ਠੀਕ ਕਹਿੰਦਾ ਏ। ਮਕਾਨ ਵੇਚ ਕੇ ਤੂੰ ਕੋਈ ਆਪਣਾ ਕੰਮ ਕਰ ਲੈ। ਪਰ ਕਾਹਦਾ ਕਰੇਂਗਾ?

ਸੁਦਰਸ਼ਨ : ਜਿਹੜਾ ਤੂੰ ਆਖੇਂ, ਝਾਈ।

ਕਿਸ਼ਨ ਦੇਈ: ਤੂੰ ਆਪਣਾ ਖੱਟਣ-ਕਮਾਣ ਲੱਗ ਪਵੇਂਗਾ ਤਾਂ ਹੋਰ ਬਥੇਰੇ ਮਕਾਨ ਲੈ ਲਵੇਂਗਾ। ਫੇਰ ਤੇਰਾ ਵਿਆਹ ਵੀ ਕਰ ਦਿਆਂਗੀ ਤੇ ਨਿੱਕੀ ਜਿਹੀ ਛਣਕਦੀ-ਮਣਕਦੀ ਨੂੰਹ ਘਰ ਵਿੱਚ ਆ ਜਾਵੇਗੀ। ਮੈਂ ਵੀ ਮਰਨ ਤੋਂ ਪਹਿਲਾਂ ਆਪਣੀਆਂ ਮੁਰਾਦਾਂ ਵੇਖ ਲਵਾਂਗੀ।



Downloaded from https:// www.studiestoday.com

Downloaded from https:// www.studiestoday.com



ਸੁਦਰਸ਼ਨ : (ਸ਼ਰਮਾਂਦਾ ਹੋਇਆ) ਹੱਛਾ ਝਾਈ, ਅਜੇ ਕੋਈ ਕੰਮ ਕਾਰ ਤੇ ਬਣੇ।

ਕਿਸ਼ਨ ਦੇਈ: ਹੱਛਾ, ਕਦੀ ਪਰਮਾਤਮਾ ਮੇਰੀ ਵੀ ਸੁਣੇਗਾ ਹੀ। ਐਹੋ-ਜਿਹੀ ਸੁਹਣੀ ਸਜਾਈ ਨੂੰਹ ਲਿਆਵਾਂਗੀ ਜਿਹੜੀ ਅੰਦਰ ਬੈਠੇ ਤੇ ਬਾਹਰ ਪਿਆ ਚਾਨਣ ਹੋਵੇ। ਫੇਰ ਮੇਰੇ ਘਰ ਨਿੱਕੇ ਜਿਹੇ ਪੋਤਰੇ ਹੋਣਗੇ ਤੇ ਮੈਂ ਉਹਨੂੰ ਦਿਨੇ ਰਾਤ ਖਿਡਾਂਦੀ ਨਾ ਥੱਕਾਂਗੀ। ਮੈਨੂੰ ਵੀ ਪਰਮਾਤਮਾ ਕੋਈ ਸੁੱਖ ਦਾ ਝੂਟਾ ਲਿਆਵੇਗਾ।

**(ਬੂਹਾ ਖੜਕਦਾ ਹੈ ।)**

ਸੁਦਰਸ਼ਨ : ਮੇਰਾ ਖ਼ਿਆਲ ਏ ਸ਼ਰਨ ਸਿੰਘ ਆ ਗਿਆ ਏ।

ਸ਼ਰਨ ਸਿੰਘ : (ਅੰਦਰ ਆਉਂਦਾ ਹੋਇਆ) ਜੀ ਹਾਂ, ਬਿਲਕੁਲ ਠੀਕ ਖ਼ਿਆਲ ਏ। ਮੈਂ ਈ ਆਂ । (ਉੱਚੀ) ਲੰਘ ਆਓ ਅੰਦਰ, ਚੋਪੜਾ ਸਾਹਿਬ । (ਚੋਪੜਾ ਸਾਹਿਬ ਆਉਂਦਾ ਹੈ ।)

ਚੋਪੜਾ : ਨਮਸਤੇ ਜੀ।

ਕਿਸ਼ਨ ਦੇਈ: ਨਮਸਤੇ ਜੀ। ਆਉ ਬੈਠੋ।

ਸ਼ਰਨ ਸਿੰਘ : ਲਉ ਜੀ ਚੋਪੜਾ ਸਾਹਿਬ, ਇਹ ਸਾਡੀ ਭੈਣ ਹੁਰਾਂ ਦਾ ਮਕਾਨ ਜੇ। ਇਹ ਬੈਠਕ ਦਾ ਕਮਰਾ ਏ, ਤੇ ਔਹ ਵੇਖੋ ਨਾ, ਇਹਦੇ ਪਿੱਛੇ ਨਿੱਕੀ ਜਿਹੀ ਡਿਓਢੀ ਏ ਤੇ ਉਸ ਤੋਂ ਪਿੱਛੇ ਇੱਕ ਹੋਰ ਕਮਰਾ। ਮਕਾਨ ਸੋਲ਼ਾਂ ਗਜ਼ ਲੰਮਾ ਤੇ ਛੇ ਗਜ਼ ਚੌੜਾ ਜੇ।

ਚੋਪੜਾ : ਹੂੰ । ਤੂਲ ਸੋਲ਼ਾਂ ਗਜ਼, ਅਰਜ਼ ਛੇ ਗਜ਼।

ਸ਼ਰਨ ਸਿੰਘ : ਢਾਈ ਮੰਜ਼ਲਾਂ ਜੇ, ਤੇ ਚੀਜ਼ ਐਸੀ ਕਿ ਵੇਖਿਆਂ ਭੁੱਖ ਲਹਿੰਦੀ ਏ।

ਕਿਸ਼ਨ ਦੇਈ: ਜੀ ਮੈਂ ਇਹ ਮਕਾਨ ਆਪਣੇ ਸਾਹਮਣੇ ਰੀਝ ਨਾਲ ਬਣਵਾਇਆ ਸੀ। ਨੀਂਹਾਂ ਵਿੱਚ ਤਿੰਨ-ਤਿੰਨ ਗਜ਼, ਰੋੜੀ ਕੁੱਟੀ ਹੋਈ ਏ ਤੇ ਫ਼ਰਸ਼ ਐਹੋ ਜਿਹੇ ਨੇ ਕਿ ਵਿੱਚੋਂ ਮੂੰਹ ਪਿਆ ਦਿਸਦੈ। (ਉੱਪਰਲਾ ਕਮਰਾ ਤਾਂ ਖ਼ਾਸ ਬਣਿਆ ਹੋਇਆ ਹੈ।

(ਚੋਪੜਾ ਉੱਠ ਕੇ ਇੱਧਰ-ਉੱਧਰ ਕੰਧਾਂ ਵੱਲ, ਛੱਤ ਵੱਲ ਤੇ ਬਾਹਰ ਵੇਖਦਾ ਏ।)

ਸ਼ਰਨ ਸਿੰਘ : ਜਾਹ ਕਾਕਾ, ਉੱਪਰਲੇ ਕਮਰੇ ਵੀ ਬਾਊ ਹੁਰਾਂ ਨੂੰ ਦਿਖਾ ਲਿਆ।

ਕਿਸ਼ਨ ਦੇਈ: ਕੀਮਤ ਦੱਸ ਦਿੱਤੀ ਊ ਭਰਾਵਾ?

ਸ਼ਰਨ ਸਿੰਘ : ਮੈਂ ਤਾਂ ਪੰਜਾਹ ਹਜ਼ਾਰ ਈ ਕਿਹਾ, ਉਹ ਤਾਂ ਓਥੇ ਈ ਕੰਨਾਂ ਨੂੰ ਹੱਥ ਲਾਣ ਲੱਗ ਪਿਆ। ਮੈਂ ਕਿਹਾ ਤੁਰ ਤਾਂ ਸਹੀ, ਭੈਣ ਹੁਰਾਂ ਨੂੰ ਸਮਝਾ ਲਵਾਂਗਾ ਕੁਝ ਨਾ ਕੁਝ ਰਿਆਇਤ ਕਰ ਈ ਦੇਣਗੇ।

Downloaded from https:// www.studiestoday.com

Downloaded from https:// www.studiestoday.com



ਕਿਸ਼ਨ ਦੇਈ: ਨਹੀਂ, ਮੈਂ ਤਾਂ ਘੱਟ ਲੈਣ ਨੂੰ ਬਿਲਕੁਲ ਤਿਆਰ ਨਹੀਂ।

ਸ਼ਰਨ ਸਿੰਘ : ਹੁਣ ਉਹਨੂੰ ਨਾਲ਼ ਤੇ ਲਿਆਉਣਾ ਸੀ ਨਾ। ਕੰਮ ਜੁ ਮੁਕਾਣਾ ਹੋਇਆ। ਮੈਂ ਤੁਹਾਥੋਂ ਪੁੱਛੇ ਬਿਨਾਂ ਈ ਸੰਤਾਲ਼ੀ-ਅਠਤਾਲ਼ੀ ਹਜ਼ਾਰ ਕਹਿ ਦਿੱਤਾ ਏ। ਮੈਂ ਕਿਹਾ ਤੁਸੀਂ ਮੇਰੀ ਗੱਲ ਨੂੰ ਕਿਤੇ ਟਾਲਣ ਥੋੜ੍ਹਾ ਲੱਗੇ ਓ। ਨਾਲ਼ੇ ਉਹ ਕਿਹੜਾ ਅਜੇ ਮੰਨ ਗਿਐ।

ਕਿਸ਼ਨ ਦੇਈ: ਭਰਾਵਾ, ਕੋਈ ਜ਼ਬਰਦਸਤੀ ਏ? ਮੈਂ ਨਹੀਂ ਘੱਟ ਵੱਟਦੀ।

ਸ਼ਰਨ ਸਿੰਘ : ਚੱਲੋ ਕੋਸ਼ਸ਼ ਕਰਨਾ ਵਾਂ, ਸਾਢੇ ਸੰਤਾਲ਼ੀ-ਅਠਤਾਲ਼ੀ 'ਤੇ ਮੁੱਕ ਜਾਵੇ। ਉਹ ਆਉਂਦਾ ਏ ਤਾਂ ਤੁਸੀਂ ਅੰਦਰ ਚਲੇ ਜਾਣਾ ਮੈਂ ਗੱਲ ਕਰ ਲਵਾਂਗਾ।

ਕਿਸ਼ਨ ਦੇਈ: ਅਠਤਾਲ਼ੀ ਹਜ਼ਾਰ ਤੋਂ ਘੱਟ ਬਿਲਕੁਲ ਨਾ ਆਖੀਂ।

ਸ਼ਰਨ ਸਿੰਘ : ਮੈਂ ਤਾਂ ਜੀ ਆਪਣੀ ਵੱਲੋਂ ਪੂਰੀ ਵਾਹ ਲਾਵਾਂਗਾ ਹੀ। ਲਓ ਉਹ ਆ ਗਏ ਜੇ.... ਤੁਸੀਂ ਅੰਦਰ...... (ਚੋਪੜਾ ਸਾਹਿਬ ਤੇ ਸੁਦਰਸ਼ਨ ਆਉਂਦੇ ਹਨ)

ਸ਼ਰਨ ਸਿੰਘ : ਆਓ, ਚੋਪੜਾ ਸਾਹਿਬ ! ਆਓ। ਵੇਖ ਆਏ ਓ?

ਕਿਸ਼ਨ ਦੇਈ: ਹੱਛਾ ਭਰਾਵਾ, ਤੁਸੀਂ ਗੱਲ ਬਾਤ ਕਰੋ ਮੈਂ ਹੁਣੇ ਆਉਨੀ ਆਂ। ਆ ਸੁਦਰਸ਼ਨ ਗੱਲ ਸੁਣ ਮੇਰੀ (ਦੋਵੇਂ ਅੰਦਰ ਚਲੇ ਜਾਂਦੇ ਨੇ)।

ਸ਼ਰਨ ਸਿੰਘ : ਕਿਉਂ ਚੋਪੜਾ ਸਾਹਿਬ ? ਮਕਾਨ ਹੈ ਕਿ ਨਹੀਂ ਫ਼ਸਟ ਕਲਾਸ? ਨਿਰਾ ਨਗੀਨਾ।

ਚੋਪੜਾ : ਖੈਰ, ਸਾਖ਼ਤ ਅੱਛੀ ਏ। ਮਾਲਕ ਮਕਾਨ ਕੌਣ ਏ?

ਸ਼ਰਨ ਸਿੰਘ : ਇਸ ਬੇਵਾ ਔਰਤ ਦਾ ਏ।

ਚੋਪੜਾ : ਕੀ ਨਾਂ ਸੀ ਇਹਦੇ ਖ਼ਾਵੰਦ ਦਾ?

ਸ਼ਰਨ ਸਿੰਘ : ਉਹਦਾ ਨਾਂ ?..... ਜੀ ਉਹਦਾ ਨਾਂ ਤੇ ਮੈਨੂੰ ਪਤਾ ਨਹੀਂ। ਮੇਰੇ ਵਾਕਫ਼ਾਂ ਵਿੱਚੋਂ ਨਹੀਂ ਸੀ। ਪਤਾ ਲੱਗ ਜਾਏਗਾ।...... ਵੈਸੇ ਤੁਸੀਂ ਬੇਫ਼ਿਕਰ ਰਹੋ ਝਗੜੇ ਵਾਲ਼ਾ ਸੌਦਾ ਨਹੀਂ। ਮਕਾਨ ਜ਼ਰ ਖ਼ਰੀਦ ਹੈ ਤੇ ਇੱਕੋ ਨਾਬਾਲ਼ਗ ਮੁੰਡਾ ਏ, ਮਾਂ ਉਹਦੀ ਗਾਰਡੀਅਨ ਏ।

ਚੋਪੜਾ : ਫੇਰ ਹੁਣ ਕਿੰਨੇ ਤੋਂ ਸੌਦਾ ਮੁੱਕੇਗਾ? ਪੰਜਤਾਲ਼ੀ ਹਜ਼ਾਰ ਲੈਂਦੀ ਏ ਕਿ ਨਹੀਂ?

ਸ਼ਰਨ ਸਿੰਘ : ਤੁਸੀਂ ਤਾਂ ਚੋਪੜਾ ਸਾਹਿਬ ਮਜ਼ਾਕ ਕਰਦੇ ਓ। ਚੀਜ਼ ਵੇਖ ਕੇ ਮੁੱਲ ਪਾਓ ਨਾ। ਕਿੱਥੇ ਪੰਜਾਹ ਹਜ਼ਾਰ ਤੇ ਕਿੱਥੇ ਪੰਜਤਾਲ਼ੀ ਹਜ਼ਾਰ। ਉਹ ਤਾਂ ਮੰਨਦੀ ਈ ਨਹੀਂ ਪਰ ਉਮੀਦ ਹੈ ਸ਼ੈਦ ਅਠਤਾਲ਼ੀ 'ਤੇ ਕੰਮ ਬਣ ਜਾਵੇ, ਉਹ ਵੀ ਪੂਰੀ ਕੋਸ਼ਸ਼ ਕੀਤਿਆਂ।

Downloaded from https:// www.studiestoday.com

Downloaded from https:// www.studiestoday.com



ਚੋਪੜਾ : ਬਹੁਤ ਅੱਛਾ ! (ਬਾਹਰ ਚਲਾ ਜਾਂਦਾ ਹੈ।)

ਸ਼ਰਨ ਸਿੰਘ : (ਅੰਦਰ ਅਵਾਜ਼ ਦੇਂਦਾ ਹੈ) ਭੈਣ ਜੀ !........ ਸੁਦਰਸ਼ਨ!
(ਦੋਵੇਂ ਬਾਹਰ ਆਉਂਦੇ ਹਨ।)

ਕਿਸ਼ਨ ਦੇਈ: ਹਾਂ, ਕੀ ਗੱਲ ਬਣੀ ਏ?

ਸ਼ਰਨ ਸਿੰਘ : ਭੈਣ ਜੀ, ਕੰਮ ਬਣਦਾ ਨਜ਼ਰ ਨਹੀਂ ਆਉਂਦਾ। ਜ਼ਮਾਨਾ ਬਦਲ ਗਿਆ ਏ। ਹੁਣ ਗਾਹਕ ਪੈਸੇ ਖ਼ਰਚਦਾ ਘਬਰਾਂਦਾ ਹੈ। ਪੂਰੀ ਕੋਸ਼ਸ਼ ਕਰਾਂਗਾ ਤਾਂ ਸਮਝੋ ਛਿਆਲ਼ੀ ਤੋਂ ਮੁੱਕੇਗਾ।

ਕਿਸ਼ਨ ਦੇਈ: ਚੱਲ ਛੱਡ ਭਰਾਵਾ, ਮੈਨੂੰ ਮਕਾਨ ਵੇਚਣ ਦੀ ਲੋੜ ਨਹੀਂ। ਮੈਂ ਤਾਂ ਤੇਰੇ ਮੂੰਹ ਨੂੰ ਹਜ਼ਾਰ ਘੱਟ ਕਹਿ ਦਿੱਤਾ ਸੀ।

ਸੁਦਰਸ਼ਨ : ਚੱਲੋ ਛੱਡੋ ਜੀ, ਨਹੀਂ ਕੰਮ ਬਣਦਾ ਤਾਂ ਨਾ ਸਹੀ। ਸੁੱਟ ਤਾਂ ਨਹੀਂ ਪਾਣਾ।

ਸ਼ਰਨ ਸਿੰਘ : ਸੋਚ ਲਉ, ਐਵੇਂ ਗਾਹਕ ਹੱਥੋਂ ਨਹੀਂ ਛੱਡਣਾ ਚਾਹੀਦਾ। ਨਾਲ਼ੇ ਇਹ ਮਕਾਨ ਸ਼ੇਰਮੁਖਾ ਵੀ ਏ।

ਸੁਦਰਸ਼ਨ : ਸ਼ੇਰਮੁਖਾ ? ਉਹ ਕੀ ਹੁੰਦਾ ਏ?

ਸ਼ਰਨ ਸਿੰਘ : ਕਾਕਾ, ਜਿਹੜਾ ਮਕਾਨ ਅੱਗੋਂ ਜ਼ਿਆਦਾ ਤੇ ਪਿੱਛੋਂ ਘੱਟ ਚੌੜਾ ਹੋਵੇ ਉਹਨੂੰ ਸ਼ੇਰਮੁਖਾ ਕਹਿੰਦੇ ਨੇ?

ਸੁਦਰਸ਼ਨ : ਫੇਰ ਸ਼ੇਰਮੁਖੇ ਦਾ ਹਰਜ਼ ਕੀ ਏ। ਇਹ ਕਾਹਦਾ ਨੁਕਸ ਹੋਇਆ।

ਸ਼ਰਨ ਸਿੰਘ : ਸ਼ੇਰਮੁਖਾ ਮਕਾਨ ਮਾਲਕ ਦੇ ਹੱਕ ਵਿੱਚ ਚੰਗਾ ਨਹੀਂ ਹੁੰਦਾ ਜਿਵੇਂ ਸ਼ੇਰ ਜਾਨਵਰਾਂ ਨੂੰ ਖਾ ਜਾਂਦਾ ਏ, ਉਸੇ ਤਰ੍ਹਾਂ ਮਾਲਕ ਨੂੰ ਖ਼ਤਰਾ ਈ ਹੁੰਦਾ ਏ।

ਸੁਦਰਸ਼ਨ : (ਕੁਝ ਡਰ ਦੇ ਪ੍ਰਭਾਵ ਹੇਠ) ਝਾਈ, ਬਾਊ ਜੀ ਇੱਥੇ ਈ ਗੁਜ਼ਰੇ ਸਨ ਨਾ?

ਸ਼ਰਨ ਸਿੰਘ : ਤੁਸੀਂ ਮਕਾਨ ਵੇਚੋ ਜਾਂ ਨਾ ਵੇਚੋ ਤੁਹਾਡੀ ਦੌਲਤ ਏ। ਮੈਂ ਆਪਣੀ ਦਲਾਲੀ ਦੇ ਲਾਲਚ ਕਰ ਕੇ ਕਦੀ ਗ਼ਲਤ ਰਾਇ ਨਹੀਂ ਦੇਂਦਾ। ਇਸੇ ਲਈ ਜਿੰਨੇ ਮੇਰੇ ਵਾਕਫ਼ ਦੋਸਤ-ਮਿੱਤਰ ਨੇ, ਪ੍ਰਾਪਰਟੀ ਦਾ ਸਭ ਕੰਮ ਮੇਰੇ ਕੋਲ਼ੋਂ ਪੁੱਛ ਕੇ ਕਰਦੇ ਨੇ।

ਕਿਸ਼ਨ ਦੇਈ: ਤੇ ਫੇਰ ਤੇਰਾ ਕੀ ਖ਼ਿਆਲ ਏ?

ਸ਼ਰਨ ਸਿੰਘ : ਮੇਰਾ ਖ਼ਿਆਲ ਪੁੱਛਦੇ ਓ ਤਾਂ ਇਹੋ ਆਖਾਂਗਾ ਗਾਹਕ ਨਾ ਛੱਡੋ। ਇੱਕ ਤੇ ਮਕਾਨ ਸ਼ੱਕੀ ਏ, ਦੂਜਾ ਤੁਹਾਨੂੰ ਇਸ ਵੇਲ਼ੇ ਰੁਪੈ ਦੀ ਲੋੜ ਏ-ਮੁੰਡੇ ਨੇ ਕੰਮ ਕਰਨਾ ਏ, ਤੀਜਾ ਮਾਰਕੀਟਾਂ ਦਾ ਤੇ ਦਿਨ-ਬਦਿਨ ਭੱਠਾ ਬਹਿੰਦਾ ਜਾਂਦਾ ਏ। ਮਕਾਨ ਦੀ ਜਿਹੜੀ ਕੀਮਤ ਅੱਜ ਏ ਉਹ ਕੱਲ੍ਹ ਨਹੀਂ ਰਹਿਣੀ।

ਕਿਸ਼ਨ ਦੇਈ: ਪਰ ਮੈਂ ਸੰਤਾਲ਼ੀ ਹਜ਼ਾਰ ਤੋਂ ਤਾਂ ਕੌਡੀ ਘੱਟ ਨਹੀਂ ਲਵਾਂਗੀ। ਮਰਜ਼ੀ ਏ

Downloaded from https:// www.studiestoday.com

Downloaded from https:// www.studiestoday.com



ਮਕਾਨ ਲਵੇ, ਮਰਜ਼ੀ ਨਾ ਲਵੇ।

ਸ਼ਰਨ ਸਿੰਘ : ਚੱਲੋ ਮੈਂ ਕੋਸ਼ਿਸ਼ ਕਰ ਵੇਖਨਾਂ, ਤੁਸੀਂ ਅੰਦਰ ਜਾਓ, ਚੋਪੜਾ ਸਾਹਿਬ ਆ ਲੈਣ ਮੈਂ ਗੱਲ ਕਰ ਲੈਨਾਂ। (ਬੂਹੇ ਕੋਲ਼ ਖਲੋ ਕੇ ਅਵਾਜ਼ ਦੇਂਦਾ ਹੈ।) ਚੋਪੜਾ ਸਾਹਿਬ !ਚੋਪੜਾ ਸਾਹਿਬ ! .... ਅੰਦਰ ਆਉਣਾ। (ਚੋਪੜਾ ਆਉਂਦਾ ਹੈ।)

ਚੋਪੜਾ : ਹਾਂ ਜੀ, ਫਰਮਾਓ।

ਸ਼ਰਨ ਸਿੰਘ : ਚੋਪੜਾ ਸਾਹਿਬ ਤੁਸੀਂ ਵੀ ਕੀ ਯਾਦ ਕਰੋਗੇ ਸ਼ਰਨ ਸਿੰਘ ਨੇ ਕੰਮ ਕਰ ਕੇ ਦਿਖਾਇਆ ਸੀ। ਲਉ ਹੁਣ ਥਿੜਕਣਾ ਨਾ, ਸੰਤਾਲ਼ੀ ਹਜ਼ਾਰ ਤੋਂ ਕੰਮ ਮੁਕਾ ਦਿਆਂਗਾ।

ਚੋਪੜਾ : ਨਾ, ਨਾ, ਨਾ। ਮੈਂ ਹਰਗਿਜ਼ ਛਿਆਲ਼ੀ ਹਜ਼ਾਰ ਤੋਂ ਵੱਧ ਖ਼ਰਚਣ ਨੂੰ ਤਿਆਰ ਨਹੀਂ। ਮਰਜ਼ੀ ਏ ਮਕਾਨ ਦੇਵੇ, ਮਰਜ਼ੀ ਏ ਨਾ ਦੇਵੇ।

ਸ਼ਰਨ ਸਿੰਘ : ਵੇਖੋ ਫੇਰ, ਸੁੱਟ ਪਾਣ ਵਾਲ਼ੀ ਗੱਲ ਨਾ ਕਰੋ। ਇਲਾਕਾ ਤਾਂ ਵੇਖੋ ਕਿਹੜਾ ਏ? ਚਾਂਦਨੀ ਚੌਂਕ ਦਾ। ਦਿੱਲੀ ਵਿੱਚ ਤਾਂ ਲੋਕੀ ਨਿੱਕੇ-ਨਿੱਕੇ ਖੂੰਜੇ ਲਈ ਪਏ ਤਰਸਦੇ ਨੇ। ਲੋਕੀ ਕਿੱਥੇ-ਕਿੱਥੇ ਜਾ ਕੇ ਵਸੇ ਨੇ-ਕੋਈ ਲੋਧੀ ਕਾਲੋਨੀ ਰਹਿੰਦੈ ਤੇ ਕੋਈ ਪਟੇਲ ਨਗਰ, ਕੋਈ ਜਵਾਹਰ ਨਗਰ ਰਹਿੰਦੈ ਤੇ ਕੋਈ ਕਿੰਗਜ਼ਵੇ, ਕੋਈ ਜੰਗ ਪੁਰੇ ਰਹਿੰਦੈ ਤੇ ਕੋਈ ਛਾਉਣੀ। ਇੱਥੋਂ ਤੱਕ ਕਿ ਦਿੱਲੀ ਦੇ ਏਸ 'ਮਾਤ-ਲੋਕ' ਤੋਂ ਮਾਯੂਸ ਹੋ ਕੇ ਲੋਕਾਂ ਨੇ ਜੀਊਦੇ ਜੀਅ ਕਈ 'ਇੰਦੂ ਲੋਕ', 'ਚੰਦਰ ਲੋਕ', 'ਦੇਵ ਨਗਰ' ਤੇ 'ਸਵਰਗ ਪੁਰੀਆਂ' ਨੂੰ ਜਾ ਅਬਾਦ ਕੀਤਾ ਏ।

ਚੋਪੜਾ : ਯਾਨੀ ਕਿ ਜੀਊਂਦੇ ਜੀਅ 'ਸਵਰਗ ਵਾਸੀ' ਅਖਵਾਣ ਦੇ ਹੱਕਦਾਰ ਹੋ ਗਏ ਨੇ।

(ਦੋਵੇਂ ਹੱਸਦੇ ਹਨ)

ਸ਼ਰਨ ਸਿੰਘ : ਬਿਲਕੁਲ, ਬਿਲਕੁਲ ! ਤੁਸੀਂ ਤਾਂ ਆਪ ਸਿਆਣੇ ਓ ਚੋਪੜਾ ਸਾਹਿਬ ! ਦਿੱਲੀ ਤਾਂ ਚਾਰੇ ਪਾਸੇ ਫੈਲ ਗਈ ਏ ਤੇ ਇਹ ਇਲਾਕਾ ਹੋਇਆ ਐਨ ਵਿਚਕਾਰ।

ਚੋਪੜਾ : (ਇੱਧਰ-ਉੱਧਰ ਵੇਖਦਾ ਹੋਇਆ ਅਚਾਨਕ ਉੱਠਕੇ ਚੁੜਾਈ ਲੰਬਾਈ ਵੱਲ ਨਜ਼ਰ ਮਾਰਦਾ ਏ) ਵੇਖੋ ਨਾ ਸਰਦਾਰ ਜੀ ! ਇਸ ਕਮਰੇ ਦਾ ਅਰਜ਼ ਅੱਗੋਂ ਵੱਡਾ ਤੇ ਪਿੱਛੋਂ ਛੋਟਾ ਏ ਨਾ? ਮੇਰਾ ਖ਼ਿਆਲ ਏ ਸ਼ੇਰਮੁਖਾ ਮਕਾਨ ਏ। ਮਾਲਕ ਮਕਾਨ ਇੱਥੇ ਹੀ ਮੋਇਆ ਸੀ ਨਾ?

ਸ਼ਰਨ ਸਿੰਘ : ਪਰ ਇਹਨੂੰ ਸ਼ੇਰਮੁਖਾ ਕਹਿੰਦਾ ਕੌਣ ਏ। ਇਹ ਮਕਾਨ ਤਾਂ ਗਊਮੁਖਾ ਏ।

Downloaded from https:// www.studiestoday.com

Downloaded from https:// www.studiestoday.com



ਇਹਦਾ ਅਸਲੀ ਰਸਤਾ ਤਾਂ ਪਿਛਲੇ ਪਾਸੇ ਏ। ਜੇ ਤੁਸੀਂ ਢੇਰ ਈ ਵਹਿਮੀ ਓ ਤਾਂ ਇਹ ਰਸਤਾ ਬੰਦ ਕਰਨਾ ਤੇ ਉੱਧਰਲਾ ਖੋਲ੍ਹ ਲੈਣਾ।

ਚੋਪੜਾ : ਤਾਂ ਇਸ ਮਕਾਨ ਦਾ ਰਸਤਾ ਦੁਪਾਸੜ ਹੈ?

ਸ਼ਰਨ ਸਿੰਘ : ਲੋਕ ਤਾਂ ਸਗੋਂ ਇਹੋ-ਜਿਹਾ ਮਕਾਨ ਲੱਭਦੇ ਨੇ ਜਿਸ ਵਿੱਚ ਦੋ ਪਾਸਿਆਂ ਤੋਂ ਹਵਾ ਤੇ ਧੁੱਪ ਆ ਸਕੇ। ਤੁਸੀਂ ਕਦੇ ਨਵੇਂ ਸਟਾਈਲ ਦੇ ਬਣੇ ਹੋਏ ਮਕਾਨ ਵੇਖੋ, ਘੱਟੋ-ਘੱਟ ਦੋ ਪਾਸੇ ਤੋਂ ਜ਼ਰੂਰੀ ਖ਼ਾਲੀ ਹੋਣਗੇ।

ਚੋਪੜਾ : ਫਿਰ ਵੀ ਮਕਾਨ ਦਾ ਸਹੀ ਰਸਤਾ ਇਹੋ ਸ਼ੁਮਾਰ ਕੀਤਾ ਜਾਏਗਾ ਜੋ ਕਾਫ਼ੀ ਅਰਸੇ ਤੋਂ ਚਾਲੂ ਏ।

ਸ਼ਰਨ ਸਿੰਘ : ਚੋਪੜਾ ਸਾਹਿਬ ਐਵੇਂ ਫ਼ਜ਼ੂਲ ਵਹਿਮਾਂ ਦੇ ਮਗਰ ਨਹੀਂ ਲੱਗੀਦਾ। ਹਰ ਇੱਕ ਗੱਲ ਦੀ ਤਹਿ ਤੱਕ ਪਹੁੰਚਣਾ ਚਾਹੀਦਾ ਏ। ਗਊਮੁਖਾ ਤੇ ਸ਼ੇਰਮੁਖਾ ਤਾਂ ਤੁਸਾਂ ਸੁਣ ਲਿਆ, ਏਨਾ ਵੀ ਪਤਾ ਜੇ ਇਹਦਾ ਮਤਲਬ ਕੀ ਏ?

ਚੋਪੜਾ : ਕੀ ਮਤਲਬ ਏ?

ਸ਼ਰਨ ਸਿੰਘ : ਜੇ ਮਕਾਨ ਗਊਮੁਖਾ ਹੋਵੇ ਤਾਂ ਮੱਥਾ ਛੋਟਾ ਹੁੰਦਾ ਏ। ਇਸ ਤਰ੍ਹਾਂ ਮਕਾਨ ਦਾ ਪਰਦਾ ਬਣਿਆ ਰਹਿੰਦਾ ਏ, ਲੰਘਦੇ ਆਉਂਦੇ ਜਾਂਦੇ ਲੋਕਾਂ ਦੀ ਅੰਦਰ ਬਹੁਤੀ ਝਾਤੀ ਨਹੀਂ ਪੈਂਦੀ। ਦੁਕਾਨ ਸ਼ੇਰਮੁਖੀ ਪਸੰਦ ਕੀਤੀ ਜਾਂਦੀ ਏ ਤਾਂ ਕਿ ਮੱਥਾ ਚੌੜਾ ਹੋਵੇ ਤੇ ਦੁਕਾਨ ਦੀ ਸਜਾਵਟ ਵਧੇ। ਹੋਰ ਵਿੱਚੋਂ ਗੱਲ ਕੀ ਏ। ਸ਼ੇਰਮੁਖਾ ਕਿਤੇ ਮੂੰਹ ਵਿੱਚ ਨਹੀਂ ਪਾ ਲੈਂਦਾ ਤੇ ਗਊਮੁਖੇ ਵਿੱਚੋਂ ਕਿਤੇ ਦੁੱਧ ਦੇ ਚਸ਼ਮੇ ਨਹੀਂ ਫੁੱਟ ਨਿਕਲ਼ਦੇ।

ਚੋਪੜਾ : (ਹੱਸਦਾ ਹੋਇਆ) ਤਾਂ ਹੁਣ ਤੁਹਾਡਾ ਮਤਲਬ ਏ ਸ਼ੇਰਮੁਖੇ ਵੱਲ ਹੱਟੀ ਕਰ ਲਈਏ ਤੇ ਗਊਮੁਖੇ ਵੱਲ ਘਰ ਬਣਾ ਲਈਏ। (ਦੋਵੇਂ ਹੱਸਦੇ ਹਨ।)

ਸ਼ਰਨ ਸਿੰਘ : ਪਰ ਮੈਨੂੰ ਸਮਝ ਨਹੀਂ ਆਉਂਦੀ ਤੁਸਾਂ ਐਡੇ ਲੰਮੇ-ਚੌੜੇ ਵਹਿਮਾਂ ਵਿੱਚ ਪੈ ਕੇ ਲੈਣਾ ਕੀ ਏ। ਅੰਬ ਖਾਣੇ ਜੇ ਕਿ ਪੇੜ ਗਿਣਨੇ ਜੇ? ਤੁਸੀਂ ਮਸਤ ਰਹੋ, ਦੋ ਚਾਰ ਹਜ਼ਾਰ, ਕੁਝ ਘਟ ਈ ਜਾਵੇਗਾ।

ਚੋਪੜਾ : ਅੱਛਾ ਸਰਦਾਰ ਸਾਹਿਬ, ਜਿਵੇਂ ਤੁਹਾਡੀ ਮਰਜ਼ੀ।

ਸ਼ਰਨ ਸਿੰਘ : ਫੇਰ ਸੰਤਾਲ਼ੀ ਹਜ਼ਾਰ ਤੇ ਮੁਕਾ ਦਿਆਂ?

ਚੋਪੜਾ : ਨਹੀਂ ਛਿਆਲ਼ੀ ਹਜ਼ਾਰ ਤੋਂ ਵੱਧ ਨਹੀਂ।

ਸ਼ਰਨ ਸਿੰਘ : ਬਈ ਵਾਹ, ਪੈਂਚਾ ਦਾ ਕਹਿਣਾ ਸਿਰ ਮੱਥੇ 'ਤੇ, ਪਰਨਾਲ਼ਾ ਉੱਥੇ ਦਾ ਉੱਥੇ।....... ਕੁਛ ਵਧਣਾ ਪਏਗਾ, ਐਵੇਂ ਕੰਮ ਨਹੀਂ ਬਣਨਾ। ਸਾਢੇ ਛਿਆਲ਼ੀ ਕਹਿ ਦਿਆਂ? ਫੇਰ ਉਹ ਜਾਣੇ ਤੇ ਉਹਦਾ ਕੰਮ।

ਚੋਪੜਾ : ਫੇਰ ਮੈਂ ਸਾਢੇ ਛਿਆਲ਼ੀ ਤੋਂ ਇੱਕ ਪੈਸਾ ਵੱਧ ਨਹੀਂ ਜੇ ਦੇਣਾ।

ਸ਼ਰਨ ਸਿੰਘ : ਤੁਸੀਂ ਚਿੰਤਾ ਨਾ ਕਰੋ ਤੇ ਹੁਣ ਰੁਪਿਆਂ ਦੀ ਝਲਕਾਰ ਦੱਸੋ। (ਉੱਚੀ)

Downloaded from https:// www.studiestoday.com

Downloaded from https:// www.studiestoday.com



ਸੁਦਰਸ਼ਨ ..... ਸੁਦਰਸ਼ਨ..... ਭੈਣ ਜੀ ਨੂੰ ਬਾਹਰ ਭੇਜੀਂ।
(ਦੋਵੇਂ ਆਉਂਦੇ ਹਨ)

ਕਿਸ਼ਨ ਦੇਈ: ਦੱਸ ਭਰਾਵਾ ਕੀ ਗੱਲ ਏ?

ਸ਼ਰਨ ਸਿੰਘ : ਬੈਠੋ ਭੈਣ ਜੀ, ਤੁਹਾਨੂੰ ਬਿਆਨਾ ਦੁਆ ਦਿਆਂ। ਚੋਪੜਾ ਸਾਹਿਬ ਕੱਢੋ ਸੌ ਰੁਪਏ ਦਾ ਨੋਟ।

ਚੋਪੜਾ : (ਬਟੂਆ ਕੱਢ ਕੇ ਨੋਟ ਦੇਂਦਾ ਹੈ) ਲਉ ਜੀ ਸਰਦਾਰ ਸਾਹਿਬ।

ਸ਼ਰਨ ਸਿੰਘ : (ਰੁਪਏ ਦੇਂਦਾ ਹੋਇਆ) ਲਓ ਭੈਣ ਜੀ ਇੱਕ ਸੌ ਰੁਪਿਆ ਤੇ ਸਾਢੇ ਛਿਆਲ਼ੀ ਹਜ਼ਾਰ ਤੇ ਗੱਲ ਪੱਕੀ ਹੋ ਗਈ।

ਕਿਸ਼ਨ ਦੇਈ: (ਨੋਟ ਪਰੇ ਧੱਕਦੀ ਹੋਈ) ਨਾ, ਨਾ, ਨਾ। ਭਰਾਵਾ ਮੈਂ ਤਾਂ ਤੈਨੂੰ ਪਹਿਲਾਂ ਈ ਕਹਿ ਚੁੱਕੀ ਆਂ, ਮੈਂ ਸੰਤਾਲ਼ੀ ਹਜ਼ਾਰ ਤੋਂ ਇੱਕ ਕੌਡੀ ਘੱਟ ਲੈਣ ਨੂੰ ਤਿਆਰ ਨਹੀਂ।

ਸ਼ਰਨ ਸਿੰਘ : ਭੈਣ ਜੀ, ਤੁਸੀਂ ਰੁਪਏ ਤਾਂ ਫੜੋ।

ਕਿਸ਼ਨ ਦੇਈ: ਨਹੀਂ ਭਰਾਵਾ, ਮੈਂ ਨਹੀਂ ਘੱਟ ਲੈਣਾ।

ਸ਼ਰਨ ਸਿੰਘ : ਭੈਣ ਜੀ ਦੇਖੋ, ਰੁਪਏ ਘਰ ਆਏ ਨਹੀਂ ਮੋੜੀਦੇ, ਲੱਛਮੀ ਜੇ ਲੱਛਮੀ। ਪੰਜ ਸੌ ਰੁਪਏ ਦੀ ਗੱਲ ਕੀ ਏ। ਸੋਚ ਲਓ।

ਕਿਸ਼ਨ ਦੇਈ: ਕਿਉਂ ਸੁਦਰਸ਼ਨ ਕੀ ਸਲਾਹ ਏ?

ਸ਼ਰਨ ਸਿੰਘ : ਉਹਨੇ ਵਿਚਾਰੇ ਨੇ ਕੀ ਆਖਣੈ। ਅੱਜ ਸ਼ਾਮੀਂ ਚੱਲ ਕੇ ਵਸੀਕਾ ਨਵੀਸ ਦੀ ਹੱਟੀ ਔੜਾ ਲਿਖ ਲਓ ਤੇ ਪੂਰਾ ਬਿਆਨਾ ਲੈ ਲਓ।

ਚੋਪੜਾ : ਹਾਂ, ਹਾਂ, ਜਿਸ ਵਕਤ ਮਰਜ਼ੀ ਹੋਵੇ ਲਿਖ-ਲਿਖਾ ਕਰ ਲਓ?

ਸ਼ਰਨ ਸਿੰਘ : ਔਰ ਚੋਪੜਾ ਸਾਹਿਬ, ਮੈਂ ਕਿਹਾ ਮੇਰੇ 'ਤੇ ਵੀ ਮਿਹਰਬਾਨੀ ਕਰਨੀ। ਅੱਧੀ ਦਲਾਲੀ ਮੈਨੂੰ ਹੁਣੇ ਦੇ ਦੇਣੀ। ਘਰ ਰਸਦ-ਪਾਣੀ ਮੁੱਕਾ ਹੋਇਆ ਸੀ, ਮੈਂ ਕਿਹਾ ਚੋਪੜਾ ਸਾਹਿਬ ਦਾ ਕੰਮ ਸਿਰੇ ਚੜ੍ਹਾ ਦਿਆਂ ਤਾਂ ਹੀ ਠੀਕ ਏ।

ਕਿਸ਼ਨ ਦੇਈ: ਤੂੰ ਵੀ ਭਰਾਵਾ, ਡਾਢਾ ਨਿਕਲ਼ਿਐਂ। ਤੇਰਾ ਤਾਂ ਉਹ ਹਾਲ ਏ ਅਖੇ ਫਿਰ ਨੀ ਬੇਬੇ ਫਿਰ, ਲੋਹੇ ਦੀਆਂ ਲੱਤਾਂ ਤੇ ਕਾਠ ਦਾ ਸਿਰ। ਫੇਰੇ ਮਾਰ-ਮਾਰ ਕੇ, ਗੱਲਾਂ ਕਰ-ਕਰ ਕੇ, ਆਖ਼ਰ ਮੇਰਾ ਮਕਾਨ ਵੇਚ ਕੇ ਛੱਡਿਆ ਈ।

ਸ਼ਰਨ ਸਿੰਘ : ਇਹ ਤਾਂ ਭੈਣ ਜੀ, ਸਾਡਾ ਰੋਜ਼ ਦਾ ਕੰਮ ਹੋਇਆ। ਕਹਿੰਦੇ ਨੇ ਹਕੂਮਤ ਗਰਮੀ ਦੀ, ਹੱਟੀ ਨਰਮੀ ਦੀ ਤੇ ਦਲਾਲੀ ਬੇਸ਼ਰਮੀ ਦੀ।

(ਸਾਰੇ ਹੱਸਦੇ ਨੇ।)

(ਪਰਦਾ)

Downloaded from https:// www.studiestoday.com

Downloaded from https:// www.studiestoday.com



**ਸ਼ਬਦ-ਅਰਥ :**

**ਦਲਾਲੀ** - ਹਿੱਸਾ-ਪੱਤੀ, ਕਮਿਸ਼ਨ, ਵਿਚੋਲਗਿਰੀ। **ਤਲਕਾਤ** - ਸੰਬੰਧ। **ਸਰਵਨ** - ਸਾਊ, ਸ਼ਰੀਫ਼ (ਮਿਥਿਹਾਸਿਕ ਪਾਤਰ)। **ਨਹਿਸ਼** - ਮੰਦਭਾਗਾ, ਅਸ਼ੁੱਭ, ਮਨਹੂਸ। **ਡਿਓਢੀ** -ਛੱਡਿਆ ਲਾਂਘਾ। **ਗਾਰਡੀਅਨ-** ਵਾਰਸ, ਸਰਪਰਸਤ, ਰਖਵਾਲਾ। **ਪ੍ਰਾਪਰਟੀ** - ਜਾਇਦਾਦ, ਮਲਕੀਅਤ, ਮਿਲਖ।

## ਪਾਠ-ਅਭਿਆਸ

1. ਹੇਠ ਲਿਖੀਆਂ ਵਾਰਤਾਲਾਪਾਂ ਨੂੰ ਧਿਆਨ ਨਾਲ਼ ਪੜ੍ਹੋ ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ :

ੳ. ''ਭਰਾਵਾ, ਮੈਂ ਇਹ ਮਕਾਨ ਬੜੀ ਰੀਝ ਨਾਲ਼ ਬਣਵਾਇਐ। ਆਪ ਸਾਹਮਣੇ ਖਲੋ ਕੇ ਮਨ ਮਰਜ਼ੀ ਦੇ ਫ਼ਰਸ਼ ਬਣਵਾਏ ਸਨ। ਸੁਦਰਸ਼ਨ ਦੇ ਬਾਊ ਜੀ ਨੂੰ ਘਰ ਦੀ ਸ਼ਾਨ ਬਣਾਉਣ ਦਾ ਬੜਾ ਸ਼ੌਕ ਹੁੰਦਾ ਸੀ।''

1. ਕਿਸ਼ਨ ਦੇਈ ਨੇ ਆਪਣਾ ਮਕਾਨ ਕਿਵੇਂ ਤਿਆਰ ਕਰਵਾਇਆ ਸੀ?
2. ਇਹ ਸ਼ਬਦ ਕਿਸ ਨੇ, ਕਿਸ ਨੂੰ ਅਤੇ ਕਿਉਂ ਕਹੇ?
3. ਸੁਦਰਸ਼ਨ ਦੇ ਬਾਊ ਜੀ ਦਾ ਕੀ ਸ਼ੌਕ ਸੀ?

ਅ. ''ਲੋਕ ਤਾਂ ਸਗੋਂ ਇਹੋ-ਜਿਹਾ ਮਕਾਨ ਲੱਭਦੇ ਨੇ ਜਿਸ ਵਿੱਚ ਦੋ ਪਾਸਿਆਂ ਤੋਂ ਹਵਾ ਤੇ ਧੁੱਪ ਆ ਸਕੇ। ਤੁਸੀਂ ਕਦੇ ਨਵੇਂ ਸਟਾਈਲ ਦੇ ਬਣੇ ਹੋਏ ਮਕਾਨ ਵੇਖੋ, ਘੱਟੋ ਘੱਟ ਦੋ ਪਾਸੇ ਤੋਂ ਜ਼ਰੂਰੀ ਖ਼ਾਲੀ ਹੋਣਗੇ।''

1. ਸ਼ਰਨ ਸਿੰਘ ਦੇ ਚੋਪੜਾ ਸਾਹਿਬ ਨੂੰ ਕਹੇ ਇਹਨਾਂ ਸ਼ਬਦਾਂ ਤੋਂ ਕੀ ਭਾਵ ਹੈ?
2. ਇਹ ਸ਼ਬਦ ਕਿਸ ਨੇ, ਕਿਸ ਨੂੰ ਕਹੇ?
3. ਲੋਕ ਕਿਹੋ-ਜਿਹੇ ਘਰ ਪਸੰਦ ਕਰਦੇ ਹਨ?

ੲ. ''ਤਾਂ ਹੁਣ ਤੁਹਾਡਾ ਮਤਲਬ ਏ ਸ਼ੇਰਮੁਖੇ ਵੱਲ ਹੱਟੀ ਕਰ ਲਈਏ ਤੇ ਗਊਮੁਖੇ ਵੱਲ ਘਰ ਬਣਾ ਲਈਏ।''

1. ਇਹ ਸ਼ਬਦ ਕੌਣ, ਕਿਸ ਨੂੰ ਕਹਿੰਦਾ ਹੈ।
2. ਗਊਮੁਖੇ ਤੇ ਸ਼ੇਰਮੁਖੇ ਤੋਂ ਕੀ ਭਾਵ ਹੈ?
3. ਇਸ ਵਾਰਤਾਲਾਪ ਵਿੱਚ ਹੱਟੀ ਅਤੇ ਘਰ ਕਿਸ ਪਾਸੇ ਬਣਾਉਣ ਦਾ ਜ਼ਿਕਰ ਹੈ?

ਸ. ਹੇਠ ਲਿਖੇ ਪਾਤਰਾਂ ਦਾ ਪਾਤਰ-ਚਿਤਰਨ ਕਰੋ।

1. ਕਿਸ਼ਨ ਦੇਈ
2. ਸ਼ਰਨ ਸਿੰਘ
3. ਚੋਪੜਾ ਸਾਹਿਬ
4. ਸੁਦਰਸ਼ਨ

******

Downloaded from https:// www.studiestoday.com

Downloaded from https:// www.studiestoday.com



## ਡਾ. ਸਤੀਸ਼ ਵਰਮਾ
(1955)

**ਲੇਖਕ ਬਾਰੇ :**

ਸਤੀਸ਼ ਕੁਮਾਰ ਵਰਮਾ ਦਾ ਜਨਮ 4 ਸਤੰਬਰ, 1955 ਈ: ਨੂੰ ਪਿੰਡ ਸਨੌਰ, ਜ਼ਿਲ੍ਹਾ ਪਟਿਆਲਾ ਮਾਤਾ ਸ੍ਰੀਮਤੀ ਦਵਾਰਕੀ ਦੇਵੀ ਤੇ ਪਿਤਾ ਸ੍ਰੀ ਸ਼ਾਮ ਲਾਲ ਦੇ ਘਰ ਹੋਇਆ। ਆਪ ਨੇ ਐੱਮ. ਏ. (ਪੰਜਾਬੀ) ਪੀ-ਐਚ. ਡੀ. ਕੀਤੀ। ਅਰੰਭ ਵਿੱਚ ਲੈਕਚਰਾਰ ਵਜੋਂ ਡੀ. ਏ. ਵੀ. ਕਾਲਜ ਨਨਿਔਲਾ (ਜ਼ਿਲ੍ਹਾ ਅੰਬਾਲਾ) ਤੇ ਪੰਜਾਬ ਪਬਲਿਕ ਸਕੂਲ, ਨਾਭਾ ਵਿਖੇ ਸੇਵਾਵਾਂ ਨਿਭਾਈਆਂ। ਇਸ ਵੇਲ਼ੇ ਆਪ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਪੰਜਾਬੀ ਵਿਭਾਗ ਵਿੱਚ ਪ੍ਰੋਫ਼ੈਸਰ ਵਜੋਂ ਕੰਮ ਕਰ ਰਹੇ ਹਨ।

ਡਾ. ਸਤੀਸ਼ ਵਰਮਾ ਪੰਜਾਬੀ ਦੇ ਜਾਣੇ-ਪਛਾਣੇ ਨਾਟਕਕਾਰ, ਰੰਗ-ਕਰਮੀ ਅਤੇ ਸਮੀਖਿਅਕ ਹਨ। ਨਾਟ-ਕਲਾ ਨਾਲ਼ ਸੰਬੰਧਿਤ ਆਪ ਦੀਆਂ ਰਚਨਾਵਾਂ 'ਦਾਇਰੇ', 'ਬਰੈਖ਼ਤ' ਤੇ 'ਪੰਜਾਬੀ ਨਾਟਕ', 'ਪੰਜਾਬੀ ਨਾਟ ਚਿੰਤਨ', 'ਨਾਟਕਕਾਰਾਂ ਨਾਲ਼ ਸੰਵਾਦ', (ਮੁਲਾਕਾਤਾਂ), 'ਰੰਗ-ਕਰਮੀਆਂ ਨਾਲ਼ ਸੰਵਾਦ (ਮੁਲਾਕਾਤਾਂ) ਆਦਿ ਚਰਚਿਤ ਹਨ। ਪੰਜਾਬੀ ਖੋਜ ਤੇ ਅਧਿਆਪਨ ਵਿੱਚ 'ਨਾਟਕ ਦਾ ਰੰਗਮੰਚੀ ਅਧਿਐਨ' ਨਾਂ ਦੀ ਆਲੋਚਨਾ-ਵਿਧੀ ਦਾ ਵੀ ਪ੍ਰਚਲਨ ਕੀਤਾ। ਡਾ. ਵਰਮਾ ਨੇ ਦੇਸ ਤੋਂ ਇਲਾਵਾ ਵਿਦੇਸ਼ਾਂ ਵਿੱਚ ਵੀ ਥਿਏਟਰ ਕੀਤਾ।

'ਦਾਇਰੇ' ਨਾਟਕ ਨੂੰ ਸਾਹਿਤ ਕਲਾ ਪ੍ਰੀਸ਼ਦ ਦਾ ਕੌਮੀ ਪੱਧਰ ਦਾ ਐਵਾਰਡ ਵੀ ਮਿਲ਼ ਚੁੱਕਾ ਹੈ। ਸੰਪਾਦਨਾ ਤੇ ਅਨੁਵਾਦ ਦੇ ਖੇਤਰ ਵਿੱਚ ਡਾ. ਵਰਮਾ ਨੇ ਕਾਫ਼ੀ ਕੰਮ ਕੀਤਾ ਹੈ। ਅੱਜ-ਕੱਲ੍ਹ 'ਹੰਡਰਡ ਈਅਰਜ਼ ਆਫ਼ ਪੰਜਾਬੀ ਡਰਾਮਾ ਐਂਡ ਥਿਏਟਰ' ਪ੍ਰੋਜੈਕਟ 'ਤੇ ਕੰਮ ਕਰ ਰਹੇ ਹਨ। ਪੰਜਾਬੀ ਅਕਾਦਮੀ, ਦਿੱਲੀ ਵੱਲੋਂ ਬੈੱਸਟ ਡਾਇਰੈਕਟਰ ਵਜੋਂ ਵੀ ਸਨਮਾਨੇ ਗਏ ਹਨ।

ਹਥਲੀ ਪਾਠ-ਪੁਸਤਕ ਵਿੱਚ ਉਹਨਾਂ ਦਾ ਇਕਾਂਗੀ 'ਪਰਤ ਆਉਣ ਤੱਕ' ਸ਼ਾਮਲ ਕੀਤਾ ਗਿਆ ਹੈ।

**ਇਕਾਂਗੀ ਬਾਰੇ :**

ਇਕਾਂਗੀ ਦੇ ਸ਼ੁਰੂ ਵਿੱਚ ਲੇਖਕ ਨੇ ਦੋ ਮਰਾਸੀਆਂ (ਭੰਡਾਂ) ਅਤੇ ਲੋਕ-ਸੰਪਰਕ ਵਿਭਾਗ ਦੇ ਕਰਮਚਾਰੀਆਂ ਵਿੱਚ ਵਾਰਤਾਲਾਪ ਕਰਵਾਈ ਹੈ। ਸੰਤੀ ਅਤੇ ਕਰਤਾਰੀ ਦੀ ਵਾਰਤਾਲਾਪ ਟੁੱਟ ਰਹੇ ਪੁਰਾਤਨ ਸੰਸਕਾਰਾਂ ਨੂੰ ਪੇਸ਼ ਕਰਦੀ ਹੈ। ਸੱਜਣ ਅਤੇ ਸੁੰਦਰ ਦੋਵੇਂ ਸਕੇ ਭਰਾ ਬੇਵੱਸ ਪਾਤਰਾਂ ਵਜੋਂ ਦਿਖਾਏ ਗਏ ਹਨ। ਉਹ ਦੋਵੇਂ ਆਪਣੀਆਂ ਪਤਨੀਆਂ ਨੂੰ ਸਮਝਾ ਕੇ ਆਪਸੀ ਪਰਿਵਾਰਿਕ ਸਾਂਝ ਅਤੇ ਘਰ ਨੂੰ ਇਕੱਠਾ ਕਰਨ ਦੀ ਕੋਸ਼ਸ਼ ਕਰਦੇ ਹਨ

Downloaded from https:// www.studiestoday.com

Downloaded from https:// www.studiestoday.com



ਪਰ ਸੰਤੀ ਤੇ ਕਰਤਾਰੀ ਆਪਣੇ-ਆਪਣੇ ਘਰ ਵਾਲ਼ਿਆਂ ਨੂੰ ਵੱਖ-ਵੱਖ ਹੋਣ ਲਈ ਚੱਕ-ਥੱਲ ਕਰਦੀਆਂ ਹਨ।

ਜਿੰਦਾ ਤੇ ਦੀਪਾ ਸੰਤੀ ਤੇ ਕਰਤਾਰੀ ਦੇ ਜਵਾਨ ਪੁੱਤਰ ਹਨ। ਉਹ ਦੋਵੇਂ ਕਾਲਜ ਵਿੱਚ ਪੜ੍ਹ ਰਹੇ ਹਨ। ਘਰ ਦੇ ਕਲ਼ੇਸ-ਭਰੇ ਮਾਹੌਲ ਤੋਂ ਦੁਖੀ ਹਨ। ਮਾਂਵਾਂ ਦੀ ਗ਼ੈਰਹਾਜ਼ਰੀ ਵਿੱਚ ਦੋਵੇਂ ਭਰਾ ਦਾਦੇ ਕੋਲ਼ ਬੈਠ ਕੇ ਚਾਹ ਪੀਂਦੇ ਹਨ ਅਤੇ ਆਪਣੀਆਂ ਮਾਂਵਾਂ ਦੇ ਸੁਭਾਅ 'ਤੇ ਖੁੱਲ੍ਹ ਕੇ ਟਕੋਰਾਂ ਕਰਦੇ ਹਨ। ਬਜ਼ੁਰਗ ਨੂੰਹਾਂ ਦੀ ਨਿੱਤ ਦੀ ਲੜਾਈ ਤੋਂ ਤੰਗ ਰਹਿੰਦਾ ਹੈ। ਦੋਵੇਂ ਪੋਤੇ ਦਾਦੇ ਦੀ ਮਾਨਸਿਕ ਪੀੜਾ ਤੋਂ ਭਲੀ-ਭਾਂਤ ਜਾਣੂ ਹਨ। ਦਾਦੇ ਦੇ ਬਿਮਾਰ ਪੈਣ 'ਤੇ ਜਿੰਦਾ ਤੇ ਦੀਪਾ ਸੁੰਦਰ ਤੇ ਸੱਜਣ ਨੂੰ ਕਹਿੰਦੇ ਹਨ ਕਿ ਬਾਪੂ (ਦਾਦੇ ਨੂੰ) ਨੇ ਹਾਲੇ ਤੱਕ ਇਸ ਘਰ ਦੇ ਦੋ ਟੋਟੇ ਨਹੀਂ ਮੰਨੇ।

ਅੰਤ ਦੋਂਹਾਂ ਨੌਜਵਾਨਾਂ ਦੀ ਕੋਸ਼ਸ਼ ਨਾਲ਼ ਟੁੱਟੇ ਹੋਏ ਦੋ ਪਰਿਵਾਰ ਮੁੜ ਇਕੱਠੇ ਹੋ ਜਾਂਦੇ ਹਨ।

******

Downloaded from https:// www.studiestoday.com

Downloaded from https:// www.studiestoday.com

# ਪਰਤ ਆਉਣ ਤੱਕ

**ਪਾਤਰ :** *ਡਾ. ਸਤੀਸ਼ ਵਰਮਾ*

| | | |
|---|---|---|
| ਦੋ ਮਰਾਸੀ | : | (ਇਹੀ ਬਾਅਦ ਵਿੱਚ ਸੱਜਣ ਅਤੇ ਸੁੰਦਰ ਦੇ ਮੁੰਡੇ ਬਣਦੇ ਹਨ) |
| ਸੱਜਣ | : | ਵੱਡਾ ਭਰਾ |
| ਸੁੰਦਰ | : | ਛੋਟਾ ਭਰਾ |
| ਕਰਤਾਰੀ | : | ਵੱਡੇ ਭਰਾ ਦੀ ਘਰਵਾਲ਼ੀ |
| ਸੰਤੀ | : | ਛੋਟੇ ਭਰਾ ਦੀ ਘਰਵਾਲ਼ੀ |
| ਗੁਰਦੀਪ (ਦੀਪਾ) | : | ਸੱਜਣ ਦਾ ਮੁੰਡਾ(ਦੋਵੇਂ ਹਾਣੀ ਅਤੇ ਕਾਲਜੀਏਟ) |
| ਰਾਜਿੰਦਰ (ਜਿੰਦਾ) | : | ਸੁੰਦਰ ਦਾ ਮੁੰਡਾ |
| ਬਜ਼ੁਰਗ (ਪੰਜਾਬਾ) | : | ਸੱਜਣ ਅਤੇ ਸੁੰਦਰ ਦਾ ਪਿਤਾ |
| ਸਮਾਂ | : | ਅੱਜ-ਕੱਲ੍ਹ |
| ਸਥਾਨ | : | ਪੰਜਾਬ ਦਾ ਕੋਈ ਪਿੰਡ |

## ਦ੍ਰਿਸ਼ ਪਹਿਲਾ

### ਫ਼ੇਡ ਇਨ

[ਪਿੰਡ ਵਿੱਚ ਸਟੇਜ ਲੱਗੀ ਹੋਈ ਹੈ। ਪਰਦਾ ਹੋਇਆ ਹੋਇਆ ਹੈ। ਪੰਡਾਲ ਵਿੱਚ ਖਚਾਖਚ ਭੀੜ ਹੈ। ਸਪਸ਼ਟ ਹੈ ਕਿ ਪਿੰਡ ਦੇ ਲੋਕੀਂ ਕੋਈ ਸਮਾਗਮ ਵੇਖਣ ਆਏ ਹੋਏ ਹਨ। ਪੰਡਾਲ ਸਜਿਆ ਹੋਇਆ ਹੈ। ਅਚਾਨਕ ਦੋ ਮਰਾਸੀ ਇੱਕ ਕੋਨੇ ਤੋਂ ਮੰਚ ਉੱਤੇ ਆ ਚੜ੍ਹਦੇ ਹਨ। ਉਹਨਾਂ ਦੇ ਪ੍ਰੰਪਰਿਕ ਮਰਾਸੀਆਂ ਵਾਲ਼ੇ ਕੱਪੜੇ ਪਾਏ ਹੋਏ ਹਨ। ਇੱਕ ਦੇ ਹੱਥ ਵਿੱਚ ਚਮੋਟਾ ਹੈ। ਦੂਜੇ ਦਾ ਹੱਥ ਵਾਰ-ਵਾਰ ਸਿਰ 'ਤੇ ਬੱਧੇ ਪਰਨੇ ਨੂੰ ਪੈਂਦਾ ਹੈ। ਮੰਚ ਤੇ ਚੜ੍ਹਦਿਆਂ-ਚੜ੍ਹਦਿਆਂ ਹੀ ਬੋਲਦੇ ਆਉਂਦੇ ਹਨ।]

| | | |
|---|---|---|
| ਦੋਵੇਂ | : | ਭਾਗ ਲੱਗੇ ਰਹਿਣ, ਵੇਲ ਵਧਦੀ ਰਹੇ, ਰੌਣਕਾਂ ਲੱਗੀਆਂ ਰਹਿਣ, ਸਾਡੇ ਜਜਮਾਨਾਂ ਦੇ ਵਿਹੜੇ ਭਰਦੇ ਰਹਿਣ! ਘਰ ਵੱਸਦੇ ਰਹਿਣ। |
| ਪਹਿਲਾ | : | ਜੀ ਬਚਦੇ ਰਹਿਣ। |
| ਦੂਜਾ | : | ਦੁਰ-ਫਿੱਟੇ ਮੂੰਹ ਤੇਰਾ ਓ! ਜੀਅ ਬਚਦੇ ਰਹਿਣ ਕੀ ਆਖਿਆ ਈ? ਮਰੇਂ, ਪਲੇਗ ਪਈ ਹੋਈ ਏ ਕਿ ਹੈਜ਼ਾ ਫੈਲਿਆ ਹੋਇਐ? |
| ਪਹਿਲਾ | : | ਨਹੀਓਂ, ਪਲੇਗ ਹੈਜ਼ਾ ਤੇ ਅੱਜ-ਕੱਲ੍ਹ ਨਹੀਂਓ ਪੈਂਦੇ, ਸਰਕਾਰ ਨੇ ਰੋਕਾਂ ਲਾ ਛੱਡੀਆਂ। ਇਉਂ ਚੱਲਣ ਲੱਗ ਪੈਂਦਾ ਹੈ ਜਿਵੇਂ ਮੋਟਰ-ਸਾਈਕਲ 'ਤੇ ਬੈਠਾ ਹੋਵੇ। ਦੋਵੇਂ ਮੰਚ 'ਤੇ ਗੇੜੇ ਕੱਢਦੇ |



Downloaded from https:// www.studiestoday.com

Downloaded from https:// www.studiestoday.com



ਹਨ। ਅਚਾਨਕ ਮੰਚ ਦੇ ਖੱਬੇ ਪਾਸਿਓਂ ਦੋ ਬੰਦੇ ਆਉਂਦੇ ਹਨ। ਦੋਹਾਂ ਦੇ ਕੱਪੜੇ ਸ਼ਹਿਰੀਆਂ ਵਾਲ਼ੇ ਹਨ ਪਰ ਚਿਹਰੇ ਤੇ ਮੇਕ-ਅਪ ਹੋਇਆ ਹੋਇਆ ਹੈ। ਸਪਸ਼ਟ ਲੱਗਦਾ ਹੈ ਜਿਵੇਂ ਡਰਾਮੇ ਦੇ ਕਲਾਕਾਰ ਹੋਣ ਅਤੇ ਅਜੇ ਪਾਤਰਾਂ ਦੇ ਕਾਸਟਿਊਮਜ਼ ਨਹੀਂ ਪਾਏ। ਸਿੱਧਾ ਗਰੀਨ-ਰੂਮ ਵਿੱਚੋਂ ਆਏ ਲੱਗਦੇ ਹਨ।]

ਦੋਵੇਂ : (ਆਉਣ ਸਾਰ) ਓਏ ! ਇਹ ਤੁਸੀਂ ਕੀ ਕਰਦੇ ਪਏ ਓ!

ਦੋਵੇਂ ਮਰਾਸੀ : (ਇੱਕਦਮ ਰੁਕ ਕੇ) ਜੀ, ਜੀ...ਅਸੀਂ।

ਪਹਿਲਾ ਕਲਾਕਾਰ : ਓ ਜੀ, ਜੀ ਦੇ ਲੱਗਦੇ। ਉਏ ਹੋ ਕੌਣ ਤੁਸੀਂ ਬਿਨਾਂ ਕਿਸੇ ਦੀ ਇਜਾਜ਼ਤ ਦੇ ਸਟੇਜ 'ਤੇ ਚੜ੍ਹ ਆਏ ?

ਪਹਿਲਾ ਮਰਾਸੀ : ਜੀ ਅਸੀਂ ਮੀਰਜ਼ਾਦੇ ਹੁੰਨੇ ਆਂ ਜੀ। ਅਸੀਂ ਵੀ ਕਿਸੇ ਦੇ ਸਾਹਬਜ਼ਾਦੇ ਹੁੰਨੇ ਆਂ।

ਦੂਜਾ ਕਲਾਕਾਰ : ਅੱਛਾ !

ਦੂਜਾ ਮਰਾਸੀ : ਓ ਜੀ, ਏਹਦੀ ਗੱਲ ਦਾ ਗੁੱਸਾ ਨਾ ਕਰਿਓ (ਪਹਿਲੇ ਦੇ ਚਮੋਟਾ ਮਾਰ ਕੇ) - ਪਰ੍ਹਾਂ ਹੋ ਜ਼ਰਾ ਸਾਹਬ ਬਹਾਦਰ ਨਾਲ਼ ਮੈਨੂੰ ਗੱਲ ਕਰਨ ਦੇ।

ਪਹਿਲਾ ਕਲਾਕਾਰ : ਹਾਂ, ਹਾਂ। ਦੱਸ ਤੂੰ।

ਦੂਜਾ ਮਰਾਸੀ : ਓ ਜੀ, ਅਸੀਂ ਤੁਰਦੇ-ਫਿਰਦੇ ਆਏ। ਪੰਡਾਲ ਸਜਿਆ ਸੀ। ਜਜਮਾਨ ਬੈਠੇ ਸਨ। ਮਾਗ੍ਰਾਜ.....ਤੇ ਆਹ ਚਬੂਤਰਾ ਛੜਿਆਂ ਦੇ ਵਿਹੜੇ ਆਂਗੂੰ ਖ਼ਾਲੀ ਚਮਕ ਰਿਹਾ ਸੀ। ਅਹੀਂ ਸੋਚਿਆ ਚਲੋ ਦੋ ਘੜੀ ਜਜਮਾਨਾਂ ਲਈ ਰੌਣਕਾਂ ਲਾਈਏ।

ਪਹਿਲਾ ਮਰਾਸੀ : ਤੇ ਰੁਪਈਆ-ਧੇਲੀ ਹੱਥ ਧਰਾਈਏ।

ਦੂਜਾ ਕਲਾਕਾਰ : ਅੱਛਾ, ਅੱਛਾ! ਫੇਰ ਤੇ ਤੁਸੀਂ ਸਾਡੇ ਕਲਾਕਾਰ ਭਰਾ ਹੋਏ।

ਦੂਜਾ ਮਰਾਸੀ : ਹੈਂ ਜੀ, ਕੀ ਆਖਿਆ, ਤੁਸੀਂ ਸਾਡੇ ਭਰਾ ਜੇ। ਬੱਲੇ-ਬੱਲੇ, ਰੌਣਕਾਂ ਲੱਗੀਆਂ ਰਹਿਣ, ਉਏ ਢੱਕਣਾ। ਆਹ ਵੇਖ ਓਏ......ਆਪਣੇ ਖ਼ਾਨਦਾਨੀ.......ਬਾਊ ਬਣੇ ਹੋਏ.........ਆਹ ਪੈਂਟਾਂ ਵੇਖ......(ਪਹਿਲੇ ਦੀ ਪੈਂਟ ਨੂੰ ਹੱਥ ਲਾ ਕੇ ਪਲ਼ੋਸਦਾ ਹੋਇਆ) ਆਹ.......ਲਿਸ਼ਕਣ ਪੁਸ਼ਕਣ......ਵੇਖ ਖਾਂ।

ਦੋਵੇਂ : (ਛਿੱਥੇ ਜਿਹੇ ਪੈ ਕੇ) ਓ ਸਾਡਾ ਮਤਲਬ ਇਹ ਨੀ!

ਦੂਜਾ ਮਰਾਸੀ : ਓ ਕੋਈ ਮਤਲਬ ਹੋਵੇ ! ਓ ਲੋਕੋ ! ਵੇਖੋ ਓਏ, ਅਸੀਂ ਵੀ

Downloaded from https:// www.studiestoday.com

Downloaded from https:// www.studiestoday.com



ਤਰੱਕੀ ਕਰ ਲਈ ਜੇ।

ਪਹਿਲਾ ਕਲਾਕਾਰ : (ਡਾਂਟ ਦੇ ਲਹਿਜੇ ਨਾਲ਼) ਓਏ ਬੰਦੇ ਬਣ ਕੇ ਗੱਲ ਸੁਣਦੇ ਓ ਕਿ ਨਹੀਂ?

[ਦੋਵੇਂ ਮਰਾਸੀ ਛਹਿ ਕੇ ਬਹਿ ਜਾਂਦੇ ਹਨ]

ਦੂਜਾ ਕਲਾਕਾਰ : (ਨਰਮੀ ਤੇ ਪਿਆਰ ਨਾਲ਼ ਉਹਨਾਂ ਨੂੰ ਉਠਾ ਕੇ) ਓ ਬਈ ਸਾਡਾ ਮਤਲਬ ਐ ਕਿ ਅਸੀਂ ਕਲਾਕਾਰ ਆਂ। ਪੰਜਾਬ ਸਰਕਾਰ ਦੇ 'ਲੋਕ ਸੰਪਰਕ ਵਿਭਾਗ' ਦੇ ਕਲਾਕਾਰ। ਸਾਡਾ ਕੰਮ ਵੀ ਕਾਫ਼ੀ ਹੱਦ ਤੱਕ ਤੁਹਾਡੇ ਵਰਗਾ ਈ ਐ।

ਪਹਿਲਾ ਮਰਾਸੀ : (ਰੋਣ ਦੀ ਅਵਾਜ਼) ਓ, ਮਰ ਗਏ ਓ, ਲੋਕੋ ! ਆਹ ਸਰਕਾਰ ਦੀ ਹੁਣ ਆਹ ਕਸਰ ਬਾਕੀ ਸੀ। ਸਾਡੀ ਗਰੀਬਾਂ ਦੀ ਰੋਟੀ ਖੋਹ ਲਈ ਓਏ (ਹੋਰ ਰੋਂਦੀ ਅਵਾਜ਼ 'ਚ) ਓਏ ਆਹ ਸਾਡਾ ਕੰਮ ਵੀ ਅਫ਼ਸਰਾਂ ਨੂੰ ਦੇ ਦਿੱਤਾ ਓਏ! (ਦੂਜੇ ਨੂੰ ਲੈ ਕੇ ਇੱਕ ਖੂੰਜੇ ਬਹਿ ਜਾਂਦਾ ਹੈ)

ਪਹਿਲਾ ਕਲਾਕਾਰ : (ਦੂਜੇ ਨੂੰ) ਵਟ ਨਾਨਸੈਂਸ! ਤੂੰ ਵੀ ਯਾਰ ਕਮਾਲ ਕਰਦੈਂ। ਆਹ ਕੀ ਸਿੜੀ-ਸਿਆਪਾ ਪਾ ਲਿਆ। ਇਹਨਾਂ ਕੰਜਰਾਂ ਨੇ ਤਾਂ ਰਾਜੇ-ਮਹਾਰਾਜਿਆਂ ਨੂੰ ਗੱਲ ਨੀ ਸੀ ਆਉਣ ਦਿੱਤੀ। ਤੂੰ ਇਹਨਾਂ ਨਾਲ਼ ਡਿਸਕਸ਼ਨ ਕਰਨ ਲੱਗ ਪਿਐਂ। ਇਹਨਾਂ ਨੂੰ ਕਰ ਪਰ੍ਹੇ ਤੇ ਡਰਾਮਾ ਸ਼ੁਰੂ ਕਰੀਏ।

ਦੂਜਾ ਕਲਾਕਾਰ : (ਪਹਿਲੇ ਨੂੰ ਸਮਝਾਉਣ ਵਾਲ਼ੇ ਲਹਿਜੇ ਵਿੱਚ) ਮਾਈ ਡੀਅਰ, ਜ਼ਰਾ ਠਹਿਰ! ਕਾਹਲ਼ਾ ਨਾ ਪੈ (ਦੋਹਾਂ ਮਰਾਸੀਆਂ ਵੱਲ) ਓ ਬਈ, ਤੁਸੀਂ ਦੋ ਮਿੰਟ ਮੇਰੀ ਗੱਲ ਜ਼ਰਾ ਕੰਨ ਖੋਲ੍ਹ ਕੇ ਤੇ ਜ਼ਬਾਨ ਬੰਦ ਕਰਕੇ ਸੁਣੋ।

ਦੋਵੇਂ ਮਰਾਸੀ : (ਮੂੰਹ ਬੰਦ ਕਰਕੇ ਤੇ ਕੰਨਾਂ 'ਚ ਉਂਗਲ਼ੀਆਂ ਮਾਰ ਕੇ) ਹਾਂ ਜੀ, ਸਾਹਬ ਜੀ। ਸੁਣਾਓ.....।

ਦੂਜਾ ਕਲਾਕਾਰ : ਬਈ, ਅਸੀਂ ਤੁਹਾਡੀ ਰੋਜ਼ੀ-ਰੋਟੀ 'ਤੇ ਲੱਤ ਨੀ ਮਾਰਦੇ। ਦੇਖੋ, ਤੁਸੀਂ ਬੜੀਆਂ ਸਦੀਆਂ ਤੱਕ ਲੋਕਾਂ ਨੂੰ ਹਸਾਇਆ, ਮਨਾਇਆ।

ਪਹਿਲਾ ਮਰਾਸੀ : ਤੇ ਰੁਪਈਆ ਹੱਥ ਧਰਾਇਆ।

ਦੂਜਾ ਮਰਾਸੀ : (ਚਮੋਟਾ ਮਾਰ ਕੇ) ਤੈਥੋਂ ਟਿਕ ਕੇ ਗੱਲ ਨੀ ਸੁਣ ਹੁੰਦੀ? ਵੱਡਾ ਖੜਪੰਚ! ਹਾਂ ਸਾਹਬ ਜੀ।

ਦੂਜਾ ਕਲਾਕਾਰ : ਤੇ ਹੁਣ ਜ਼ਮਾਨਾ ਬਦਲ ਗਿਆ, ਲੋੜਾਂ ਬਦਲ ਗਈਆਂ।

Downloaded from https:// www.studiestoday.com

Downloaded from https:// www.studiestoday.com



ਗੱਡਿਆਂ ਦੀ ਥਾਂ ਗੱਡੀਆਂ ਆਗੀਆਂ। ਹਲ਼ਾਂ ਦੀ ਥਾਂ ਟਰੈਕਟਰ ਆ ਗਏ। ਆ ਗਏ ਕਿ ਨਾ........?

ਦੋਵੇਂ ਮਰਾਸੀ : ਠੀਕ ਜੀ! ਠੀਕ!

ਦੂਜਾ ਕਲਾਕਾਰ : ਓਵੇਂ ਈ ਭਾਈ......ਕਲਾ ਦੀ ਦੁਨੀਆਂ 'ਚ ਵੀ ਤਾਂ ਤਬਦੀਲੀ ਆਉਣੀ ਸੀ। ਆਉਣੀ ਬਣਦੀ ਸੀ ਨਾ....... !

ਦੂਜਾ ਮਰਾਸੀ : ਸਤਬਚਨ ਜੀ! ਠੀਕ! ਬਿਲਕੁਲ ਠੀਕ! ਸੋਲ਼ਾਂ ਆਨੇ ਸੱਚ!

ਪਹਿਲਾ ਮਰਾਸੀ : ਤੇ ਰੁਪਈਆ ਹੱਥ।
(ਪਹਿਲਾ ਝਿੜਕਦਾ ਹੈ)

ਪਹਿਲਾ ਕਲਾਕਾਰ : ਉਸੇ ਤਰ੍ਹਾਂ ਹੁਣ ਤੁਹਾਡੇ ਆਲ਼ੇ ਕੰਮ ਦੇ ਵੀ ਰੂਪ ਬਦਲ ਗਏ। ਬਕਾਇਦਾ ਮੰਡਲੀਆਂ ਬਣ ਗਈਆਂ। ਸਟੇਜਾਂ ਲੱਗਦੀਆਂ ਤੇ ਕਲਾਕਾਰ ਆ ਕੇ ਬਾਤਾਂ ਸੁਣਾਉਂਦੇ।

ਦੂਜਾ ਮਰਾਸੀ : ਸਾਡੇ ਆਂਗੂੰ ਜੀ।

ਪਹਿਲਾ ਕਲਾਕਾਰ : (ਹਾਂ! ਇਹ ਤੁਹਾਡੇ ਆਲ਼ਾ ਕਿੱਤਾ ਹੁਣ ਮਾੜਾ ਨੀ ਗਿਣਿਆ ਜਾਂਦਾ। ਹੁਣ ਇਹਨੂੰ ਲੋਕ ਸਤਿਕਾਰ ਦੀ ਨਜ਼ਰ ਨਾਲ਼ ਵੇਖਦੇ ਨੇ।)

ਦੂਜਾ ਮਰਾਸੀ : (ਹੈਰਾਨੀ ਨਾਲ਼) ਹਲਾ ਜੀ!

ਦੂਜਾ ਕਲਾਕਾਰ : ਹਾਂ। ਅਸੀਂ ਵੀ ਇਸੇ ਤਰ੍ਹਾਂ ਦੇ ਕਲਾਕਾਰ ਆਂ। ਸਰਕਾਰ ਸਾਨੂੰ ਤਨਖ਼ਾਹਾਂ ਦਿੰਦੀ ਬਈ ਅਸੀਂ ਪਿੰਡਾਂ 'ਚ ਜਾਈਏ। ਉੱਥੋਂ ਦੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਜਾਣੀਏ, ਸਮਝੀਏ ਤੇ ਫੇਰ ਕਲਾ ਦੀ ਪੁੱਠ ਦੇ ਕੇ ਇਹਨਾਂ ਗੱਲਾਂ ਨੂੰ ਉਹਨਾਂ ਨੂੰ ਸਮਝਾਈਏ।

ਪਹਿਲਾ ਮਰਾਸੀ : ਅੱਛਾ ਜੀ ! ਆਹ ਤਾਂ ਫੇਰ ਕਮਾਲ ਈ ਹੋਈ ਪਈ ਐ। ਧੋਤੀ ਪਾਟ ਕੇ ਰੁਮਾਲ ਈ ਹੋਈ ਪਈ ਐ।

ਦੂਜਾ ਮਰਾਸੀ : (ਫੇਰ ਝਿੜਕ ਕੇ) ਤਾਂ ਫੇਰ ਸਾਹਿਬ ਜੀ (ਰੋਣ ਦੀ ਅਵਾਜ਼ 'ਚ) ਅਸੀਂ ਕਿੱਥੇ ਜਾਈਏ? ਸਰਕਾਰ ਨੇ ਸਾਡਾ ਕੰਮ ਤਾਂ ਧਾਨੂੰ ਦੇ 'ਤਾ। ਅਸੀਂ ਬੱਚੇ ਕਿੱਥੋਂ ਪਾਲ਼ੀਏ-ਮਾਪਿਆਂ ਆਲ਼ਿਓ!
[ਲੋਕਾਂ ਅੱਗੇ ਵਾਸਤਾ ਪਾਉਂਦਾ ਹੈ]

ਪਹਿਲਾ ਕਲਾਕਾਰ : (ਦੂਜੇ ਨਾਲ਼ ਸਲਾਹ-ਮਸ਼ਵਰਾ ਕਰਦਿਆਂ) ਤੁਸੀਂ ਮੀਰਜ਼ਾਦਿਓ ਘਬਰਾਓ ਨਾ। ਤੁਸੀਂ ਏਉਂ ਕਿਉਂ ਨੀ ਕਰਦੇ ਬਈ ਸਾਡੇ ਡਰਾਮੇ 'ਚ ਪਾਰਟ ਕਰੋ। ਕਲਾਕਾਰ ਤੁਸੀਂ ਹੋ ਈ। ਬੱਸ ਗੱਲ ਆਪਣੇ ਕੋਲ਼ੋਂ ਨੀ ਬਣਾਉਣੀ ਜੋ ਸਾਡੇ ਡਾਇਰੈਕਟਰ

Downloaded from https:// www.studiestoday.com

Downloaded from https:// www.studiestoday.com



ਸਾਹਿਬ ਦੱਸਣ-ਉਹੀ ਬੋਲਣੀ ਐ।

ਦੂਜਾ ਮਰਾਸੀ : ਮਤਲਬ ਖੁੱਲ੍ਹਾ ਝੱਗਾ ਛੱਡ ਕੇ - ਤੇ ਸੀਪਿਆ ਵਿਆ ਪਾਉਣਾ।

ਦੂਜਾ ਕਲਾਕਾਰ : ਆਹੋ..........ਆਹੋ......ਤੇ ਨਾਲ਼ੇ ਦਿਹਾੜੀ ਤੁਹਾਨੂੰ ਸਰਕਾਰ ਦੇ ਦੇਵੇਗੀ।

ਦੋਵੇਂ ਕਲਾਕਾਰ : ਚਲੋ, ਚਲੋ, ਫੇਰ ਜਲਦੀ ਕਰੋ! ਪਹਿਲਾਂ ਹੀ ਦੇਰ ਬਹੁਤ ਹੋ ਗਈ ਹੈ।

[ਸਾਰੇ ਮੰਚ ਦੇ ਪਿੱਛੇ ਚਲੇ ਜਾਂਦੇ ਹਨ।]

(ਫ਼ੇਡ ਆਊਟ)

## ਦ੍ਰਿਸ਼ ਦੂਜਾ

## ਫ਼ੇਡ ਇਨ

[ਪਰਦਾ ਹੌਲ਼ੀ-ਹੌਲ਼ੀ ਉੱਠਦਾ ਹੈ। ਮੰਚ 'ਤੇ ਸੱਜੇ ਤੇ ਖੱਬੇ ਦੋ ਘਰ ਬਣੇ ਦਿਸਦੇ ਹਨ। ਦੋਂਹਾਂ ਘਰਾਂ ਦੇ ਦੋਵੇਂ ਪਾਸੇ ਉਲਟੇ ਬਣੇ ਹੋਏ ਹਨ। ਬੂਹਿਆਂ ਅੱਗੇ ਮੰਜਾ, ਪੀੜੀ ਆਦਿ ਪਏ ਹਨ। ਮੂਹਰੇ ਖੁੱਲ੍ਹਾ ਵਿਹੜਾ ਹੈ। ਦੋਂਹਾਂ ਘਰਾਂ ਦੇ ਵਿਚਕਾਰ ਮੰਚ ਦੇ ਪਿੱਛੇ ਜਿਹੇ ਕਰਕੇ ਗੱਡੇ ਦਾ ਇੱਕ ਟੁੱਟਿਆ ਜਿਹਾ ਪਹੀਆ ਪਿਆ ਹੈ। ਪਹੀਏ ਦੇ ਪਿੱਛੇ ਇੱਕ ਨਿੱਕਾ ਜਿਹਾ ਢਾਰਾ ਹੈ। ਜਿਸ ਵਿੱਚ ਬਜ਼ੁਰਗ ਰਹਿੰਦਾ ਹੈ। ਨਕਸ਼ੇ ਤੋਂ ਲੱਗਦਾ ਹੈ ਜਿਵੇਂ ਇਹ ਇੱਕ ਘਰ ਦੇ ਦੋ ਟੁਕੜੇ ਹੋਏ-ਹੋਏ ਹਨ। ਇਹ ਵਿਚਕਾਰਲਾ ਢਾਰਾ ਤੇ ਢਾਰੇ ਦੇ ਮੂਹਰੇ ਪਿਆ ਗੱਡੇ ਦਾ ਪਹੀਆ, ਦੋਂਹਾਂ ਘਰਾਂ ਦੀ ਵੰਡ ਨੂੰ ਦਰਸਾਉਂਦੇ ਹੋਏ ਵਿਚਕਾਰ ਜਿਵੇਂ ਸਾਂਝੀ ਨਿਸ਼ਾਨੀ ਵਜੋਂ ਪਏ ਹਨ। ਮੰਚ 'ਤੇ ਹੌਲ਼ੀ-ਹੌਲ਼ੀ ਰੌਸ਼ਨੀ ਹੁੰਦੀ ਹੈ। ਗੱਡੇ ਦੇ ਪਹੀਏ 'ਤੇ ਇੱਕ ਬਜ਼ੁਰਗ ਬੈਠਾ ਸਣ ਵੱਟਦਾ ਨਜ਼ਰ ਆਉਂਦਾ ਹੈ। ਪਿਛੋਕੜ ਤੋਂ ਗੀਤ ਦੀ ਧੁਨੀ ਉੱਭਰਦੀ ਹੈ।]

ਸਾਡਾ ਵੱਸਦਾ ਰਹੇ ਘਰ ਬਾਰ
ਸਾਡਾ ਵੱਸਦਾ ਰਹੇ ਘਰ ਬਾਰ
ਸਾਡਾ ਬਣਿਆ ਰਹੇ ਪਿਆਰ
ਸਾਡਾ ਬਣਿਆ ਰਹੇ ਪਿਆਰ
ਨਜ਼ਰ ਕੋਈ ਲੱਗੇ ਨਾ......
ਨਜ਼ਰ ਕੋਈ ਲੱਗੇ ਨਾ......

[ਗੀਤ ਦੇ ਚਲਦਿਆਂ ਹੀ ਸੱਜੇ ਘਰੋਂ ਕਰਤਾਰੀ ਗੁੱਸੇ 'ਚ ਨਿਕਲ਼ਦੀ ਹੈ ਤੇ ਆਉਂਦਿਆਂ ਹੀ ਬਜ਼ੁਰਗ ਵਾਲ਼ੇ ਪਾਸੇ ਘੁੰਡ ਦਾ ਪੱਲਾ ਕਰਕੇ]

ਕਰਤਾਰੀ : ਲੈ ਦੇਖ ਲੈ ਬਾਪੂ ਜੀ, ਹੁਣ ਮੇਰਾ ਕਸੂਰ ਨਾ ਕੱਢੀਂ। ਕੱਲ੍ਹ ਮੇਰੀ ਕਣਕ ਸੁੱਕਣੀ ਪਾਈ ਬੀ ਸੀ। ਈਹਨੇ ਏਹੀ ਜੀ ਨਜ਼ਰ

Downloaded from https:// www.studiestoday.com

Downloaded from https:// www.studiestoday.com



ਲਾਈ ਬਈ ਮਣ ਪੱਕੀ ਕਣਕ 'ਚੋਂ ਮਸਾਂ ਦਸ ਸੇਰ ਆਟਾ ਨਿਕਲ਼ਿਆ।

[ਦੂਜੇ ਪਾਸਿਉਂ ਸੰਤੀ ਆਉਂਦੀ ਹੈ, ਲਗਦੈ ਉਹ ਬੂਹੇ 'ਚ ਖੜ੍ਹੀ ਗੱਲ ਸੁਣ ਰਹੀ ਸੀ। ਬਜ਼ੁਰਗ ਵਾਲ਼ੇ ਪਾਸਿਉਂ ਘੁੰਡ ਕੱਢ ਕੇ]

ਸੰਤੀ : ਹੇਖਾਂ, ਗੱਲਾਂ ਆਉਂਦੀਆਂ ਇਹਨੂੰ ਵੱਡੀ ਸਰਦਾਰਨੀ ਨੂੰ। ਅਖੇ ਨਜ਼ਰ ਲਾਈ। ਨੀ ਕੱਲ੍ਹ ਤੂੰ ਕੀ ਕੌੜ ਮਹਿੰ ਵਾਂਗ ਝਾਕਦੀ ਸੀ, ਜਦ ਮੈਂ ਬਾੜੇ 'ਚੋਂ ਧਾਰ ਚੋ ਕੇ ਆਈ ਸੀ। ਮਖਾਂ, ਬਾਪੂ ਜੀ। ਭਰੀ ਬਾਲਟੀ ਦੁੱਧ ਦੀ। ਬਿੱਲੀ ਮੂੰਹ ਲਾ ਗੀ। ਇਹਾ ਜਾ ਤੀਰ ਛੱਡਿਆ ਇਹਨੇ ਵੱਡੀ ਰਕਾਨ ਨੇ। ਅਖੇ....ਤੁਮ ਤੋ ਕਿਸੀ ਦੀ ਤਰਫ਼ ਦੇਖਤੇ ਨੀ! ਚਲਿੱਤਰੋ!

ਕਰਤਾਰੀ : ਮੂੰਹ ਸੰਭਾਲ਼ ਕੇ ਗੱਲ ਕਰ ਨੀ। ਆਹ ਬਾਪੂ ਜੀ ਦੀ ਸ਼ਰਮ ਖਾਈ ਜਾਂਦੀ ਐ। ਨਹੀਂ ਗੁਤਨੀ ਪੁੱਟ ਕੇ ਹੱਥ 'ਚ ਫੜਾ ਦਿਆਂ।

ਸੰਤੀ : ਮੈਂ ਬੀ ਤੋੜ ਦੇ ਦੂੰ ਅੱਖਾਂ 'ਚ, ਵੱਡੀ ਥਾਣੇਦਾਰਨੀ ਚੁਧਰਾਣੀ ਬਣੀ ਫਿਰਦੀ ਐ ਅਖੇ, 'ਕਿਆ ਪਿੱਦੀ.....ਅਰ ਕਿਆ ਪਿੱਦੀ ਕਾ ਸ਼ੋਰਬਾ'।

ਕਰਤਾਰੀ : ਨੀ ਮੈਂ ਦੱਸਾਂ ਤੈਨੂੰ........

[ਸੰਤੀ ਵੱਲ ਅਹੁਲਣ ਲੱਗਦੀ ਹੈ ਕਿ ਬਜ਼ੁਰਗ ਜਿਹੜਾ ਹੁਣ ਤੱਕ ਅਸਹਾਯ ਮੁਦਰਾ ਵਿੱਚ ਖੜਾ ਸੀ, ਅਚਾਨਕ ਭੜਕ ਉੱਠਦਾ ਹੈ।]

ਬਜ਼ੁਰਗ : ਓ ਸ਼ਰਮ ਨੀ ਆਉਂਦੀ ਥੋਨੂੰ। ਆਹ ਧੌਲ਼ੀ ਦਾੜ੍ਹੀ ਦੀ ਲਿਹਾਜ਼ ਕਰੋ। ਜਾਓ, ਆਪਣੇ ਆਪਣੇ ਕੰਮ ਕਰੋ।

[ਦੋਵੇਂ ਇੱਕ-ਦੂਜੀ ਵੱਲ ਕੌੜ-ਕੌੜ ਝਾਕਦੀਆਂ ਅੰਦਰ ਜਾਂਦੀਆਂ ਹਨ। ਬਜ਼ੁਰਗ ਉਦਾਸ ਮੁਦਰਾ ਵਿੱਚ ਹੌਲ਼ੀ-ਹੌਲ਼ੀ ਤੁਰਦਾ ਆਪਣੇ ਢਾਰੇ ਵੱਲ ਜਾਂਦਾ ਹੈ ਤੇ ਪਿੱਛਿਉਂ ਗੀਤ ਦੇ ਬੋਲ ਉੱਭਰਦੇ ਹਨ। ਸਾਡਾ ਵੱਸਦਾ ਰਹੇ ਘਰ-ਬਾਰ......]

*ਫ਼ੇਡ ਆਊਟ*

## ਦ੍ਰਿਸ਼ ਤੀਜਾ

*ਫ਼ੇਡ ਇਨ*

[ਪ੍ਰਭਾਤ ਵੇਲ਼ਾ। ਚਿੜੀਆਂ ਦੇ ਚੂਕਣ ਦੀ ਅਵਾਜ਼। ਪਿਛੋਕੜ ਤੋਂ ਬਲ਼ਦਾਂ ਦੇ

Downloaded from https:// www.studiestoday.com

Downloaded from https:// www.studiestoday.com



ਪਾਲ਼ੀਆਂ ਦੇ ਬੋਲਾਂ ਦੀ, ਬਲ਼ਦਾਂ ਦੀਆਂ ਟੱਲੀਆਂ, ਟ੍ਰੈਕੱਟਰਾਂ ਦੇ ਚੱਲਣ ਆਦਿ ਦੀਆਂ ਅਵਾਜ਼ਾਂ ਆਉਂਦੀਆਂ ਹਨ। ਬਜ਼ੁਰਗ ਦੇ ਢਾਰੇ ਵਿੱਚੋਂ ਹੌਲ਼ੀ-ਹੌਲ਼ੀ ਪਾਠ ਦੀ ਅਵਾਜ਼ ਆ ਰਹੀ ਹੈ। ਸੱਜਣ ਤੇ ਸੁੰਦਰ ਦੋਵੇਂ ਆਪਣੇ-ਆਪਣੇ ਘਰ ਦੇ ਚੌਂਕੇ ਵਿੱਚ ਬੈਠੇ ਰੋਟੀ ਖਾ ਰਹੇ ਹਨ। ਮੰਚ 'ਤੇ ਦੋਵੇਂ ਪਾਸੇ ਇੱਕੋ ਵੇਲ਼ੇ ਇੱਕੋ-ਜਿਹਾ ਕਾਰਜ ਚੱਲ ਰਿਹਾ ਹੈ। ਭਾਵ ਕਰਤਾਰੀ ਤੇ ਸੰਤੀ ਆਪਣੇ-ਆਪਣੇ ਘਰ ਵਾਲ਼ਿਆਂ ਨੂੰ ਰੋਟੀ ਖਵਾ ਰਹੀਆਂ ਹਨ। ਦੋਵੇਂ ਪਾਸੇ ਵਾਰਤਾਲਾਪ ਇੱਕਠੀ ਚੱਲ ਰਹੀ ਹੈ ]

**ਇੱਕ ਪਾਸੇ** :

ਕਰਤਾਰੀ : ਸੁਣਦੈਂ ਦੀਪ ਦੇ ਬਾਪੂ ! (ਕੌਲੀ ਵਿੱਚ ਸਬਜ਼ੀ ਹੋਰ ਪਾਉਂਦੀ ਹੋਈ) ਕੱਲ੍ਹ ਫੇਰ ਏਹਨੇ ਆਢਾ ਲਾ ਲਿਆ। ਨਾ ਅੱਗਾ ਵੇਖੇ, ਨਾ ਪਿੱਛਾ। ਮੈਂ ਤਾਂ ਅੱਕੀ ਪਈ ਆਂ, ਇਸ ਰੋਜ਼-ਰੋਜ਼ ਦੇ ਕਲ਼ੇਸ ਤੋਂ।

ਸੱਜਣ : ਤੂੰ ਕਿਸੇ ਵੇਲ਼ੇ ਤਾਂ ਰਮਾਨ ਨਾਲ਼ ਬਹਿ ਲਿਆ ਕਰ। ਹੁਣ ਪ੍ਰਭਾਤ ਵੇਲ਼ੇ ਈ ਇਹ ਰਾਮ-ਕਹਾਣੀ ਛੇੜ ਬੈਠੀ।

ਕਰਤਾਰੀ : ਤੈਨੂੰ ਲੱਗਦੀ ਐ ਰਾਮ ਕਹਾਣੀ। ਏਥੇ ਜਿਹੜੀ ਰੋਜ਼ ਰਾਵਣ-ਲੀਲਾ ਹੁੰਦੀ ਐ, ਉਹਦਾ ਵੀ ਪਤੈ। ਸਾਰਾ ਦਿਨ ਸੂਈ ਕੁੱਤੀ ਆਂਗੂੰ ਕੁਰਲ਼-ਕੁਰਲ਼ ਕਰਦੀ ਫਿਰਦੀ ਐ, ਤੇਰੀ ਇਹ ਵੱਡੀ ਹੇਜਲੀ ਭਰਜਾਈ।

ਸੱਜਣ : ਓ, ਤੂੰ ਕਿਸੇ ਨਾਲ਼ੋਂ ਘੱਟ ਐਂ ! ਮੈਂ ਜਾਣਦਾ ਨੀਂ। ਤੁਸੀਂ ਦੋਏ ਟੋਆ ਪੁੱਟ ਕੇ ਦੱਬਣ ਆਲ਼ੀਆਂ ਓ। ਅਖੇ ਜੀ ਸਕੀਆਂ ਭੈਣਾਂ ਘਰ 'ਚ ਲੈ ਆਉ। ਇਹ ਸਕੀਆਂ ਸੌਂਕਣਾਂ ਨੂੰ ਟੱਪੀਆਂ ਫਿਰਦੀਐਂ।

**ਦੂਜੇ ਪਾਸੇ**:

ਸੰਤੀ : (ਕੌਲੀ 'ਚ ਘਿਓ ਪਾਉਂਦੀ ਹੋਈ) ਲੈ ਫੇਰ ਨਾ ਕਹੀਂ ਰੱਬ ਦੇ ਬੰਦਿਆਂ, ਬਈ ਪਹਿਲਾਂ ਨੀ ਸੀ ਦੱਸਿਆ। ਮੈਂ ਤਾਂ ਉਹਦਾ ਕੁੱਟ-ਕੁੱਟ ਕੇ ਉਹ ਹਾਲ ਕਰਦੂੰ ਬਈ ਪੁਸ਼ਤਾਂ ਤੱਕ ਯਾਦ ਰੱਖੂ। ਬਈ 'ਸੰਤੀ ਸੇ ਬਾਸਤਾ ਪੜਾ ਥਾ।'

ਸੁੰਦਰ : ਫੇਰ ਸ਼ੁਰੂ ਐ ਕਿੱਸਾ ਜੰਗ ਹਿੰਦ-ਪੰਜਾਬ ਦਾ। ਮਖਾਂ ਦੋ ਘੜੀ ਰਮਾਨ ਨਾਲ਼ ਵੀ ਬਹਿ ਲਿਆ ਕਰੋ। ਤੁਸੀਂ ਕਿਹੜੀ ਲੰਕਾ ਵੰਡਣੀ ਐ, ਬਈ ਸਾਰਾ ਦਿਨ ਰਾਤ.....ਹੁ.....ਰਾਤ ਹੁ ਕਰਦੀਆਂ ਰਹਿਨੀਐਂ।

ਸੰਤੀ : ਨਾ ਅਜੇ ਕਸਰ ਐ ! ਦੁੱਧ-ਪੁੱਤ ਨੂੰ ਦੇਖ ਉਹ ਨੀ ਸੁਖਾਉਂਦੀ। ਸਾਰਾ ਦਿਨ ਕੌੜ-ਕੌੜ ਅੱਡ ਝਾਕਦੀ ਰਹੂ। ਆਹ ਬਾਪੂ ਜੀ

Downloaded from https:// www.studiestoday.com

Downloaded from https:// www.studiestoday.com



| | | |
|---|---|---|
| | | ਦੀ ਸ਼ਰਮ ਮਾਰਗੀ ਨਹੀਂ ਗੁਤਨੀ ਕਿਹੜਾ ਨਾ ਕੱਲ੍ਹ ਹੱਥ ਫੜਾਉਂਦੀ। |
| ਸੁੰਦਰ | : | ਕੋਈ ਅਕਲ ਦੀ ਗੱਲ ਕਰੋ। ਕਿਉਂ ਸਾਰੇ ਪਿੰਡ ਨੂੰ ਬਦਨਾਮੀ ਖੱਟਣ ਆਲ਼ਾ ਕੰਮ ਕਰਦੀਓਂ। ਇਸ ਘਰ 'ਚੋਂ ਕਦੇ ਉੱਚੀ ਅਵਾਜ਼ ਨੀ ਸੀ ਨਿਕਲ਼ੀ। ਲੋਕਾਂ ਨੇ ਸਾਡੀ ਅੱਲ 'ਚੁਪਕਿਆਂ ਕੇ' ਪਾਈ ਹੋਈ ਸੀ। ਹੁਣ ਮੈਨੂੰ ਲਗਦੈ 'ਬੋਲ-ਬੁਲਾਰਿਆਂ' ਕੇ ਪਾਉਣਗੇ। |
| ਸੰਤੀ | : | ਨਾ ਮੇਰਾ 'ਕੱਲੀ ਦਾ ਮਾਮਦੋਸ ਐ, ਉਹਨੂੰ ਨੀ ਸਮਝਾ ਹੁੰਦਾ, ਤੇਰੀ 'ਮਾਤਾ ਸਮਾਨ ਬੱਡੀ ਭਰਜਾਈ ਕੋ'। ਜਿਹੜੀ ਨਾ ਅੱਗਾ ਦੇਖੇ ਨਾ ਪਿੱਛਾ। ਮਾਰ ਚਕਦੂੰ-ਚਕਦੂੰ ਕਰਦੀ ਰਹਿੰਦੀਐ ਹਰ ਵੇਲ਼ੇ। |
| ਸੁੰਦਰ | : | ਓ ਮੈਂ ਤਾਂ ਕਹਿਨੈ ਦੋਵੇਂ ਜਾਣੀਆਂ ਪਿਆਰ ਨਾਲ਼ ਰਹੋ। ਜੱਗ-ਹਸਾਈ ਨੀਂ ਕਰਾਈਦੀ। |
| | : | **ਪਹਿਲੇ ਪਾਸੇ** |
| ਸੱਜਣ | : | ਹੁਣ ਗੱਲ ਮੇਰੀ ਪੱਲੇ ਬੰਨ੍ਹ ਲੋ। ਘਰ ਦਾ 'ਤਫ਼ਾਕ ਬਣਾਈ ਰੱਖੋ। ਦੱਬ-ਘੁੱਟ ਕੇ ਗੁਜ਼ਾਰਾ ਕਰੋ। |
| | : | **ਦੂਜੇ ਪਾਸੇ** |
| ਸੁੰਦਰ | : | ਹੁਣ ਬਾਰ-ਬਾਰ ਨਾ ਕਹਿਣਾ ਪਵੇ। ਸਮਝੀ! ਮੈਂ ਚੱਲਿਆਂ ਖੇਤ। ਰੋਟੀ ਲੈ ਕੇ ਆ ਜੀਂ। |
| ਸੱਜਣ | : | ਚੰਗਾ, ਸਮਝ ਗਈ ਨਾ, ਹੁਣ ਦੁਬਾਰਾ ਨਾ ਇਹ ਗੱਲ ਹੋਵੇ। ਰੋਟੀ ਸਵਖ਼ਤੇ ਪੁਚਾ ਦੀਂ। ਕਿਤੇ ਇੱਥੇ ਫੇਰ ਅਸੰਬਲੀ ਲਾ ਕੇ ਬਹਿ ਜੇਂ। |
| | | [ਦੋਵੇਂ ਪਾਸੇ ਦੋਵੇਂ ਭਰਾ ਕਹੀ ਆਦਿ ਚੁੱਕ ਕੇ ਜਾਂਦੇ ਹਨ ਤੇ ਦੋਵੇਂ ਦੱਬੀਆਂ-ਘੁੱਟੀਆਂ ਜਿਹੀਆਂ ਉਹਨਾਂ ਨੂੰ ਤੋਰਦੀਆਂ ਹਨ। ਅਚਾਨਕ ਦੋਂਹਾਂ ਦੀ ਨਜ਼ਰ ਮਿਲ਼ਦੀ ਹੈ ਤੇ ਸਟਿੱਲ ਹੁੰਦੀਆਂ ਹਨ।] |
| | | (ਫ਼ੇਡ ਆਊਟ) |

## ਦ੍ਰਿਸ਼ ਚੌਥਾ
## (ਫ਼ੇਡ ਇਨ)

[ਉਹੀ ਦਿਨ। ਚੜ੍ਹਦੇ ਸੂਰਜ ਦੀ ਧੁੱਪ। ਸੁੰਦਰ ਦੇ ਘਰੋਂ ਸਾਈਕਲ ਦੀ ਟੱਲੀ ਦੀ ਅਵਾਜ਼ ਤੇ ਨਾਲ਼ ਹੀ ਜਿੰਦਾ ਅੰਦਰੋਂ ਬੋਲਦਾ ਹੈ।]

Downloaded from https:// www.studiestoday.com

Downloaded from https:// www.studiestoday.com



ਜਿੰਦਾ : ਓ ਦੀਪਿਆ ਘੜੀਪਿਆ, ਹੋਇਆ ਤਿਆਰ ਕਿ ਹਾਲੇ ਪਟੇ ਈ ਸੁਆਰੀ ਜਾਨੈਂ।

ਦੀਪਾ : (ਹੱਥ ਵਿੱਚ ਕਿਤਾਬ ਲਈ ਅੰਦਰੋਂ ਆਉਂਦਾ ਹੋਇਆ) ਕੰਜਰ ਦਿਆ, ਆਪ ਅਜੇ ਅੰਦਰੇ ਈ ਐਂ। ਮੈਨੂੰ ਹੋਕਰੇ ਮਾਰੀ ਜਾਨੈਂ।

ਜਿੰਦਾ : (ਬਾਹਰ ਆਉਂਦਾ ਹੋਇਆ) ਹਮ ਤੋ ਜਾਨੀ ਤਿਆਰ ਬਰ ਤਿਆਰ ਹੈਂ। ਜ਼ਰਾ ਪੱਗ ਨੀ ਸੀ ਸੂਤ ਆਉਂਦੀ। ਬੱਸ ਹੁਣ ਕੰਮ ਟਿਚਨ ਐ।

ਦੀਪਾ : (ਲਾ ਕੇ) ਸਾਲ਼ਿਆ ਕੌਲਜ ਜਾਣੈ ਕਿ ਘੋੜੀ ਚੜ੍ਹਨੈ। ਮਖਾਂ ਬੜੀ ਪੋਚ-ਪੋਚ ਗੁਲਾਬੀ ਚਮਕਾਈ ਐ।

ਜਿੰਦਾ : ਭਾਈ ਸੈਹਬ! ਘੋੜੀ ਵੀ ਚੜ੍ਹੇਂਗੇ। ਹਮ ਕਿਸੀ ਤੋਂ ਘੱਟ ਐਂ? ਕਹਾਵਾ ਮੇਰੇ ਬੇਬੇ ਜੀ ਦਾ 'ਹਮ ਕਿਸੇ ਸੇ ਕਮ ਨਹੀਂ......'

ਦੀਪਾ : (ਵਿੱਚੋਂ ਕੱਟ ਕੇ) ਹੌਲ਼ੀ ਬੋਲ ਸਹੁਰਿਆ, ਜੇ ਅੰਦਰੋਂ ਮਾਸੀ ਜਮ੍ਹਾ ਚਾਚੀ ਨੇ ਸੁਣ ਲਿਆ ਤਾਂ ਹੁਣੇ ਜੂੰਡੇ ਪੁੱਟ ਦਿਊ।

ਜਿੰਦਾ : ਮਖਾਂ ਘਬਰਾ ਨਾ ਭੋਰਾ। ਬੇਬੇ ਖੇਤ ਗਈ ਵੀ ਐ।

ਦੀਪਾ : ਹਲਾਂ। ਤਾਂਹੀਂ ਖੇਡਦੀ ਐ ਤੇਰੀ ਕਾਟੋ ਫੁੱਲਾਂ 'ਤੇ। ਮੈਂ ਵੀ ਕਹਾਂ 'ਮਾਂ ਦਾ ਡਾਲਡਾ' ਅੱਜ ਕਿਵੇਂ ਛਿੱਕਲ਼ ਟੁੱਟੇ ਕੱਟੇ ਵਾਂਗ ਰਿੰਗਦੈ।

ਜਿੰਦਾ : ਤੈਨੂੰ ਬੀ, ਕਾਕਾ ਜੀ ਗੱਲਾਂ ਤਾਂਹੀ ਆਂਦੀਆਂ ਹੋਣੀਆਂ ਬਈ ਤਾਈ ਸ੍ਰੀ ਘਰ ਨੀ ਹੋਣੀ।

ਦੀਪਾ : ਆਹੋ, ਆਹੋ! ਹੋਰ ਕੀ। ਉਹ ਵੀ ਖੇਤ ਗਈ ਵੀ ਐ।

ਜਿੰਦਾ : ਅਸ਼ਕੇ! ਲੈ ਫੇਰ ਤਾਂ ਬੁੱਲੇ ਲੁੱਟੀਏ। ਅਜੇ ਕਾਲਜ ਜਾਣ 'ਚ ਹੈਗਾ ਟਾਈਮ। ਚਾਹ-ਚੂਹ ਦੀ ਘੁੱਟ ਹੋਰ ਪੀਈਏ-ਮਜ਼ਾ ਆਊ 'ਨੋ ਮੈਨਜ਼ ਲੈਂਡ 'ਤੇ ਬਹਿਕੇ ਪੀਣ ਦਾ (ਇਸ਼ਾਰਾ ਬਾਬੇ ਦੇ ਢਾਰੇ ਤੇ ਗੱਡੇ ਦੇ ਪਹੀਏ ਵੱਲ ਕਰਦਾ ਹੈ)

ਦੀਪਾ : ਲੈ ਫੇਰ ਮੈਂ ਚਾਹ ਲਿਆਨਾਂ। ਤੂੰ ਮਾਰ ਆਪਣੇ ਰਾਸ਼ਟਰਪਤੀ ਨੂੰ 'ਵਾਜ। ( ਉਹਦੇ ਵੱਲ ਤੁਰਦਾ ਹੈ)

ਜਿੰਦਾ : (ਜ਼ੋਰ ਨਾਲ਼) ਮਖਾਂ ਬਾਬਾ ਜੀ, ਆਜੋ ਬਾਹਰ। ਫ਼ੌਜਾਂ 'ਸ਼ਿਵਰਾਂ ਮੇਂ' ਗਈ ਹੋਈ ਐਂ। ਮੈਦਾਨੇ-ਜੰਗ ਸ਼ਾਂਤ ਐ।

ਬਜ਼ੁਰਗ : (ਅੰਦਰੋਂ ਆਉਂਦਾ ਹੋਇਆ) ਪੁੱਤ ਜਿੰਦੇ, ਕੀ ਗੱਲ ਐ?

Downloaded from https:// www.studiestoday.com

Downloaded from https:// www.studiestoday.com



ਦੀਪਾ : (ਪਿੱਤਲ਼ ਦੇ ਗਲਾਸਾਂ 'ਚ ਚਾਹ ਲਿਆਉਂਦਾ ਹੋਇਆ) ਬਾਬਾ ਜੀ, ਆਜੋ ਘੁੱਟ-ਘੁੱਟ ਚਾਹ ਪੀਈਏ ਥੋੜੇ ਤਕੀਏ 'ਤੇ ਬਹਿ ਕੇ।

ਬਜ਼ੁਰਗ : ਕੀ ਗੱਲ, ਥੋੜੀਆਂ ਦੋਹਾਂ ਦੀਆਂ ਮਾਵਾਂ ਘਰ ਨੀ ?

ਜਿੰਦਾ : ਥੋਨੂੰ ਪਤਾ ਈ ਐ, ਬਾਬਾ ਜੀ! ਉਹਨਾਂ ਦੇ ਹੁੰਦਿਆਂ ਕਦੇ ਸਾਹ ਨਿਕਲ਼ਦੈ। ਅਜੇ ਮੈਂ ਤਾਂ ਹਿੰਮਤ ਕਰਕੇ ਬਾਜ ਮਾਰ ਵੀ ਲਊਂ। ਆਹ ਬਾਜਾ ਤਾਂ ਜਮ੍ਹਾਂ ਉੱਖਲ਼ੀ 'ਚ ਸਿਰ ਦਿੱਤੇ ਬਾਂਗੂੰ ਰਹੂ ਸਦਾ।

ਦੀਪਾ : ਓ-ਓ ਰਹਿਣ ਦੇ ਵੱਡਿਆਂ ਭਲਵਾਨਾ! ਗੱਲਾਂ ਆਉਦੀਆਂ ਇਹਨੂੰ ਬੱਡੇ ਜੇਠਮਲਾਨੀ ਨੂੰ। ਤੂੰ ਚਾਹ ਪੀ ਲੈ ਘੁੱਟ।

[ਤਿੰਨੇ ਗੱਡੇ ਦੇ ਪਹੀਏ 'ਤੇ ਬਹਿਕੇ ਚਾਹ ਪੀਣ ਲਗਦੇ ਨੇ। ਬਾਬੇ ਨਾਲ਼ ਝੇਡਾਂ ਕਰਦੇ ਨੇ। ਗੱਲਾਂ ਮਾਰਦੇ ਨੇ। ਹੱਸਦੇ ਹਨ ਕਿ ਅਚਾਨਕ ਇੱਕ ਪਾਸਿਓਂ ਕਰਤਾਰੀ ਤੇ ਦੂਜੇ ਪਾਸਿਓਂ ਸੰਤੀ ਆਉਂਦੀ ਹੈ]

ਸੰਤੀ : (ਕੱਬੀ ਅਵਾਜ਼ 'ਚ) ਬੇ ਜਿੰਦਿਆ, ਹਾਲੇ ਇੱਥੇ ਚਾਹਾਂ ਈ ਡੱਫ ਹੁੰਦੀਐਂ। ਉੱਥੇ ਕਾਲਜ ਆਥਣ ਨੂੰ ਪਹੁੰਚਣੈ?

ਕਰਤਾਰੀ : (ਹੋਰ ਕੌੜੀ ਅਵਾਜ਼ 'ਚ) ਦੀਪਿਆ ! ਕਵੇਲਾ ਐਥੇ ਹੀ ਕਰ ਲਿਆ। ਮੈਂ ਸੋਚੀ ਜਾਨੀ ਐਂ ਤੂੰ ਸ਼ਹਿਰ ਟੱਪ ਗਿਆ ਹੋਵੇਂਗਾ। ਹਾਲੇ ਘਰ 'ਚ ਈ ਗਿੱਧਾ ਪਾਈ ਜਾਨੈਂ।

ਦੋਵੇਂ : (ਇਕੱਠੇ ਹੀ) ਬੱਸ ਬੇਬੇ ਜਾਨੇ ਆਂ।

[ਦੋਵੇਂ ਇੱਕ-ਦੂਜੇ ਵੱਲ ਮੁਸਕੜੀਆਂ ਹੱਸਦੇ ਆਪਣੇ ਘਰ 'ਚੋਂ ਜਾਂਦੇ ਹਨ। ਅੰਦਰੋਂ ਸਾਈਕਲ ਦੇ ਚੱਲਣ ਤੇ ਘੰਟੀਆਂ ਮਾਰਨ ਦੀ ਅਵਾਜ਼ ਆਉਂਦੀ ਹੈ। ਬਜ਼ੁਰਗ ਦੋਂਹਾਂ ਵੱਲ ਵੇਖਦਾ ਹੌਲ਼ੀ-ਹੌਲ਼ੀ ਚਾਹ ਦੇ ਸੜ੍ਹਾਕੇ ਮਾਰਦਾ ਹੈ ਤੇ ਦੋਵੇਂ ਇੱਕ-ਦੂਜੇ ਵੱਲ ਝਾਕਦੀਆਂ ਸਟਿੱਲ ਹੁੰਦੀਆਂ ਹਨ।]

*(ਫ਼ੇਡ ਆਊਟ)*

## ਦ੍ਰਿਸ਼ ਪੰਜਵਾਂ

## (ਫ਼ੇਡ ਇਨ)

[ਵੇਲ਼ਾ ਦੁਪਹਿਰ ਦਾ। ਕਰਤਾਰੀ ਭਾਂਡੇ ਮਾਂਜ ਰਹੀ ਹੈ ਤੇ ਨਾਲ਼ੇ ਆਪਣੇ ਆਪ ਨਾਲ਼ ਗੱਲਾਂ ਕਰ ਰਹੀ ਹੈ। ਲਗਦੈ ਕਿਸੇ ਗੱਲੋਂ ਤਪੀ ਹੋਈ ਐ।]

ਕਰਤਾਰੀ : ਬੁਰਾ ਹਾਲ ਐ। ਅਖੇ ਮੈਂ ਨੀ ਕਿਸੇ ਦੀ ਧੌਂਸ ਸਹਿੰਦੀ ਜਿਵੇਂ ਮੈਂ ਉਹਦੀ ਧੌਂਸ ਸਹਿ ਲੂੰ। ਇੱਕ ਆਹ ਖ਼ਸਮ ਨੀ ਕੰਮ ਦਾ।

Downloaded from https:// www.studiestoday.com

Downloaded from https:// www.studiestoday.com



ਕੋਈ ਗੱਲ ਕਹੋ ਇਹਦੇ ਕੰਨ 'ਤੇ ਜੂੰ ਨੀ ਸਰਕਦੀ। ਅਖੇ ਦੱਬ-ਘੁੱਟ ਕੇ ਗੁਜ਼ਾਰਾ ਕਰ ਲਉ। ਨਾ ! ਕਿਸੇ ਤੋਂ ਕੁਛ ਲੈ ਕੇ ਖਾਂਦੇ ਆਂ? ਮੈਂ ਕਰੂੰ ਇਹਦੀ ਹਮਕੋ-ਤੁਮਕੋ ਬੰਦ।

ਸੰਤੀ : (ਅੰਦਰੋਂ ਸੁਣਕੇ ਬਾਹਰ ਆਉਂਦੀ ਹੋਈ) ਨੀ ਕੀਹਦੀ, ਕਰੇਂਗੀ ਹਮਕੋ-ਤੁਮਕੋ ਬੰਦ। ਮੈਂ ਵੀ ਤੋੜ ਦੇਦੂੰ ਅੱਖਾਂ 'ਚ। ਮੈਂ ਕਹਿੰਨੀ ਆਂ ਕੀ ਕਹਿਣੈ, ਕੀ ਕਹਿਣੈ। ਤੂੰ ਵੱਡੀ ਹੋਵੇਂਗੀ ਤਾਂ ਆਪਣੇ ਘਰੇ, ਮੇਰੇ ਨਾਲ਼ ਆਢਾ ਨਾ ਲਾਈਂ। ਫੇਰ ਨਾ ਕਹੀਂ, 'ਮੇਰੀ ਤੋ ਬਿਜ਼ਤੀ ਖਰਾਬ ਕਰ ਤੀ'।

ਕਰਤਾਰੀ : ਨੀ ਮੈਂ ਤੈਨੂੰ ਕੁਛ ਕਿਹੈ। ਆਪਣੇ ਘਰ ਬੈਠੀ ਜੋ ਚਾਹਾਂ ਕਰਾਂ- ਜੋ ਜੀ ਕਰੇ ਬੋਲਾਂ। ਤੈਨੂੰ ਮੈਂ ਸੱਦਣ ਲਈ ਗਈ ਆਂ? ਐਵੇਂ ਟਾਹਰਾਂ ਮਾਰਨ ਲੱਗੀ ਐਂ। ਕੰਮ ਨਾ ਕਾਰ। ਕਦੇ ਐਸ ਕੌਲ਼ੇ ਲੱਗ ਗੀ ਕਦੇ ਔਸ ਕੌਲ਼ੇ ਲੱਗ ਗੀ। ਸਾਰਾ ਦਿਨ ਲੋਕਾਂ ਦੀਆਂ ਗੱਲਾਂ ਦੀ ਸੁੰਘ-ਸੁੰਘਾਈ ਤੋਂ ਬਿਨਾਂ ਕੋਈ ਹੋਰ ਕੰਮ ਹੈ? ਇੱਕ ਉਹ ਮਾਊਂ ਜਹੇ ਤੋਂ ਨੀ ਰੋਕ ਹੁੰਦਾ ਏਹਨੂੰ।

ਸੰਤੀ : ਜ਼ਬਾਨ ਸੰਭਾਲ਼ ਕੇ ਗੱਲ ਕਰ ਨੀ ਵੱਡੀਏ ਰਕਾਨੇ। ਮੈਂ ਕਹਿੰਨੀ ਆਂ ਚਲੋ ਹੋਈ ਸੋ ਹੋਈ, ਹੁਣ ਰਹਿਣ ਦਿਆਂ, ਰਹਿਣ ਦਿਆਂ। ਤੂੰ ਸਿਰ 'ਤੇ ਚੜ੍ਹੀ ਆਉਂਨੀ ਐਂ।

[ਕਰਤਾਰੀ ਵੱਲ ਨੂੰ ਆਉਂਦੀ ਹੈ ਉੱਧਰੋਂ ਕਰਤਾਰੀ ਉੱਠਦੀ ਐ। ਮਿੱਡ-ਸਟੇਜ 'ਤੇ ਆ ਕੇ ਇੱਕ-ਦੂਜੀ ਵੱਲ ਬਾਂਹਾਂ ਉਲਾਰਦੀਆਂ ਲੜਦੀਆਂ ਹਨ।]

ਕਰਤਾਰੀ : ਨੀ ਮੂੰਹ ਸੰਭਾਲ਼ ਕੇ ਗੱਲ ਕਰੀਂ। ਆਪਣੀ ਇੱਜ਼ਤ ਆਪਣੇ ਹੱਥ ਹੁੰਦੀ ਐ।

ਸੰਤੀ : ਨੀ ਇਹ ਗੱਲ ਤੂੰ ਵੀ ਬਚਾਰ ਲੈ।

ਕਰਤਾਰੀ : ਨੀ ਤੂੰ ਆਪਣੀ ਚਮੜੀ 'ਚ ਰਹਿ।

ਸੰਤੀ : ਤੂੰ ਆਪਣਾ ਅੱਗਾ ਬਚਾਰ, ਫੇਰ ਨਾ ਕਹੀਂ ਬਈ.....।

[ਗੱਲ ਅਜੇ ਵਿੱਚੇ ਐ ਕਿ ਅੰਦਰੋਂ ਸੁੰਦਰ ਜਿਹੜਾ ਥੋੜ੍ਹਾ ਨਰਮ ਸੁਭਾਅ ਦਾ ਹੈ ਆਉਂਦਾ ਹੈ।]

ਸੁੰਦਰ : (ਸੰਤੀ ਨੂੰ)ਤੂੰ ਫੇਰ ਕੰਜਰਖ਼ਾਨਾ ਸ਼ੁਰੂ ਕਰ ਲਿਆ। ਤੈਨੂੰ ਸੌ ਬੇਰਾਂ ਕਿਹੈ ਬਈ ਬੜੇ-ਛੋਟੇ ਦਾ ਲਿਹਾਜ ਕਰ ਲਿਆ ਕਰ।

ਸੰਤੀ : ਨਾ, ਮੈਂ ਹੀ ਆਂ ਸਮਝਾਉਣ ਨੂੰ। ਇਹਨੂੰ ਕੋਈ ਨੀ ਅਕਲ ਦੇਣ ਵਾਲ਼ਾ?

Downloaded from https:// www.studiestoday.com

Downloaded from https:// www.studiestoday.com



[ਅਚਾਨਕ ਬਾਹਰੋਂ ਕਹੀ ਚੁੱਕੀ ਸੱਜਣ ਆਉਂਦਾ ਹੈ। ਸੰਤੀ ਦੇ ਬੋਲ ਓਹਦੇ ਕੰਨੀਂ ਪੈਂਦੇ ਹਨ। ਸੰਤੀ ਵੇਖਦਿਆਂ ਪੱਲਾ ਕਰ ਲੈਂਦੀ ਹੈ।]

ਸੱਜਣ : ਹੈਗੇ ਅਕਲ ਦੇਣ ਆਲ਼ੇ। ਥੋਨੂੰ ਸਾਰਿਆ ਨੂੰ ਅਕਲ ਦੇਣ ਆਲ਼ੀ ਐ। ਮੈਂ ਕਹਿਨੈਂ ਚਲੋ ਛੱਡੋ, ਚਲੋ ਛੱਡੋ। ਪਰ ਥੋਡੇ ਕੰਨਾਂ 'ਤੇ ਜੂੰ ਨੀ ਸਰਕਦੀ (ਅਚਾਨਕ ਕਰਤਾਰੀ ਵੱਲ) ਤੂੰ ਮੈਥੋਂ ਹੁਣ ਟੰਬੇ ਖਾ ਕੇ ਈ ਹਟੇਂਗੀ। ਮੇਰਾ ਇੱਕ ਵਾਰ ਕਿਹਾ, ਸਮਝਾਇਆ ਨੀ ਮੰਨੀਦਾ ਥੋਤੋਂ। [ਜਿਵੇਂ ਦੋਂਹਾਂ ਨੂੰ ਕਹਿ ਰਿਹਾ ਹੋਵੇ]

ਕਰਤਾਰੀ : (ਥੋੜ੍ਹਾ ਜਰ ਕੇ) ਨਾ ਜੀ, ਮੈਂ ਹੁਣ ਕੀ ਕਿਹੈ ? ਮੈਂ ਤਾਂ ਆਪਣੇ ਘਰ ਬੈਠੀ ਆਪਣੇ-ਆਪ ਨਾਲ਼ ਈ ਗੱਲਾਂ ਕਰਦੀ ਸੀ। ਇਹਨੇ ਕੌਲ਼ੇ ਸੁੰਘਦੀ ਨੇ ਲਾ ਲਿਆ ਆਢਾ।

ਸੰਤੀ : (ਇਕਦਮ ਬੋਲਣ ਲੱਗਦੀ ਐ) ਨਾ ਮੈਂ ਲਾ ਲਿਆ ਆਢਾ ਕਿ ਤੂੰ......... । [ਅਚਾਨਕ ਸੱਜਣ ਉਹਨੂੰ ਵਿੱਚੋਂ ਕੱਟ ਕੇ]

ਸੱਜਣ : ਗੱਲ ਸੁਣ ਲੋ ਮੇਰੀ ਕੰਨ ਖੋਲ੍ਹ ਕੇ। ਤੁਸੀਂ ਦੋਏ ਤੀਮੀਂ-ਖ਼ਸਮ ਤੇ ਨਾਲ਼ੇ ਤੂੰ, ਕਰਤਾਰੀਏ! ਘਰ ਕਰਤੇ ਅੱਡ। ਜ਼ਮੀਨ ਦਿੱਤੀ ਵੰਡ। ਬਾਪੂ ਨੇ ਗੱਲ ਸਾਰੀ ਨਬੇੜੀ ਪਈ ਐ। ਆਪਣੇ-ਆਪਣੇ ਘਰ ਰਹੋ ਬੰਦਿਆਂ ਆਂਗੂੰ ਸਾਰੇ, ਨਹੀਂ ਫੇਰ ਜੇ ਮੈਨੂੰ ਚੜ੍ਹ ਗਿਆ ਨਾ ਰੌਣ, ਅਜਿਹੀ ਕਰੂੰ ਸਾਰਿਆਂ ਨਾਲ਼ ਬਈ ਅਗਲਾ-ਪਿਛਲਾ ਝਾਕੋਂਗੇ। ਸਮਝੇ!

[ਏਨੀ ਜ਼ੋਰ ਨਾਲ਼ 'ਸਮਝੇ' ਕਹਿੰਦਾ ਹੈ ਕਿ ਬਾਕੀ ਸਾਰੇ ਤ੍ਰਭਕ ਕੇ ਆਪਣੇ-ਆਪਣੇ ਘਰ ਨੂੰ ਤੁਰ ਪੈਂਦੇ ਹਨ]

*(ਫ਼ੇਡ ਆਊਟ)*

## ਦ੍ਰਿਸ਼ ਛੇਵਾਂ

## (ਫ਼ੇਡ ਇਨ)

[ਗੱਡੇ ਦੇ ਪਹੀਏ 'ਤੇ ਬਜ਼ੁਰਗ ਤੇ ਦੋਵੇਂ ਮੁੰਡੇ ਭਾਵ ਦੀਪਾ ਤੇ ਜਿੰਦਾ ਬੈਠੇ ਹਨ ਤੇ ਗੰਭੀਰ ਗੱਲਾਂ-ਬਾਤਾਂ ਕਰ ਰਹੇ ਜਾਪਦੇ ਹਨ।]

ਦੀਪਾ : ਨਾ, ਬਾਬਾ ਜੀ, ਹੁਣ ਕਰੀਏ ਕੀ? ਚਾਰੇ ਪਾਸੇ ਅੱਗ ਮੱਚਦੀ ਐ। ਸਾਹ ਕਿਤੋਂ ਆਉਂਦਾ ਨੀ ਦਿਸਦਾ। ਆਹ ਲੁੱਟ-ਮਾਰ, ਕਤਲ-ਖੋਹ ਤਾਂ ਨਿੱਤ ਦੀ ਗੱਲ ਹੋ ਗਈ। ਜਾਨ ਨੂੰ ਅੱਡ ਸੰਸੇ ਹੋਏ ਪਏ ਐ। ਤੇ ਏਧਰ ਸਾਡੇ ਘਰ ਦੇ ਸਭ ਕਾਸੇ ਤੋਂ ਬੇਖ਼ਬਰ ਆਪਣੇ-ਆਪ 'ਚ ਕੁਸ਼ਤਬਾਜ਼ੀ 'ਚ ਲੱਗੇ ਹੋਏ ਐ।

Downloaded from https:// www.studiestoday.com

Downloaded from https:// www.studiestoday.com



ਜਿੰਦਾ : ਨਾ, ਹੋਰ ਕੀ! ਆਹ ਨਿੱਤ ਕੰਜਰ-ਕਲੇਸ਼। ਸਾਡੀਆਂ ਮਾਤਾਵਾਂ ਦੀ ਸਮਝ ਨੀ ਆਉਂਦੀ ਬਈ ਸਿਆਣੀਆਂ-ਬਿਆਣੀਆਂ ਨੂੰ ਅਸੀਂ ਸਮਝਾਉਂਦੇ ਬੀ ਕੀ ਚੰਗੇ ਲਗਦੇ ਆਂ ? ਨਾ ਕੋਈ ਗੱਲ, ਨਾ ਬਾਤ.....ਨਿੱਤ ਆਢਾ। ਅਖੇ ਸੂਤ ਨ ਪਤਾਣ ਜੁਲਾਹੇ ਨਾਲ਼ ਠੈਂਗਾ ਠੈਂਗੀ।

ਦੀਪਾ : ਆਹ ਕੱਲ੍ਹ ਫੇਰ ਭੰਗਾਣੀ ਦਾ ਯੁੱਧ ਲੱਗਿਆ ਸੀ, ਕਹਿੰਦੇ ਦਿਨੇਂ ਜਦੋਂ ਅਸੀਂ ਕਾਲਜ ਗਏ ਹੋਏ ਸੀ। ਕਿਉਂ ਜਿੰਦੇ?

ਜਿੰਦਾ : ਆਹੋ, ਮੈਨੂੰ ਬੀ ਲੱਗ ਗਿਆ ਪਤਾ। ਬਾਪੂ ਸਾਡੇ ਆਲ਼ਾ ਬਚਾਰਾ ਨਰਮ ਐ, ਉਹਦੀ ਊਂ ਵਾਹ ਨੀ ਜਾਂਦੀ। ਕਹਿੰਦੇ ਤਾਇਆ ਜੀ ਨੇ ਫੇਰਿਆ ਚੰਗਾ ਰਗੜਾ। ਨਾ, ਤੁਸੀਂ ਬਾਬਾ ਜੀ, ਨੀ ਕੀਤੇ ਸਾਮਰਤੱਖ ਦਰਸ਼ਨ ਮਹਾਂਭਾਰਤ ਦੇ। ਤੁਸੀਂ ਕਿੱਥੇ ਰਹੇ?

ਬਜ਼ੁਰਗ : (ਠਰ੍ਹੰਮੇ ਨਾਲ਼) ਰਹਿਣਾ ਕਿੱਥੇ ਪੁੱਤਰੋ। ਬੱਸ ਇਸੇ ਕੋਠੜੀ 'ਚ ਬੈਠਾ ਸੁਣਦਾ ਰਿਹਾ ਸਾਰਾ ਕੁਝ। ਨਾਲ਼ੇ ਮੇਰੀ ਸੁਣੂੰ ਵੀ ਕੌਣ? ਮੈਂ ਤਾਂ ਕੰਧੀ-ਰੁੱਖੜੈਂ। ਬਸ ਆਹ ਦਿਨ ਦੇਖਣ ਨੂੰ ਈ ਜਿਊਂਦਾ ਬਚਿਆ ਸੀ।

[ਰੋਣ ਵਰਗੀ ਅਵਾਜ਼ ਹੋ ਜਾਂਦੀ ਹੈ]

ਦੋਵੇਂ : ਬਾਬਾ ਜੀ, ਇਉਂ ਨਾ ਕਰੋ। ਸਾਡਾ ਵੀ ਮਨ ਖ਼ਰਾਬ ਹੁੰਦੈ।

ਬਜ਼ੁਰਗ : (ਸੰਭਲ਼ ਕੇ) ਹੋਰ, ਪੁੱਤਰੋ! ਫੂਹੀ-ਫੂਹੀ ਕਰਕੇ ਘਰ ਬੰਨ੍ਹਿਆ। ਰੌਲ਼ਿਆਂ-ਗੌਲ਼ਿਆਂ ਦੇ ਉਜਾੜੇ ਸਹੇ। ਥੋਡੀ ਬੇਬੇ ਨੇ ਸਾਰੀ ਉਮਰ ਨਾ ਚੱਜ ਦਾ ਖਾਇਆ ਨਾ ਹੰਢਾਇਆ ਬੱਸ ਇਹੀ ਚਿੰਤਾ ਬਈ ਢੇਰੀ ਵਧ ਜੇ ਜਿੰਨੀ ਵਧਦੀ ਐ। ਦੋਹਾਂ ਪੁੱਤਾਂ ਨੂੰ ਕੋਈ ਔਖ ਨਾ ਰਹੇ। ਕਹਿੰਦੇ ਐ ਬਈ ਬੁੜ੍ਹੀਆਂ ਨੂੰ ਕੁੜੀਆਂ ਦਾ ਬਾਹਲ਼ਾ ਤਿਹੁ ਹੁੰਦੈ ਪਰ ਉਸ ਰੱਬ ਦੀ ਬੰਦੀ ਨੇ ਆਪਣੀਆਂ ਧੀਆਂ ਨੂੰ ਜੱਗੋਂ ਬਾਹਰਾ ਨੀ ਕੁਝ ਦਿੱਤਾ, ਬਈ ਮੇਰੇ ਪੁੱਤ ਨਾ ਰੁਲ਼ਦੇ ਫਿਰਨ ਕਿਤੇ। (ਹੌਕਾ ਭਰ ਕੇ) ਚੰਗਾ ਹੋਇਆ ਉਹ ਟੈਮ ਸਿਰ ਚਲੀ ਗਈ। ਨਹੀਂ ਆਹ ਦੇਖਕੇ ਤੇ ਉਹਦਾ ਜੀਂਦੀ ਦਾ ਮਰਨ ਹੋ ਜਾਂਦਾ, ਜਿਮੇਂ ਮੈਂ ਭੋਰਾ-ਭੋਰਾ ਕਰਕੇ ਖੁਰਦਾ ਜਾਨਾਂ।

ਦੀਪਾ : ਬਾਬਾ ਜੀ! ਅਸੀਂ ਤਾਂ ਥੋਤੋਂ ਹੌਸਲਾ ਲੈਨੈਂ। ਸਗੋਂ ਤੁਸੀਂ ਆਪ ਈ ਢੇਰੀ ਢਾਹੀ ਜਾਨੇ ਓਂ। ਅਸੀਂ ਇਹ ਕਹਿਨੇ ਐਂ ਬਈ ਅਸਾਂ ਕੋਈ ਰਲ਼ ਕੇ ਸਬੀਲ ਬਣਾਈਏ ਬਈ ਇਹ ਨਿੱਤ ਦੇ ਕਲੇਸ਼ ਦਾ ਕੋਈ ਹੱਲ ਬਣੇ।

Downloaded from https:// www.studiestoday.com

Downloaded from https:// www.studiestoday.com



ਜਿੰਦਾ : ਆਹੋ, ਇਹੀ ਮੈਂ ਕਹਿਨਾਂ।
[ਸਾਰੇ ਆਪਸ ਵਿੱਚ ਸਲਾਹ-ਮਸ਼ਵਰਾ ਕਰਦੇ ਨੇ। ਵਿੱਚ-ਵਿੱਚ ਵਾਰੀ-ਵਾਰੀ ਸਭ ਦੇ ਸਿਰ ਹਿੱਲਦੇ ਨੇ।]
*(ਫ਼ੇਡ ਆਊਟ)*

## ਦ੍ਰਿਸ਼ ਸੱਤਵਾਂ

## (ਫ਼ੇਡ ਇਨ)

[ਵੇਲ਼ਾ ਸ਼ਾਮਾਂ ਦਾ। ਚੁੱਲ੍ਹੇ ਧੁੱਖ ਰਹੇ ਹਨ ਦੋਵੇਂ ਪਾਸੇ। ਸੱਜਣ, ਦੀਪਾ ਅਤੇ ਸੁੰਦਰ ਤੇ ਜਿੰਦਾ ਰੋਟੀ ਖਾ ਰਹੇ ਹਨ। ਸੰਤੀ ਤੇ ਕਰਤਾਰੀ ਪਕਾ ਰਹੀਆਂ ਹਨ। ਕਾਰਜ ਦੋਵੇਂ ਪਾਸੇ ਬਰਾਬਰ ਚਲਦਾ ਹੈ।]

**ਇੱਕ ਪਾਸੇ :**

ਕਰਤਾਰੀ : (ਹੌਲ਼ੀ ਅਵਾਜ਼ ਵਿੱਚ) ਬੱਸ ਹੁਣ ਨੀ ਮੈਥੋਂ ਝੱਲਿਆ ਜਾਂਦਾ। ਏਥੋਂ ਚੱਲੋ। ਖੇਤ ਪਾਉ ਘਰ। ਇਸ ਖਲਜਗਣ 'ਚੋਂ ਨਿਕਲ਼ੀਏ।

ਸੱਜਣ : ਨਾ ਹੁਣ ਪਿਉ ਦਾਦੇ ਦਾ ਘਰ ਛੱਡ ਕੇ ਜੰਗਲ਼ 'ਚ ਜਾ ਵਸੀਏ। ਥੋੜੇ ਏਸ ਜ਼ਨਾਨਖ਼ਾਨੇ ਖ਼ਾਤਰ।

ਕਰਤਾਰੀ : ਕਿਉਂ ਜੰਗਲ਼ ਨੂੰ ਕੀ ਐ? ਹੋਰ ਅੱਧਾ ਪਿੰਡ ਨੀ ਖੇਤਾਂ 'ਚ ਘਰ ਪਾ-ਪਾ ਰਹਿੰਦਾ?

ਸੱਜਣ : ਆਹੋ, ਆਹ ਨਿੱਤ ਕਜ਼ੀਏ ਵੀ ਖੇਤਾਂ ਆਲ਼ਿਆਂ ਦੇ ਈ ਸੁਣੀਦੇ ਐ। ਕਦੇ ਉੱਥੇ ਗੋਲ਼ੀ ਚੱਲਗੀ ਕਦੇ ਉੱਥੇ ਧੂ-ਘੜੀਸ ਹੋਗੀ। ਵੱਡੇ ਫ਼ਾਰਮ-ਹਾਊਸਾਂ ਦੀ ਮਾਲਕੀ ਦੇ ਚੱਟੇ ਥੇ।

ਕਰਤਾਰੀ : ਨਾ ਬੰਦਿਆਂ, ਨਾਲ਼ ਈ ਹੁੰਦੀਆਂ। ਹੋਣ ਨੂੰ ਪਿੰਡ 'ਚ ਬੈਠਿਆਂ ਨੂੰ ਤਾਂ ਕੁਸ ਨੀ ਹੁੰਦਾ ਜਿਵੇਂ।

ਦੀਪਾ : ਪਿੰਡ 'ਚ ਫੇਰ ਚਾਰ ਭਾਈ ਨਾਲ਼ ਹੁੰਦੇ ਐ, ਬੇਬੇ ਸੌ ਸੁੱਖ......

ਕਰਤਾਰੀ : (ਵਿੱਚੋਂ ਕੱਟ ਕੇ) ਰਹਿਣ ਦੇ ਤੂੰ ਬੱਡੇ ਭਾਈਆਂ ਦੇ ਕਿੱਸੇ। ਆਹ ਭਾਈਆਂ ਦੇ ਪੱਟੇ ਈ ਤਾਂ ਇੱਥੋਂ ਭੱਜਣ ਨੂੰ ਫਿਰਦੇ ਆਂ।

ਦੀਪਾ : ਬੇਬੇ ਤੂੰ ਵਾਰੇ ਸ਼ਾਹ ਨੂੰ ਭੁੱਲਗੀ ਅਖੇ, 'ਭਾਈਆਂ ਬਾਝ ਨਾ ਮਜਲਸਾਂ ਸੋਂਹਦੀਆਂ ਨੇ......ਭਾਈਆਂ ਬਾਝ ਬਾਗੀਂ ਬਹਾਰ ਨਾਹੀਂ। [ਗਾਉਂਦਾ ਹੈ ਜਿਵੇਂ ਚਿੜਾ ਰਿਹਾ ਹੋਵੇ]

ਕਰਤਾਰੀ : ਮੈਂ ਚਿਮਟਾ ਮਾਰੂੰ ਤੱਤਾ-ਤੱਤਾ ਸਾਰੀ ਕਵੀਸ਼ਰੀ ਕੱਢ ਦੂੰ ਬਾਹਰ!

Downloaded from https:// www.studiestoday.com

Downloaded from https:// www.studiestoday.com



**ਦੂਜੇ ਪਾਸੇ :**

ਸੰਤੀ : ਬੱਸ, ਬਹੁਤ ਹੋਗੀ ਜਿੰਦੇ ਦੇ ਬਾਪੂ ! ਹੁਣ ਨੀ ਸਬਰ ਹੁੰਦਾ। ਚਾਹੇ ਤਿੰਨ ਕਰ ਚਾਹੇ ਪੰਜ। ਵੇਚ ਕੇ ਘਰ, ਜ਼ਮੀਨ ਚੱਲ ਸ਼ਹਿਰ ਚੱਲੀਏ।

ਸੁੰਦਰ : ਨਾ ਸ਼ਹਿਰ ਉੱਥੇ 'ਟੇਸ਼ਨ 'ਤੇ ਬਾਹਾਂ ਲੰਮੀ ਕਰੀ ਬੈਠੇ ਐਂ ਸਾਰੇ ਡੀ. ਸੀ., ਟੀ. ਸੀ., ਬਈ ਆਓ (ਚਿੱਲਾ ਕੇ ਸੰਤੀ ਦੇ ਲਹਿਜੇ ਦੀ ਨਕਲ ਕਰਦਾ ਹੋਇਆ) ਮਹਾਰਾਣੀ ਸੰਤੀ ਕੇ ਟੱਬਰ ਜੀ ਆਪਕਾ ਸਵਾਗਤ ਐ।

ਸੰਤੀ : ਮੇਰੀ ਗੱਲ ਟਾਲ਼ ਨਾ। ਸਵਾਗਤ ਨੂੰ ਹੋਰ ਉੱਥੇ ਧੱਕੇ ਮਾਰ ਕੇ ਕੱਢ ਦੇਣਗੇ। ਸੌ ਕੰਮ ਨੇ ਕਰਨ ਆਲ਼ੇ। ਕੋਈ ਆਪਣਾ ਕੰਮ ਕਰ ਲਾਂਗੇ। ਹੋਰ ਨੀ ਚਾਰ ਮੱਝਾਂ ਰੱਖ ਕੇ ਕੋਈ ਡੇਅਰੀ ਫ਼ਾਰਮ ਈ ਚਲਾ ਲਾਂਗੇ। ਕਹਿੰਦੇ ਸ਼ਹਿਰਾਂ 'ਚ ਏਸ ਕੰਮ ਦੀ ਬੜੀ ਬੁੱਕਤ ਐ।

ਜਿੰਦਾ : ਬੇਬੇ ਸ਼ਹਿਰ ਆਲ਼ਿਆਂ ਦਾ ਏਸ ਤੋਂ ਬਿਨਾਂ ਸਰਦਾ ਤਾਂ ਨੀ ਪਰ ਏਸ ਕੰਮ ਆਲ਼ਿਆਂ ਨੂੰ ਉਹ ਛੇਕਿਆਂ ਹੋਇਆਂ ਆਂਗੂੰ ਸ਼ਹਿਰ ਦੇ ਵਿੱਚ ਨੀ ਬੜਨ ਦਿੰਦੇ। ਕਹਿੰਦੇ ਬਈ ਦੁੱਧ ਸਾਨੂੰ ਪਲ਼ਾਉ ਰੱਜਵਾਂ ਪਰ ਡੰਗਰ 'ਸ਼ਹਿਰ ਸੇ ਪਰੇ-ਪਰੇ'।

ਸੰਤੀ : ਲੈ ਐਵੇਂ ਈ। ਉਂਈਂ ਮਾਰੀ ਜਾਂਦੈ ਭਕਾਈ।

ਜਿੰਦਾ : ਨਾ ਹੋਰ ਕੀ ਬੇਬੇ! ਆਹ ਚੰਡੀਗੜ੍ਹ 'ਚ ਤਾਂ ਡੰਗਰ-ਪਸੂ ਦਸ-ਦਸ ਮੀਲ ਤੱਕ ਹੱਦ 'ਚ ਨੀ ਵੜਨਾ ਅਲਾਊਡ। ਜੇ ਕਿਤੇ ਦਿਖ ਜੇ ਨਾਲ਼ੇ ਕੈਦ ਨਾਲ਼ੇ ਜ਼ੁਰਮਾਨਾ (ਚਿੜ੍ਹਾਉਣ ਵਾਲ਼ੇ ਲਹਿਜੇ 'ਚ)।

ਸੰਤੀ : (ਝਿੜਕ ਕੇ) ਤੂੰ ਆਪਣੀਆਂ ਜਬਲ਼ੀਆਂ ਰੱਖ ਇੱਕ ਪਾਸੇ (ਸੁੰਦਰ ਨੂੰ) ਸੁਣ ਲੈ ਚਾਹੇ ਇੱਕ ਬਾਰ ਚਾਹੇ ਹਜ਼ਾਰ ਬਾਰ। ਤੀਹੋਕਾਲ ਮੈਂ ਨੀ ਇੱਥੇ ਰਹਿਣਾਂ, ਨਿੱਤ ਦੇ ਕੰਜਰ-ਕਲੇਸ਼ 'ਚ। ਏਥੋਂ ਸਾਂਭੋ ਲਟਾ-ਪਟਾ ਤੇ ਤੁਰੋ ਸ਼ਹਿਰ।

[ਦੋਵੇਂ ਪਾਸੇ ਇੱਕ-ਦੂਜੇ ਨਾਲ਼ ਗੱਲਾਂ ਕਰਨ, ਸਮਝਣ ਸਮਝਾਉਣ ਦਾ ਕਾਰਜ ਜਾਰੀ ਰਹਿੰਦਾ ਹੈ।]

*(ਫ਼ੇਡ ਆਊਟ)*

## ਦ੍ਰਿਸ਼ ਅੱਠਵਾਂ
**(ਫ਼ੇਡ ਇਨ)**

[ਕਰਤਾਰੀ ਚੌਂਕੇ ਵਿੱਚ ਬੈਠੀ ਹੈ। ਸੱਜਣ ਬਜ਼ੁਰਗ ਦੇ ਢਾਰੇ 'ਚੋਂ ਬਾਹਰ

Downloaded from https:// www.studiestoday.com

Downloaded from https:// www.studiestoday.com



ਆਉਂਦਾ ਹੈ। ਚਿੰਤਤ ਮੁਦਰਾ ਵਿੱਚ]

ਸੱਜਣ : ਕਰਤਾਰ ਕੁਰੇ, ਬਾਪੂ ਢਿੱਲੈ ਕੁਸ। ਚਾਹ-ਚੂਹ ਕਰਕੇ ਦੇਹ। ਬਿਰਧ ਸਰੀਰ ਐ ਕਿਤੇ ਹੋਰ ਈ ਭਾਣਾ ਨਾ ਵਰਤ ਜੇ।

ਕਰਤਾਰੀ : ਉਹ ਤਾਂ ਮੈਂ ਦੇ ਆਉਨੀ ਆਂ। ਤੂੰ ਉਹਨੂੰ ਕਿਹਾ ਨੀ ਬਈ ਏਧਰ ਆ ਜੋ।

ਸੱਜਣ : ਕਮਲੈ ! ਮੈਂ ਇੱਕ ਵਾਰ ਕਿਹੈ? ਉਹਦੀ ਉਹੀ ਰੱਟ.... ਬੱਸ ਮੈਂ ਤਾਂ ਇੱਥੇ ਈ ਰਹੂੰ।

ਕਰਤਾਰੀ : ਚੰਗਾ (ਚਾਹ ਪਾਉਂਦੀ ਹੋਈ) ਲੈ ਜੀ 'ਤੂੰ ਹੀ ਫ਼ੜਾਇਆ ਚਾਹ, ਨਾਲ਼ੇ ਦੋ ਘੜੀ ਹੋਰ ਕੋਲ਼ ਬਹਿ ਆ। ਮੈਂ ਬਾੜੇ 'ਚੋਂ ਪਾਥੀਆਂ ਦਾ ਟੋਕਰਾ ਈ ਲਈ ਆਵਾਂ।

ਸੱਜਣ : (ਚਾਹ ਫੜਦਾ ਹੋਇਆ) ਲਿਆ ਦੇਹ।
[ਅੰਦਰ ਜਾਂਦਾ ਹੈ। ਦੂਜੇ ਪਾਸਿਓਂ ਮੋਢੇ 'ਤੇ ਕਹੀ ਰੱਖੀ ਸੁੰਦਰ ਬਾਹਰੋਂ ਆਉਂਦਾ ਹੈ। ਓਟੇ ਵਿੱਚੋਂ ਪਾਣੀ ਦੀ ਗੜਵੀ ਲੈ, ਹੱਥ-ਪੈਰ ਧੋਂਦਾ ਅਵਾਜ਼ ਮਾਰਦਾ ਹੈ।]

ਸੁੰਦਰ : ਮੈਂ ਕਿਹਾ, ਜਿੰਦੇ ਦੀ ਬੇਬੇ! ਓ ਜਿੰਦੇ ਦੀ ਬੇਬੇ।

ਸੰਤੀ : (ਅੰਦਰੋਂ ਬਾਹਰ ਆਉਂਦੀ ਹੋਈ) ਤੂੰ ਜੀ, ਆ ਗਿਆ ਖੇਤੋਂ?

ਸੁੰਦਰ : ਆਹੋ, ਖੇਤ ਦੀ ਖ਼ੈਰ ਐ। ਮਖਿਆਂ ਬਾਪੂ ਢਿੱਲੈ ਕੁਸ? ਆਹ ਰਾਹ 'ਚ ਭਾਬੀ ਮਿਲ਼ੀ ਸੀ ਉਹਨੇ ਦੱਸਿਐ।

ਸੰਤੀ : (ਭਾਬੀ ਦੇ ਨਾਂ ਤੋਂ ਨੱਕ-ਬੁੱਲ੍ਹ ਵੱਟਣ ਹੀ ਲਗਦੀ ਹੈ ਕਿ ਅਚਾਨਕ ਠਰ੍ਹੰਮੇ ਨਾਲ਼)ਆਹੋ, ਮੈਂ ਵੀ ਸੁਣੇ ਸੀ ਦੋਵੇਂ ਖ਼ਸਮ-ਤੀਮੀਂ ਗੱਲਾਂ ਜਿਹੀਆਂ ਕਰਦੇ। ਜਾਹ ਤੂੰ ਜਾਇਆ। ਪਤਾ ਕਰਿਆ ਬੁੜ੍ਹੇ ਦਾ ਕਿਤੇ ਹੋਰ ਕੁਸ ਦਾ ਕੁਸ ਹੋਵੇ।

ਸੁੰਦਰ : ਤੂੰ ਮਾੜੀ ਭਾਖਿਆ ਈ ਕੱਢਿਆ ਕਰ। ਮੈਂ ਕਰਦੈਂ ਪਤਾ ਬਾਪੂ ਦਾ। ਤੂੰ ਜ਼ਰਾ ਰੁੱਗ ਲੁਆ ਤੇ ਜਿੰਦੇ ਨੂੰ ਕਹਿ ਪੱਠੇ ਕੁਤਰ ਦੇ।

ਸੰਤੀ : ਜਿੰਦਾ ਅਜੇ ਕਿੱਥੇ ਮੁੜਿਐ ਸ਼ਹਿਰੋਂ।

ਸੁੰਦਰ : ਚੰਗਾ ਮੈਂ ਈ ਆ ਕੇ ਲਗਦਾਂ। ਤੂੰ ਚਾਹ ਧਰ ਮੈਂ ਬਾਪੂ ਦਾ ਪਤਾ ਕਰ ਆਮਾਂ। ਨਾਲ਼ੇ ਉਹਨੂੰ ਵੀ ਦੇ ਆ। ਆਹ ਤੁਲ਼ਸੀ ਦੇ ਪੱਤੇ ਪਾ ਲੀਂ, ਦੋ। ਠੰਢ-ਠੂੰਢ ਈ ਹੋਊ ਲੱਗੀ।
[ਸੁੰਦਰ ਬਜ਼ੁਰਗ ਦੇ ਢਾਰੇ ਵੱਲ ਜਾਂਦਾ ਹੈ। ਸੰਤੀ ਅੰਦਰ ਚਾਹ ਦਾ ਸਮਾਨ ਲੈਣ ਜਾਂਦੀ ਹੈ।]
(ਫ਼ੇਡ ਆਊਟ)

Downloaded from https:// www.studiestoday.com

Downloaded from https:// www.studiestoday.com



## ਦ੍ਰਿਸ਼ ਨੌਂਵਾਂ
## (ਫ਼ੇਡ ਇਨ)

[ਦਿਨ ਦਾ ਸਮਾਂ । ਬਾਪੂ ਦਾ ਮੰਜਾ ਦੋਂਹਾਂ ਘਰਾਂ ਦੇ ਬਿਲਕੁਲ ਅੱਧ-ਵਿਚਕਾਰ ਡਾਹਿਆ ਹੋਇਆ ਹੈ। ਸਾਰਾ ਪਰਿਵਾਰ ਉਸ ਦੇ ਮੰਜੇ ਦੇ ਆਲ਼ੇ-ਦੁਆਲ਼ੇ ਹੈ। ਸੱਜਣ ਤੇ ਸੁੰਦਰ ਮੰਜੇ ਦੇ ਪੈਂਦ-ਸਰ੍ਹਾਣੀ ਬੈਠੇ ਹਨ ਅਤੇ ਕਰਤਾਰੀ ਤੇ ਸੰਤੀ ਹੇਠਾਂ ਪੀੜ੍ਹੀਆਂ 'ਤੇ। ਦੀਪਾ ਤੇ ਜਿੰਦਾ ਪਿੱਛੇ ਉਦਾਸ ਜਿਹੇ ਖੜ੍ਹੇ ਹਨ।]

ਸੱਜਣ : ਬਾਪੂ ! ਜਿਦ ਛੱਡ। ਤੂੰ ਢਿੱਲਾ ਬਾਹਲੈਂ। ਚੱਲ ਘਰ ਚੱਲੀਏ ਅੰਦਰ। ਰਜਾਈ 'ਚ ਨਿੱਘਾ ਹੋ ਕੇ ਪੈ। ਮੈਂ ਬਨਾਰਸੀ ਵੈਦ ਨੂੰ ਲਿਆਉਨਾਂ ਜਾ ਕੇ।

ਬਜ਼ੁਰਗ : (ਹੌਂਕਦਾ ਹੋਇਆ) ਨਾ-ਜਮ੍ਹਾ ਨੀ।

ਸੁੰਦਰ : ਬਾਪੂ, ਮੰਨ ਲਿਆ ਕਰ ਕਿਸੇ ਦੀ। ਤੂੰ ਚੱਲ ਮੇਰੇ ਅੱਲ ਚੱਲ। ਅੰਦਰ ਰਮਾਨ ਨਾਲ਼ ਪੈ। ਸੰਤੀਏ ਤੂੰ ਚਾਹ ਬਣਾ। ਮੈਂ ਸ਼ਹਿਰੋਂ ਡਾਕਟਰ ਸੱਦ ਕੇ ਲਿਆਉਨਾਂ।
[ਜਾਣ ਲੱਗਦਾ ਹੈ ਕਿ ਬਜ਼ੁਰਗ ਰੋਕਦਾ ਹੈ]

ਬਜ਼ੁਰਗ : (ਔਖੀ ਅਵਾਜ਼ 'ਚ-ਓ ਕੰਜਰੋ, ਮੇਰਾ ਇੱਕ ਵਾਰ ਕਿਹਾ ਨੀ ਸੁਣਿਆ। ਮੈਂ ਕਿਸੇ ਪਾਸੇ ਨੀ ਜਾਣਾ)

ਸੱਜਣ : (ਥੋੜ੍ਹਾ ਗ਼ੁੱਸੇ 'ਚ) ਹੋਰ ਏਥੇ ਮਰਨੈ, ਬਾਹਰ ਵਿਹੜੇ 'ਚ।

ਸੁੰਦਰ : ਬਾਪੂ, ਸੋਚ ਜ਼ਰਾ। ਲੋਕ ਕੀ ਕਹਿਣਗੇ। ਬਈ ਨੱਥੇ ਕਿਆਂ ਕੇ ਟੱਬਰ ਦਾ ਬੁੜ੍ਹਾ ਬਾਹਰ ਮਰ ਗਿਆ, ਅੱਧ-ਵਿਚਕਾਰ।

ਬਜ਼ੁਰਗ : ਚਾਹੇ ਕੋਈ ਕੁਛ ਕਹੇ। ਮੈਨੂੰ ਨੀਂ ਪਰਵਾਹ। ਮੈਂ ਸੌ ਦੀ ਇੱਕ ਸੁਣਾ 'ਤੀ। ਬਈ ਮੈਂ ਅੱਡ-ਅੱਡ ਹੋਏ ਘਰਾਂ 'ਚ ਨੀ ਜਾਣਾ। ਨਾਲ਼ੇ ਆਹ ਅੱਜ ਦੀ ਗੱਲ ਐ ? ਜਿਵੇਂ ਥੋਨੂੰ ਪਤਾ ਨੀ। ਜਿੱਦਣ ਦਾ ਇਹ ਵੰਡ-ਵੰਡਾਰਾ ਹੋਇਐ, ਮੈਂ ਪਾਇਐ ਕਦਮ ਥੋਡੇ ਦੋਂਹਾਂ ਦੇ 'ਘਰਾਂ' 'ਚ? ['ਘਰਾਂ' ਸ਼ਬਦ ਵਿਅੰਗ ਨਾਲ਼ ਕਹਿੰਦਾ ਹੈ]

ਸੱਜਣ : ਓ, ਇਹ ਤਾਂ ਠੀਕ ਐ, ਮੇਰੇ ਬਾਪੂ ਜੀ ਮਾਰ੍ਹਾਜ ! ਪਰ ਹੁਣ ਤੂੰ ਬਮਾਰ ਐਂ, ਤੀਮਾਰਦਾਰੀ ਦੀ ਲੋੜ ਐ। ਹੁਣ ਤਾਂ ਇੱਕ ਥਾਂ ਟਿਕਿਆ ਈ ਸਰੂ।

ਸੁੰਦਰ : ਹੋਰ। ਨਾਲ਼ੇ ਏਥੇ ਪਿਆ ਉਂ ਠੰਢ 'ਚ ਆਕੜ ਜੇਂਗਾ, ਸ਼ਾਮ ਤੱਕ।

Downloaded from https:// www.studiestoday.com

Downloaded from https:// www.studiestoday.com



| | | |
|---|---|---|
| ਬਜ਼ੁਰਗ | : | ਮੈਂ ਤਾਂ ਮਾੜੀ ਜੀ ਧੁੱਪ ਦੇਖ ਕੇ ਮੁੰਡਿਆਂ ਤੋਂ ਕਢਵਾਇਆ ਮੰਜਾ, ਬਾਹਰ। ਬਹੁਤਾ ਕਰਦਿਉ ਮੇਰਾ ਮੰਜਾ ਅੰਦਰ ਫੇਰ ਢਾਰੇ 'ਚ ਕਰ ਦੋ ਪਰ ਮੈਂ ਰਹੂੰ 'ਲੀਕ ਦੇ ਉੱਤੇ।' |
| ਸੱਜਣ | : | ਬਾਪੂ ! ਕਿਉਂ ਕਮਲ਼ੀਆਂ ਮਾਰਦੈਂ? ਤੈਨੂੰ 'ਕੱਲੇ ਨੂੰ ਕਿਵੇਂ ਛੱਡ ਦੀਏ ਹੁਣ। [ਔਖਾ-ਭਾਰਾ ਹੁੰਦਾ ਹੈ] |
| ਬਜ਼ੁਰਗ | : | ਕਿਉਂ, ਅੱਜ ਹੋਇਆਂ ਮੈਂ ਕੱਲਾ? ਮੈਂ ਤਾਂ ਕਦ ਦਾ ''ਕੱਲਾਂ''। [ਦ੍ਰਿੜ੍ਹਤਾ ਨਾਲ਼ ਬੋਲਦਾ ਹੈ। 'ਕੱਲਾਂ' ਸ਼ਬਦ ਤੇ ਜ਼ੋਰ ਦਿੰਦਾ ਹੈ] |
| ਦੀਪਾ | : | (ਥੋੜ੍ਹਾ ਜਕ ਕੇ ਸੱਜਣ ਨੂੰ) ਬਾਪੂ ਜੀ ! ਤੁਸੀਂ ਬਾਬਾ ਜੀ ਦੀ ਗੱਲ ਕਿਉਂ ਨੀ ਸਮਝਦੇ ? ਹਾਂ ਤਾਂ ਅਸੀਂ ਨਿਆਣੇ ਥੋਨੂੰ ਸਮਝਾਂਦੇ ਚੰਗੇ ਨੀ ਲਗਦੇ ਪਰ ਤੁਸੀਂ ਵਿਚਾਰੋ ਤਾਂ ਸਹੀ। |
| ਜਿੰਦਾ | : | (ਸੁੰਦਰ ਨੂੰ) ਬਾਬਾ ਜੀ ਨੇ ਹਾਲੇ ਤੱਕ ਇਸ ਘਰ ਦੇ ਦੋ ਟੋਟੇ ਮਨੋਂ ਨੀ ਮੰਨੇ। ਤਾਂ ਹੀ ਐਨੇ ਸਾਲਾਂ ਤੋਂ ਕੱਲੇ ਆਪਣੇ ਢਾਰੇ 'ਚ ਬੈਠੇ ਐ। ਤੁਸੀਂ ਉਹਨਾਂ ਦਾ ਮਨ ਕਿਉਂ ਨੀ ਪੜ੍ਹਦੇ? |
| ਦੀਪਾ | : | (ਕਰਤਾਰੀ ਨੂੰ) ਬੇਬੇ, ਥੋਡੇ ਕਜੀਏ-ਕਲੇਸ਼ ਨੇ ਘਰ 'ਚ ਵੰਡੀਆਂ ਪੁਆਈਆਂ। ਬਾਬੇ ਦਾ ਦਿਲ ਅੱਡ ਦੁਖਾਇਆ। ਇਹਨਾਂ ਨੂੰ (ਬਾਪੂ ਤੇ ਚਾਚੇ ਵੱਲ) ਅੱਡ ਤਪਾਇਆ। |
| ਜਿੰਦਾ | : | (ਸੰਤੀ ਨੂੰ) ਜੇ ਹੁਣ ਵੀ ਭਲੀ ਲੋੜਦੇ ਓਂ ਤਾਂ ਛੱਡ ਦਿਓ ਹਿੰਡ। ਏਹਨਾਂ ਕਲੇਸ਼ਾਂ ਨੇ ਕਦੇ ਕਿਸੇ ਦਾ ਕੁਝ ਨੀ ਸੁਆਰਿਆ। [ਕਰਤਾਰੀ ਤੇ ਸੰਤੀ ਨਿੰਮੋਝੂਣੀਆਂ ਜਿਹੀਆਂ ਹੁੰਦੀਆਂ ਪੈਰਾਂ ਦੇ ਨਹੁੰ ਖੁਰਚਦੀਆਂ ਹਨ। ਸੱਜਣ ਤੇ ਸੁੰਦਰ ਵੀ ਸ਼ਰਮਿੰਦਗੀ ਜਿਹੀ ਮਹਿਸੂਸ ਕਰਦੇ ਹਨ। ਬਾਬੇ ਦੇ ਚਿਹਰੇ 'ਤੇ ਰੌਣਕ ਆਉਣ ਲੱਗਦੀ ਹੈ।] |
| ਦੀਪਾ | : | (ਜਿਵੇਂ ਸਾਰਿਆਂ ਨੂੰ ਕਹਿ ਰਿਹਾ ਹੋਵੇ) ਦੇਖ ਲਊ। ਜੇ ਬਾਬਾ ਜੀ ਲੋੜੀਂਦੇ ਐ। ਘਰ ਦੀ ਸ਼ਾਂਤੀ ਲੋੜੀਂਦੀ ਐ ਤਾਂ ਢਾਹੋ ਇਹ ਅੱਡ-ਅੱਡ ਕੰਧੋਲ਼ੀਆਂ। |
| ਜਿੰਦਾ | : | (ਜੋਸ਼ ਨਾਲ਼) ਛੱਡੋ ਇਹ ਨਿੱਤ-ਨਿੱਤ ਦੇ ਨਿਗੂਣੇ ਝਗੜੇ। ਹੋਵੋ 'ਕੱਠੇ। [ਸੱਜਣ,ਸੁੰਦਰ, ਕਰਤਾਰੀ ਤੇ ਸੰਤੀ ਦੇ ਚਿਹਰਿਆਂ 'ਤੇ ਹਾਂ ਦੀ ਝਲਕ ਮਿਲ਼ਦੀ ਹੈ। ਬਜ਼ੁਰਗ ਉੱਠ ਕੇ ਬਹਿਣ ਦੀ ਕੋਸ਼ਸ਼ ਕਰਦਾ ਹੈ।] |

Downloaded from https:// www.studiestoday.com

Downloaded from https:// www.studiestoday.com



ਦੀਪਾ : ਠੀਕ ਐ ਫੇਰ! ਲੈ ਬਈ ਜਿੰਦਿਆ, ਹੋ ਜਾ ਤਿਆਰ।
[ਦੋਵੇਂ ਜਾ ਕੇ ਓਟੇ ਢਾਹੁਣ ਲੱਗਦੇ ਹਨ। ਭਾਂਡੇ ਸਾਂਝੀ ਥਾਂ ਕਰਦੇ ਹਨ। ਬਾਬਾ ਹੌਲ਼ੀ-ਹੌਲ਼ੀ ਉੱਠ ਕੇ ਖੜ੍ਹਾ ਹੁੰਦਾ ਹੈ। ਸੱਜਣ ਤੇ ਸੁੰਦਰ ਬਾਬੇ ਦੇ ਲਾਗੇ ਜਾ ਕੇ ਉਹਨੂੰ ਮੋਢਿਆਂ ਤੋਂ ਫੜਕੇ ਖੜਾ ਕਰਨ ਵਿੱਚ ਮਦਦ ਕਰਦੇ ਹਨ। ਸੰਤੀ ਤੇ ਕਰਤਾਰੀ ਦੇ ਚਿਹਰਿਆਂ 'ਤੇ ਮੁਸਕਾਣ ਆਉਂਦੀ ਹੈ ਤੇ ਉਹ ਪੀੜ੍ਹੀਆਂ 'ਤੇ ਬੈਠਿਆਂ-ਬੈਠਿਆਂ ਇਕ-ਦੂਜੇ ਵੱਲ ਮੁਸਕਰਾ ਕੇ ਤੱਕਦੀਆਂ ਹਨ। ਇਹ ਤੱਕਣੀ ਪਹਿਲਾਂ ਵਾਲ਼ੀ ਕੌੜ-ਕੌੜ ਤੱਕਣੀ ਤੋਂ ਬਿਲਕੁਲ ਉਲਟ ਹੈ। ਪਿਛੋਕੜ ਤੋਂ ਗੀਤ ਉੱਭਰਦਾ ਹੈ]

ਸਾਡਾ ਵੱਸਦਾ ਰਹੇ ਘਰ ਬਾਰ,
ਸਾਡਾ ਬਣਿਆ ਰਹੇ ਪਿਆਰ।
ਨਜ਼ਰ ਕੋਈ ਲੱਗੇ ਨਾ।
ਬਿਨ ਪਿਆਰਾਂ ਦੇ ਯਾਰ,
ਇਹ ਵਿਹੜਾ ਫੱਬੇ ਨਾ..........।

*(ਫ਼ੇਡ ਆਊਟ)*

**ਸ਼ਬਦ ਅਰਥ :**

**ਵੇਲ ਵਧਦੀ ਰਹੇ** - ਖ਼ਾਨਦਾਨ ਦਾ ਅੱਗੇ ਵਧਣਾ। **ਪਲੇਗ** - ਇੱਕ ਘਾਤਕ ਬਿਮਾਰੀ ਦਾ ਨਾਂ। **ਨਾਨਸੈਂਸ** - ਮੂਰਖ਼। **ਖੜਪੰਚ** - ਆਪੇ ਬਣਿਆ ਚੌਧਰੀ। **ਸੋਲ਼ਾਂ ਆਨੇ ਸੱਚ** - ਬਿਲਕੁਲ ਠੀਕ, ਸਹੀ। **ਮੀਰਜ਼ਾਦੇ** - ਲੋਕਾਂ ਦੀ ਨਕਲ ਉਤਾਰਨਾ ਜਿਨ੍ਹਾਂ ਦਾ ਕਿੱਤਾ ਹੈ, ਇੱਕ ਜਾਤੀ। **ਅਸਹਾਯ** - ਚੁੱਪ-ਚਾਪ ਖੜ੍ਹਨ ਦੀ ਅਵਸਥਾ। **ਜੇਠਮਲਾਨੀ** - ਇੱਕ ਪ੍ਰਸਿੱਧ ਕਨੂੰਨਦਾਨ ਦਾ ਨਾਂ। **ਤੋੜ** - ਤੱਕਲ਼ਾ। **ਢੇਰੀ** - ਜ਼ਮੀਨ (ਇੱਕ ਮਾਲਕ ਦੀ ਇਕੱਠੀ ਜ਼ਮੀਨ)। **ਖਲਜਗਣ** - ਕਲ਼ੇਸ, ਲੜਾਈ, ਝਗੜਾ। **ਮਜਲਸਾਂ** - ਮਹਿਫ਼ਲਾਂ। **ਰੌਣ** -ਗ਼ੁੱਸਾ, ਰਾਵਣ, ਭਾਵ। **ਸਬੀਲ** -ਤਰਕੀਬ। **ਤਾਮੀਰਦਾਰੀ** - ਦੇਖ-ਭਾਲ਼।

## ਪਾਠ - ਅਭਿਆਸ

1. ਹੇਠ ਲਿਖੇ ਵਾਰਤਾਲਾਪਾਂ ਨੂੰ ਧਿਆਨ ਨਾਲ਼ ਪੜ੍ਹੋ ਅਤੇ ਦਿੱਤੇ ਗਏ ਪ੍ਰਸ਼ਨਾਂ ਦਾ ਉੱਤਰ ਦਿਓ।

ੳ. (''ਦੂਜੇ ਨਾਲ਼ ਸਲਾਹ-ਮਸ਼ਵਰਾ ਕਰਦਿਆਂ) ਤੁਸੀਂ ਮੀਰਜ਼ਾਦਿਓ ਘਬਰਾਓ ਨਾ। ਤੁਸੀਂ ਏਉਂ ਕਿਉਂ ਨੀ ਕਰਦੇ ਬਈ ਸਾਡੇ ਡਰਾਮੇ ਵਿੱਚ ਪਾਰਟ ਕਰੋ। ਕਲਾਕਾਰ ਤੁਸੀਂ ਹੈ ਈ। ਬੱਸ ਗੱਲ ਆਪਣੇ ਕੋਲ਼ੋਂ ਨੀ ਬਣਾਉਣੀ ਜੋ ਸਾਡੇ ਡਾਇਰੈਕਟਰ ਸਾਹਿਬ ਦੱਸਣ–ਉਹੀ ਬੋਲਣੀ ਐ।''

Downloaded from https:// www.studiestoday.com

Downloaded from https:// www.studiestoday.com



1. ਇਹ ਸ਼ਬਦ ਕਿਸ ਨੇ ਕਿਸ ਨੂੰ ਕਹੇ?
2. ਇਸ ਵਾਰਤਾਲਾਪ ਵਿੱਚ ਕਲਾਕਾਰ ਕਿਸ ਨੂੰ ਕਿਹਾ ਗਿਆ ਹੈ?
3. ਇਸ ਵਾਰਤਾਲਾਪ ਵਿੱਚ ਮੀਰਜ਼ਾਦਿਆਂ ਨੂੰ ਡਾਇਰੈਕਟਰ ਦੇ ਹੁਕਮਾਂ ਦੀ ਪਾਲਣਾ ਕਰਨ ਲਈ ਕੀ ਕਿਹਾ ਗਿਆ ਹੈ?

ਅ. ''ਕੋਈ ਅਕਲ ਦੀ ਗੱਲ ਕਰੋ। ਕਿਉਂ ਸਾਰੇ ਪਿੰਡ ਨੂੰ ਬਦਨਾਮੀ ਖੱਟਣ ਆਲ਼ਾ ਕੰਮ ਕਰਦੀਓਂ। ਇਸ ਘਰ 'ਚੋਂ ਕਦੇ ਉੱਚੀ ਅਵਾਜ਼ ਨੀ ਸੀ ਨਿਕਲ਼ੀ। ਲੋਕਾਂ ਨੇ ਸਾਡੀ ਅੱਲ 'ਚੁਪਕਿਆਂ ਕੇ' ਪਾਈ ਹੋਈ ਸੀ। ਹੁਣ ਮੈਨੂੰ ਲਗਦੈ 'ਬੋਲ ਬੁਲਾਰਿਆਂ ਕੇ' ਪਾਉਣਗੇ।

1. ਇਹ ਸ਼ਬਦ ਕਿਸ ਨੇ ਕਿਸ ਨੂੰ ਕਹੇ?
2. ਇਸ ਵਾਰਤਾਲਾਪ ਵਿੱਚ 'ਚੁਪਕਿਆਂ ਕੇ' ਅੱਲ ਕਿਨ੍ਹਾਂ ਬਾਰੇ ਹੈ?
3. ਇਸ ਵਾਰਤਾਲਾਪ ਅਨੁਸਾਰ ਕਿਹੜੇ ਕੰਮ ਨਾਲ਼ ਪਿੰਡ ਵਿੱਚ ਬਦਨਾਮੀ ਹੋਣ ਦਾ ਖ਼ਤਰਾ ਸੀ।

ੲ. ''ਚਾਹੇ ਕੋਈ ਕੁਛ ਕਹੇ। ਮੈਨੂੰ ਨੀਂ ਪਰਵਾਹ। ਮੈਂ ਸੌ ਦੀ ਇੱਕ ਸੁਣਾ 'ਤੀ। ਬਈ ਮੈਂ ਅੱਡ-ਅੱਡ ਹੋਏ ਘਰਾਂ 'ਚ ਨੀ ਜਾਣਾ। ਨਾਲ਼ੇ ਆਹ ਅੱਜ ਦੀ ਗੱਲ ਐ ? ਜਿਵੇਂ ਥੋਨੂੰ ਪਤਾ ਨੀ। ਜਿੱਦਣ ਦਾ ਇਹ ਵੰਡ-ਵੰਡਾਰਾ ਹੋਇਆ, ਮੈਂ ਪਾਇਐ ਕਦਮ ਥੋਡੇ ਦੋਂਹਾਂ ਦੇ ਘਰਾਂ 'ਚ?''

1. ਇਹ ਸ਼ਬਦ ਕਿਸ ਨੇ, ਕਿਸ ਨੂੰ ਕਹੇ?
2. ਵੰਡ-ਵੰਡਾਰਾ ਹੋਣ 'ਤੇ ਬਜ਼ੁਰਗ ਕਿਸ ਦੀ ਪਰਵਾਹ ਨਹੀਂ ਕਰਦਾ?
3. ਵੰਡ-ਵੰਡਾਰਾ ਹੋਣ 'ਤੇ ਬਜ਼ੁਰਗ ਕੀ ਕਹਿੰਦਾ ਹੈ?

ਸ. ਹੇਠ ਲਿਖੇ ਪਾਤਰਾਂ ਦੀ ਪਾਤਰ-ਉਸਾਰੀ ਕਰੋ?

1. ਸੱਜਣ 2. ਸੁੰਦਰ 3. ਕਰਤਾਰੀ
4. ਸੰਤੀ 5. ਬਜ਼ੁਰਗ (ਪੰਜਾਬਾ)

******

Downloaded from https:// www.studiestoday.com

Downloaded from https:// www.studiestoday.com

## ਈਸ਼ਵਰ ਚੰਦਰ ਨੰਦਾ

(1892-1966)

**ਲੇਖਕ ਬਾਰੇ :**

ਪ੍ਰੋ. ਈਸ਼ਵਰ ਚੰਦਰ ਨੰਦਾ ਦਾ ਜਨਮ 30 ਸਤੰਬਰ, 1892 ਈ : ਨੂੰ ਪਿੰਡ ਗਾਂਧੀਆਂ ਪਨਿਆੜ ਜ਼ਿਲ੍ਹਾ ਗੁਰਦਾਸਪੁਰ ਵਿੱਚ ਸ੍ਰੀ ਦੀਵਾਨ ਭਾਗ ਮੱਲ ਨੰਦਾ ਅਤੇ ਮਾਤਾ ਸ੍ਰੀਮਤੀ ਆਤਮਾ ਦੇਵੀ ਦੇ ਘਰ ਹੋਇਆ। ਉਹਨਾਂ ਨੇ ਐੱਮ. ਏ. ਅੰਗਰੇਜ਼ੀ, ਪੰਜਾਬ ਯੂਨੀਵਰਸਿਟੀ ਲਾਹੌਰ ਤੋਂ ਅਤੇ ਉਚੇਰੀ ਵਿੱਦਿਆ ਵਲਾਇਤ ਤੋਂ ਪ੍ਰਾਪਤ ਕੀਤੀ। ਆਪ ਦਿਆਲ ਸਿੰਘ ਕਾਲਜ, ਲਾਹੌਰ ਵਿਖੇ ਅੰਗਰੇਜ਼ੀ ਦੇ ਪ੍ਰੋਫ਼ੈਸਰ ਅਤੇ ਰੋਹਤਕ ਵਿਖੇ ਬਤੌਰ ਪ੍ਰਿੰਸੀਪਲ ਰਹੇ। ਆਪ 1947 ਈ : ਵਿੱਚ ਸੇਵਾ-ਮੁਕਤ ਹੋਏ।

ਨੰਦਾ ਦੀਆਂ ਪ੍ਰਮੁੱਖ ਰਚਨਾਵਾਂ 'ਵਰ-ਘਰ', 'ਸ਼ਾਮੂ ਸ਼ਾਹ', 'ਸੋਸ਼ਲ ਸਰਕਲ', 'ਝਲਕਾਰੇ', 'ਲਿਸ਼ਕਾਰੇ', 'ਚਮਕਾਰੇ', 'ਸੁਭਦਰਾ', 'ਬੇਬੇ ਰਾਮ ਭਜਨੀ', 'ਮਾਂ ਦਾ ਡਿਪਟੀ', 'ਬੇਈਮਾਨ', 'ਦੁਲਹਨ' ਆਦਿ ਹਨ। 1913 ਈ : ਵਿੱਚ ਸ੍ਰੀਮਤੀ ਨੋਰਾ ਰਿਚਰਡ ਵੱਲੋਂ ਦਿਆਲ ਸਿੰਘ ਕਾਲਜ ਲਾਹੌਰ ਵਿਖੇ ਆਯੋਜਿਤ ਖੇਤਰੀ ਭਾਸ਼ਾਵਾਂ ਦੇ ਨਾਟਕਾਂ ਦੀ ਪ੍ਰਤਿਯੋਗਤਾ ਵਿੱਚ ਨੰਦਾ ਦਾ ਲਿਖਿਆ 'ਦੁਲਹਨ' ਨਾਟਕ ਪਹਿਲੇ ਸਥਾਨ 'ਤੇ ਰਿਹਾ। ਉਹਨਾਂ ਨੇ ਸ਼ੈਕਸਪੀਅਰ ਦੇ ਨਾਟਕ 'ਮਰਚੈਂਟ ਆਫ਼ ਵੀਨਸ' ਦਾ ਪੰਜਾਬੀ ਅਨੁਵਾਦ ਵੀ ਕੀਤਾ।

ਨੰਦਾ ਸਫ਼ਲ ਨਾਟਕਕਾਰ ਹੋਣ ਦੇ ਨਾਲ਼-ਨਾਲ਼ ਨਿਰਦੇਸ਼ਕ ਤੇ ਅਦਾਕਾਰ ਵਜੋਂ ਵੀ ਸਥਾਪਿਤ ਹੋਏ। ਉਹਨਾਂ ਦੇ ਨਾਟਕ/ਇਕਾਂਗੀ ਸਟੇਜ 'ਤੇ ਪੂਰੀ ਸਫ਼ਲਤਾ ਨਾਲ਼ ਖੇਡੇ ਜਾ ਸਕਦੇ ਹਨ। ਆਪ ਨੂੰ ਪੰਜਾਬੀ ਨਾਟਕ ਦਾ ਪਿਤਾਮਾ ਹੋਣ ਦਾ ਮਾਣ ਪ੍ਰਾਪਤ ਹੈ।

ਹਥਲੀ ਪਾਠ-ਪੁਸਤਕ ਵਿੱਚ ਆਈ. ਸੀ. ਨੰਦਾ ਦਾ ਇਕਾਂਗੀ 'ਮੌਨਧਾਰੀ' ਸ਼ਾਮਲ ਕੀਤਾ ਗਿਆ ਹੈ।

**ਇਕਾਂਗੀ ਬਾਰੇ :**

'ਮੌਨਧਾਰੀ' ਇਕਾਂਗੀ ਵਿੱਚ ਈਸ਼ਵਰ ਚੰਦਰ ਨੰਦਾ ਨੇ ਤਤਕਾਲੀ ਸਮਾਜ ਦੀ ਯਥਾਰਥਕ ਪੇਸ਼ਕਾਰੀ ਹਲਕੇ-ਫੁਲਕੇ ਅਤੇ ਰੋਚਕ ਅੰਦਾਜ਼ ਵਿੱਚ ਕੀਤੀ ਹੈ। ਰਾਮ ਪਿਆਰੀ ਤੇ ਹਰੀ ਚੰਦ ਸਧਾਰਨ ਪਰਿਵਾਰ ਦੇ ਪਾਤਰ ਹਨ। ਉਹ ਸਮਾਜਿਕ ਰਿਸ਼ਤਿਆਂ-ਨਾਤਿਆਂ ਨੂੰ ਬਿਨਾਂ ਕਿਸੇ ਛਲ਼-ਕਪਟ ਤੋਂ ਪੇਸ਼ ਕਰਦੇ ਹਨ। ਰਾਮ ਪਿਆਰੀ ਦਾ ਭਤੀਜਾ ਮਦਨ ਕਿਸੇ ਗ਼ਬਨ-ਕੇਸ ਵਿੱਚ ਭਗੌੜਾ ਹੈ ਤੇ ਉਸ ਦੇ ਘਰ ਸ਼ਰਨ ਲੈ ਲੈਂਦਾ ਹੈ। ਹਰੀ ਚੰਦ ਪਹਿਲਾਂ ਹੀ ਬਿਮਾਰੀਆਂ ਕਾਰਨ ਪਰੇਸ਼ਾਨ ਹੈ। ਉਹ ਮਦਨ ਨੂੰ ਘਰ ਪਨਾਹ ਦੇਣ ਨੂੰ ਇੱਕ ਹੋਰ ਮੁਸੀਬਤ ਸਹੇੜਨਾ ਸਮਝਦਾ ਹੈ। ਰਾਮ ਪਿਆਰੀ ਦਾ ਪੁੱਤਰ, ਕਿਸ਼ੋਰ, ਪੜ੍ਹਿਆ-ਲਿਖਿਆ,



Downloaded from https:// www.studiestoday.com

Downloaded from https:// www.studiestoday.com



ਚੇਤੰਨ ਅਤੇ ਸਰਕਾਰੀ ਮੁਲਾਜ਼ਮ ਹੈ। ਉਹ ਸਾਧਾਂ-ਸੰਤਾਂ ਅਤੇ ਵਹਿਮਾਂ-ਭਰਮਾਂ ਦੇ ਸਖ਼ਤ ਖ਼ਿਲਾਫ਼ ਹੈ ਅਤੇ ਇਹਨਾਂ ਰਾਹੀਂ ਲੋਕਾਂ ਦੀ ਆਰਥਿਕ 'ਤੇ ਮਾਨਸਿਕ ਤੌਰ 'ਤੇ ਕੀਤੀ ਜਾਂਦੀ ਲੁੱਟ ਦਾ ਪਰਦਾਫ਼ਾਸ਼ ਕਰਨ ਲਈ ਯਤਨਸ਼ੀਲ ਹੈ।

ਇਸ ਇਕਾਂਗੀ ਦੇ ਵਧੇਰੇ ਹਿੱਸੇ ਵਿੱਚ ਮੌਨਧਾਰੀ ਅਤੇ ਸਾਧੂ ਆਮ ਲੋਕਾਂ ਨੂੰ ਵਹਿਮਾਂ-ਭਰਮਾਂ ਵਿੱਚ ਫਸਾਉਣ ਅਤੇ ਗੁੰਮਰਾਹ ਕਰ ਰਹੇ ਪ੍ਰਤੀਤ ਹੁੰਦੇ ਹਨ ਪਰ ਅੰਤ ਵਿੱਚ ਸਚਾਈ ਸਪਸ਼ਟ ਹੁੰਦੀ ਹੈ। ਅਸਲ ਵਿੱਚ ਉਹ ਪੁਲਿਸ ਦੇ ਮੁਲਾਜ਼ਮ ਹਨ ਜੋ ਗ਼ਬਨਕਾਰੀ ਨੂੰ ਗਰਿਫ਼ਤਾਰ ਕਰਨ ਲਈ ਇਹ ਸਾਰਾ ਨਾਟਕ ਕਰਦੇ ਹਨ।

ਇਸ ਪ੍ਰਕਾਰ ਇਸ ਇਕਾਂਗੀ ਵਿੱਚ ਵਹਿਮਾਂ-ਭਰਮਾਂ ਪ੍ਰਤਿ ਚੇਤੰਨਤਾ, ਭ੍ਰਿਸ਼ਟ ਲੋਕਾਂ ਦਾ ਕਿਰਦਾਰ ਅਤੇ ਪੁਲਿਸ ਦੀ ਬਿਹਤਰ ਕਾਰਗੁਜ਼ਾਰੀ ਨੂੰ ਬਾਖ਼ੂਬੀ ਪੇਸ਼ ਕੀਤਾ ਗਿਆ ਹੈ।

Downloaded from https:// www.studiestoday.com

Downloaded from https:// www.studiestoday.com

# ਮੌਨਧਾਰੀ

*ਈਸ਼ਵਰ ਚੰਦਰ ਨੰਦਾ*

**ਪਾਤਰ** :

ਰਾਮ ਪਿਆਰੀ: ਇੱਕ ਅਧਖੜ ਉਮਰ ਦੀ ਤੀਵੀਂ

ਹਰੀ ਚੰਦ : ਰਾਮ ਪਿਆਰੀ ਦਾ ਘਰ ਵਾਲ਼ਾ, ਉਮਰ ਲਗ-ਪਗ ਸੱਠ ਸਾਲ, ਸਿਹਤ ਖ਼ਰਾਬ।

ਮਦਨ ਲਾਲ : ਤੀਹ ਬੱਤੀ ਸਾਲ ਦਾ ਨੌਜਵਾਨ, ਰਾਮ ਪਿਆਰੀ ਦਾ ਭਣੇਵਾਂ।

ਸਾਧੂ : ਉਮਰ ਪੈਂਤੀ, ਚਾਲ਼ੀ ਸਾਲ।

ਮੌਨ ਧਾਰੀ : ਉਮਰ ਲਗ-ਪਗ ਪੰਜਾਹ। ਪਹਿਲੇ ਸਾਧੂ ਦਾ ਮੌਨਧਾਰੀ ਜੋਟੀਦਾਰ।

ਕਿਸ਼ੋਰ ਚੰਦ : ਹਰੀ ਚੰਦ ਦਾ ਲੜਕਾ। ਉਮਰ ਲਗ-ਪਗ ਤੀਹ ਸਾਲ। ਸਰਕਾਰੀ ਦਫ਼ਤਰ ਵਿੱਚ ਅਸਿਸਟੈਂਟ

ਵਕਤ - ਸ਼ਾਮ ਦੇ ਪੰਜ ਵਜੇ

ਜ਼ਮਾਨਾ : ਅੱਜ-ਕੱਲ੍ਹ।

ਸਥਾਨ : ਕਿਸ਼ੋਰ ਚੰਦ ਦਾ ਸਰਕਾਰੀ ਕੁਆਟਰ।

ਸਟੇਜ (ਪਰਦਾ ਉੱਠਣ 'ਤੇ)- ਕੁਆਟਰ ਦਾ ਬਰਾਂਡਾ। ਬਰਾਂਡੇ ਦੇ ਅੱਗੇ ਦੋ ਨੀਵੀਆਂ ਪੌੜੀਆਂ। ਪੌੜੀਆਂ ਦੇ ਅੱਗੇ ਛੋਟਾ ਜਿਹਾ ਵਿਹੜਾ। ਵਿਹੜੇ ਦੇ ਖੱਬੇ ਪਾਸੇ ਬਾਹਰ ਆਉਣ-ਜਾਣ ਦਾ ਦਰਵਾਜ਼ਾ। ਬਰਾਂਡੇ ਦੇ ਵਿਚਕਾਰ ਇੱਕ ਦਰਵਾਜ਼ਾ ਕਮਰੇ ਵਿੱਚ ਖੁੱਲ੍ਹਦਾ ਹੈ। ਦਰਵਾਜ਼ਾ ਅੱਧ-ਖੁੱਲ੍ਹਾ ਪਿਆ ਹੈ। ਬਰਾਂਡੇ ਦੇ ਸੱਜੇ ਪਾਸੇ ਦੂਜੇ ਕਮਰੇ ਦਾ ਬੰਦ ਦਰਵਾਜ਼ਾ ਦਿਸਦਾ ਹੈ। ਬਰਾਂਡੇ ਦੇ ਸੱਜੇ-ਖੱਬੇ ਸਿਰਿਆਂ ਉੱਤੇ ਦੋ ਥੰਮ੍ਹ ਹਨ। ਬਰਾਂਡੇ ਵਿੱਚ ਇੱਕ ਚਾਰਪਾਈ ਪਈ ਹੈ। ਅੱਧ-ਖੁੱਲ੍ਹੇ ਦਰਵਾਜ਼ੇ ਦੇ ਕੋਲ਼ ਇੱਕ ਅਰਾਮ- ਕੁਰਸੀ ਤੇ ਇੱਕ ਹੋਰ ਕੁਰਸੀ ਦਰਵਾਜ਼ੇ ਦੇ ਕੁਝ ਅੱਗੇ। ਰਾਮ ਪਿਆਰੀ ਇੱਕ ਪਟੜੀ ਉੱਤੇ ਬੈਠੀ ਸਬਜ਼ੀ ਚੀਰ ਰਹੀ ਏ।

ਰਾਮ ਪਿਆਰੀ: - (ਸਬਜ਼ੀ ਚੀਰਦੀ ਹੋਈ) ਖਾਏ ਕੋਈ ਕੀ, ਸਬਜ਼ੀਆਂ ਨੂੰ ਤਾਂ ਅੱਗ ਲੱਗੀ ਹੋਈ ਏ।

[ਇਨੇ ਚਿਰ ਨੂੰ ਹਰੀ ਚੰਦ ਖੰਘਦਾ-ਖੰਘਦਾ ਵਿਚਕਾਰਲੇ ਦਰਵਾਜ਼ੇ ਵਿੱਚੋਂ ਬਾਹਰ ਆਉਂਦਾ ਹੈ। ਇੱਕ ਹੱਥ ਵਿੱਚ ਦਵਾਈ ਦੀ ਸ਼ੀਸ਼ੀ, ਦੂਜੇ ਵਿੱਚ ਮੋਟੀ ਜਿਹੀ ਮੁੱਠ ਵਾਲ਼ੀ ਸੋਟੀ, ਸਿਰ 'ਤੇ ਸਾਫ਼ਾ, ਜੀਹਦਾ ਤੁੱਰ੍ਹਾ ਉੱਠਿਆ ਹੋਇਆ ਜਾਪਦਾ ਹੈ ਅਤੇ ਸ਼ਮਲਾ ਪਿੱਛੇ ਲਟਕਦਾ ਹੈ। ਖੁੱਲ੍ਹਾ ਪਜਾਮਾ, ਲੰਮਾ ਕੋਟ, ਪੈਰੀਂ ਗੁਰਗਾਬੀ ਸ਼ਕਲ ਦੇ ਸਲੀਪਰ,



Downloaded from https:// www.studiestoday.com

Downloaded from https:// www.studiestoday.com



ਠਿੱਬੇ ਜਹੇ ਪੁਰਾਣੇ। ਹਰੀ ਚੰਦ ਸਿੱਧਾ ਈ ਬਰਾਂਡੇ ਦੀਆਂ ਪੌੜੀਆਂ ਉੱਤਰ ਕੇ ਬਾਹਰ ਨੂੰ ਜਾਣ ਲੱਗਦਾ ਹੈ। ਜਦੋਂ ਉਹ ਦਰਵਾਜ਼ੇ ਦੇ ਕੋਲ਼ ਪੁੱਜਦਾ ਹੈ, ਰਾਮ ਪਿਆਰੀ ਉਸ ਨੂੰ ਬੁਲਾਉਂਦੀ ਹੈ।]

ਰਾਮ ਪਿਆਰੀ : ਕਿੱਥੇ ਚੱਲੇ ਓ?

ਹਰੀ ਚੰਦ : (ਸਿਰ ਭੁਆਂ ਕੇ ਤੇ ਖਿਝ ਕੇ) ਢੱਠੇ ਖੂਹ 'ਚ।

ਰਾਮ ਪਿਆਰੀ : ਹਾਏ-ਹਾਏ, ਸੁੱਖ ਦੀ ਬੋਲੀ ਬੋਲੋ, ਕੀ ਹੋ ਗਿਆ ਜੇ ਮੱਤ ਨੂੰ?

ਹਰੀ ਚੰਦ : ਤੁਹਾਨੂੰ ਕਿੰਨੀ ਵਾਰ ਕਿਹਾ ਹੈ ਕਿ ਜਾਂਦਿਆਂ ਨੂੰ ਪਿੱਛੋਂ ਅਵਾਜ਼ ਨਾ ਮਾਰਿਆ ਕਰੋ।

ਰਾਮ ਪਿਆਰੀ : ਤੇ ਕੀ ਹੋ ਗਿਆ ਫੇਰ, ਕਿੱਥੇ ਚਲੇ ਓ?

ਹਰੀ ਚੰਦ : (ਹੱਥ ਵਾਲ਼ੀ ਸ਼ੀਸ਼ੀ ਵਿਖਾਕੇ)ਵੇਖਦੀ ਨਹੀਂ, ਡਾਕਟਰ ਵੱਲ।

ਰਾਮ ਪਿਆਰੀ : ਛੇਤੀ ਮੁੜਨਾ, ਭਲਾ।

ਹਰੀ ਚੰਦ : ਤੇ ਹੋਰ ਮੈਂ ਉੱਥੇ ਸ਼ਤਰੰਜ ਦੀ ਬਾਜ਼ੀ ਲਾਉਣ ਚੱਲਿਆ ਹਾਂ। ਹੂੰ....ਊਂ
[ਜਾਂਦਾ-ਜਾਂਦਾ ਦਰਵਾਜ਼ੇ ਨੂੰ ਅੱਧਾ-ਖੁੱਲ੍ਹਾ ਛੱਡ ਜਾਂਦਾ ਏ]

ਰਾਮ ਪਿਆਰੀ : ਇੱਕ ਤਾਂ ਡਾਕਟਰਾਂ ਸਾਡੀ ਬੁੱਧ ਮਾਰ ਛਡੀ ਏ। ਰੋਜ਼ ਦਵਾਈਆਂ, ਨਾ ਬੀਮਾਰੀ ਜਾਂਦੀ ਏ ਨਾ ਦਵਾਈਆਂ ਮੁੱਕਦੀਆਂ ਨੇ (ਸਾਹ ਭਰਕੇ) ਹੇ ਰਾਮ!
[ਇਸ ਵੇਲ਼ੇ ਦਰਵਾਜ਼ੇ ਵਿੱਚੋਂ ਅਵਾਜ਼ ਆਉਂਦੀ ਏ]

ਅਵਾਜ਼ : ਬੀਬੀ ਜੀ ਚੌਦਾਂ ਨੰਬਰ ਕੁਆਟਰ ਏਹੋ ਏ?

ਰਾਮ ਪਿਆਰੀ : (ਉੱਠ ਕੇ ਦਰਵਾਜ਼ੇ ਵੱਲ ਜਾਂਦੀ ਏ) ਏਹੋ ਏ, ਕਿਉਂ ਕੀ ਏ?
[ਇੱਕ ਛੋਕਰਾ ਆਪਣੇ ਸਿਰ ਤੋਂ ਇੱਕ ਨਿੱਕੀ ਜਿਹੀ ਟਰੰਕੀ ਉਤਾਰ ਕੇ ਬਰਾਂਡੇ ਵਿੱਚ ਰੱਖ ਦਿੰਦਾ ਏ]

ਰਾਮ ਪਿਆਰੀ : ਇਹ ਕੀਹਦਾ ਐ? (ਕੁਲੀ, ਬਿਨਾਂ ਕੁਝ ਦੱਸਿਆਂ ਬਾਹਰ ਨੂੰ ਜਾਂਦਾ ਏ) ਵੇ ਹੋਰ ਕਿਸੇ ਘਰ ਦਾ ਹੋਣਾ ਈ, ਲੈ ਜਾ ਇਹਨੂੰ।

ਕੁਲੀ : (ਬਾਹਰੋਂ ਈ) ਏਸੇ ਨੰਬਰ ਦਾ ਜੀ (ਉਹ ਇਹ ਕਹਿੰਦਾ-ਕਹਿੰਦਾ ਚਲਿਆ ਜਾਂਦਾ ਏ)

ਰਾਮ ਪਿਆਰੀ : ਏਸੇ ਨੰਬਰ ਦਾ! (ਹੈਰਾਨੀ ਨਾਲ਼) ਸਾਡੇ ਕੌਣ ਆਉਣ ਵਾਲ਼ਾ ਏ?
[ਦਰਵਾਜ਼ਾ ਭੀੜ ਕੇ ਪਟੜੀ 'ਤੇ ਜਾ ਬੈਠਦੀ ਹੈ ਤੇ ਸਬਜ਼ੀ ਚੀਰਨ ਲੱਗ ਜਾਂਦੀ ਏ]
[ਛੇਤੀ ਹੀ ਦਰਵਾਜ਼ਾ ਖੜਕਦਾ ਹੈ। ਰਾਮ ਪਿਆਰੀ ਮੁੜਕੇ ਵੇਖਦੀ ਹੈ। ਮਦਨ ਲਾਲ ਦਰਵਾਜ਼ੇ ਵਿੱਚੋਂ ਹੌਲ਼ੀ-ਜਿਹੀ ਸਿਰ ਕੱਢਕੇ ਅੰਦਰ ਝਾਕਦਾ ਏ।]

Downloaded from https:// www.studiestoday.com

Downloaded from https:// www.studiestoday.com



ਰਾਮ ਪਿਆਰੀ : ਕੌਣ?

ਮਦਨ : (ਅੰਦਰ ਵੜਕੇ) ਮੈਂ ਆਂ ਮਾਸੀ ਜੀ, ਨਮਸਤੇ।

[ਰਾਮ ਪਿਆਰੀ ਉਸ ਨੂੰ ਵੇਖ ਕੇ ਪਛਾਣਦੀ ਰਹਿ ਜਾਂਦੀ ਏ।]

ਮਦਨ ਦਾ ਹੁਲੀਆ ਕੁਝ ਵਿਗੜਿਆ ਜਿਹਾ ਏ। ਤੇੜ ਅੱਧ-ਮੈਲ਼ਾ ਜਿਹਾ ਪਜਾਮਾ। ਕਮੀਜ਼ ਦਾ ਉਤਲਾ ਬਟਣ ਟੁੱਟਾ ਹੋਇਆ, ਕੋਟ ਵਿੱਚੋਂ ਪਿਆ ਲੱਭਦਾ ਏ। ਸਿਰ 'ਤੇ ਪਗੜੀ ਜਿਹੜੀ ਬਹੁਤ ਸਾਫ਼ ਨਹੀਂ ਜਾਪਦੀ। ਪੱਗ ਦੇ ਵਲ਼ਾਂ ਵਿੱਚੋਂ ਮੱਥੇ 'ਤੇ ਬੰਨ੍ਹੀ ਹੋਈ ਇੱਕ ਪੱਟੀ ਥੋੜ੍ਹੀ ਜਿਹੀ ਦਿਸਦੀ ਹੈ। ਚਿਹਰਾ ਫ਼ਿਕਰ-ਚਿੰਤਾ ਦਾ ਮਾਰਿਆ ਹੋਇਆ, ਕਈ ਚਿਰਾਂ ਤੋਂ ਸ਼ੇਵ ਨਾ ਕਰਨ ਕਰਕੇ ਚਿਹਰਾ ਵਧੇਰੇ ਬੇ-ਰੌਣਕਾ ਤੇ ਉੱਤਰਿਆ ਹੋਇਆ ਜਾਪਦਾ ਏ। ਰਾਮ ਪਿਆਰੀ ਉੱਠ ਕੇ ਦਰਵਾਜ਼ੇ ਵੱਲ ਜਾਣਾ ਚਾਹੁੰਦੀ ਹੈ ਪਰ ਮਦਨ ਆਪ ਹੀ ਹੁਣ ਬਰਾਂਡੇ ਵਿੱਚ ਆ ਗਿਆ ਏ। ਰਾਮ ਪਿਆਰੀ ਉਹਦੀ ਵੱਲ ਸਿਰ ਤੋਂ ਪੈਰਾਂ ਤੀਕ ਤੱਕਦੀ ਰਹਿ ਜਾਂਦੀ ਏ, ਜਿਵੇਂ ਪਛਾਣਿਆ ਨਹੀਂ ਹੁੰਦਾ।]

ਮਦਨ : ਮਾਸੀ, ਮੈਂ ਆਂ, ਪਛਾਣਦੀ ਨਹੀਂ, ਮੈਂ ਮਦਨ।

ਰਾਮ ਪਿਆਰੀ : ਤੂੰ ਮਦਨ! (ਸਿਰ ਤੋਂ ਪੈਰਾਂ ਵੱਲ ਤੇ ਪੈਰਾਂ ਤੋਂ ਸਿਰ ਵੱਲ ਵੇਖਦੀ ਹੋਈ) ਤੂੰ ਮਦਨ ਇਹ ਕੀ ਹਾਲ ਬਣਿਆ ਏ ਤੇਰਾ। ਆ ਬੈਠ ਮੈਨੂੰ ਦੱਸ। (ਉਹਨੂੰ ਫੜਕੇ ਕੁਰਸੀ ਵੱਲ ਲਿਆਉਂਦੀ ਏ)

ਮਦਨ : ਦੱਸਨਾਂ ਆਂ ਮਾਸੀ, ਟਰੰਕੀ ਅੰਦਰ ਕਰ ਲਵਾਂ। (ਟਰੰਕੀ ਨੂੰ ਚੁੱਕ ਕੇ ਅੰਦਰ ਲੈ ਜਾਂਦਾ ਏ)

ਰਾਮ ਪਿਆਰੀ : ਹੇ ਭਗਵਾਨ! ਮਦਨ ! ਮਦਨ ਕਿੱਧਰੋਂ? ਨਾ ਖ਼ਤ ਨਾ ਪੱਤਰ?

ਮਦਨ : (ਬਾਹਰ ਨਿਕਲ਼ਦਾ ਹੋਇਆ) ਮਾਸੀ ਜੀ, ਜੇ ਮੈਂ ਲਿਖ ਸਕਦਾ ਤਾਂ ਲਿਖਦਾ।

ਰਾਮ ਪਿਆਰੀ : ਪਿੱਛੇ ਘਰ ਸੁੱਖ-ਸਾਂਦ ਏ?

ਮਦਨ : ਹੋਣੀ ਏ, ਮੈਨੂੰ ਪਤਾ ਨਹੀਂ। ਮੈਨੂੰ ਤੀਜਾ-ਚੌਥਾ ਮਹੀਨਾ ਹੋਇਆ ਏ ਘਰੋਂ ਨਿਕਲ਼ਿਆਂ।

[ਕੁਰਸੀ ਉੱਤੇ ਬੈਠ ਜਾਂਦਾ ਏ]

ਰਾਮ ਪਿਆਰੀ : ਘਰੋਂ ਨਿਕਲ਼ਿਆਂ, ਕਿਉਂ, ਕੀ ਹੋਇਆ ਏ? ਨਰਾਜ਼ ਹੋ ਕੇ ਨਿਕਲ਼ ਆਇਆ ਏਂ?

ਮਦਨ : ਤਕਦੀਰ! ਤਕਦੀਰ!! ਮਾਸੀ ਖੋਟੀ ਕਿਸਮਤ!!! (ਲੰਮਾ ਸਾਰਾ ਹੌਕਾ) ਹੂੰ.......

Downloaded from https:// www.studiestoday.com

Downloaded from https:// www.studiestoday.com



ਰਾਮ ਪਿਆਰੀ : ਜੀਵੇਂ, ਕੁਝ ਦੱਸ ਤਾਂ ਸਹੀ, ਮੇਰੇ ਜੀਅ ਨੂੰ ਡੋਬ ਪੈਂਦੇ ਨੀਂ।

ਮਦਨ : ਦੱਸਨਾਂ ਆਂ ਮਾਸੀ, ਦੱਸਨਾ ਆਂ, ਮੈਨੂੰ ਦਮ ਲੈ ਲੈਣ ਦੇ ਮਾਸੀ। (ਮਦਨ ਸਿਰ ਨੂੰ ਦੋਂਹਾਂ ਹੱਥਾਂ 'ਚ ਲੈ ਕੇ ਜਿਵੇਂ ਫ਼ਿਕਰਮੰਦ ਹੁੰਦਾ ਏ)

ਰਾਮ ਪਿਆਰੀ : (ਉਹਦੀ ਵੱਲ ਵੇਖ ਕੇ ਤੇ ਘਬਰਾਈ ਹੋਈ ਅਵਾਜ਼ 'ਚ) ਭਗਵਾਨ! ਭਗਵਾਨ !!)

ਮਦਨ : ਮਾਸੀ, ਕੀ ਦੱਸਾਂ ਤੈਨੂੰ ਜਿੱਦਾਂ ਸ਼ਿਕਾਰ ਪਿੱਛੇ ਕੁੱਤੇ ਪਏ ਹੋਏ ਹੋਣ ਤੇ ਉਹ ਹੌਂਕਦਾ ਤੇ ਲੁਕਦਾ ਫਿਰਦਾ ਏ, ਮੇਰਾ ਉਹੋ ਹਾਲ ਏ।

ਰਾਮ ਪਿਆਰੀ : ਹਾਏ....ਹਾਏ...ਤੇਰੇ ਪਿੱਛੇ ਕੁੱਤੇ ਕਿੱਥੋਂ ਪੈ ਗਏ?

ਮਦਨ : (ਦੁੱਖ ਭਰੀ ਅਵਾਜ਼ ਵਿੱਚ)ਮਾਸੀ ਮੇਰੇ ਪਿੱਛੇ ਪੁਲਿਸ ਲੱਗੀ ਹੋਈ ਏ। ਮੈਂ ਥਾਂ-ਥਾਂ ਨੱਠਦਾ, ਲੁਕਦਾ ਫਿਰਦਾ ਆਂ। (ਅਰਮਾਨ ਭਰੇ ਲਹਿਜੇ ਵਿੱਚ) ਮਾਸੀ ਏਥੇ ਪੁਲਿਸ ਤਾਂ ਨਹੀਂ ਨਾ ਆ ਸਕਦੀ? ਨਹੀਂ ਨਾ ਆ ਸਕਦੀ?

ਰਾਮ ਪਿਆਰੀ : ਲੈ ਪੁਲਿਸ ਨੇ ਏਥੇ ਖੇਹ ਖਾਣ ਆਉਣਾ ਏ। ਸਦਕੇ ਕੀਤੀ। ਘਬਰਾ ਨਾ-ਘਬਰਾ-ਨਾ, ਤੇਰੀ ਹਾਲਤ ਵੇਖ ਕੇ ਮੇਰਾ ਜੀਅ ਪਿਆ ਖੁੱਸਦਾ ਏ। ਮੈਨੂੰ ਸਾਰੀ ਗੱਲ ਦੱਸ।

ਮਦਨ : (ਆਪਣੇ ਆਪ ਨਾਲ਼)ਦੱਸਨਾਂ, ਅੰਦਰ ਚੱਲ ਕੇ, ਅੰਦਰ ਚੱਲ ਕੇ।

ਰਾਮ ਪਿਆਰੀ : ਹੈਂ ! ਕਮਲ਼ਾ ਤੂੰ ! ਬੇਸ਼ੱਕ ਗੱਲ ਕਰ, ਏਥੇ ਕੋਈ ਨਹੀਂ ਆਉਂਦਾ।

ਮਦਨ : (ਦਰਵਾਜ਼ੇ ਵੱਲ ਇਸ਼ਾਰਾ ਕਰ ਕੇ) ਖੁੱਲ੍ਹਾ ?

ਰਾਮ ਪਿਆਰੀ : ਮੈਂ ਕੁੰਡੀ ਲਾ ਦੇਨੀ ਆਂ। (ਉੱਠ ਕੇ ਦਰਵਾਜ਼ਾ ਬੰਦ ਕਰਦੀ ਏ) ਲੈ ਹੁਣ ਕਾਹਦਾ ਫ਼ਿਕਰ ਏ। ਦੱਸ ਮੈਨੂੰ। (ਪਟੜੀ ਖਿਸਕਾ ਕੇ ਕੁਰਸੀ ਦੇ ਕੋਲ਼ ਕਰ ਲੈਂਦੀ ਹੈ।)

ਮਦਨ : (ਰਾਜ਼ਦਾਰੀ ਲਹਿਜੇ ਵਿੱਚ) ਮਾਸੀ ਮੈਂ ਰੁਪਿਆ ਨਹੀਂ ਚੁੱਕਿਆ, ਮੈਂ ਚੋਰ ਨਹੀਂ, ਮੈਂ ਗ਼ਬਨ ਨਹੀਂ ਕੀਤਾ।

ਰਾਮ ਪਿਆਰੀ : ਚੋਰੀ, ਗ਼ਬਨ ਇਹ ਕੀ ਪਿਆ ਗੱਲਾਂ ਕਰਦਾ ਏਂ?

ਮਦਨ : ਕਿਸਮਤ ਨੇ ਦਗ਼ਾ ਦਿੱਤਾ ਮਾਸੀ। ਮੇਰੇ ਨਾਲ਼ ਦਾ ਕਲਰਕ ਭੂਸ਼ਨ, ਅਸੀਂ ਦੋਵੇਂ ਇੱਕ ਦਫ਼ਤਰ ਵਿੱਚ ਸਾਂ ਨਾ।

ਰਾਮ ਪਿਆਰੀ : ਹਾਂ....ਹਾਂ ਫੇਰ ਹੋਇਆ ਕੀ?

ਮਦਨ : ਉਹਨੇ ਮੈਨੂੰ ਫੁਸਲਾਇਆ, ਮੇਰੀ ਅਕਲ 'ਤੇ ਪਰਦਾ ਪੈ ਗਿਆ। ਮੈਂ ਉਹਦੀਆਂ ਗੱਲਾਂ ਵਿੱਚ ਆ ਗਿਆ ਬੁੱਧੂ! ਬੁੱਧੂ !! ਮੈਂ ਬੁੱਧੂ ਆਂ !!! ਉਹ ਰੁਪਈਆ ਲੈ ਕੇ ਉੱਡ ਗਿਆ।

Downloaded from https:// www.studiestoday.com

Downloaded from https:// www.studiestoday.com



ਰਾਮ ਪਿਆਰੀ : ਫੇਰ ਤੈਨੂੰ ਕੀ, ਤੂੰ ਤਾਂ ਰੁਪਈਆ ਲਿਆ ਈ ਨਹੀਂ।

ਮਦਨ : ਵੇਖਿਆ ਨਹੀਂ, ਕਹਿੰਦਾ ਸੀ ਅੱਧੋ-ਅੱਧ ਦਿਆਂਗਾ। ਮੈਂ ਲਾਲਚ ਵਿੱਚ ਆ ਗਿਆ।

ਰਾਮ ਪਿਆਰੀ : ਕਿੰਨਾ ਕੁ ਸੀ ਰੁਪਈਆ।

ਮਦਨ : ਅਠਤਾਲ਼ੀ ਹਜ਼ਾਰ।

ਰਾਮ ਪਿਆਰੀ : ਅਠਤਾਲ਼ੀ ਹਜ਼ਾਰ.....ਹੇ ਰਾਮ ! ਆਪੇ ਪੁਲਸ ਉਹਨੂੰ ਫੜੇਗੀ, ਤੈਨੂੰ ਕੀ ?

ਮਦਨ : ਉਹ ਤਾਂ ਫੜਿਆ ਗਿਆ ਏ।

ਰਾਮ ਪਿਆਰੀ : ਬੱਸ ਫੇਰ, ਤੂੰ ਕਿਉਂ ਨੱਠਦਾ ਫਿਰਦਾ ਏਂ। ਆਪੇ ਸੱਚੋ-ਸੱਚ ਨਿੱਤਰ ਜਾਵੇਗਾ।

ਮਦਨ : ਉਹਨੇ ਪੁਲਿਸ ਨੂੰ ਮੇਰੇ ਪਿੱਛੇ ਲਾ ਦਿੱਤਾ ਏ। ਕਹਿੰਦਾ ਏ ਰੁਪਈਆ ਮੇਰੇ ਕੋਲ਼ ਐ।

ਰਾਮ ਪਿਆਰੀ : ਪਰ ਤੂੰ ਲਿਆ ਈ ਨਹੀਂ, ਤੈਨੂੰ ਕਾਹਦਾ ਡਰ ਐ?

ਮਦਨ : ਮਾਸੀ ! ਮੇਰੀ ਕਿਸੇ ਨਹੀਂ ਸੁਣਨੀ, ਕਿਸੇ ਨਹੀਂ ਮੰਨਣੀ।

ਰਾਮ ਪਿਆਰੀ : ਤੂੰ ਐਵੇਂ ਨਾ ਪਿਆ ਘਬਰਾ।

ਮਦਨ : ਪੁਲਿਸ ਡੰਡਿਆਂ ਨਾਲ਼ ਮੇਰੇ ਹੱਡ ਭੰਨ ਸੁੱਟੇਗੀ। ਮੈਨੂੰ ਕੁੱਟ-ਕੁੱਟ ਕੇ ਬਕਾ ਲਵੇਗੀ।

ਰਾਮ ਪਿਆਰੀ : ਹਾਏ ! ਹਾਏ!

ਮਦਨ : ਮੇਰੇ ਕੋਲ਼ੋਂ ਪੁਲਿਸ ਦੀ ਫੰਡ ਨਹੀਂ ਝੱਲ ਹੋਣੀ, ਮੈਂ ਮਰ ਜਾਵਾਂਗਾ। ਓਏ ਮੇਰਿਆ ਰੱਬਾ!

ਰਾਮ ਪਿਆਰੀ : ਸੁੱਖੀਂ-ਸਾਂਦੀ ਮਰਨ ਤੇਰੇ ਵੈਰੀ, ਏਥੇ ਪੁਲਿਸ ਨਹੀਂ ਆ ਸਕਦੀ। ਘਬਰਾ ਨਾ। ਚੱਲ ਅੰਦਰ। ਹੱਥ-ਮੂੰਹ ਧੋ ਤੇ ਹੁਣੇ ਤੇਰਾ ਵੀਰਾ ਦਫ਼ਤਰੋਂ ਔਂਦਾ ਏ ਤਾਂ ਤੁਹਾਨੂੰ ਚਾਹ ਬਣਾ ਕੇ ਦੇਨੀ ਆਂ।

[ਮਦਨ ਅੰਦਰ ਚਲਿਆ ਜਾਂਦਾ ਏ। ਰਾਮ ਪਿਆਰੀ ਫੇਰ ਸਬਜ਼ੀ ਚੀਰਨ ਲੱਗ ਪੈਂਦੀ ਏ।]

ਰਾਮ ਪਿਆਰੀ : ਖ਼ਬਰੇ ਕੀ ਕਰ ਬੈਠਾ ਏ, ਮੁੰਡਾ। ਜੀ-ਭਿਆਣਾ ਸਾਡੇ ਆ ਵੜਿਆ ਏ। ਲਾਜ ਰੱਖੀਂ ਭਗਵਾਨ!

[ਇਸ ਵੇਲ਼ੇ ਹਰੀ ਚੰਦ ਜੋ ਡਾਕਟਰ ਦਿਓਂ ਪਰਤ ਕੇ ਆਇਆ ਏ, ਦਰਵਾਜ਼ਾ ਕੁੰਡੀ ਲੱਗਾ ਵੇਖ ਕੇ ਕਾਹਲ਼ਾ ਪੈ ਕੇ ਖੜਕਾਉਂਦਾ ਏ। ਦਰਵਾਜ਼ਾ ਜ਼ੋਰ ਨਾਲ਼ ਖੜਕਣ ਦੀ ਅਵਾਜ਼ ਸੁਣ ਕੇ ਰਾਮ ਪਿਆਰੀ

Downloaded from https:// www.studiestoday.com

Downloaded from https:// www.studiestoday.com



ਤ੍ਰਭਕ ਪੈਂਦੀ ਏ। ਆਪਣੇ ਖ਼ਿਆਲ ਵਿੱਚ ਉਹਨੂੰ ਇੰਜ ਜਾਪਿਆ ਏ ਜਿਵੇਂ ਪੁਲਿਸ ਨੇ ਆ ਦਰਵਾਜ਼ਾ ਭੰਨਿਆ ਏ।)

ਰਾਮ ਪਿਆਰੀ : (ਬੈਠੀ ਬੈਠੀ) ਆਪ ਘਰ ਨਹੀਂ ਹੈਗੇ, ਜ਼ਰਾ ਠਹਿਰ ਕੇ ਆਇਓ ਭਾਈ।

ਹਰੀ ਚੰਦ : (ਬਾਹਰੋਂ) ਓ ਦਰਵਾਜ਼ਾ ਵੀ ਖੋਲ੍ਹ ਨਾ, ਕੁੰਡੀ ਕਿਉਂ ਚਾੜ੍ਹ ਛੱਡੀ ਏ?

ਰਾਮ ਪਿਆਰੀ : ਆਈ ਜੀ, ਆਈ । (ਦੌੜ ਕੇ ਦਰਵਾਜ਼ਾ ਖੋਲ੍ਹਦੀ ਏ ਤੇ ਹਰੀ ਚੰਦ ਦਵਾਈ ਵਾਲ਼ੀ ਸ਼ੀਸ਼ੀ ਹੱਥ ਵਿੱਚ ਫੜੀ ਅੰਦਰ ਆਉਂਦਾ ਏ) ਮੈਂ ਜਾਤਾ ਪੁਲਿਸ ਵਾਲ਼ੇ ਦਰਵਾਜ਼ਾ ਭੰਨਣ ਡਹੇ ਹੋਏ ਨੇ।

ਹਰੀ ਚੰਦ : ਪੁਲਿਸ ਵਾਲ਼ੇ, ਉਹਨਾਂ ਦਾ ਕੀ ਕੰਮ ਏਥੇ ਆਉਣ ਦਾ? ਬੈਠੀ-ਬੈਠੀ ਊਂਘ ਪਈ ਏਂ। ਕੋਈ ਭੈੜਾ ਸੁਪਨਾ ਆ ਗਿਆ ਈ ਕੀ?

ਰਾਮ ਪਿਆਰੀ : ਬੜੀ ਬਿਪਤਾ ਆ ਪਈ ਏ ਪਰ ਪਹਿਲੋਂ ਮੈਨੂੰ ਡਾਕਟਰ ਦੀ ਗੱਲ ਦੱਸ ਲਓ, ਛੇਤੀ-ਛੇਤੀ।

ਹਰੀ ਚੰਦ : ਉਹ ਵੀ ਬਿਪਤਾ ਈ ਏ।

ਰਾਮ ਪਿਆਰੀ : ਕਿਉਂ ਕੀ ਬੀਮਾਰੀ ਦੱਸੀ ਏ?

ਹਰੀ ਚੰਦ : ਉਹ ਕੋਈ ਇੱਕ ਹੋਵੇ ਤਾਂ ਦੱਸਾਂ। ਉਹਨੇ ਕੋਈ ਦਸ ਗਿਣਾ ਦਿੱਤੀਆਂ ਨੇ। ਦਿਲ ਦੀ ਖ਼ਰਾਬੀ, ਖ਼ੂਨ ਦੀ ਕਮੀ, ਦਿਲ ਦੀ ਧੜਕਨ, ਫ਼ੇਫ਼ੜੇ ਖ਼ਰਾਬ, ਬਾਰਾਂ-ਮਾਸੀ ਜ਼ੁਕਾਮ, ਗੱਲ ਕੀ ਪੈਰਾਂ ਤੋਂ ਲੈ ਕੇ ਸਿਰ ਤੀਕਰ ਕੋਈ ਥਾਂ ਨਹੀਂ ਜਿੱਥੇ ਬਿਮਾਰੀ ਨਾ ਹੋਵੇ।

ਰਾਮ ਪਿਆਰੀ : ਹਰੇ ਰਾਮ ! ਹਰੇ ਰਾਮ !

ਹਰੀ ਚੰਦ : ਤੈਨੂੰ ਆਖਿਆ ਏ ਨਾ ਪਿੱਛੋਂ ਜਾਂਦਿਆਂ 'ਵਾਜ ਨਾ ਮਾਰਿਆ ਕਰ।

ਰਾਮ ਪਿਆਰੀ : ਦਵਾਈ ਦਿੱਤੀ ਏ?

ਹਰੀ ਚੰਦ : (ਸ਼ੀਸ਼ੀ ਵਿਖਾ ਕੇ) ਐਹ ਪੀਣ ਲਈ, ਐਹ ਪੁੜੀਆਂ ਫੱਕਣੇ ਲਈ, ਐਹ ਗੋਲ਼ੀਆਂ ਖਾਣ ਲਈ ਤੇ ਬਾਰਾਂ ਟੀਕੇ।

ਰਾਮ ਪਿਆਰੀ : ਹੇ ਰਾਮ ! ਇੱਕੋ ਵਾਰ ਬਾਰਾਂ !

ਹਰੀ ਚੰਦ : ਨਹੀਂ, ਹਟ-ਹਟ ਕੇ ਤੇ ਜੇ ਫੇਰ ਭੀ ਅਰਾਮ ਨਾ ਆਇਆ ਤਾਂ ਸਾਰੇ ਦੇ ਸਾਰੇ ਟੈੱਸਟ ਕਰਾਉਣੇ ਪੈਣਗੇ।

ਰਾਮ ਪਿਆਰੀ : ਹੇ ਰਾਮ!

ਹਰੀ ਚੰਦ : ਖ਼ੂਨ ਦਾ ਟੈੱਸਟ, ਥੁੱਕ ਦੀ ਤੇ ਜਿਨ੍ਹਾਂ ਚੀਜ਼ਾਂ ਦਾ ਨਾਂ ਨਹੀਂ ਲੈਣਾ ਉਹਨਾਂ ਦਾ ਵੀ। ਫੇਰ ਜਿਗਰ ਦੀ ਫੋਟੋ, ਛਾਤੀ ਦੀ ਫੋਟੋ। ਅੱਖਾਂ ਵਿਖਾਓ, ਦੰਦ ਕਢਾਓ।

Downloaded from https:// www.studiestoday.com

Downloaded from https:// www.studiestoday.com



ਰਾਮ ਪਿਆਰੀ : ਹੇ ਰਾਮ......ਹੇ ਰਾਮ ਤੇ ਬਾਕੀ ਕੀ ਰਹਿ ਗਿਆ?

ਹਰੀ ਚੰਦ : ਬਾਕੀ ਰਹਿ ਗਿਆ, ਪੋਸਟ-ਮਾਰਟਮ।

ਰਾਮ ਪਿਆਰੀ : ਡਾਕਟਰਾਂ ਕਹੀ ਅੱਤ ਚੁੱਕੀ ਐ, ਨਵੇਂ ਤੋਂ ਨਵਾਂ ਭਰਮ ਪਾਉਂਦੇ ਨੇ। ਤੁਸੀਂ ਕਿਸੇ ਵੈਦ ਕੋਲ਼ ਜਾਓ।

ਹਰੀ ਚੰਦ : ਵੈਦਾਂ ਦੀ ਗੱਲ ਵੀ ਰਹਿਣ ਦੇ, ਸਾਰੇ ਇੱਕੋ ਰੱਸੇ ਫਾਹੇ ਦੇਣ ਵਾਲ਼ੇ ਨੇ। ਇਹ ਤਾਂ ਰੋਲ਼-ਰੋਲ਼ ਕੇ ਮਾਰਦੇ ਨੇ। ਇਹਦੇ ਨਾਲ਼ੋਂ ਤਾਂ ਬੰਦਾ ਸ਼ਰਾਫ਼ਤ ਨਾਲ਼ ਮਰ ਜਾਵੇ ਤਾਂ ਸੌ ਚੰਗਾ।

ਰਾਮ ਪਿਆਰੀ : ਹਾਏ....ਹਾਏ ਛੱਡੋ ਪਰੇ ਇਹਨਾਂ ਵਿਸ਼ਵਾਸ਼ਾਂ ਨੂੰ ਤੇ ਮੇਰੀ ਗੱਲ ਸੁਣੋ। ਇੱਕ ਹੋਰ ਮੁਸੀਬਤ ਆ ਪਈ ਜੇ।

ਹਰੀ ਚੰਦ : ਅੱਗੇ ਮੁਸੀਬਤਾਂ ਕੋਈ ਘੱਟ ਸਨ। ਦੱਸ......ਦੱਸ.....ਹੁਣ ਢਿੱਲ ਨਾ ਕਰ।

ਰਾਮ ਪਿਆਰੀ : ਤੁਸੀਂ ਧਿਆਨ ਨਾਲ਼ ਸੁਣੋ ਤਾਂ ਦੱਸਾਂ।

ਹਰੀ ਚੰਦ : ਐਨਕ ਲਾ ਲਵਾਂ।

ਰਾਮ ਪਿਆਰੀ : ਮਦਨ ਆਇਆ ਹੋਇਆ ਏ। ਜਦੋਂ ਦਾ ਆਇਆ ਏ, ਮੈਨੂੰ ਥੱਥੇ-ਪੱਥੇ ਪਏ ਹੋਏ ਨੇ।

ਹਰੀ ਚੰਦ : ਮਦਨ ਕੌਣ?

ਰਾਮ ਪਿਆਰੀ : ਹੈਂ ਭੁੱਲ ਗਏ ਓ, ਮੇਰਾ ਭਣੇਵਾਂ, ਭੈਣ ਗਿਆਨੋ ਦਾ ਪੁੱਤਰ। ਬੁਰੀ ਹਾਲਤ ਆ ਵਿਚਾਰੇ ਦੀ।

ਹਰੀ ਚੰਦ : ਫੇਰ ਉਹਨੂੰ ਵੀ ਡਾਕਟਰ ਦੇ ਲੈ ਜਾਵਾਂ? ਨਹੀਂ ਤੇ ਖ਼ੈਰ ਏਹੋ ਦਵਾਈਆਂ ਵੰਡ ਕੇ ਖਾ ਲਵਾਂਗੇ।

ਰਾਮ ਪਿਆਰੀ : (ਹਰੀ ਚੰਦ ਦੇ ਕੰਨ ਕੋਲ਼ ਮੂੰਹ ਕਰ ਕੇ) ਉਹਦੇ ਪਿੱਛੇ....

ਹਰੀ ਚੰਦ : (ਗੱਲ ਟੁੱਕਦਿਆਂ ਹੋਇਆਂ) ਅਜੇ ਮੈਂ ਬੋਲ਼ਾ ਨਹੀਂ ਹੋਇਆ। ਬੇਸ਼ਕ ਤੂੰ ਪਰੇ ਹੋ ਕੇ ਗੱਲ ਕਰ।

ਰਾਮ ਪਿਆਰੀ : (ਰਾਜ਼ਦਾਰੀ ਨਾਲ਼) ਉਹਦੇ ਪਿੱਛੇ ਪੁਲਿਸ ਲੱਗੀ ਹੋਈ ਏ, ਲੁਕਦਾ ਫਿਰਦਾ ਏ।

ਹਰੀ ਚੰਦ : (ਕਾਹਲ਼ਾ ਪੈ ਕੇ) ਤੇ ਤੂੰ ਕਿੱਧਰ ਦੀ ਸਿਆਣੀ ਏਂ, ਉਹਨੂੰ ਘਰ ਵਾੜ ਲਿਆ ਈ। ਅੱਗੇ ਡਾਕਟਰ ਸਾਡੇ ਪਿੱਛੇ ਲੱਗੇ ਹੋਏ ਨੇ ਤੇ ਜੇ ਹੁਣ ਪੁਲਿਸ ਵੀ ਲੱਗ ਗਈ ਤਾਂ ਉੱਕਾ ਹੀ ਸਫ਼ਾਇਆ ਸਮਝ।

ਰਾਮ ਪਿਆਰੀ : ਉਹਨੇ ਰਾਤ ਦੀ ਰਾਤ ਅਟਕਣਾ ਏਂ, ਸਵੇਰੇ ਤੋਰ ਦਿਆਂਗੇ। ਮੈਂ ਕੀ ਕਰਦੀ ਕਿਸੇ ਮੁਕੱਦਮੇ ਵਿੱਚ ਫ਼ਸ ਗਿਆ ਏ।

Downloaded from https:// www.studiestoday.com

Downloaded from https:// www.studiestoday.com



ਹਰੀ ਚੰਦ : ਤੇ ਨਾਲ਼ ਹੁਣ ਸਾਨੂੰ ਵੀ ਫਸਾਉਣਾ ਚਾਹੁੰਦਾ ਏ। ਸ਼ਾਬਾਸ਼ੇ ਤੇਰਾ ਵੀ, ਮਾਂ ਦੀਏ ਬੱਚੀਏ।

ਰਾਮ ਪਿਆਰੀ : ਕਿਸੇ ਵੇਲ਼ੇ ਸੱਤ ਬਿਗ਼ਾਨੇ ਨੂੰ ਵੀ ਲੁਕਾਉਣਾ ਪੈਂਦਾ ਏ। ਇਹ ਤਾਂ ਫੇਰ ਆਪਣਾ ਏ। ਨਾਲ਼ੇ ਵੇਖਣਾ ਕਿਸ਼ੋਰ ਨਾਲ਼ ਗੱਲ ਨਾ ਕਰ ਦੇਣਾ ਕਿਤੇ। ਉਹ ਬੜਾ ਬੜਬੋਲਾ ਏ।

ਹਰੀ ਚੰਦ : (ਉੱਠਦਾ ਏ) ਨਹੀਂ, ਨਹੀਂ, ਕਿਸ਼ੋਰ ਨਾਲ਼ ਗੱਲ ਨਹੀਂ ਕਰਨੀ। ਮੈਂ ਮਦਨ ਕੋਲ਼ੋਂ ਪੁੱਛਾਂ, ਹੋਇਆ ਕੀ ਏ?

ਰਾਮ ਪਿਆਰੀ : ਪਰ ਵੇਖਣਾ ਕੋਈ ਕੌੜੀ-ਫਿੱਕੀ ਨਾ ਕਹਿਣੀ, ਵੇਲ਼ਾ ਟੱਪ ਜਾਂਦਾ ਏ ਪਰ ਗੱਲ ਨਹੀਂ ਭੁੱਲਦੀ।

ਹਰੀ ਚੰਦ : ਸਵੇਰੇ ਇਹਨੂੰ ਚਲਤਾ ਕਰੋ। ਸਾਡੇ ਤੇ ਕਿਰਪਾ ਦ੍ਰਿਸ਼ਟੀ ਰੱਖੇ।

ਰਾਮ ਪਿਆਰੀ : ਹਾਏ-ਏਡੀ ਉੱਚੀ ਨਾ ਬੋਲੋ, ਸੁਣ ਲਵੇਗਾ ਕਿਤੇ।

[ਹਰੀ ਚੰਦ ਅੰਦਰ ਚਲਾ ਜਾਂਦਾ ਏ]

ਰਾਮ ਪਿਆਰੀ : ਹੇ ਰਾਮ! ਭਲੀ ਕਰੀਂ ! ਸਰਬੱਤ ਦਾ ਭਲਾ ! ਕਿਸੇ ਪਿੱਛੇ ਸਾਡਾ ਨਿਮਾਣਿਆਂ ਦਾ ਵੀ ਭਲਾ।

[ਬਾਹਰੋਂ ਕਿਸੇ ਦੇ ਸੁਰ ਵਿੱਚ ਦੋਹੇ ਗਾਉਣ ਦੀ ਅਵਾਜ਼ ਆਉਂਦੀ ਏ]

ਆਵਾਜ਼ ਮਾਇਆ ਮਰੀ ਨਾ ਮਨ ਮਰਾ, ਮਰ ਮਰ ਗਏ ਸ਼ਰੀਰ
ਆਸ਼ਾ ਤ੍ਰਿਸ਼ਨਾ ਨਾ ਮਰੇ, ਕਹਿ ਗਏ ਸੰਤ ਕਬੀਰ।

[ਰਾਮ ਪਿਆਰੀ ਧਿਆਨ ਨਾਲ਼ ਸੁਣਦੀ ਜਾਪਦੀ ਏ। ਸਿਰ ਚੁੱਕ ਕੇ ਬਾਹਰ ਵੱਲ ਵੇਖਦੀ ਏ। ਦੋ ਸਾਧੂ ਅੰਦਰ ਆਉਂਦੇ ਨੇ। ਇੱਕ ਮਾੜਾ ਸੁਕੜਾ, ਕੀਂਗੜ ਜਿਹਾ (ਮੌਨਧਾਰੀ)। ਦੂਜਾ ਹੱਟਾ-ਕੱਟਾ, ਚੁੱਟ-ਮੁੱਟ]

ਸਾਧੂ : ਕਰ ਭਲਾ ਹੋ ਭਲਾ, ਅੰਤ ਭਲੇ ਦਾ ਭਲਾ।

[ਸਾਧੂ ਅਜੇ ਵਿਹੜੇ ਵਿੱਚ ਪੌੜੀਆਂ ਕੋਲ਼ ਹੀ ਖੜੇ ਨੇ]

ਰਾਮ ਪਿਆਰੀ : ਮਹਾਰਾਜ! ਅੰਦਰ ਆ ਜਾਓ। ਮੈਂ ਮੰਜੀ ਡਾਹ ਦੇਨੀ ਆਂ।

[ਉੱਠ ਕੇ ਮੰਜੀ ਡਾਹੁੰਦੀ ਏ ਤੇ ਖੇਸ ਵਿਛਾਉਂਦੀ ਏ]

ਮੌਨਧਾਰੀ : (ਇਸ਼ਾਰੇ ਨਾਲ਼) ਨਹੀਂ, ਨਹੀਂ।

ਸਾਧੂ : ਕਲਿਆਣ ਹੋ ਮਾਤਾ ! ਮਹਾਤਮਾ ਨੇ ਮੌਨ-ਬਰਤ ਧਾਰਨ ਕਰ ਰੱਖਾ ਹੈ। ਮੌਨ ਮੇਂ ਧਰਤੀ ਪਰ ਬਿਰਾਜਤੇ ਹੈਂ। ਐਸੀ ਹੀ ਇਨ ਕੀ ਪ੍ਰਤਿਗਯਾ ਹੈ।

ਰਾਮ ਪਿਆਰੀ : ਤੁਸੀਂ ਤਾਂ ਮੰਜੀ 'ਤੇ ਬੈਠੋ ਨਾ।

ਸਾਧੂ ਹਰੇ ਨਾਰਾਇਨ! ਮਾਤਾ, ਮੈਂ ਤੋ ਇਨ ਕੀ ਚਰਨ-ਧੂੜ ਹੂੰ, ਧੂੜ ਹੀ ਮੇਂ

Downloaded from https:// www.studiestoday.com

Downloaded from https:// www.studiestoday.com



ਬੈਠੂੰਗਾ।

[ਸਾਧੂ ਭੁੰਜੇ ਬੈਠ ਜਾਂਦੇ ਹਨ।

ਰਾਮ ਪਿਆਰੀ : ਅੱਛਾ ਮਹਾਰਾਜ! ਜਿਵੇਂ ਤੁਹਾਡੀ ਇੱਛਾ। ਹੁਣ ਤੁਸਾਂ ਭੋਜਨ ਕਰਕੇ ਹੀ ਜਾਣਾ।

ਸਾਧੂ : ਸਾਧੂ ਭੁੱਖੇ ਭਾਵ ਕੇ, ਭੋਜਨ ਭੂਖੇ ਨਾ।

ਰਾਮ ਪਿਆਰੀ : ਨਹੀਂ, ਮਹਾਰਾਜ! ਭੋਜਨ ਜ਼ਰੂਰ ਕਰਨਾ। ਮੈਂ ਅੱਖ ਦੇ ਫੋਰ ਵਿੱਚ ਬਣਾ ਦਿੰਦੀ ਹਾਂ। ਭਾਜੀ ਚੀਰੀ ਪਈ ਏ।

[ਮੌਨਧਾਰੀ ਇਸ਼ਾਰੇ ਨਾਲ਼ ਦੱਸਦਾ ਏ ਕਿ ਉਹ ਭੋਜਨ ਕਰ ਚੁੱਕਾ ਏ]

ਸਾਧੂ : ਮਹਾਤਮਾ ਕੋ ਏਕ ਭਗਤਨੀ ਮਾਈ ਨੇ ਦੂਧ ਕਾ ਭੋਜਨ ਕਰਾ ਦੀਆ।

ਰਾਮ ਪਿਆਰੀ : ਫੇਰ ਮਹਾਰਾਜ! ਮੈਂ ਕੀ ਸੇਵਾ ਕਰਾਂ? ਥੋੜ੍ਹਾ ਜਿਹਾ ਫਲ਼ ਖਾ ਲੋ, ਮੈਂ ਏਦਾਂ ਨਹੀਂ ਜਾਣ ਦੇਣਾ।

[ਛੇਤੀ ਨਾਲ਼ ਅੰਦਰ ਜਾਂਦੀ ਏ ਤੇ ਫਲ਼ ਆਦਿ ਲਿਆ ਕੇ ਸਾਧੂ ਦੇ ਅੱਗੇ ਰੱਖਦੀ ਏ।]

ਸਾਧੂ : ਅੱਛਾ ਮਾਤਾ, ਤੇਰਾ ਪ੍ਰੇਮ ਹੈ।

[ਇੱਕ ਕੇਲਾ ਛਿੱਲ ਕੇ ਖਾਂਦਾ ਏ।]

ਸਾਧੂ : ਮਾਤਾ, ਪ੍ਰੇਮ ਕੋ ਪ੍ਰੇਮ ਮਿਲਤਾ ਹੈ। ਹਮ ਲੌਟੇ ਜਾ ਰਹੇ ਥੇ ਆਸਰਮ ਕੋ, ਮਹਾਤਮਾ ਨੇ ਅੰਤਰ-ਦ੍ਰਿਸ਼ਟੀ ਸੇ ਦੇਖਾ, ਇਸ ਘਰ ਮੇਂ ਕਲੇਸ਼ ਹੈ।

ਰਾਮ ਪਿਆਰੀ : ਕਲੇਸ਼ ਤਾਂ ਮਹਾਰਾਜ ਬਹੁਤ ਹੈ।

ਸਾਧੂ : ਮਹਾਤਮਾ ਕਲੇਸ਼ ਨਿਵਾਰਨੇ ਕੋ ਆ ਗਏ। ਮਾਤਾ!
ਤਰਵਰ, ਸਰਵਰ, ਸੰਤ ਜੰਨ, ਚੌਥੇ, ਬਰਖਾ, ਮੇਂਹ।
ਪਰਉਪਕਾਰ ਕੇ ਕਾਰਨੇਂ ਚਾਰੋ ਧਾਰੋਂ ਦੇਂਹ।

ਰਾਮ ਪਿਆਰੀ : ਮਹਾਰਾਜ! ਉਹਨਾਂ ਦਾ ਸਰੀਰ ਬਹੁਤ ਡਿਗ ਗਿਆ ਏ।

ਸਾਧੂ : ਸਭ ਠੀਕ ਹੋ ਜਾਵੇਗਾ - ਮਹਾਰਾਜ ਕੀ ਅਸ਼ੀਰਵਾਦ ਸੇ। ਆਜ ਸੇ ਦਸਵੇਂ ਰੋਜ਼ ਮੌਨ ਬਰਤ ਖੋਲੋਂਗੇ। ਓਸ ਸਮੇਂ ਜਿਸ ਕਾਰਜ ਕਾ ਧਿਆਨ ਕਰੇਂਗੇ, ਵੁਹੀ ਸਿੱਧ ਹੋਗਾ।

[ਸਾਧੂ ਦੀ ਅਵਾਜ਼ ਸੁਣ ਕੇ ਹਰੀ ਚੰਦ ਬਾਹਰ ਆਉਂਦਾ ਏ। ਖੰਘਦਾ-ਖੰਘਦਾ ਕੁਰਸੀ 'ਤੇ ਬੈਠ ਜਾਂਦਾ ਏ। ਖੰਘਦਾ ਏ]

ਸਾਧੂ : ਨਾਰਾਇਨ ਹਰੇ! ਭਗਤ ਕਲਿਆਨ ਹੋ !

ਹਰੀ ਚੰਦ : ਮੈਂ ਭਗਤ ਨਹੀਂ, ਬਾਬਾ।

ਸਾਧੂ : ਤੁਮ ਭਗਵਾਨ ਕੇ ਭਗਤ ਹੋ, ਭਗਵਾਨ ਕੇ ਸੱਚੇ ਭਗਤ।

Downloaded from https:// www.studiestoday.com

Downloaded from https:// www.studiestoday.com



ਹਰੀ ਚੰਦ : ਵਿਅੰਗਮਈ ਢੰਗ ਨਾਲ਼ ਹੱਸਦਾ ਹੋਇਆ) ਮੈਂ ਭਗਤ ਹਾ....ਹਾ....ਹਾ (ਰਾਮ ਪਿਆਰੀ ਵੱਲ ਵੇਖ ਕੇ) ਕਿਓਂ ਜੀ, ''ਹੈ ਮੇਰੀ ਸ਼ਕਲ ਭਗਤਾਂ ਵਾਲ਼ੀ! ਹੈ ਨਾ....!

ਰਾਮ ਪਿਆਰੀ : ਸਾਧੂਆਂ ਨਾਲ਼ ਮਸ਼ਕਰੀ ਨਹੀਂ ਕਰੀਦੀ ਜੀ।

ਹਰੀ ਚੰਦ : ਅੱਛਾ, ਅੱਛਾ! ਕਿਸ਼ੋਰ ਦੇ ਦਫ਼ਤਰੋਂ ਆਉਣ ਦਾ ਵੇਲ਼ਾ ਏ। ਨਾਲ਼ੇ ਮਦਨ ਵੀ ਆਇਆ ਹੋਇਆ ਏ। ਉਹਨਾਂ ਲਈ ਚਾਹ-ਪਾਣੀ ਦਾ ਬੰਦੋਬਸਤ ਕਰੋ।

ਰਾਮ ਪਿਆਰੀ : ਮੈਂ ਅੰਗੀਠੀ ਬਾਲ਼ ਆਵਾਂ। ਮਹਾਰਾਜ ਤੁਸਾਂ ਵੀ ਚਾਹ ਦੀ ਕੌਲੀ ਪੀ ਲੈਣਾ। ਹੁਣੇ ਬਣ ਜਾਂਦੀ ਏ।
[ਅੰਦਰ ਜਾਂਦੀ ਏ]

ਹਰੀ ਚੰਦ : ਹਾਂ, ਨਾਲ਼ੇ ਯਾਦ ਰੱਖਣਾ, ਅੱਗੇ ਤੋਂ ਮੈਨੂੰ ਭਗਤ ਜੀ ਆਖਿਆ ਕਰੋ ਹਾ....ਹਾ.....ਹੀ.....ਹੀ....।

ਸਾਧੂ : ਭਗਤ, ਤੁਮਰਾ ਮਸਤਕ ਬਤਾ ਰਹਾ ਹੈ ਕਿ ਤੁਮ ਪ੍ਰੇਮੀ ਸਜਨ ਹੋ। ਮੁਖੜਾ ਵੇਖ ਜਰੀ ਦਰਪਨ ਮੇਂ।

ਹਰੀ ਚੰਦ : (ਇੱਕ ਹਸਰਤ ਭਰੇ ਹੌਕੇ ਨਾਲ਼) ਕਿਆ ਸ਼ਾਨ ਸੀ, ਇਸ ਮੁਖੜੇ ਦੀ ਜਵਾਨੀ ਵਿੱਚ।

ਸਾਧੂ : (ਮੁਸਕਰਾਉਂਦਾ ਹੋਇਆ) ਪਰ ਛਬੀ ਤੋ ਭਗਤ ਅਬ ਭੀ।.....

ਹਰੀ ਚੰਦ : (ਕੱਟ ਕੇ) ਹੁਣ ਤਾਂ ਬਾਬਾ ਸ਼ੀਸ਼ਾ ਵੇਖਦਿਆਂ ਡਰ ਲਗਦਾ ਏ। ਗੱਲ੍ਹਾਂ ਢਿਲ਼ਕ ਗਈਆਂ, ਬੁੱਲ੍ਹ ਲਟਕ ਗਏ।

ਸਾਧੂ : ਪਰ ਨੇਤਰ ਕੀ ਜਿਉਤੀ ਕੋ ਦੇਖੋ।

ਹਰੀ ਚੰਦ : ਜਿਉਤੀ ਕਿੱਥੇ ਬਾਬਾ, ਹੁਣ ਧੁੰਦ-ਜਾਲ਼ਾ ਗੁਬਾਰ ਕਹੁ। ਸਿਰ ਤੋਂ ਪੈਰਾਂ ਤੀਕ ਏਸ ਚਰਖੇ ਦੀ ਚੂਲ਼-ਚੂਲ਼ ਢਿੱਲੀ ਹੋ ਗਈ ਆ...ਹਾ...ਹਾ...।

ਸਾਧੂ : ਯਿਹ ਤੋ ਹਮ ਦੇਖ ਰਹੇ ਹੈਂ ਸਵਾਸਥ ਠੀਕ ਨਹੀਂ ਹੈ। (ਮਿਕਸਚਰ ਵਾਲ਼ੀ ਸ਼ੀਸ਼ੀ ਵੱਲ ਇਸ਼ਾਰਾ ਕਰਕੇ) ਬਲਾਇਤੀ ਔਸ਼ਧੀ ਖਾਤੇ ਹੋ?

ਹਰੀ ਚੰਦ : ਇੱਕ ਨਹੀਂ ਬਾਬਾ ਕਈ। (ਗੋਲ਼ੀਆਂ ਤੇ ਪੁੜੀਆਂ ਵਿਖਾ ਕੇ)ਐਹ ਵੇਖੋ, ਐਹ ਵੇਖੋ।

ਸਾਧੂ : ਬਲਾਇਤੀ ਔਸ਼ਧੀ ਗਰਮ ਔਰ ਖ਼ੁਸ਼ਕ ਹੈ। ਇਸ ਸੇ ਲਾਭ ਨਹੀਂ ਹੋਤਾ।

ਹਰੀ ਚੰਦ : ਪਰ ਡਕਾਟਰ ਨੂੰ ਤਾਂ ਲਾਭ ਈ ਲਾਭ ਹੁੰਦਾ ਏ।

ਸਾਧੂ : (ਮੌਨ ਧਾਰੀ ਵੱਲ ਇਸ਼ਾਰਾ ਕਰਕੇ) ਮਹਾਤਮਾ ਔਸ਼ਧੀ ਦੇਂਗੇ, ਕਾਇਆ-

Downloaded from https:// www.studiestoday.com

Downloaded from https:// www.studiestoday.com



ਕਲਪ ਹੋ ਜਾਏਗੀ।

ਮੌਨ ਧਾਰੀ : (ਇਸ਼ਾਰੇ ਨਾਲ਼ ਤਸੱਲੀ ਦਿਵਾਉਂਦਾ ਏ) ਯਾਅਨੀ ਤਕੜਾ ਹੋ ਜਾਏਗਾ ਸ਼ਰੀਰ, ਚਿਹਰਾ ਚਮਕ ਉਠੇਗਾ।

ਸਾਧੂ : ਨਰਾਇਨ ਗੜ੍ਹ ਕੇ ਠਾਕੁਰ ਸਾਹਿਬ ਕੇ ਲੀਏ ਬਨਾਈ ਥੀ।

ਹਰੀ ਚੰਦ : ਬਾਬਾ, ਮੈਂ ਤਾਂ ਦਵਾਈਆਂ ਖਾਣ ਤੋਂ ਸਤ ਗਿਆ ਹਾਂ। ਕੌੜੀਆਂ ਕੁਸੈਲ਼ੀਆਂ, ਬੇਸੁਆਦ...ਹਾ....ਹਾ.... (ਮੂੰਹ ਬਣਾ ਕੇ)

ਸਾਧੂ : ਚਿੰਤਾ ਨਾ ਕਰੋ, ਕੇਵਲ ਚਾਵਲ ਮਾਤਰ ਖਾਣੀ ਹੈ ਗਊ ਕੇ ਮਾਖਣ ਮੇਂ ਪ੍ਰਾਤਾਕਾਲ, ਯਿਹ ਭਸਮ ਸਰੀਰ ਕੋ ਕੁੰਦਨ ਬਨਾ ਦਏਗੀ।

ਹਰੀ ਚੰਦ : ਕਿਤੇ ਮੈਨੂੰ ਹੀ ਨਾ ਭਸਮ ਕਰ ਦੇਵੇ। ਖ਼ੈਰ, ਓਦਾਂ ਵੀ ਠੀਕ ਹੈ। ਨਾ ਸਰੀਰ ਰਹੇਗਾ ਨਾ ਬੀਮਾਰੀਆਂ ਲੱਗਣੀਆਂ। ਨਿੱਤ-ਨਿੱਤ ਦੀ (ਖੰਘਦਾ ਹੋਇਆ) ਕਲ੍ਹਾ ਤਾਂ ਮੁੱਕ ਜਾਏਗੀ।

ਸਾਧੂ : ਪਰੰਤੂ, ਭਗਤ, ਸਭ ਔਸ਼ਧੀਓਂ ਸੇ ਉੱਤਮ ਏਕ ਔਸ਼ਧੀ ਹੈ। ਸੌ ਰੋਗ ਕਾ ਏਕ ਦਾਰੂ (ਹਰੀ ਚੰਦ ਦੇ ਕੰਨ ਖੜ੍ਹੇ ਹੋ ਜਾਂਦੇ ਹਨ। ਉਹ ਧਿਆਨ ਨਾਲ਼ ਸੁਣਦਾ ਹੈ)

ਹਰੀ ਚੰਦ : ਬਾਬਾ ਉਹ ਦਾਰੂ ਦੱਸ।

ਸਾਧੂ : ਓਹ ਹੈ ਦਾਨ, ਦਾਨ ਕਰੋ।

ਹਰੀ ਚੰਦ : ਭਲਾ ਬਾਬਾ ਗਰੀਬ ਆਪਣਾ ਪੇਟ ਪਾਲ਼ੇ, ਡਾਕਟਰਾਂ ਨੂੰ ਪੂਜੇ ਜਾਂ ਦਾਨ ਕਰੇ?

ਸਾਧੂ : ਭਗਤ ਨਿਸਚੇ ਜਾਣੋ,
ਚਿੜੀ ਚੌਂਚ ਭਰ ਲੇ ਗਈ ਨਦੀ ਨਾ ਘਟਿਓ ਨੀਰ।
ਦਾਨ ਦੀਏ ਧਨ ਨਾ ਘਟੇ, ਕਹਿ ਗਏ ਭਗਤ ਕਬੀਰ।
ਧੰਨ ਬੜੀ ਉਪਾਧੀ ਹੈ।

ਹਰੀ ਚੰਦ : ਬਾਬਾ ਇਹ ਉਪਾਧੀ ਬੇਸ਼ੱਕ ਮੈਨੂੰ ਦੇ ਦਿਓ।

ਸਾਧੂ : ਭਗਤ.....ਪਾਪਾਂ ਬਾਝ ਨਾ 'ਕੱਠੀ ਹੋਵੇ ਤੇ ਮੋਇਆਂ ਨਾਲ਼ ਨਾ ਜਾਵੇ।

ਹਰੀ ਚੰਦ : ਮੈਨੂੰ ਨਾਲ਼ ਲਿਜਾਣ ਦਾ ਲੋਭ ਨਹੀਂ ਬਾਬਾ ਪਰ ਏਥੇ ਤਾਂ ਜ਼ਰਾ ਸੌਖਾ ਹੋ ਜਾਵਾਂ।
ਪੈਸਾ ਹੀ ਰੰਗ ਰੂਪ ਹੈ ਪੈਸਾ ਹੀ ਮਾਲ ਹੈ!
ਪੈਸੇ ਬਗੈਰ ਆਦਮੀ ਚਰਖੇ ਦੀ ਮਾਲ੍ਹ ਹੈ।

ਸਾਧੂ : ਇਹ ਠੀਕ ਹੈ। ਪਰੰਤੂ ਧੰਨ ਤੋ ਹੋਤਾ ਹੈ ਦੇਨੇ ਕੇ ਲੀਏ, ਨਾ ਕਿ ਦਬਾ ਕਰ ਰੱਖਨੇ ਕੇ ਲੀਏ। ਭਗਤ, ਮਹਾਤਮਾ ਨੇ ਮੌਨ-ਬਰਤ ਖੋਲ੍ਹਤੇ ਸਮੇਂ

Downloaded from https:// www.studiestoday.com

Downloaded from https:// www.studiestoday.com



ਯਗ ਕਰਾਣਾ ਨੀਯਤ ਕੀਆ ਹੈ। ਕਾਂਸ਼ੀ ਜੀ ਸੇ ਪੰਡਤ ਵਿਦਵਾਨ ਪਧਾਰੇਂਗੇ। ਸਾਧੂ-ਜਨ ਭੋਜਨ ਕਰੇਂਗੇ। ਤੁਮ੍ਹਾਰਾ ਕਲਿਆਣ ਹੋਗਾ। ਇਸ ਸ਼ੁੱਭ-ਅਵਸਰ ਪਰ ਉਦਾਰ ਹਿਰਦੇ ਸੇ ਦਾਨ ਦਿਓ।

[ਇਸ ਵੇਲ਼ੇ ਵਿਹੜੇ ਵਿੱਚ ਬਾਈਸਿਕਲ ਦੀ ਘੰਟੀ ਵੱਜਦੀ ਹੈ। ਕਿਸ਼ੋਰ ਬਾਈਸਿਕਲ ਨੂੰ ਤਾਲਾ ਲਾਉਂਦਾ ਹੈ, ਸਾਧੂਆਂ ਨੂੰ ਘਰ ਬੈਠੇ ਵੇਖਕੇ ਦਾਨ ਵਾਲ਼ੀ ਗੱਲ ਸੁਣਕੇ ਉਸ ਨੂੰ ਗੱਚ ਚੜ੍ਹ ਜਾਂਦਾ ਏ]

ਕਿਸ਼ੋਰ : (ਗਰਮ ਹੋ ਕੇ) ਪਿਤਾ ਜੀ!

ਸਾਧੂ : ਕਲਿਆਣ ਹੋ ਬੇਟਾ ! (ਮੌਨਧਾਰੀ ਵੀ ਅਸ਼ੀਰਵਾਦੀ ਹੱਥਾਂ ਨਾਲ਼ ਇਸ਼ਾਰੇ ਕਰਦਾ ਹੈ) (ਹਰੀ ਚੰਦ ਨੂੰ) ਸਪੁੱਤ੍ਰ ਹੈ ਆਪਕਾ, ਭਗਤ?

ਹਰੀ ਚੰਦ : ਭਗਵਾਨ ਦਾ ਏ ਬਾਬਾ।

ਸਾਧੂ : ਬਹੁਤ ਭਾਗਵਾਨ ਹੈ। ਮਸਤਕ ਕੋ ਦੇਖੋ।

ਕਿਸ਼ੋਰ : (ਕਚੀਚੀ ਵੱਟਕੇ) ਬਕ-ਬਕ ਬੰਦ ਕਰ ਬਾਬਾ (ਹਰੀ ਚੰਦ ਨੂੰ) ਪਿਤਾ ਜੀ ਫੇਰ ਓਹੋ ਗੱਲ। ਮੈਂ ਤੁਹਾਨੂੰ ਕਿੰਨੀ ਵੇਰ ਸਮਝਾ ਚੁੱਕਾ ਹਾਂ, ਇਹਨਾਂ ਪਖੰਡੀਆਂ ਨੂੰ ਮੂੰਹ ਨਾ ਲਾਇਆ ਕਰੋ। ਉੱਠੋ ਬਾਬਾ, ਨਿਕਲ਼ੋ ਏਥੋਂ।

ਹਰੀ ਚੰਦ : ਕਿਸ਼ੋਰ!

ਕਿਸ਼ੋਰ : ਵਿਹਲੇ, ਨਿਕੰਮੇ, ਮੁਫ਼ਤ ਦਾ ਚੰਗਾ-ਚੋਖਾ ਖਾ ਕੇ ਕਿੱਦਾਂ ਮਾਸ ਚਾੜ੍ਹਿਆ ਈ ਚੋਬਰ ਉੱਤੇ। ਪੰਡਤਾ ਸੇਰ ਆਟਾ ਪੀਹਣ ਦੇ ਲਾਇਕ ਹੈ ਇਹ ਚੁੱਟ-ਮੁੱਟ।

ਹਰੀ ਚੰਦ : ਕਿਸ਼ੋਰ! ਕਿਸ਼ੋਰ !!

ਕਿਸ਼ੋਰ : ਪਿਤਾ ਜੀ, ਤੁਸੀਂ ਸਮਝਦੇ ਨਹੀਂ। ਇਹ ਭੇਖੀ ਸਾਧੂ, ਸ਼ੁਹਦੇ ਮੰਗਤੇ, ਨਿਰੇ ਪਖੰਡੀ।

ਸਾਧੂ : (ਬੜੇ ਨਰਮ ਲਹਿਜੇ 'ਚ) ਬੇਟਾ! ਬੇਟਾ !! ਕਿਆ ਕਹਿ ਰਹੇ ਹੋ,
ਬੋਲੀ ਤੋ ਅਨਮੋਲ ਹੈ, ਜੇ ਕੋਈ ਜਾਣੇ ਬੋਲ।
ਹੀਰੇ ਤਰਾਜੂ ਤੋਲ ਕਰ ਤਬ ਮੁਖ ਬਾਹਰ ਖੋਲ।

ਹਰੀ ਚੰਦ : (ਝੂੰਮ ਜਾਂਦਾ ਏ) ਵਾਹ ਮਹਾਰਾਜ ਵਾਹ, ਧੰਨ ਹੋ! ਸੁਣਿਆ ਈ ਕਿਸ਼ੋਰ। (ਸਾਧੂਆਂ ਨੂੰ) ਮਹਾਰਾਜ, ਏਸ ਦੀ ਗੱਲ ਦਾ ਗੁੱਸਾ ਨਾ ਕਰਨਾ।

ਕਿਸ਼ੋਰ : ਪਿਤਾ ਜੀ, ਤੁਸੀਂ ਤਾਂ ਬਿਲਕੁਲ.... (ਸਾਧੂਆਂ ਨੂੰ) ਚਲੋ, ਨਿਕਲ਼ੋ ਏਥੋਂ।

ਸਾਧੂ : ਅੱਛਾ ਬੇਟਾ।

[ਉੱਠਣ ਲੱਗਦਾ ਹੈ ਤੇ ਮੌਨਧਾਰੀ ਨੂੰ ਵੀ ਇਸ਼ਾਰਾ ਕਰਦਾ ਏ]

Downloaded from https:// www.studiestoday.com

Downloaded from https:// www.studiestoday.com



ਹਰੀ ਚੰਦ : (ਨਾਲ਼ੇ ਜ਼ੋਰ ਨਾਲ਼ ਖੰਘਦਾ ਏ ਤੇ ਨਾਲ਼ੇ ਹੱਥਾਂ ਦੇ ਇਸ਼ਾਰੇ ਨਾਲ਼ ਸਾਧੂਆਂ ਨੂੰ ਰੋਕਦਾ ਏ) ਬਾਬਾ ਜੀ, ਜਾਓ ਨਹੀਂ, ਭੋਜਨ ਕਰ ਕੇ ਜਾਣਾ।

ਸਾਧੂ : ਬੇਟਾ ਕ੍ਰੋਧਵਾਨ ਏ.... ਹਮ ਜਾਤੇ ਹੈਂ!
ਆਏ ਕੋ ਆਦਰ ਨਹੀਂ, ਨੈਨਣ ਨਹੀਂ ਸਨੇਹ।
ਤੁਲਸੀ ਵਹਾਂ ਨਾ ਜਾਈਏ, ਕੰਚਨ ਬਰਸਤ ਮੇਂਹ।
[ਰਾਮ ਪਿਆਰੀ ਆਉਂਦੀ ਏ]

ਰਾਮ ਪਿਆਰੀ : (ਨਿਮਰਤਾ ਨਾਲ਼) ਨਹੀਂ ਮਹਾਰਾਜ, ਰੋਟੀ ਖਾ ਕੇ ਜਾਣਾ, ਮੈਂ ਨਹੀਂ ਐਵੇਂ ਜਾਣ ਦੇਣਾ।

ਕਿਸ਼ੋਰ : ਬੀ ਜੀ.... ਜਾਣ ਦਿਓ, (ਸਾਧੂਆਂ ਨੂੰ) ਤੁਸੀਂ ਜਾਓ ਬਾਬਾ।

ਰਾਮ ਪਿਆਰੀ : ਨਹੀਂ, ਨਹੀਂ, ਮੈਂ ਹੱਥ ਜੋੜਦੀ ਹਾਂ ਮਹਾਰਾਜ, ਤੁਹਾਡੀ ਮਿੰਨਤ ਕਰਦੀ ਆਂ।

ਸਾਧੂ : ਮਾਤਾ ਤੇਰੇ ਇਸ ਪ੍ਰੇਮ ਕੇ ਬੰਧੇ ਕੈਸੇ ਜਾਏਂ ? ਤੇਰੀ ਇੱਛਾ ਭਗਤਨੀ, ਤੇਰੀ ਇੱਛਾ।

ਹਰੀ ਚੰਦ : ਓ ਬਾਬਾ, ਨਾਲ਼ੇ ਮੇਰੀ ਔਸ਼ਧੀ। ਜਾਂਦੇ ਕਿੱਥੇ ਓ?

ਸਾਧੂ : ਘਬਰਾਓ ਨਹੀਂ ਭਗਤ, ਔਸ਼ਧੀ ਹਮਾਰੇ ਪਾਸ ਹੈ। (ਮੌਨ ਧਾਰੀ ਝੋਲ਼ੀ ਵਿੱਚੋਂ ਇੱਕ ਬਿੱਲ ਕੱਢ ਕੇ ਵਿਖਾਉਂਦਾ ਏ) ਇਹ ਦੇਖੋ,ਜ਼ਰੂਰ ਦਏਂਗਾ। ਪਰੰਤੂ ਮਹਾਤਮਾ ਕੇ ਯਗਿਆ ਮੇਂ ਕੇਵਲ ਗਿਆਰਾਂ ਰੁਪੈ ਡਾਲ ਦੇਣਾ। (ਸਾਧੂ ਇਹ ਲਫ਼ਜ਼ ਲਮਕਾ ਕੇ ਕਹਿੰਦਾ ਹੈ) ਇੱਕ ਹੀ ਅਸ਼ੀਰਵਾਦ ਸੇ....।

ਕਿਸ਼ੋਰ : (ਗੁੱਸੇ ਨਾਲ਼ ਕੰਬਦਾ ਹੋਇਆ) ਪਿਤਾ ਜੀ, ਪਿਤਾ ਜੀ !
[ਇਸ ਵੇਲ਼ੇ ਮੌਨਧਾਰੀ ਉੱਚੀ-ਉੱਚੀ ਹੂੰਕਦਾ ਏ ਤੇ ਹੱਥਾਂ ਨਾਲ਼ ਕੁਝ ਅਜੀਬ ਜਿਹੇ ਇਸ਼ਾਰੇ ਕਰਦਾ ਏ ਜਿਸ ਦਾ ਜਵਾਬ ਸਾਧੂ ਇਸ਼ਾਰਿਆਂ ਵਿੱਚ ਹੀ ਦਿੰਦਾ ਏ।]

ਹਰੀ ਚੰਦ : ਬਾਬਾ, ਮਹਾਤਮਾ ਜੀ ਕੀ ਕਹਿੰਦੇ ਨੇ?

ਸਾਧੂ : ਕਹਿਤੇ ਹੈਂ ਕੋਈ ਪਰਾਣੀ ਏਸ ਘਰ ਮੇਂ ਬਹੁਤ ਦੁਖੀ ਹੈ।

ਹਰੀ ਚੰਦ : ਮੈਂ ਜੋ ਹਾਂ....ਮੇਰੇ ਨਾਲੋਂ ਦੁਖੀ ਕੌਣ ਹੋਣਾ ਏ। (ਖੰਘਦਾ ਏ)

ਮੌਨਧਾਰੀ : (ਇਸ਼ਾਰੇ ਨਾਲ਼) ਓ....ਇਹ ਨਹੀਂ ਕੋਈ ਹੋਰ ਜੀਵ ਏ।

ਸਾਧੂ : ਕਿਓਂ ਬੇਟਾ, ਤੁਮੇਂ ਕਿਆ ਕਲੇਸ਼ ਹੈ?

ਕਿਸ਼ੋਰ : ਮੈਨੂੰ ਕੋਈ ਕਲੇਸ਼-ਕਲੂਸ਼ ਨਹੀਂ, ਏਥੋਂ ਝੱਟ-ਪੱਟ ਚੱਲਦੇ ਹੋਵੋ।

Downloaded from https:// www.studiestoday.com

Downloaded from https:// www.studiestoday.com



ਰਾਮ ਪਿਆਰੀ : ਕਾਕਾ ਮਦਨ, ਤੂੰ ਵੀ ਸੰਤਾਂ ਦੇ ਦਰਸ਼ਨ ਕਰ ਲੈ, ਤੇਰਾ ਦੁੱਖ ਵੀ ਨਿਵਾਰਨਗੇ।

[ਇਸ ਵੇਲ਼ੇ ਮਦਨ, ਅੰਦਰੋਂ ਨਿਕਲ਼ਦਾ ਏ ਸਾਧੂਆਂ ਦੀਆਂ ਗੱਲਾਂ ਨਾਲ਼ ਪ੍ਰਭਾਵਿਤ ਹੋ ਕੇ। ਉਹਦੀ ਮੱਥੇ ਦੀ ਪੱਟੀ ਦਿਸਦੀ ਏ।]

ਕਿਸ਼ੋਰ : ਓ.....ਹੋ ਮਦਨ ਤੂੰ ਏਥੇ ਕਿਸ ਤਰ੍ਹਾਂ?

ਮਦਨ : ਮੈਂ ਅੱਜ-ਕੱਲ੍ਹ ਦੌਰੇ 'ਤੇ ਆਂ। ਸੋਚਿਆ ਕਿ ਲਾਗੋਂ ਲੰਘਦਿਆਂ ਤੁਹਾਨੂੰ ਵੀ ਮਿਲ਼ ਜਾਵਾਂ। ਬੱਸ ਰਾਤ ਦੀ ਰਾਤ।

(ਸਾਧੂਆਂ ਦੇ ਵਿੱਚ ਕੁਝ ਇਸ਼ਾਰਾ)

ਸਾਧੂ : ਬੇਟਾ ਕਲਿਆਣ ਹੋ.....ਤੁਮ ਦੁਖੀ ਹੋ।

[ਮੌਨਧਾਰੀ ਦੇ ਇਸ਼ਾਰੇ]

ਮਦਨ : ਬਾਬਾ ਦੌਰੇ ਵਿੱਚ ਸੁੱਖ ਕਿੱਥੇ।

ਸਾਧੂ : ਸੱਤ ਹੈ, ਕਲਯੁਗ ਮੇਂ ਸਭ ਜੀਵ ਦੁਖੀ ਹੈਂ। ਨਾਨਕ ਦੁਖੀਆ ਸਭ ਸੰਸਾਰ।

ਕਿਸ਼ੋਰ : ਏਨ੍ਹਾਂ ਸਾਧੂਆਂ ਕਿਆ ਪਖੰਡ ਰਚਿਆ ਹੋਇਆ, ਮਦਨ ! ਦੋ-ਚਾਰ ਦੋਹੇ ਰਟ ਛੱਡਦੇ ਨੇ ਤੇ ਲੋਕਾਂ ਨੂੰ ਲੁੱਟਦੇ ਫਿਰਦੇ ਨੇ। ਐਹ ਵੇਖੋ, ਪਿਤਾ ਜੀ ਵੱਲ।

ਸਾਧੂ : ਠੀਕ ਕਹਾ ਬੇਟਾ, ਸਾਧੂ ਨਾਮ ਕੋ ਕਲੰਕਿਤ ਕਰਨੇ ਵਾਲੇ ਭੀ ਹੈਂ।

ਕਿਸ਼ੋਰ : ਇਹ ਸਾਧੂ ਘਰਾਂ ਵਿੱਚ ਆ ਕੇ ਜਨਾਨੀਆਂ ਤੋਂ, ਜ਼ੇਬਰ ਅਤੇ ਹੋਰ ਕੀਮਤੀ ਸਮਾਨ ਠੱਗ ਕੇ ਲੈ ਜਾਂਦੇ ਹਨ। ਇਹ ਵਿਸ਼ਵਾਸਘਾਤੀ, ਇਹ ਵਿਭਚਾਰੀ।

ਰਾਮ ਪਿਆਰੀ : (ਵਿਭਚਾਰੀ ਲਫ਼ਜ਼ ਸੁਣ ਕੇ ਚੌਂਕ ਉੱਠਦੀ ਹੈ) ਵੇ ਕਾਕਾ ! ਕੀ ਹੋ ਗਿਆ ਤੈਨੂੰ, ਬੋਲ-ਕਬੋਲ ਨਾ ਮੂੰਹੋਂ ਕੱਢ।

ਹਰੀ ਚੰਦ : ਜ਼ਬਾਨ ਨੂੰ ਲਗਾਮ ਦੇ ਕਿਸ਼ੋਰ।

ਕਿਸ਼ੋਰ : ਪਿਤਾ ਜੀ, ਕੀ ਕਹਿੰਦੇ ਓ....ਕੀ ਕਰਦੇ ਓ? ਮੈਂ ਅਖ਼ਬਾਰ ਵਿੱਚ ਪੜ੍ਹਿਆ ਏ ਦੋ ਹਵਾਲਾਤੀ ਮੁਲਜ਼ਮ ਫ਼ਰਾਰ ਹੋਏ-ਹੋਏ ਨੇ। ਇੱਕ ਦਾ ਹੁਲੀਆ ਤਾਂ ਬਿਲਕੁਲ ਏਸ ਚੁੱਟ-ਮੁੱਟ ਨਾਲ਼ ਮਿਲ਼ਦਾ ਏ। ਮੈਂ ਤੁਹਾਨੂੰ ਵਿਖਾਉਨਾਂ।

ਹਰੀ ਚੰਦ : ਕਿਸ਼ੋਰ ਇਹ ਕੀ ਬੇਹੂਦਗੀ ਕਰਦਾ ਏਂ?

ਰਾਮ ਪਿਆਰੀ : ਬਾਬਾ ਜੀ ਇਸ ਕਾਕੇ ਦਾ ਕਸ਼ਟ ਨਿਵਾਰਨ ਕਰੋ।

ਸਾਧੂ : ਹਾਂ....ਹਾਂ ਇਧਰ ਆਓ....ਹਾਥ ਦਿਖਾਓ, ਦੇਖੂੰ ਤੁਮਾਰੀ ਹਸਤ-

Downloaded from https:// www.studiestoday.com

Downloaded from https:// www.studiestoday.com



ਰੇਖਾ। ਤੁਮ੍ਹਾਰੀ ਆਯੂ ਕਿਆ ਹੋਗੀ?

ਮਦਨ : ਬਤੀਸ।

ਸਾਧੂ : ਹਾਂ....ਤੋ ਬਤੀਸਵੇਂ ਬਰਸ ਤੁਮ੍ਹੇਂ ਸਿਰ ਪਰ ਚੋਟ ਆਨੀ ਚਾਹੀਏ।

ਮਦਨ : ਚੋਟ ਆਈ ਮਹਾਰਾਜ! ਸੀੜ੍ਹੀਓਂ ਸੇ ਗਿਰ ਪੜਾ, ਮਾਥੇ ਪਰ ਚੋਟ ਆਈ।

ਸਾਧੂ : ਵੋਹ ਏਕ ਹੀ ਬਾਤ ਹੈ। ਤੁਮ੍ਹਾਰਾ ਕਸ਼ਟ ਦੂਰ ਹੋਨੇ ਵਾਲਾ ਹੈ।

ਮਦਨ : ਬਾਬਾ ਜੀ ਦੌਰੇ ਵਿੱਚ ਕਸ਼ਟ ਤਾਂ ਜ਼ਰੂਰ ਹੁੰਦਾ ਏ।

ਸਾਧੂ : ਥੋੜ੍ਹਾ ਹੀ ਸਮਾਂ ਰਹਿ ਗਿਆ ਹੈ। ਦੌਰਾ ਭੀ ਸਮਾਪਤ ਹੋਨੇ ਵਾਲਾ ਹੈ। (ਅੱਗੋਂ ਹੱਥ ਨੂੰ ਵੇਖ ਕੇ ਤੇ ਗੰਭੀਰਤਾ ਨਾਲ਼ ਸਿਰ ਹਿਲਾ ਕੇ।) ਤੁਮ੍ਹੇਂ ਕਹੀਂ ਸੇ ਗੁਪਤ ਧਨ ਭੀ ਪ੍ਰਾਪਤ ਹੋਨਾ ਚਾਹੀਏ।

ਮਦਨ : ਅਜੇ ਤਾਂ ਕਸ਼ਟ ਹੀ ਕਸ਼ਟ ਏ।

ਸਾਧੂ : ਮਹਾਤਮਾ ਕੋ ਨਮਸਕਾਰ ਕਰੋ, ਬੜੇ ਕਰਨੀ ਵਾਲ਼ੇ ਹੈਂ। ਇਨ ਕੀ ਦਯਾ-ਦ੍ਰਿਸ਼ਟੀ ਹੋ ਗਈ ਤੋ ਨੌਂ-ਨਿਧੀ ਬਾਰਾਂ-ਸਿੱਧੀ ਹੋ ਜਾਏਂਗੀ। (ਮੁਸਕਰਾ ਕੇ)

[ਮਦਨ ਬੈਠਾ-ਬੈਠਾ ਮੌਨਧਾਰੀ ਵੱਲ ਨਮਸਕਾਰ ਕਰਦਾ ਏ। ਫੇਰ ਮੌਨਧਾਰੀ ਵੱਲੋਂ ਮੂੰਹ ਮੋੜ ਕੇ ਸਾਧੂ ਵੱਲ ਕਰ ਲੈਂਦਾ ਏ। ਮੌਨਧਾਰੀ ਕੁਝ ਇਸ਼ਾਰੇ ਕਰਦਾ ਏ।]

ਰਾਮ ਪਿਆਰੀ : ਏਸ ਬੱਚੇ 'ਤੇ ਦਇਆ ਕਰਨੀ। ਬੜਾ ਸਿੱਧਾ ਤੇ ਭੋਲ਼ਾ ਏ।

[ਏਨੀ ਦੇਰ ਨੂੰ ਕਿਸ਼ੋਰ ਅੰਦਰੋਂ ਅਖ਼ਬਾਰ ਲੈ ਕੇ ਨਿਕਲ਼ਦਾ ਹੈ।]

ਕਿਸ਼ੋਰ : ਏਹ ਵੇਖੋ.....ਏਹ ਵੇਖੋ।

ਸਾਧੂ : ਬੇਟਾ, ਸਾਧੂ ਸੰਗ ਮਜ਼ਾਕ ਅੱਛਾ ਨਹੀਂ ਹੈ।

ਕਿਸ਼ੋਰ : ਇਹ ਪੱਤੇ-ਬਾਜ਼ੀਆਂ ਮੇਰੇ ਨਾਲ਼ ਨਹੀਂ ਚੱਲ ਸਕਦੀਆਂ।

ਹਰੀ ਚੰਦ : ਬਾਬਾ ਇਹਦਾ ਦਿਮਾਗ਼ (ਮੱਥੇ ਨਾਲ਼ ਇਸ਼ਾਰਾ ਕਰ ਕੇ) ਅੱਜ-ਕੱਲ੍ਹ ਟਿਕਾਣੇ ਨਹੀਂ।

ਸਾਧੂ : (ਹੱਸਦਾ ਹੋਇਆ) ਕੋਈ ਬਾਤ ਨਹੀਂ, ਬੱਚਾ ਹੈ। ਚੰਚਲ-ਬ੍ਰਿਤੀ ਹੈ ਇਸ ਕੀ।

ਕਿਸ਼ੋਰ : ਐਹ ਵੇਖੋ ਪਿਤਾ ਜੀ। (ਅਖ਼ਬਾਰ ਪੜ੍ਹਦਾ ਹੈ) ਹਵਾਲਾਤੀ ਫ਼ਰਾਰ, ਕੱਦ ਪੰਜ ਫੁੱਟ ਸੱਤ ਇੰਚ, ਰੰਗ ਗੰਦਮੀ। ਬਾਏਂ ਘੁਟਨੇ ਪਰ ਫੋੜੇ ਕਾ ਦਾਗ਼ (ਸਾਧੂ ਨੂੰ) ਉਠ ਓਏ ਚੌਬੇ, ਵਿਖਾ ਜ਼ਰਾ ਖੱਬਾ ਗੋਡਾ।

[ਸਾਧੂ ਨੂੰ ਬਾਜ਼ੂ ਤੋਂ ਪਕੜ ਕੇ ਉਠਾਉਣ ਦੀ ਕੋਸ਼ਸ਼ ਕਰਦਾ ਹੈ।]

Downloaded from https:// www.studiestoday.com

Downloaded from https:// www.studiestoday.com



ਸਾਧੂ : ਭਗਤ, ਯਿਹ ਹਮਾਰਾ ਅਪਮਾਨ ਹੈ।

ਹਰੀ ਚੰਦ : (ਗ਼ੁੱਸੇ ਨਾਲ਼, ਕੜਕ ਕੇ) ਕਿਸ਼ੋਰ ! ਬਹੁਤ ਹੋ ਗਿਆ।

ਸਾਧੂ : ਸਾਧੂ ਦੀ ਨਿੰਦਾ ਬੜਾ ਅਪਰਾਧ ਹੈ। ਇਸ ਦਾ ਬੜਾ ਡੰਡ ਹੈ। ਗੁਰੂ ਮਹਾਰਾਜ ਕਹਿਤੇ ਹੈਂ- ''ਸੰਤ ਦਾ ਨਿੰਦਕ ਰਾਜ ਤੇ ਹੀਨ। ਸੰਤ ਕਾ ਨਿੰਦਕ ਦੁਖੀਆ ਅਰ ਦੀਨ। ਸੰਤ ਕਾ ਨਿੰਦਕ ਮਹਾ ਹਤਿਆਰਾ। ਸੰਤ ਕਾ ਨਿੰਦਕ ਪ੍ਰੇਮੇਸਰ ਮਾਰਾ।''

ਰਾਮ ਪਿਆਰੀ : ਹੇ ਰਾਮ....ਹੇ ਰਾਮ.... (ਭੈ ਨਾਲ਼ ਕੰਬਦੀ ਹੋਈ)

ਕਿਸ਼ੋਰ : ਇਹ ਸਾਧੂ ਨਹੀਂ ਬੀ ਜੀ.... ਕੋਈ ਮਹਾਂ ਪਖੰਡੀ ਹੈ।

ਹਰੀ ਚੰਦ : ਕਿਸ਼ੋਰ, ਬੰਦ ਕਰ ਇਹ ਬਕ-ਬਕ।

ਸਾਧੂ : ਪਾਪੀ....ਦੁਸ਼ਟ !

ਰਾਮ ਪਿਆਰੀ : ਖਿਮਾ ਕਰੋ.... ਮਹਾਰਾਜ ਸ਼ੁਦਾਈ ਹੋ ਗਿਆ ਇਹ ਛੋਕਰਾ।

ਕਿਸ਼ੋਰ : ਤੁਸੀਂ ਸਾਰੇ ਸ਼ੁਦਾਈ ਹੋ ਗਏ ਹੋ....ਇਹ ਭਗੌੜਾ ਮੁਜਰਮ ਹੈ।

ਹਰੀ ਚੰਦ : ਜ਼ਬਾਨ ਸੰਭਾਲ਼, ਕਿਸ਼ੋਰ, ਜ਼ਬਾਨ ਸੰਭਾਲ਼ ।

ਸਾਧੂ : ਕਲਿਆਣ ਹੋ। ਭਗਤ, ਸੰਤ ਕੀ ਮਹਿਮਾ ਕੋਈ ਵਿਰਲਾ ਜਾਣੇ।

ਕਿਸ਼ੋਰ : (ਟਿਚਕਰੀ ਨਾਲ਼) ਏ ਹੇ....ਸੰਤ ਕੀ ਮਹਿਮਾ ਪੁਲਿਸ ਪਛਾਣੇ....। ਓਏ ਚਲੋ ਥਾਣੇ।

ਸਾਧੂ : ਨਹੀਂ ਜਾਏਂਗੇ ਥਾਣੇ। ਹਮ ਕੋਈ ਚੋਰ ਹੈਂ, ਅਪਰਾਧੀ ਹੈ?

ਕਿਸ਼ੋਰ : ਨਹੀਂ ਜਾਏਂਗੇ....ਨਹੀਂ ਜਾਏਂਗੇ? ਮੈਂ ਪੁਲਿਸ ਨੂੰ ਏਥੇ ਲਿਆਉਨਾਂ...।

ਸਾਧੂ : ਲਾਓ....ਲਾਓ ਹਮ ਪੁਲਿਸ ਕੋ ਜਾਨਤੇ ਹੈਂ ਪੁਲਿਸ ਹਮ ਕੋ ਜਾਨਤੀ ਹੈ।

ਕਿਸ਼ੋਰ : ਹੁਣੇ ਤੇਰੀਆਂ ਸ਼ੇਖ਼ੀਆਂ ਨਿਕਲ਼ ਜਾਣਗੀਆਂ ਸਾਰੀਆਂ।
[ਕਿਸ਼ੋਰ ਪੁਲਿਸ ਲਿਆਉਣ ਲਈ ਤਿਆਰ ਮਾਲੂਮ ਹੁੰਦਾ ਹੈ।]

ਮਦਨ : (ਬਹੁਤ ਘਬਰਾਹਟ ਵਿੱਚ) ਪੁਲਿਸ ! ਪੁਲਿਸ!

ਹਰੀ ਚੰਦ : ਨਹੀਂ ਆਏਗੀ ਪੁਲਿਸ ਮੇਰੇ ਘਰ।

ਕਿਸ਼ੋਰ : ਪਿਤਾ ਜੀ, ਜ਼ਰੂਰ ਆਏਗੀ, ਜ਼ਰੂਰ ਆਏਗੀ, ਮੈਂ ਚੱਲਿਆ ਆਂ!
[ਜਾਣ ਲਗਦਾ ਏ ਤੇ ਹਰੀ ਚੰਦ ਉਹਨੂੰ ਜੱਫਾ ਮਾਰ ਕੇ ਪਕੜ ਲੈਂਦਾ ਏ।]

ਰਾਮ ਪਿਆਰੀ : ਪੁਲਿਸ ! ਪੁਲਿਸ!

Downloaded from https:// www.studiestoday.com

Downloaded from https:// www.studiestoday.com



ਹਰੀ ਚੰਦ : ਕਿਸ਼ੋਰ....ਕਿਸ਼ੋਰ....ਨਹੀਂ....ਨਹੀਂ।

ਮਦਨ : (ਘਬਰਾਇਆ ਹੋਇਆ) ਕਿਸ਼ੋਰ ਭਾਪਾ....ਕਿਸ਼ੋਰ ਭਾਪਾ।
[ਕਿਸ਼ੋਰ ਬਾਹਰ ਨੂੰ ਨੱਠ ਜਾਂਦਾ ਏ।]

ਮਦਨ : (ਬਹੁਤ ਘਬਰਾਹਟ ਵਿੱਚ) ਮਾਸੀ...ਮਾਸੀ... ਮਾਸੜ ਜੀ ! ਮੈਂ ਚੱਲਿਆ।
[ਸਾਧੂ ਜ਼ੋਰ ਨਾਲ਼ ਮਦਨ ਨੂੰ ਪਕੜ ਲੈਂਦਾ ਹੈ ਤੇ ਸੱਜੇ ਹੱਥ ਨਾਲ਼ ਓਹਦੀ ਪੱਟੀ ਅੱਗੇ ਹੋ ਕੇ ਖੋਲ੍ਹ ਦਿੰਦਾ ਹੈ ਤੇ ਦਾਗ਼ ਨੂੰ ਵੇਖ ਕੇ]

ਸਾਧੂ : ਹੁਣ ਕਿੱਥੇ ਜਾਨਾ ਏਂ ਬੱਚੂ। (ਮੌਨਧਾਰੀ ਨੂੰ) ਇਨਸਪੈੱਕਟਰ ਸਾਹਿਬ,ਇਹ ਸ਼ਨਾਖ਼ਤੀ ਦਾਗ਼ ਮੱਥੇ ਉੱਤੇ।ਮਦਨ, ਸੌ ਦਿਨ ਚੋਰ ਦਾ ਤੇ ਇੱਕ ਦਿਨ ਸਾਧ ਦਾ।
[ਮਦਨ ਨੱਠਣ ਦੀ ਬੇਕਾਰ ਕੋਸ਼ਸ਼ ਕਰਦਾ ਏ ਪਰ ਸਾਧੂ ਨੇ ਉਹਨੂੰ ਜਕੜਿਆ ਹੋਇਆ ਏ]

ਮੌਨ ਧਾਰੀ : (ਫੁਰਤੀ ਨਾਲ਼ ਝੋਲ਼ੀ ਵਿੱਚੋਂ ਰਿਵਾਲਵਰ ਤਾਣ ਕੇ) ਖ਼ਬਰਦਾਰ! ਹਿੱਲੇ ਮੱਤ। (ਦੂਜੇ ਹੱਥ ਨਾਲ਼ ਆਪਣੀ ਨਕਲੀ ਦਾਹੜੀ ਲਾਹ ਕੇ ਸੁੱਟ ਦਿੰਦਾ ਏ। )ਮੈਂ ਇਨਸਪੈੱਕਟਰ ਦੀਪ ਚੰਦ। ਹਵਾਲਦਾਰ, ਜਾਣੇ ਨਾ ਪਾਏ ਮੁਲਜ਼ਮ।

ਮਦਨ : (ਕ੍ਹਾਹ ਕੇ) ਹਾਏ....ਰੱਬਾ.... ! ਮੈਂ ਮਾਰਿਆ ਗਿਆ।

[ਪਰਦਾ]

**ਸ਼ਬਦ - ਅਰਥ :**

**ਸ਼ਤਰੰਜ** - ਇੱਕ ਖੇਡ ਦਾ ਨਾਂ। **ਗਬਨ** - ਖ਼ੁਰਦ-ਬੁਰਦ ਕਰਨਾ, ਹੜੱਪ ਕਰ ਜਾਣਾ, ਭਾਵ ਪੈਸੇ ਆਦਿ ਖਾ ਜਾਣਾ। **ਦਗਾ** - ਧੋਖਾ, ਫ਼ਰੇਬ, ਛਲ਼, ਕਪਟ । **ਤ੍ਰਿਸ਼ਨਾ** - ਇੱਛਾ, ਖ਼ਾਹਸ਼। **ਉਲੀਚਨਾ** - ਕੁਲੰਜਣਾ, ਬੁੱਕ ਜਾਂ ਭਾਂਡੇ ਨਾਲ਼ ਪਾਣੀ ਬਾਹਰ ਕੱਢਣਾ, ਛਿੜਕਣਾ। **ਦਰਪਨ** - ਸ਼ੀਸ਼ਾ। **ਔਸ਼ਧੀ** - ਦੇਸੀ ਦਵਾਈ। **ਕੁੰਦਨ** - ਸੋਨਾ। **ਦੋਹੇ** - ਇੱਕ ਛੰਦ, ਜਿਸ ਦੀਆਂ ਦੋ ਸਤਰਾਂ ਹੁੰਦੀਆਂ ਹਨ। **ਕਸ਼ਟ** - ਦੁੱਖ। **ਮਹਿਮਾ** - ਸੋਭਾ। **ਵਡਿਆਈ** - ਉਸਤਤ। **ਸ਼ੇਖ਼ੀਆਂ** - ਫੋਕੀਆਂ ਫੜ੍ਹਾਂ ਮਾਰਨਾ।

## ਪਾਠ - ਅਭਿਆਸ

1. ਹੇਠਾਂ ਦਿੱਤੀਆਂ ਵਾਰਤਾਲਾਪਾਂ ਨੂੰ ਧਿਆਨ ਨਾਲ਼ ਪੜ੍ਹ ਕੇ, ਦਿੱਤੇ ਪ੍ਰਸ਼ਨਾ ਦੇ ਉੱਤਰ ਦਿਓ।

Downloaded from https:// www.studiestoday.com

Downloaded from https:// www.studiestoday.com



ੳ. ''ਸੁਖੀਂ-ਸਾਂਦੀ ਮਰਨ ਤੇਰੇ ਵੈਰੀ, ਇੱਥੇ ਪੁਲਿਸ ਨਹੀਂ ਆ ਸਕਦੀ। ਘਬਰਾ ਨਾ। ਚੱਲ ਅੰਦਰ। ਹੱਥ-ਮੂੰਹ ਧੋ ਤੇ ਹੁਣੇ ਤੇਰਾ ਵੀਰਾ ਦਫ਼ਤਰੋਂ ਔਂਦਾ ਏ ਤਾਂ ਤੁਹਾਨੂੰ ਚਾਹ ਬਣਾ ਕੇ ਦੇਨੀ ਆਂ।''

1. ਇਸ ਵਾਰਤਾਲਾਪ ਵਿੱਚ ਇਹ ਸ਼ਬਦ ਕਿਸ ਨੇ, ਕਿਸ ਨੂੰ ਕਹੇ?
2. ਰਾਮ ਪਿਆਰੀ, ਮਦਨ ਨੂੰ ਕਿਵੇਂ ਦਿਲਾਸਾ ਦੇਂਦੀ ਹੈ?
3. ਵੀਰਾ ਕਿੱਥੋਂ ਆਉਣ ਵਾਲ਼ਾ ਹੈ ਅਤੇ ਉਸ ਦੇ ਆਉਣ 'ਤੇ ਕੀ ਬਣਾਉਣ ਦਾ ਵਿਚਾਰ ਹੈ?

ਅ. ''(ਕਚੀਚੀ ਵੱਟ ਕੇ) ਬਕ-ਬਕ ਬੰਦ ਕਰ ਬਾਬਾ (ਹਰੀ ਚੰਦ ਨੂੰ) ਪਿਤਾ ਜੀ, ਫੇਰ ਉਹੋ ਗੱਲਾਂ। ਮੈਂ ਤੁਹਾਨੂੰ ਕਿੰਨੀ ਵੇਰ ਸਮਝਾ ਚੁੱਕਾ ਹਾਂ, ਇਹਨਾਂ ਪਖੰਡੀਆਂ ਨੂੰ ਮੂੰਹ ਨਾ ਲਾਇਆ ਕਰੋ। ਉੱਠੋ ਬਾਬਾ ਨਿਕਲੋ ਏਥੋਂ।''

1. ਇਸ ਵਾਰਤਾਲਾਪ ਵਿੱਚ ਇਹ ਸ਼ਬਦ ਕਿਸ ਨੇ, ਕਿਸ ਨੂੰ ਕਹੇ?
2. ਪੁੱਤਰ, ਪਿਤਾ ਨੂੰ ਕੀ ਸਮਝਾ ਚੁੱਕਾ ਹੈ?
3. ਇੱਥੇ ਬਾਬਿਆਂ ਨੂੰ ਕੀ ਕਰਨ ਲਈ ਕਿਹਾ ਗਿਆ ਹੈ?

ੲ. (ਫੁਰਤੀ ਨਾਲ਼ ਝੋਲ਼ੀ ਵਿੱਚੋਂ ਰਿਵਾਲਵਰ ਤਾਣ ਕੇ) ''ਖ਼ਬਰਦਾਰ! ਹਿੱਲੇ ਮੱਤ। (ਦੂਜੇ ਹੱਥ ਨਾਲ਼ ਆਪਣੀ ਨਕਲੀ ਦਾਹੜੀ ਲਾਹ ਕੇ ਸੁੱਟ ਦਿੰਦਾ ਏ)
''ਮੈਂ ਇਨਸਪੈਕੱਟਰ ਦੀਪ ਚੰਦ। ਹਵਾਲਦਾਰ ਜਾਣੇ ਨਾ ਪਾਏ ਮੁਲਜ਼ਮ।''

1. ਇਸ ਵਾਰਤਾਲਾਪ ਅਨੁਸਾਰ ਮਦਨ ਨੂੰ ਕਿਵੇਂ ਖ਼ਬਰਦਾਰ ਕੀਤਾ ਗਿਆ ਹੈ?
2. ਹਵਾਲਦਾਰ ਨੂੰ ਕੀ ਕਰਨ ਲਈ ਕਿਹਾ ਗਿਆ ਹੈ?
3. 'ਜਾਣੇ ਨਾ ਪਾਏ ਮੁਲਜ਼ਮ' ਵਾਰਤਾਲਾਪ ਵਿੱਚ ਇਹ ਸ਼ਬਦ ਕਿਸ ਨੇ, ਕਿਸ ਨੂੰ ਕਹੇ?

ਸ. ਹੇਠ ਲਿਖੇ ਪਾਤਰਾਂ ਦਾ ਪਾਤਰ-ਚਿਤਰਨ ਕਰੋ।

1. ਰਾਮ ਪਿਆਰੀ 2. ਸਾਧੂ
3. ਹਰੀ ਚੰਦ 4. ਮੌਨਧਾਰੀ
5. ਮਦਨ ਲਾਲ 6. ਕਿਸ਼ੋਰ ਚੰਦ

* * * * *

Downloaded from https:// www.studiestoday.com

Downloaded from https:// www.studiestoday.com

# ਡਾ. ਆਤਮਜੀਤ
(1950)

**ਲੇਖਕ ਬਾਰੇ :**

ਡਾ.ਆਤਮਜੀਤ ਦਾ ਜਨਮ 2 ਨਵੰਬਰ, 1950 ਈ : ਨੂੰ ਪੰਜਾਬੀ ਦੇ ਪ੍ਰਸਿੱਧ ਲੇਖਕ ਐੱਸ. ਐੱਸ. ਅਮੋਲ ਅਤੇ ਮਾਤਾ ਸ੍ਰੀਮਤੀ ਪਰਤਾਪ ਕੌਰ ਦੇ ਘਰ ਹੋਇਆ। ਡਾ. ਆਤਮਜੀਤ ਨੇ ਐੱਮ. ਏ., ਪੀ-ਐਚ. ਡੀ. (ਪੰਜਾਬੀ) ਦੀ ਡਿਗਰੀ ਪ੍ਰਾਪਤ ਕੀਤੀ ਹੈ। ਉਹ ਸਿੱਖਿਆ ਦੇ ਖੇਤਰ ਵਿੱਚ ਪੰਜਾਬੀ ਦੇ ਪ੍ਰੋਫ਼ੈਸਰ ਰਹੇ ਅਤੇ ਬਤੌਰ ਪ੍ਰਿੰਸੀਪਲ ਸੇਵਾ-ਮੁਕਤ ਹੋਏ।

'ਚਾਬੀਆਂ' ਅਤੇ 'ਨਾਟਕ ਨਾਟਕ ਨਾਟਕ' ਆਦਿ ਆਪ ਜੀ ਦੇ ਲਘੂ-ਨਾਟਕ ਹਨ। 'ਕਬਰਸਤਾਨ', 'ਰਿਸ਼ਤਿਆਂ ਦਾ ਕੀ ਰੱਖੀਏ ਨਾਂ', 'ਸ਼ਹਿਰ ਬਿਮਾਰ ਹੈ', 'ਪੂਰਨ', 'ਮੈਂ ਤਾਂ ਇੱਕ ਸਾਰੰਗੀ ਹਾਂ', 'ਤੱਤੀ ਤਵੀ ਦਾ ਸੱਚ', 'ਮੰਗੂ ਕਾਮਰੇਡ' ਆਦਿ ਆਪ ਦੇ ਚਰਚਿਤ ਨਾਟਕ ਹਨ। ਆਪ ਨੇ ਆਲੋਚਨਾ ਦੀ ਪੁਸਤਕ 'ਨਾਟਕ ਨਿਰਦੇਸ਼ਨ' ਵੀ ਲਿਖੀ ਹੈ।

ਡਾ. ਆਤਮਜੀਤ ਦੇ ਨਾਟਕ ਅਤੇ ਇਕਾਂਗੀ ਸਮਾਜ ਦੀਆਂ ਵਿਭਿੰਨ ਬੁਰਾਈਆਂ ਨੂੰ ਯਥਾਰਥਵਾਦੀ ਢੰਗ ਨਾਲ਼ ਪੇਸ਼ ਕਰਦੇ ਹਨ ਜਿਨ੍ਹਾਂ ਵਿੱਚ ਵਿਅੰਗ ਤੇ ਕਟਾਖ਼ਸ਼ ਦੀ ਤਿੱਖੀ ਚੋਭ, ਦਰਸ਼ਕਾਂ ਉੱਪਰ ਡੂੰਘਾ ਪ੍ਰਭਾਵ ਪਾਉਂਦੀ ਹੈ। ਨਾਟਕ ਸਿਰਜਣ ਦੇ ਨਾਲ਼-ਨਾਲ਼ ਉਹ ਸਫ਼ਲ ਨਾਟਕ-ਨਿਰਦੇਸ਼ਕ ਵੀ ਹਨ, ਜਿਨ੍ਹਾਂ ਨੇ ਪੰਜਾਬੀ ਰੰਗ-ਮੰਚ ਨੂੰ ਨਵੀਆਂ ਤਕਨੀਕਾਂ ਰਾਹੀਂ ਦੇਸ-ਵਿਦੇਸ਼ ਵਿੱਚ ਸਫ਼ਲਤਾਪੂਰਵਕ ਪੇਸ਼ ਕੀਤਾ ਹੈ। ਆਪ 'ਮੰਚਣ' ਰਿਸਾਲੇ ਦੀ ਸੰਪਾਦਨਾ ਵੀ ਕਰਦੇ ਰਹੇ। ਉਹਨਾਂ ਨੇ ਆਪਣੇ ਨਾਟਕਾਂ ਅਤੇ ਇਕਾਂਗੀਆਂ ਵਿੱਚ ਸ਼ਹਿਰੀ ਮੱਧ-ਵਰਗ ਸ਼੍ਰੇਣੀ ਦੀਆਂ ਸਮੱਸਿਆਵਾਂ ਨੂੰ ਬਖ਼ੂਬੀ ਪੇਸ਼ ਕੀਤਾ ਹੈ।

ਡਾ. ਆਤਮਜੀਤ ਦੇ 'ਕੈਮਲੂਪਸ ਦੀਆਂ ਮੱਛੀਆਂ' ਨਾਟਕ ਨੂੰ 'ਭਾਰਤੀ ਸਾਹਿਤ ਅਕਾਦਮੀ' (ਦਿੱਲੀ) ਵੱਲੋਂ ਪੁਰਸਕ੍ਰਿਤ ਕੀਤਾ ਗਿਆ ਹੈ। 'ਭਾਸ਼ਾ ਵਿਭਾਗ ਪੰਜਾਬ' ਵੱਲੋਂ 'ਸ਼੍ਰੋਮਣੀ ਨਾਟਕਕਾਰ ਪੁਰਸਕਾਰ' ਦਿੱਤਾ ਗਿਆ। 'ਸੰਗੀਤ ਨਾਟਕ ਅਕਾਦਮੀ' (ਦਿੱਲੀ) ਵੱਲੋਂ ਵੀ 'ਰਾਸ਼ਟਰੀ ਪੁਰਸਕਾਰ' ਨਾਲ਼ ਸਨਮਾਨਿਤ ਕੀਤਾ ਗਿਆ ਹੈ।

ਹਥਲੀ ਪਾਠ-ਪੁਸਤਕ ਵਿੱਚ ਡਾ. ਆਤਮਜੀਤ ਦਾ 'ਗ਼ੁਬਾਰੇ' ਇਕਾਂਗੀ ਸ਼ਾਮਲ ਕੀਤਾ ਗਿਆ ਹੈ।



Downloaded from https:// www.studiestoday.com

Downloaded from https:// www.studiestoday.com



## ਇਕਾਂਗੀ ਬਾਰੇ

'ਗ਼ੁਬਾਰੇ' ਇਕਾਂਗੀ ਬੱਚਿਆਂ ਅਤੇ ਉਹਨਾਂ ਦੀ ਦਾਦੀ ਦੇ ਆਪਸੀ ਪਿਆਰ ਤੋਂ ਸ਼ੁਰੂ ਹੁੰਦੀ ਹੈ। ਬੱਚੇ ਦਾਦੀ ਦੁਆਲ਼ੇ ਇਕੱਠੇ ਹੋਏ ਖੇਡਦੇ ਅਤੇ ਮਿੱਠੀਆਂ-ਮਿੱਠੀਆਂ ਗੱਲਾਂ ਕਰਦੇ ਹਨ। ਦਾਦੀ ਬੱਚਿਆਂ ਨੂੰ 'ਚੰਦਰਮੁਖੀ' ਦੀ ਕਹਾਣੀ ਸੁਣਾਉਂਦੀ ਹੈ, ਬੱਚੇ ਉਤਸੁਕਤਾ ਨਾਲ਼ ਸੁਣਦੇ ਹਨ ਅਤੇ ਦਾਦੀ ਤੋਂ ਸਵਾਲ ਵੀ ਪੁੱਛਦੇ ਹਨ। ਦਾਦੀ ਬੱਚਿਆਂ ਨੂੰ ਡਰਾਉਣ ਦੀ ਖ਼ਾਤਰ ਵਹਿਮਾਂ-ਭਰਮਾਂ ਨਾਲ਼ ਸੰਬੰਧਿਤ ਕਹਾਣੀਆਂ ਸੁਣਾਉਂਦੀ ਹੈ ਪਰ ਉਹਨਾਂ ਦੀ 'ਮੰਮੀ' ਤਰਕਸ਼ੀਲ ਵਿਚਾਰਧਾਰਾ ਦੀ ਧਾਰਨੀ ਹੈ। ਉਹ ਸਮਝਦੀ ਹੈ ਕਿ ਅਜਿਹੀਆਂ ਕਹਾਣੀਆਂ ਬੱਚਿਆਂ ਦੀ ਮਾਨਸਿਕਤਾ ਉੱਤੇ ਬੁਰਾ ਪ੍ਰਭਾਵ ਪਾਉਣਗੀਆਂ। ਇਸ ਲਈ ਉਹ 'ਦਾਦੀ' ਨੂੰ ਅਜਿਹੀਆਂ ਕਹਾਣੀਆਂ ਸੁਣਾਉਣ ਤੋਂ ਰੋਕਦੀ ਹੈ। ਬੱਚਿਆਂ ਦੇ ਸਕੂਲ ਦੀ ਮੈਡਮ, ਬੱਚਿਆਂ ਦੇ ਮਾਨਸਿਕ ਪੱਧਰ ਤੋਂ ਚੰਗੀ ਤਰ੍ਹਾਂ ਜਾਣੂ ਹੈ। ਵਹਿਮਾਂ, ਭਰਮਾਂ ਵਿੱਚੋਂ ਕੱਢਣ ਦਾ ਉਸ ਦਾ ਬੜਾ ਸਾਰਥਕ ਰੋਲ ਹੈ। 'ਕੁੱਤੇ' ਰਾਹੀਂ ਮਦਾਰੀ ਦੇ ਸਾਰੇ ਪਖੰਡਾਂ ਦਾ ਪਰਦਾ ਫ਼ਾਸ਼ ਕਰਵਾ ਕੇ ਨਾਟਕਕਾਰ ਨੇ ਵਹਿਮਾਂ-ਭਰਮਾਂ ਅਤੇ ਭੂਤਾਂ-ਪ੍ਰੇਤਾਂ ਦੇ ਸੰਕਲਪ ਉੱਪਰ ਕਰਾਰੀ ਚੋਟ ਮਾਰੀ ਹੈ।

ਸਮੁੱਚੇ ਰੂਪ ਵਿੱਚ ਇਹ ਇਕਾਂਗੀ ਬਾਲ-ਮਨਾਂ ਨੂੰ ਵਹਿਮਾਂ-ਭਰਮਾਂ ਅਤੇ ਭੂਤ-ਪ੍ਰੇਤਾਂ ਦੇ ਡਰ ਤੋਂ ਮੁਕਤ ਕਰਨ ਦਾ ਸਫ਼ਲ ਉਪਰਾਲਾ ਕਿਹਾ ਜਾ ਸਕਦਾ ਹੈ।

******

Downloaded from https:// www.studiestoday.com

Downloaded from https:// www.studiestoday.com

# ਗ਼ੁਬਾਰੇ

*ਡਾ. ਆਤਮਜੀਤ*

**ਪਾਤਰ :**

ਦਾਦੀ, ਦੀਪੀ,ਬੱਬੀ, ਰਾਜੂ, ਵਿੱਕੀ, ਰਿੱਕੀ, ਮੰਮੀ, ਪਾਪਾ, ਮੈਡਮ ਜੀ, ਮਦਾਰੀ।

(ਸਟੇਜ 'ਤੇ ਰੋਸ਼ਨੀ ਫੈਲਦੀ ਹੈ। ਇੱਕ ਸ਼ਹਿਰੀ ਘਰ ਦਾ ਖੁੱਲ੍ਹਾ ਵਿਹੜਾ, ਇੱਕ ਪਾਸੇ ਇੱਕ ਮੰਜਾ, ਦੂਸਰੇ ਪਾਸੇ ਇੱਕ ਮੇਜ਼, ਕੁਝ ਕੁਰਸੀਆਂ ਅਤੇ ਮੂੜ੍ਹੇ। ਮੰਜੇ ਉੱਤੇ ਦਾਦੀ ਬੈਠੀ ਹੋਈ ਹੈ। ਦੋ ਬੱਚੇ ਉਸ ਦੀਆਂ ਲੱਤਾਂ ਘੁੱਟ ਰਹੇ ਹਨ। ਦੋ ਬਾਹਾਂ ਦਬਾ ਰਹੇ ਹਨ ਅਤੇ ਇੱਕ ਸਿਰ ਘੁੱਟ ਰਿਹਾ ਹੈ।)

ਦੀਪੀ : ਪਿਆਰੇ, ਪਿਆਰੇ,
ਸਾਰੇ : ਦਾਦੀ ਜੀ।
ਦੀਪੀ : ਸਾਡੇ ਸਤਿਕਾਰੇ
ਸਾਰੇ : ਦਾਦੀ ਜੀ।
ਦੀਪੀ : ਮਿੱਠੀਆਂ-ਮਿੱਠੀਆਂ ਗੱਲਾਂ ਦੱਸਦੇ,
ਨਿੱਕਾ-ਨਿੱਕਾ ਹਾਸਾ ਹੱਸਦੇ।
ਚਾਵਾਂ ਨਾਲ਼ ਅਸੀਂ ਲਾਗੇ ਬਹਿੰਦੇ,
ਝਿੜਕਾਂ ਮਾਰਨ ਉੱਠ ਕੇ ਨੱਸਦੇ।
ਬੱਬੀ : ਫਿਰ ਵੀ ਛਾਤੀ ਨਾਲ਼ ਲਗਾਉਂਦੇ,
ਸਭ ਦੇ ਸੰਗ ਗਲ਼ਵੱਕੜੀ ਪਾਉਂਦੇ।
ਚੁੰਮ-ਚੁੰਮ ਮੂੰਹ ਨੂੰ ਸੁੱਚਾ ਕਰਦੇ,
ਨਾ ਦਿਸੀਏ ਤਾਂ ਅੱਖੀਆਂ ਭਰਦੇ।
ਵਿੱਕੀ : ਰੌਲ਼ਾ ਪਾਈਏ ਤਾਂ ਇਹ ਵਰ੍ਹਦੇ।
ਘੇਸ ਮਾਰਕੇ ਅਸੀਂ ਵੀ ਜਰਦੇ।
ਦੀਪੀ : ਜਾਈਏ ਵਾਰੇ,
ਸਾਰੇ : ਦਾਦੀ ਜੀ।
ਦੀਪੀ : ਹਾਂ ਬਲਿਹਾਰੇ,
ਸਾਰੇ : ਦਾਦੀ ਜੀ।
ਰਾਜੂ : ਦਾਦੀ ਜੀ ਨੂੰ ਦਰਦਾਂ ਹੁੰਦੀਆਂ,
ਰਿੱਕੀ : ਮੈਂ ਵੀ ਘੁੱਟਿਆ, ਤੂੰ ਵੀ ਘੁੱਟਿਆ।
ਦੀਪੀ : ਇਸ ਵੀ ਘੁੱਟਿਆ, ਉਸ ਵੀ ਘੁੱਟਿਆ।



Downloaded from https:// www.studiestoday.com

Downloaded from https:// www.studiestoday.com



ਬੱਬੀ : ਫੇਰ ਬਹਾਇਆ ਫੜਕੇ ਕੰਨੋਂ,
ਜਿਹੜਾ ਚੋਰੀ-ਚੋਰੀ ਉਠਿਆ।

ਦੀਪੀ : ਹੁਣ ਥੱਕ ਗਏ ਸਾਰੇ, ਦਾਦੀ ਜੀ।
ਹੁਣ ਥੱਕ ਗਏ ਸਾਰੇ, ਦਾਦੀ ਜੀ।

ਸਾਰੇ : ਅਸੀਂ ਥੱਕ ਗਏ ਸਾਰੇ, ਦਾਦੀ ਜੀ।
: ਓ ਪਿਆਰੇ, –ਪਿਆਰੇ, ਦਾਦੀ ਜੀ।

ਦਾਦੀ : ਜਾਓ ਸ਼ੈਤਾਨੋ, ਜਾਓ ਖੇਡੋ,
ਪਰ ਘਰ ਨੂੰ ਸਿਰ 'ਤੇ ਚੁੱਕ ਨਾ ਲੈਣਾ।
ਮੰਮੀ ਪਾਪਾ ਆਉਣ ਵਾਲ਼ੇ ਨੇ,
ਦੂਰ ਨਾ ਜਾਣਾ, ਲਾਗੇ ਰਹਿਣਾ।

ਸਾਰੇ : ਸਾਡੇ ਪਿਆਰੇ ਦਾਦੀ ਜੀ।
ਸਾਡੇ ਪਿਆਰੇ, ਦਾਦੀ ਜੀ।
ਦਾਦੀ ਜੀ - ਜ਼ਿੰਦਾਬਾਦ।
ਦਾਦੀ ਜੀ - ਜ਼ਿੰਦਾਬਾਦ।
(ਦੀਪੀ, ਵਿੱਕੀ ਤੇ ਰਿੱਕੀ ਰੱਸਾ ਟੱਪਣ ਲੱਗ ਪੈਂਦੀਆਂ ਹਨ। ਰਾਜੂ ਤੇ ਬੱਬੀ ਬੰਟੇ ਖੇਡਣ ਲੱਗ ਜਾਂਦੇ ਹਨ, ਹੌਲ਼ੀ-ਹੌਲ਼ੀ ਉਹਨਾਂ ਦਾ ਰੌਲ਼ਾ ਵਧਦਾ ਹੈ)।

ਦਾਦੀ : ਨੀ ਕੁੜੀਓ, ਓ ਮੁੰਡਿਓ, ਥੋੜ੍ਹਾ ਚੁੱਪ ਕਰੋ,
ਅੱਗੇ ਦੁਖੀ ਮੈਂ ਬੈਠੀ ਹਾਂ, ਕੁਝ ਸੁੱਖ ਕਰੋ।
ਕੁੜੀਓ! ਰੱਸਾ ਟੱਪਦੀਆਂ ਹੋ?
ਤੁਸੀਂ ਵੀ ਉੱਠੋ, ਕਾਕਾ, ਬੰਟੇ ਛੱਡ ਦਿਓ।

ਦੀਪੀ : ਦਾਦੀ, ਦਾਦੀ, ਰਾਤੀਂ ਰੱਸਾ ਕਿਉਂ ਨਹੀਂ ਟੱਪੀਦਾ?

ਦਾਦੀ : ਕੁੜੀਏ, ਮਾੜਾ ਹੁੰਦੈ।

ਬੱਬੀ : ਦਾਦੀ-ਦਾਦੀ, ਬੰਟੇ ਕਿਉਂ ਨਹੀਂ ਖੇਡੀਦੇ?

ਦਾਦੀ : ਮੁੰਡਿਆਂ, ਮਾੜੇ ਹੁੰਦੇ ਨੇ।
(ਬੱਚਿਆਂ ਦੀ ਤਸੱਲੀ ਨਹੀਂ ਹੁੰਦੀ। ਪੰਜੇ ਕੋਟਲਾ-ਛਪਾਕੀ ਖੇਡਣ ਦਾ ਫ਼ੈਸਲਾ ਕਰਦੇ ਹਨ। ਖੇਡਦਿਆਂ ਝਗੜਾ ਹੁੰਦਾ ਹੈ। ਫ਼ੈਸਲਾ ਇਹ ਹੁੰਦਾ ਹੈ ਕਿ ਜਿਹੜਾ ਵਧੀਆ ਗਾਏਗਾ, ਉਹੀ ਕੋਟਲਾ ਫੜੇਗਾ। ਬੱਬੀ ਕੋਟਲਾ-ਛਪਾਕੀ ਗਾਉਂਦਾ ਹੈ। ਰਾਜੂ ਗਲਾਸ ਨਾਲ਼ ਚਾਬੀਆਂ ਖੜਕਾਉਂਦਾ ਹੈ। ਵਿੱਕੀ, ਕੈਂਚੀ ਖੜਕਾਉਣੀ ਸ਼ੁਰੂ ਕਰ ਦਿੰਦੀ ਹੈ।)

ਦਾਦੀ : ਕਿਹੜਾ ਏ, ਇਹ ਕਿਹੜਾ ਏ?

Downloaded from https:// www.studiestoday.com

Downloaded from https:// www.studiestoday.com



ਇੱਧਰ ਆ ਜਾਓ ਜਿਹੜਾ ਏ।
ਚਾਬੀਆਂ ਖੜਕਾਉਂਦੇ ਹੋ?
ਕੈਂਚੀਆਂ ਵਜਾਉਂਦੇ ਹੋ?
ਐਵੇਂ ਨਾ ਕਲੇਸ਼ ਪਾਓ, ਸੁੱਖ ਵਾਲ਼ਾ ਵਿਹੜਾ ਏ।
ਪੁੱਛਨੀ ਹਾਂ, ਕਿਹੜਾ ਏ?
ਆ ਜਾਓ ਇੱਧਰ ਜਿਹੜਾ ਏ,
(ਕੁਝ ਪਲ ਚੁੱਪ)
ਚੱਲ ਰਾਜੂ, ਬੱਬੀ, ਦੀਪੀ ਜਾਓ, ਸਕੂਲ ਦਾ ਕੰਮ ਕਰੋ।
ਚਲੋ ਬੇਟਾ ਤੁਸੀਂ ਵੀ ਘਰ, ਐਵੇਂ ਨਾ ਪਏ ਤੰਗ ਕਰੋ।
(ਵਿੱਕੀ-ਰਿੱਕੀ ਜਾਂਦੀਆਂ ਹਨ, ਰਾਜੂ, ਬੱਬੀ ਤੇ ਦੀਪੀ ਮੇਜ਼ ਦੇ ਦੁਆਲ਼ੇ ਬੈਠ ਜਾਂਦੇ ਹਨ। ਦਾਦੀ ਆਪਣੇ ਆਪ ਨਾਲ਼ ਗੱਲਾਂ ਕਰਦੀ ਹੈ।)
ਪਤਾ ਨਹੀਂ ਇਹ ਯੁੱਗ ਕੈਸਾ,
ਚੱਜ ਦਾ ਕੋਈ ਬੱਚਾ ਨਹੀਂ।
ਚੱਜ ਦੀ ਕੋਈ ਕੁੜੀ ਨਹੀਂ,
ਚੱਜ ਦਾ ਕੋਈ ਮੁੰਡਾ ਨਹੀਂ,
ਬੱਚਿਆਂ ਦੇ ਸਿਰ ਉੱਤੇ,
ਸ਼ਰਮ ਹਯਾ ਦਾ ਕੁੰਡਾ ਨਹੀਂ।

ਰਾਜੂ : ਦਾਦੀ, ਦਾਦੀ।
ਚਾਬੀਆਂ ਖੜਕਾਉਣ ਨਾਲ਼ ਕੀ ਹੁੰਦੈ?

ਦਾਦੀ : ਮਾੜਾ ਹੁੰਦੈ।

ਬੱਬੀ : ਦਾਦੀ, ਦਾਦੀ।
ਕੈਂਚੀ ਵਜਾਉਣ ਨਾਲ਼ ਕੀ ਹੁੰਦੈ।

ਦਾਦੀ : ਮਾੜਾ ਹੁੰਦੈ।

ਦੀਪੀ : ਦਾਦੀ ਅਸੀਂ ਕੁਝ ਵੀ ਕਰੀਏ, ਤੂੰ ਕਹਿੰਦੀ ਏਂ ਮਾੜਾ ਹੁੰਦੈ।
ਇਹ ਤਾਂ ਦੱਸ ਇਸ ਮਾੜੇ ਵਿੱਚ ਕੀ ਮਾੜਾ ਹੁੰਦੈ?

ਦਾਦੀ : ਚੁੱਪ ਹੋ ਜਾਓ, ਕੰਨ ਨਾ ਖਾਓ,
'ਆਤਕਾਂ ਦੇ ਆਤਕ, ਜਿਹੇ ਮਾਪੇ ਤਿਹੇ ਜਾਤਕ।'
(ਬੱਚੇ ਇੱਕ ਦੂਜੇ ਨਾਲ਼ ਘੁਸਰ-ਮੁਸਰ ਕਰਦੇ ਹਨ)

ਦੀਪੀ : ਕੋਈ ਗੱਲ ਕਹਿ ਲਓ, ਦਾਦੀ ਕਹਿੰਦੀ ਮਾੜੀ ਹੁੰਦੈ।

ਬੱਬੀ : ਜਿੱਦਾਂ ਮਾੜੇ ਹੁੰਦੇ ਦਾ ਵੀ ਕੋਈ ਦੂਣੀ ਵਾਂਗ ਪਹਾੜਾ ਹੁੰਦੈ।

Downloaded from https:// www.studiestoday.com

Downloaded from https:// www.studiestoday.com



ਦੀਪੀ : ਅਸੀਂ ਜਦ ਖੇਡਦੇ ਹਾਂ ਨਾ! ਦਾਦੀ ਜੀ ਨੂੰ ਸਾੜਾ ਹੁੰਦੈ।

ਰਾਜੂ : ਦਾਦੀ ਜੀ ਛਾਡੇ ਬੁੱਢੇ ਨੇ,
ਤੇ ਬੁੱਢੇ ਬਹੁਤ ਛਿਆਣੇ ਹੁੰਦੇ।
ਉਹਨਾਂ ਦੁਨੀਆ ਵੇਖੀ ਹੁੰਦੀ,
ਛੱਚ-ਝੂਠ ਪਛਾਣੇ ਹੁੰਦੇ।

(ਦਾਦੀ ਖੰਘਦੀ ਹੋਈ ਬਾਹਰ ਜਾਂਦੀ ਹੈ)

ਰਾਜੂ : ਵੱਡਿਆਂ ਦੀ ਗੱਲ ਕਦੇ ਨਾ ਮੋਰੋ।
ਮੈਦਮ ਛਾਨੂੰ ਕਹਿੰਦੇ ਨੇ।
ਜੇ ਗੱਲ ਮੋਰੋ ਤਾਂ ਬੱਚਿਆਂ ਨੂੰ,
ਲੋਕਾਂ ਦੇ ਛਿੱਤਲ ਪੈਂਦੇ ਨੇ,

ਬੱਬੀ : ਆਇਆ ਵੱਡਾ ਤੂੰ ਸਿਆਣਾ,
ਪੁੱਠੀ ਗੱਲ ਵੀ ਮੰਨ ਲਏਂਗਾ?
ਓਦਣ ਦਾਦੀ ਕਹਿੰਦੀ ਸੀ,
ਰਾਤ ਨੂੰ ਝਾੜੂ ਨਹੀਂ ਦੇਣਾ।

ਦੀਪੀ : ਮੈਨੂੰ ਦਾਦੀ ਕਹਿੰਦੀ ਸੀ,
ਰਾਤੀਂ ਨਹੁੰ ਨਹੀਂ ਕੱਟੀਦੇ।

ਬੱਬੀ : ਨਾਲ਼ੇ ਮੈਨੂੰ ਕਹਿੰਦੀ ਸੀ,
ਰਾਤੀਂ ਦੌਣ ਨਹੀਂ ਕੱਸੀਦੀ।

ਦੀਪੀ : ਜਦੋਂ ਕਰੋ, ਉਹ ਨਹੀਂ ਕਰਨਾ,
ਨਾ ਕਰੋ ਜੋ, ਉਹ ਕਰਨਾ।
ਬੈਠਣ ਲੱਗੋ, ਖੇਡੋ ਬੱਚਿਓ,
ਖੇਡਣ ਲੱਗੋ, ਚੁੱਪ ਕਰ ਜਾਓ।

ਬੱਬੀ : ਚੁੱਪ ਕਰੋ ਤਾਂ ਬੋਲਦੇ ਨਹੀਂ,
ਬੋਲਣ ਲੱਗੋ ਤਾਂ ਰੌਲ਼ਾ ਪੈਂਦੇ।

ਰਾਜੂ : ਫਿਰ ਵੀ ਦਾਦੀ ਛੋਹਣੀ ਏ,
ਛੋਹਣੀਆਂ ਬਾਤਾਂ ਪਾਉਂਦੀ ਏ।
ਉਹਦੀ ਕਥਾ ਮੈਂ ਛੁਣਦਾ ਹਾਂ,
ਤਾਂ ਹੀ ਨੀਂਦਰ ਆਉਂਦੀ ਏ।

ਬੱਬੀ : ਐਵੇਂ ਕਹਾਣੀਆਂ ਪਾਉਂਦੀ ਏ,
ਐਵੇਂ ਪਈ ਡਰਾਉਂਦੀ ਏ।

ਰਾਜੂ : ਵੱਦੇ ਝੂਠ ਨਹੀਂ ਤਹਿੰਦੇ ਹੁੰਦੇ,

Downloaded from https:// www.studiestoday.com

Downloaded from https:// www.studiestoday.com



ਬੇ-ਛੱਕ ਪੁੱਛ ਲਓ ਵਿੱਤੀ ਕੋਲ਼ੋਂ,
ਉਹਨਾਂ ਦੀ ਨਾਨੀ ਹੈਗੀ ਏ,
ਬੇ-ਛੱਕ ਪੁੱਛ ਲਓ ਰਿੱਤੀ ਕੋਲ਼ੋਂ।

(ਦਾਦੀ ਆਉਂਦੀ ਹੈ, ਸਾਰੇ ਚੁੱਪ ਕਰ ਜਾਂਦੇ ਨੇ)

ਰਾਜੂ : ਦਾਦੀ ਜੀ ਮੇਰਾ ਛਿਰ ਵਾਹ ਦਿਓ, ਖੁੱਕ ਹੁੰਦੀ ਏ।
ਦਾਦੀ : ਰਾਤੀਂ ਸਿਰ ਨਹੀਂ ਵਹੀਦਾ।
ਰਾਜੂ : ਕਿਉਂ ਦਾਦੀ, ਕਿਉਂ ਨਹੀਂ ਵਾਹੀਦਾ?
ਦਾਦੀ : ਮਾੜਾ ਹੁੰਦੈ।

(ਤਿੰਨੇ ਹੱਸ ਪੈਂਦੇ ਨੇ। ਦਾਦੀ ਨੂੰ ਗੁੱਸਾ ਚੜ੍ਹਦਾ ਹੈ, ਉਹ ਆਪਣੀ ਸੋਟੀ ਲੈ ਕੇ ਹੌਲ਼ੀ-ਹੌਲ਼ੀ ਪਿੱਛੇ ਦੌੜਦੀ ਹੈ, ਬੱਚੇ ਹੱਸਦੇ-ਹੱਸਦੇ ਅੱਗੇ ਦੌੜਦੇ ਹਨ)

ਦਾਦੀ : ਠਹਿਰੋ, ਰੁੜ੍ਹ-ਪੁੜ੍ਹ ਜਾਣਿਓਂ ਐਧਰ ਆਓ।
ਠਹਿਰੋ, ਖ਼ਸਮਾਂ ਖਾਣਿਓਂ, ਐਧਰ ਆਓ।
ਹੱਸਦੇ ਹੋ? ਕੁਝ ਸ਼ਰਮ ਕਰੋ।
ਕਲਜੁਗ ਦਿਉ ਨਿਆਣਿਓਂ, ਐਧਰ ਆਓ।
ਮਾਂਵਾਂ ਅੱਗੇ ਨੱਸਦੇ ਹੋ? ਕੁਝ ਸ਼ਰਮ ਕਰੋ।
ਠਹਿਰੋ ਰੁੜ੍ਹ-ਪੁੜ੍ਹ ਜਾਣਿਓਂ, ਐਧਰ ਆਓ।
ਅੱਛਾ ਬਾਬਾ, ਮੈਂ ਹਾਰੀ।
''ਇਆਣੀ ਯਾਰੀ ਸਦਾ ਖ਼ੁਆਰੀ।''
ਤੁਹਾਡੇ ਮਾਂ-ਪਿਓ ਨੂੰ ਦੱਸੂੰਗੀ
ਪਰ ਲਗਾਮਾਂ ਕੱਸੂੰਗੀ।

(ਮੰਮੀ-ਪਾਪਾ ਆਉਂਦੇ ਹਨ, ਤਿੰਨੇ ਬੱਚੇ ਉਹਨਾਂ ਨੂੰ ਚੰਬੜ ਜਾਂਦੇ ਹਨ)

ਪਾਪਾ : ਮਾਂ ਨੂੰ ਕਿਸੇ ਸਤਾਇਆ ਤਾਂ ਨਹੀਂ?
ਵਾਧੂ ਕਿਸੇ ਖਪਾਇਆ ਤਾਂ ਨਹੀਂ?
ਦੀਦੀ : ਨੋ-ਨੋ, ਨੋ-ਨੋ, ਨੋ-ਨੋ, ਪਾਪਾ।
ਬੱਬੀ : ਯੇ ਤੋ ਹਮਾਰੇ ਦਾਦੀ ਜੀ।
ਦੀਪੀ : ਪਿਆਰੇ, ਪਿਆਰੇ ਦਾਦੀ ਜੀ।
ਬੱਬੀ : ਸਾਡੇ ਸਤਿਕਾਰੇ ਦਾਦੀ ਜੀ।
ਦੀਪੀ : ਸਾਨੂੰ ਛਾਤੀ ਨਾਲ਼ ਲਾਉਂਦੇ।
ਬੱਬੀ : ਸਾਡੇ ਨਾਲ਼ ਗਲਵੱਕੜੀ ਪਾਉਂਦੇ।
ਦੀਪੀ : ਚੁੰਮ-ਚੁੰਮ ਮੂੰਹ ਨੂੰ ਗਿੱਲਾ ਕਰਦੇ।

Downloaded from https:// www.studiestoday.com

Downloaded from https:// www.studiestoday.com



ਬੱਬੀ : ਨਾ ਦਿਸੀਏ ਤਾਂ ਅੱਖਾਂ ਭਰਦੇ।
ਦੀਪੀ : ਅਸੀਂ ਬਲਿਹਾਰੇ, ਦਾਦੀ ਜੀ!
ਬੱਬੀ : ਜਾਈਏ ਵਾਰੇ, ਦਾਦੀ ਜੀ।
ਰਾਜੂ : ਨਹੀਂ ਪਾਪਾ, ਇਹ ਝੂਠ ਬੋਲਦੇ,
ਦੇਖੋ ਦਾਦੀ ਜੀ, ਨੋਂਦੇ ਨੇ।
ਇਹ ਦੋਵੇਂ ਜਣੇ ਖ਼ਾਹ-ਮਖ਼ਾਹ ਈ,
ਉਹਨਾਂ ਨੂੰ ਪਏ ਛਤਾਉਂਦੇ ਨੇ।
(ਪਾਪਾ ਦਾਦੀ ਕੋਲ਼ ਜਾਂਦਾ ਹੈ, ਉਹ ਡੁਸਕ ਰਹੀ ਹੈ)
ਪਾਪਾ : ਦੀਪੀ, ਬੱਬੀ, ਬੰਦੇ ਬਣ ਜਾਓ,
ਇੱਕ-ਇੱਕ ਨਹੀਂ ਚੁਪੇੜ ਸੁੱਟਾਂਗਾ।
ਜੇ ਦਾਦੀ ਮਾਂ ਨੂੰ ਮੁੜ ਤੰਗ ਕੀਤਾ,
ਚਮੜੀ ਦੋਂਹਾਂ ਦੀ ਉਧੇੜ ਸੁੱਟਾਂਗਾ।
ਦੀਪੀ : ਪਾਪਾ, ਸਾਡੀ ਗੱਲ ਤਾਂ ਸੁਣੋ,
ਅਸਾਂ ਗ਼ਲਤ ਤਾਂ ਆਖਿਆ ਨਹੀਂ।
ਮੰਮੀ : ਅੱਗੋਂ ਨਾ ਬੋਲ, ਤੇ ਕੰਨ ਖੋਲ੍ਹ,
ਗੱਲ ਸੁਣ, ਤੇ ਕਰ ਨਾ ਕਬੋਲ।
ਪਾਪਾ : ਇਹ ਧੁੱਪ ਦਾ ਨਹੀਂ ਕਮਾਲ,
ਜੋ ਦਾਦੀ ਦੇ ਚਿੱਟੇ ਵਾਲ਼।
ਜਦ ਤੱਕ ਉਹ ਜਿਊਂਦੀ ਹੈ,
ਕੁਝ ਸਿੱਖੋ ਤੇ ਕਰੋ ਸੰਭਾਲ਼।
ਮੰਮੀ : ਚਲੋ ਪੜ੍ਹੋ ਤੇ ਕਰੋ ਸਕੂਲ ਦਾ ਕੰਮ।
(ਮੰਮੀ-ਪਾਪਾ ਚਲੇ ਜਾਂਦੇ ਹਨ, ਬੱਬੀ-ਦੀਪੀ ਬੈਠ ਕੇ ਪੜ੍ਹਦੇ ਹਨ, ਰਾਜੂ ਦਾਦੀ ਦੇ ਕੁੱਛੜ ਬੈਠ ਜਾਂਦਾ ਹੈ)
ਰਾਜੂ : ਦਾਦੀ, ਦਾਦੀ, ਬਾਤ ਛੁਣਾ।
ਦਾਦੀ : ਅੱਛਾ ਪੁੱਤਰ, ਐਥੇ ਬਹਿ ਜਾ।
(ਗੋਦ' ਚੋਂ ਉਠਾ ਦੇਂਦੀ ਹੈ)
ਰਾਜੂ : ਅੱਜ ਨਵੀਂ ਕਥਾ ਛੁਣਾਈਂ ਦਾਦੀ,
ਪਿਛਲੀ ਨਾ ਦੁਹਰਾਈਂ ਦਾਦੀ।
ਦਾਦੀ : ਅੱਛਾ! ਚੰਦਰਮੁਖੀ ਦੀ ਗਾਥਾ ਸੁਣ,
ਫਿਰ ਉਸ ਚੋਂ ਸੁੱਚੇ ਮੋਤੀ ਚੁਣ,
''ਇੱਕ ਸੀ ਸੋਹਣੀ ਮੁਖੜੇ ਵਾਲ਼ੀ,

Downloaded from https:// www.studiestoday.com

Downloaded from https:// www.studiestoday.com



ਤਾਰਿਆਂ ਵਰਗਾ ਉਸ ਦਾ ਘਰ,
ਬੱਦਲ਼ਾਂ ਅੰਦਰ ਉਹਦਾ ਗਿਰਾਂ।

ਰਾਜੂ : ਬੱਦਲ਼ਾਂ ਵਿੱਚ ਵੀ ਹੁੰਦੈ ਪਿੰਡ?
ਉੱਥੇ ਕਿੱਦਾਂ ਦੀ ਹੈ ਥਾਂ?

ਦਾਦੀ : ਠਹਿਰ, ਠਹਿਰ ਕਾਹਲ਼ਾ ਨਾ ਪੈ, ਗਾਥਾ ਸੁਣ ਲੈ।
....ਚੰਦਰਮੁਖੀ ਦਾ ਵੱਡਾ ਮਹੱਲ,
ਚਿੜੀ ਨਾ ਫਟਕੇ ਨਿਰੀ ਇਕੱਲ।
ਸ੍ਰਿੰਗਟੋ ਭੂਤ ਉਹਦੇ ਪਿਓ ਦਾ ਨਾਂ,
ਦੇਖ ਕੇ ਨਿੱਕਲ਼ ਜਾਵੇ ਜਾਨ।

ਰਾਜੂ : ਭੂਤ ਕਿਛ ਤਰ੍ਹਾਂ ਦਾ ਹੁੰਦੈ?

ਦਾਦੀ : ਠਹਿਰ, ਠਹਿਰ ਕਾਹਲ਼ਾ ਨਾ ਪੈ, ਗਾਥਾ ਸੁਣ ਲੈ।
ਬੋਹੜ ਦੀ ਦਾੜ੍ਹੀ ਵਰਗੇ ਵਾਲ਼।
ਚੁੱਲ੍ਹਿਆਂ ਵਰਗੀਆਂ ਨਾਸਾਂ ਉਹਦੀਆਂ,
ਸਿਰ ਦੀਆਂ ਜਟਾਂ ਲੱਕੜਾਂ ਦਾ ਟਾਲ਼।

ਰਾਜੂ : ਦਾਦੀ ਮੈਨੂੰ ਲੱਗਦਾ ਏ ਦਰ,
ਹੁਣ ਬੱਛ ਕਰ।

ਦਾਦੀ : ਠਹਿਰ, ਠਹਿਰ, ਕਾਹਲ਼ਾ ਨਾ ਪੈ, ਗਾਥਾ ਸੁਣ ਲੈ।
....ਭੂਤ ਦੀ ਧੀ, ਚੰਦਰਮੁਖੀ
ਭਾਵੇਂ ਸੋਹਣੀ ਪਰ ਬਹੁਤ ਦੁਖੀ।
ਭੂਤ ਜਦੋਂ ਜਾਂਦਾ ਸੀ ਬਾਹਰ,
ਉਹਦੇ ਟੁਕੜੇ ਕਰੇ ਹਜ਼ਾਰ।
ਜਦ ਆਵੇ ਉਹ ਵਾਪਸ ਘਰ,
ਟੁਕੜੇ 'ਕੱਠੇ ਲੈਂਦਾ ਕਰ।
ਰੋਜ਼ ਸ਼ਾਮ ਨੂੰ ਜਿਊਂਦੀ ਧੀ,
ਰੋਜ਼ ਸਵੇਰੇ ਜਾਂਦੀ ਮਰ।

ਰਾਜੂ : ਬੱਛ ਦਾਦੀ, ਮੈਨੂੰ ਲਗਦੈ ਦਰ, ਬੱਛ ਕਰ, ਹੁਣ ਬੱਛ ਕਰ।

ਦਾਦੀ : ਠਹਿਰ, ਠਹਿਰ, ਕਾਹਲ਼ਾ ਨਾ ਪੈ, ਗਾਥਾ ਸੁਣ ਲੈ।

ਰਾਜੂ : ਨਹੀਂ, ਨਹੀਂ, ਦਾਦੀ, ਨਹੀਂ।

(ਰਾਜੂ ਰੋਣ ਲੱਗ ਪੈਂਦਾ ਹੈ, ਮੰਮੀ ਆਉਂਦੀ ਹੈ, ਉਸ ਨੂੰ ਆਪਣੇ ਨਾਲ਼ ਲਾਉਂਦੀ ਹੈ)

ਮੰਮੀ : ਕੀ ਹੋਇਆ, ਬੇਟੇ ਕੁਝ ਲੜ ਗਿਆ ਏ?

Downloaded from https:// www.studiestoday.com

Downloaded from https:// www.studiestoday.com



ਦਾਦੀ : ਨਹੀਂ ਧੀਏ, ਇਹ ਡਰ ਗਿਆ ਏ।
ਮੰਮੀ : ਨਾ ਮੇਰਾ ਪੁੱਤਰ, ਡਰੇ ਕਿਉਂ!
ਰਾਜੂ : ਦਾਦੀ ਨੇ ਕਥਾ ਛੁਣਾਈ ਏ, ਦੰਦਾਂ ਵਾਲ਼ੇ ਭੂਤ ਦੀ।
ਦਾਦੀ : ਸ੍ਰਿੰਗਟੋ ਦੀ ਗਾਥਾ ਸੁਣਾਈ ਸੀ, ਸੋਚਿਆ ਹੁਣ ਤਾਂ ਸੌਂ ਰਿਹਾ ਏ। ਪਰ ਨਿੱਕੇ ਜਿਗਰੇ ਵਾਲ਼ਾ ਏ, ਤੱਕ ਕਿੱਦਾਂ ਭੁੱਬੀਂ ਰੋ ਰਿਹਾ ਏ।
ਮੰਮੀ : ਬੀ ਜੀ!
ਕਾਹਨੂੰ ਪਏ ਡਰਾਉਂਦੇ ਹੋ,
ਛੋਟੇ ਜਿਹੇ ਇਸ ਬਾਲ ਨੂੰ?
ਕਾਹਨੂੰ ਸਿਰ 'ਤੇ ਪਾਉਂਦੇ ਹੋ,
ਭੂਤ-ਪਰੇਤ ਦੇ ਜਾਲ਼?
ਆ ਪੁੱਤਰ ਆਪਾਂ ਸੌਂਦੇ ਹਾਂ,
ਮੈਂ ਸਵੇਰੇ ਟੌਫ਼ੀ ਖਵਾਵਾਂਗੀ।
ਖਿਡੌਣਾ ਲੈ ਕੇ ਦੇਵਾਂਗੀ,
ਬਾਗ਼ ਦੀ ਸੈਰ ਕਰਾਵਾਂਗੀ।
ਦੀਪੀ : ਮੰਮੀ! ਭੂਤ ਸੱਚੀਂ ਹੁੰਦਾ ਏ?
ਮੰਮੀ : ਭੂਤ-ਭਾਤ ਨਹੀਂ ਹੁੰਦਾ, ਸੌਂ ਜਾਓ ਅੱਖਾਂ ਬੰਦ ਕਰੋ। ਇਹ ਤਾਂ ਸਿਰਫ਼ ਕਹਾਣੀ ਏ, ਏਸ ਵਹਿਮ ਤੋਂ ਨਾ ਡਰੋ।
ਬੱਬੀ : ਪਰ, ਦਾਦੀ ਭੂਤਾਂ ਦੀ ਜਾਣੂ ਏ,
ਉਸ ਕਈ ਵਾਰ ਸਾਨੂੰ ਦੱਸਿਆ ਸੀ।
ਇੱਕ ਵੇਰ ਦਾਦੀ ਅੱਖਾਂ ਸਾਹਵੇਂ,
ਸਰਦਾਰ ਭੂਤਾਂ ਦਾ ਹੱਸਿਆ ਸੀ।
ਉਦੋਂ ਮੈਂ ਕੇ. ਜੀ. ਦੇ ਵਿੱਚ ਪੜ੍ਹਦਾ ਸਾਂ,
ਤੇ ਦੀਪੀ ਨਾਲ਼ ਬਹੁਤ ਲੜਦਾ ਸਾਂ।
ਦੀਪੀ : ਤਾਂ ਮੰਮੀ, ਦਾਦੀ ਝੂਠੀ ਏ?
ਮੰਮੀ : ਨਹੀਂ, ਦਾਦੀ ਬਿਲਕੁਲ ਝੂਠੀ ਨਹੀਂ।
ਬੱਬੀ : ਤਾਂ ਫਿਰ ਮੰਮੀ, ਸੱਚੀਂ ਭੂਤ ਹੁੰਦੇ ਨੇ?
ਮੰਮੀ : ਕਦੇ-ਕਦਾਈਂ ਭੂਤ ਆਉਂਦੇ ਨੇ,
ਰੋਜ਼ ਆਉਣ ਦਾ ਵਿਹਲ ਨਹੀਂ।
ਐਵੇਂ ਨਹੀਂ ਉਹ ਤੁਰਦੇ-ਫਿਰਦੇ।
ਭੂਤ ਨੇ, ਉਹ ਕੋਈ ਖੇਲ੍ਹ ਨਹੀਂ।
ਹੁੰਦੇ ਨੇ,

Downloaded from https:// www.studiestoday.com

Downloaded from https:// www.studiestoday.com



ਪਰ ਏਥੇ ਕਾਹਨੂੰ ਆਵਣਗੇ?
ਤੁਸੀਂ ਤਾਂ ਚੰਗੇ ਬੱਚੇ ਹੋ?
ਤੁਹਾਨੂੰ ਕਿਉਂ ਉਹ ਖਾਵਣਗੇ?
ਚੱਲੋ ਉੱਠੋ ਹੁਣ ਅੰਦਰ ਚੱਲੀਏ।
ਚੱਲ ਕੇ ਸਾਰੇ ਰੋਟੀ ਖਾਈਏ।
ਅੱਜ ਫ਼ਿਲਮ ਵੀ ਆਉਣੀ ਏ,
ਵਿਹਲੇ ਹੋ ਕੇ ਟੀ. ਵੀ. ਲਾਈਏ।

(ਹਨੇਰਾ! ਜਦੋਂ ਰੋਸ਼ਨੀ ਹੁੰਦੀ ਹੈ ਤਾਂ ਦਾਦੀ ਨਾਲ਼ ਰਾਜੂ ਸੁੱਤਾ ਹੋਇਆ ਦਿਖਾਈ ਦਿੰਦਾ ਹੈ। ਉਹ ਆਪਣੇ ਲੱਤਾਂ-ਪੈਰ ਇਸ ਤਰ੍ਹਾਂ ਹਿਲਾ ਰਿਹਾ ਹੈ ਜਿਵੇਂ ਕੋਈ ਡਰਾਉਣਾ ਸੁਪਨਾ ਦੇਖ ਰਿਹਾ ਹੈ। ਹੌਲ਼ੀ-ਹੌਲ਼ੀ ਉਸ ਦੀ ਬੇਚੈਨੀ ਵਧਦੀ ਹੈ। ਪਿੱਠ-ਭੂਮੀ ਤੋਂ ਅਵਾਜ਼)

ਪਿੱਠ ਭੂਮੀ : ਸ੍ਰਿੰਗਟੋ! ਸ੍ਰਿੰਗਟੋ!! ਸ੍ਰਿੰਗਟੋ !!!
ਸ੍ਰਿੰਗਟੋ ਭੂਤ ਉਹਦੇ ਪਿਓ ਦਾ ਨਾਂ,
ਦੇਖ ਕੇ ਨਿਕਲ਼ ਜਾਏ ਜਾਨ।
ਓਸ ਭੂਤ ਦੇ ਸੌ-ਸੌ ਦੰਦ,
ਬੋਹੜ ਦੀ ਦਾਹੜੀ ਵਰਗੇ ਵਾਲ਼।
ਚੁੱਲ੍ਹਿਆਂ ਵਰਗੀਆਂ ਨਾਸਾਂ ਉਹਦੀਆਂ,
ਸਿਰ ਦੀਆਂ ਜਟਾਂ ਲੱਕੜਾਂ ਦਾ ਟਾਲ਼।

(ਰਾਜੂ ਡਰ ਵਿੱਚ ਉੱਚੀ-ਉੱਚੀ ਚੀਕਾਂ ਮਾਰਨ ਲੱਗ ਜਾਂਦਾ ਹੈ। ਮੰਮੀ-ਪਾਪਾ ਆ ਕੇ ਉਸ ਨੂੰ ਪਲ਼ੋਸਦੇ ਹਨ ਅਤੇ ਉਸ ਨੂੰ ਚੁੱਕ ਕੇ ਲੈ ਜਾਂਦੇ ਹਨ। ਦਾਦੀ ਚਾਰ ਪੰਜ ਵਾਰ ਕਹਿੰਦੀ ਹੈ, ''ਨਿੱਕੇ ਜਿਗਰੇ ਵਾਲ਼ਾ ਏ।'' ਹਨੇਰਾ। ਜਦੋਂ ਰੋਸ਼ਨੀ ਹੁੰਦੀ ਹੈ, ਰਾਜੂ, ਬੱਬੀ, ਦੀਪੀ, ਵਿੱਕੀ ਤੇ ਰਿੱਕੀ ਆਪਣੇ ਬਸਤੇ ਲੈ ਕੇ ਮੇਜ਼ ਦੁਆਲ਼ੇ ਇਕੱਠੇ ਹੁੰਦੇ ਦਿਖਾਈ ਦਿੰਦੇ ਹਨ। ਦਾਦੀ ਮੰਚ 'ਤੇ ਨਹੀਂ।)

ਦੀਪੀ : ਸਾਡਾ ਪੇਪਰ ਸੌਖਾ ਸੀ।

ਵਿੱਕੀ : ਮੇਰਾ ਪਰਚਾ ਔਖਾ ਸੀ।

ਬੱਬੀ : ਰੱਬਾ-ਰੱਬਾ, ਤੇਰੇ ਅੱਗੇ ਮੇਰੀ ਅਰਦਾਸ,
ਭਾਰਤ ਦੀ ਰਾਜਧਾਨੀ ਬਣਾ ਮਦਰਾਸ।
ਰੱਬਾ-ਰੱਬਾ ਤੇਰੇ ਅੱਗੇ ਮੇਰੀ ਅਰਦਾਸ।
ਭਾਰਤ ਦੀ ਰਾਜਧਾਨੀ ਬਣਾ ਮਦਰਾਸ।

ਵਿੱਕੀ : ਕਿਉਂ? ਮਦਰਾਸ ਵਿੱਚ ਕੀ ਪਿਆ ਏ?

Downloaded from https:// www.studiestoday.com

Downloaded from https:// www.studiestoday.com



ਬੱਬੀ : ਮੈਥੋਂ ਪੇਪਰ ਵਿੱਚ ਲਿਖਿਆ ਗਿਆ ਏ।
ਦੀਪੀ : ਪੂਰੇ ਛੇ ਸਫ਼ਿਆਂ ਦੀ ਲਿਖੀ ਏ,
ਪ੍ਰੈੱਸੀ ਦਾ ਸੁਆਲ ਮੈ ਗੱਡ ਆਈ ਹਾਂ।
ਪੂਰੇ ਛੇ ਸਫ਼ੇ ਲਿਖੇ ਨੇ।
ਬੱਬੀ : ਤੇ ਐਪਲੀਕੇਸ਼ਨ ਦੇ ਫਿਰ ਕਿੰਨੇ?
ਦੀਪੀ : ਟਾਈਮ ਥੋੜ੍ਹਾ ਰਹਿ ਗਿਆ ਸੀ,
ਐਪਲੀਕੇਸ਼ਨ ਮੈਂ ਛੱਡ ਆਈ ਹਾਂ।

(ਮੰਮੀ ਪ੍ਰਵੇਸ਼ ਕਰਦੀ ਹੈ)

ਮੰਮੀ : ਕਿਉਂ ਬੱਚਿਓ, ਕਿੰਵ ਪੇਪਰ ਹੋਏ?
ਚੰਗੇ ਨੰਬਰ ਲੈ ਲਓਗੇ ਨਾ?
ਬੱਬੀ : ਸਵੇਰੇ ਬਿੱਲੀ ਰਸਤਾ ਕੱਟ ਗਈ, ਚੰਗਾ ਕਿੱਥੇ ਹੋਣਾ ਸੀ।
ਵਿੱਕੀ : ਲੰਬੜ ਮੱਥੇ ਲੱਗ ਗਿਆ ਸੀ, ਬੱਸ ਏਸੇ ਗੱਲ ਦਾ ਰੋਣਾ ਸੀ।
ਦੀਪੀ : ਸਵੇਰੇ ਮਗਰੋਂ 'ਵਾਜ ਪੈ ਗਈ, ਤਾਂਹੀਓਂ ਐਪਲੀਕੇਸ਼ਨ ਰਹਿ ਗਈ।
ਵਿੱਕੀ : ਮੈਂ ਮੰਜੇ ਬਹਿਕੇ ਵਾਲ਼ ਵ੍ਹਾਏ, ਤਾਂਹੀਓਂ ਮੇਰੇ ਸੁਆਲ ਨਹੀਂ ਆਏ।
ਬੱਬੀ : ਰਾਤੀਂ ਕੁਕੜੀ ਕੁੜ-ਕੁੜ ਕਰਦੀ ਸੀ।
ਵਿੱਕੀ : ਤੇ ਮੈਂ ਜੁੱਤੀ ਮੂਧੀ ਧਰ ਗਈ ਸੀ।
ਦੀਪੀ : ਮੈਂ ਦਹਿਲੀਜੇ ਬਹਿ ਗਈ ਸਾਂ।
ਰਿੱਕੀ : ਮੈਂ ਗੋਡੇ ਮੂਧੇ ਮਾਰੇ ਸਨ।
ਸਾਰੇ : ਅਸੀਂ ਕਰਮ ਹੀ ਮਾੜੇ ਕੀਤੇ ਨੇ,
ਪੇਪਰ ਤਾਂ ਮਾੜੇ ਹੋਣੇ ਹੀ ਸਨ।
ਕਿਸੇ ਦੀ ਗੱਲ ਨੂੰ ਮੰਨਿਆ ਨਹੀਂ,
ਇਹ ਤਾਂ ਪੁਆੜੇ ਹੋਣੇ ਹੀ ਸਨ।

(ਮੈਡਮ ਦਾ ਪ੍ਰਵੇਸ਼)

ਦੀਪੀ : ਰਾਤੀਂ ਰਾਜੂ ਡਰ ਗਿਆ ਸੀ,
ਸ਼ਾਇਦ ਭੂਤ ਕੋਈ ਜਾਦੂ ਕਰ ਗਿਆ ਸੀ।
ਬੱਬੀ : ਗੰਢ ਰੁਮਾਲ ਦੀ ਖੁੱਲ੍ਹ ਗਈ ਸੀ,
ਇਸੇ ਲਈ ਪੇਪਰ ਮਾੜੇ ਹੋਏ।
ਦੀਪੀ : ਅਸੀਂ ਦਾਦੀ ਦੀ ਗੱਲ ਮੰਨੀ ਨਹੀਂ,
ਇਸੇ ਲਈ ਸਾਰੇ ਪੁਆੜੇ ਹੋਏ।
ਮੈਡਮ : ਮੇਰੇ ਪਿਆਰੇ ਰਾਜੂ, ਬੱਬੀ, ਦੀਪੀ, ਵਿੱਕੀ, ਰਿੱਕੀ ਜੀ,
ਹਵਾ ਇੱਕ ਸੱਚ ਹੈ ਏਹਨਾਂ ਦਾ,

Downloaded from https:// www.studiestoday.com

Downloaded from https:// www.studiestoday.com



ਉਂਜ ਵਹਿਮ ਇਹ ਨਿਰੇ ਗ਼ੁਬਾਰੇ ਨੇ,
ਹੁੰਦੇ ਵੀ ਪਿਆਰੇ-ਪਿਆਰੇ ਨੇ।
ਪਰ ਵਹਿਮ ਦਾ ਕੱਚਾ ਧਾਗਾ ਹੁੰਦੈ
ਜਿਸ ਨਾਲ਼ ਬੱਝ ਇਹ ਉੱਡਦੇ ਨੇ।
ਹਰ ਭਰਮ ਦੀ ਆਯੂ ਹੁੰਦੀ,
ਮਗਰੋਂ ਆਪੇ ਹੀ ਡਿਗਦੇ ਨੇ।
ਪਰ ਵਹਿਮ ਕੋਈ ਈਮਾਨ ਨਹੀਂ,
ਇਹ ਭਰਮ ਕੋਈ ਆਚਾਰ ਨਹੀਂ,
ਇਹ ਵਹਿਮ ਕੋਈ ਭਗਵਾਨ ਨਹੀਂ,
ਇਹ ਭਰਮ ਕੋਈ ਵਿਵਹਾਰ ਨਹੀਂ।
ਵਹਿਮ ਮਨੁੱਖ ਦੇ ਸੇਵਕ ਨੇ,
ਇਹ ਭਰਮ ਸਾਡੇ ਸਰਦਾਰ ਨਹੀਂ,
ਕੁਝ ਸੱਚੀਆਂ-ਸੁੱਚੀਆਂ ਰੀਤਾਂ ਨੇ,
ਪਰ ਮਾਨਵ ਦਾ ਕਿਰਦਾਰ ਨਹੀਂ।
ਕਿਉਂ! ਰਾਜੂ ਬੇਟਾ ਸਮਝੇ?

ਰਾਜੂ : ਨਹੀਂ ਮੈਦਮ ਹਾਲੇ ਨਹੀਂ।

ਸਾਰੇ : ਨਹੀਂ ਮੈਡਮ ਬਹੁਤਾ ਨਹੀਂ।

ਮੈਡਮ : ਸੁਣੋ ਫੇਰ!
ਇੱਕ ਵੇਲ਼ਾ ਸੀ ਜਦ ਲੋਕੀਂ ਪੈਦਲ
ਦੂਰ-ਦੂਰ ਤੱਕ ਜਾਂਦੇ ਸਨ।
ਮਿਲ਼ਨ-ਗਿਲ਼ਨ ਲਈ ਜਦੋਂ ਨਿਕਲ਼ਦੇ,
ਮਹੀਨਿਆਂ ਬਾਅਦ ਉਹ ਆਉਂਦੇ ਸਨ।
ਬਿੱਲੀ ਰਸਤਾ ਕੱਟ ਗਈ ਜਾਂ,
ਅਵਾਜ਼ ਪਿੱਛੋਂ ਦੀ ਲੱਗ ਗਈ ਏ।
ਲੰਬੜ ਮੱਥੇ ਲੱਗ ਗਿਆ ਏ,
ਜਾਂ ਨਿੱਛ ਮਗਰੋਂ ਵੱਜ ਗਈ ਏ,
ਇਹ ਤਾਂ ਨਿਰੇ ਬਹਾਨੇ ਸਨ,
ਮਹਿਮਾਨਾਂ ਨੂੰ ਅਟਕਾਉਣ ਦੇ।
ਖ਼ਬਰੇ ਕਦੋਂ ਉਹ ਮੁੜ ਕੇ ਆਵਣ,
ਇਹ ਹਾੜ੍ਹੇ ਹੋਰ ਬੈਠਾਉਣ ਦੇ।
ਹੁਣ ਤਾਂ ਮੋਟਰ-ਕਾਰਾਂ ਨੇ,

Downloaded from https:// www.studiestoday.com

Downloaded from https:// www.studiestoday.com



ਗੱਡੀਆਂ ਅਤੇ ਉਡਾਰੂ ਨੇ।
ਕਿਸੇ ਨੂੰ ਮਰਨ ਦਾ ਵਿਹਲ ਨਹੀਂ,
ਸਭਨਾਂ ਦੇ ਕੰਮ ਹੀ ਭਾਰੂ ਨੇ।
ਹੁਣ ਏਸ ਵਹਿਮ ਦੀ ਹਵਾ ਈ ਨਹੀਂ,
ਹੁਣ ਇਹ ਭੁਕਾਨਾ ਫੁੱਸ ਹੋ ਗਿਆ।
ਇਸ ਦੀ ਆਪੇ ਹੀ ਮੌਤ ਹੋ ਗਈ,
ਵਹਿਮ ਤਾਂ ਆਪੇ ਠੁੱਸ ਹੋ ਗਿਆ।

ਦੀਪੀ : ਝਾੜੂ ਕਿਉਂ ਪੁੱਠਾ ਰੱਖਦੇ ਨੇ?
ਮੈਡਮ : ਤਾਂ ਕਿ ਕੰਧ ਨਾ ਹੋਵੇ ਖ਼ਰਾਬ।
ਰਾਜੂ : ਚਾਬੀਆਂ ਕਿਉਂ ਖੜਕਾਉਂਦੇ ਨਹੀਂ?
ਮੈਡਮ : ਕੋਈ ਡਿੱਗ ਨਾ ਪਏ ਵਿੱਚੋਂ ਜਨਾਬ!
ਬੱਬੀ : ਸਿਰ ਭਾਰ ਜੇ ਮੰਜਾ ਰੱਖੇ।
ਮੈਡਮ : ਸੱਪ ਜਾਂ ਕੀੜੇ ਚੜ੍ਹ ਜਾਣਗੇ।
ਵਿੱਕੀ : ਰਾਤੀਂ ਮੰਜੀ ਕਿਉਂ ਨਹੀਂ ਕੱਸਣੀ?
ਮੈਡਮ : ਹੋਰ ਕੰਮ ਕਈ ਖੜ੍ਹ ਜਾਣਗੇ।
ਵਿੱਕੀ : ਬੂਟ ਪਾ ਕੇ ਸੌਂ ਜਾਓ ਤਾਂ
ਸੱਪ ਸੱਚੀਂ ਹੀ ਆ ਜਾਂਦਾ ਏ?
ਮੈਡਮ : ਚੰਗੀ ਨੀਂਦਰ ਨਹੀਂ ਆਉਂਦੀ,
ਤੇ ਸੁਪਨਾ ਕੋਈ ਡਰਾ ਜਾਂਦਾ ਏ।
ਦੀਪੀ : ਮੈਡਮ, ਕੁਝ ਬੱਚੇ ਕਹਿੰਦੇ ਨੇ,
ਵੀਰਵਾਰ ਨੂੰ ਸਿਰ ਨਹੀਂ ਧੋਣਾ,
ਵੀਰ ਉੱਤੇ ਚੜ੍ਹਦਾ ਭਾਰ।
ਮੰਗਲ, ਸ਼ਨੀ ਵੀ ਨਾਲ਼ ਹੀ ਗਿਣਦੇ,
ਕੱਪੜੇ ਧੋਣਾ ਵੀ ਦੁਸ਼ਵਾਰ।
ਮੈਡਮ : ਇਹ ਸਭ ਨਾਰੀ ਦੇ ਹਥਿਆਰ,
ਉਸ ਨੇ ਵੰਡਿਆ ਆਪਣਾ ਭਾਰ,
ਜੇ ਰੋਜ਼ ਕਰੇ ਉਹ ਸਾਰਾ ਕੰਮ,
ਉਸ ਦਾ ਉੱਤਰ ਜਾਵੇ ਚੰਮ।
ਵਿੱਕੀ : ਪਰ, ਭੂਤ ਤਾਂ ਮੈਡਮ ਹੁੰਦੇ ਨੇ ਨਾ?
ਸਾਡੇ ਨਾਨੀ ਜੀ ਕਹਿੰਦੇ ਸਨ।
ਭੂਤਾਂ ਦਾ ਉੱਥੇ ਵਾਸਾ ਸੀ,

Downloaded from https:// www.studiestoday.com

Downloaded from https:// www.studiestoday.com



ਜਿੱਥੇ ਉਹ ਪਹਿਲਾਂ ਰਹਿੰਦੇ ਸਨ।
ਵਿੱਕੀ : ਹੁੰਦੇ ਨੇ ਨਾ ਭੂਤ ਮੈਡਮ?
ਦੀਪੀ : ਭੂਤ ਹੁੰਦੇ ਨੇ ਨਾ ਮੈਡਮ?
ਬੱਬੀ : ਦੱਸੋ ਮੈਡਮ ਭੂਤਾਂ ਬਾਰੇ।
ਵਿੱਕੀ : ਜਲਦੀ ਦੱਸੋ ਮੈਡਮ ਸਾਨੂੰ।
ਰਾਜੂ : ਭੂਤ ਕਿੱਦਾਂ ਦੇ ਹੁੰਦੇ ਨੇ?
ਮੈਡਮ : ਭੂਤ,
ਇਹ ਕਿਸੇ ਜਾਨਦਾਰ ਦਾ ਨਹੀਂ ਨਾਂ,
ਭੂਤ ਤਾਂ ਨਾਂ ਸਮੇਂ ਦਾ।
ਸਾਰੇ : ਸਮੇਂ ਦਾ?
ਮੈਡਮ : ਹਾਂ ਸਿਰਫ਼ ਸਮੇਂ ਦਾ।
ਸਮਾਂ,
ਜਿਸ ਨੂੰ ਅਸੀਂ ਕਹਿੰਦੇ ਹਾਂ ਕਾਲ।
ਭੂਤ ਉਹ ਹੈ ਕਾਲ,
ਜੋ ਬੀਤ ਚੁੱਕਾ ਏ,
ਲੰਘ ਚੁੱਕੇ ਸਮੇਂ ਨੂੰ
ਜਦੋਂ ਯਾਦ ਕਰਦੇ ਹਾਂ।
ਕਦੇ ਖ਼ੁਸ਼ ਹੁੰਦੇ ਹਾਂ।
ਕਦੇ ਡਰਦੇ ਹਾਂ।
ਭੂਤ ਉਦੋਂ ਹੁੰਦਾ ਏ,
ਜਦੋਂ ਜਾਈਏ ਡਰ।
ਭੂਤ ਜਾਵੇ ਮਰ,
ਜੇ ਹੋ ਜਾਈਏ ਨਿਡਰ।
ਬੱਚੇ : ਉਹ ਕਿੱਦਾਂ ਮੈਡਮ ਜੀ?
ਮੈਡਮ : ਆਓ ਸੁਣਾਵਾਂ, ਤੁਹਾਨੂੰ ਗੀਤ।
ਇੱਕ ਦਿਨ ਇੱਕ ਮਦਾਰੀ ਆਇਆ,
ਲੈ ਕੇ ਰੰਗ-ਬਰੰਗਾ ਝੋਲ਼ਾ।
(ਇੱਕ ਮਦਾਰੀ ਰੂਪ ਬੱਚਾ ਆਉਂਦਾ ਹੈ, ਅਵਾਜ਼ ਮੈਡਮ)
ਨਹੀਂ ਤਾਂ ਥੈਲੇ ਵਿੱਚੋਂ ਨਿਕਲੂ
ਲੁਕਿਆ ਹੋਇਆ ਬੰਬ ਦਾ ਗੋਲ਼ਾ
ਇੱਕ ਬੱਚੇ ਨੇ ਪੁੱਛਿਆ ਅੰਕਲ!

Downloaded from https:// www.studiestoday.com

Downloaded from https:// www.studiestoday.com



ਥੈਲੇ ਉੱਤੇ ਗੰਢ ਹੈ ਕਿਉਂ?
ਦੂਜੇ ਬੱਚੇ ਪੁੱਛਿਆ, ਅੰਕਲ
ਰੰਗਾਂ ਦੀ ਇਹ ਵੰਡ ਹੈ ਕਿਉਂ?
ਆਖਣ ਲੱਗਾ ਉਹ ਮਦਾਰੀ
ਰੰਗ ਬੜੇ ਇਹ ਭੈੜੇ ਨੇ, ਪੁੱਛੋ ਕਿਉਂ, ਪੁੱਛੋ ਕਿਉਂ!
ਹਰ ਰੰਗ ਦੇ ਵਿੱਚ ਦੇਅ ਤੇ ਭੂਤ,
ਉਹ ਜੋ ਸਾਡੇ ਵੈਰੀ ਨੇ, ਪੁੱਛੋ ਕਿਉਂ, ਪੁੱਛੋਂ ਕਿਉਂ?
ਹਰੇ ਦੇ ਵਿੱਚ ਹਰਤਾਨੂੰ ਭੂਤ, ਪੀਲੇ, ਵਿੱਚ ਪਿਲਪਾਕੂ ਏ।
ਨੀਲੇ ਵਿੱਚ ਨਿਲਕੋਟਾ ਲੁਕਿਆ, ਲਾਲ ਵਿੱਚ ਲਲਕਾਟੂ ਏ।
ਪੁੱਛੋ ਕਿਉਂ, ਪੁੱਛੋਂ ਕਿਉਂ?
ਚਿੱਟੇ ਰੰਗ ਦੇ ਵਿੱਚ ਚੁੜੇਲਾਂ, ਨਾਲ਼ ਭੂਤਾਂ ਦੇ ਆਈਆਂ ਨੇ,
ਇਹ ਸਾਰੇ ਵੀਰ ਸ਼੍ਰਿੰਗਟੋ ਦੇ ਤੇ ਭੈਣਾਂ ਇਹ ਭਰਜਾਈਆਂ ਨੇ।
ਪੁੱਛੋਂ ਕਿਉਂ, ਪੁੱਛੋਂ ਕਿਉਂ?
ਲੱਗਾ ਕਹਿਣ ਮਦਾਰੀ ਬੱਚਿਓ,
ਭੂਤ ਇਹ ਬਹੁਤ ਡਰਾਉਣੇ ਨੇ,
ਕਈ ਵਾਰ ਦੇਖਣ ਨੂੰ ਜਾਪਣ,
ਸ਼ਕਲੋਂ ਬਹੁਤ ਹੀ ਭੋਲ਼ੇ ਇਹ
ਦੇਆਂ ਤੇ ਭੂਤਾਂ ਦੀ ਦੁਨੀਆ,
ਦੁਨੀਆ ਬਹੁਤ ਅਜਾਇਬ ਹੈ,
ਡਰ ਕੇ ਰਹਿਣਾ ਚਾਹੀਏ ਇੱਥੇ,
ਫਟਣ ਤਾਂ ਬੰਬ ਦੇ ਗੋਲ਼ੇ ਇਹ।
ਪੈਸਾ, ਪੰਜੀ, ਦਸੀ, ਚਵਾਨੀ ਜਾਂ ਅਠਿਆਨੀ ਪਾ ਦਿਓ।
ਭੂਤ-ਚੁੜੇਲਾਂ ਦੇ ਮੂੰਹ ਉੱਤੇ ਜਿੰਦਰਾ ਪੱਕਾ ਲਾ ਦਿਓ।
ਇੱਕ ਦਿਨ ਇੱਕ ਮਦਾਰੀ ਆਇਆ।
ਲੈ ਕੇ ਰੰਗ-ਬਰੰਗਾ ਝੋਲ਼ਾ।
ਸਾਰੇ ਬੱਚੇ ਸੋਚੀਂ ਪੈ ਗਏ,
ਡਰੇ ਭੂਤਾਂ ਦੇ ਝੋਲ਼ੇ ਤੋਂ।
ਪਰ ਇਹ ਗੱਲ ਸਮਝ ਨਾ ਆਵੇ, ਹੋਇਆ ਕਿੱਦਾਂ ਜਾਦੂ ਇਹ ?
ਮਦਾਰੀ ਪੈਸੇ ਜਾਏ ਬਟੋਰੀ,
ਡਰਿਆ ਹੋਇਆ ਬੱਚਿਆਂ ਤੋਂ।

(ਇੱਕ ਕੁੱਤਾ ਪ੍ਰਵੇਸ਼ ਕਰਦਾ ਹੈ)

Downloaded from https:// www.studiestoday.com

Downloaded from https:// www.studiestoday.com



ਐਨੇ ਚਿਰ ਨੂੰ ਆਇਆ ਕੁੱਤਾ,
ਸੁੰਘਿਆ ਉਸ ਨੇ ਝੋਲ਼ੇ ਨੂੰ।
ਪੈਸੇ ਸਾਂਭੇ ਪਿਆ ਮਦਾਰੀ,
ਪਤਾ ਨਾ ਲੱਗਾ ਬੌਲ਼ੇ ਨੂੰ।
ਵਿੰਹਦੇ-ਵਿੰਹਦੇ ਲਾਲ ਕੁੱਤੇ ਤੋਂ,
ਝੋਲ਼ਾ ਥਾਂ-ਥਾਂ ਪਾਟ ਗਿਆ।
ਡੌਰਾ-ਭੌਰਾ ਹੋਇਆ ਮਦਾਰੀ,
ਕੁੱਤੇ ਉੱਤੇ ਝਪਟ ਪਿਆ।
ਕੁੱਤਾ ਸੀ ਉਹ ਸਰਕਸ ਵਾਲ਼ਾ
ਥੈਲਾ ਸੁੱਟਿਆ ਰੁੱਖ ਤੇ ਓਸ।
ਥੱਕ ਟੁੱਟ ਬਹਿ ਗਿਆ ਵਿਚਾਰਾ,
ਦੌੜਿਆ ਕੁੱਤਾ ਕਿਸ ਤੇ ਰੋਸ?

(ਕੁੱਤਾ ਬਾਹਰ ਜਾਂਦਾ ਹੈ)

ਲਹੂ-ਲੁਹਾਣ ਹੋਇਆ ਮਦਾਰੀ, ਝੋਲ਼ਾ ਥੱਲੇ ਆਇਆ ਨਾ।
ਬੱਚਿਆਂ ਦਾ ਵੀ ਨਿਕਲ਼ਿਆ ਹਾਸਾ, ਬੰਬ ਦਾ ਗੋਲ਼ਾ ਚਲਾਇਆ ਨਾ।
ਜਦੋਂ ਮਦਾਰੀ ਥੈਲਾ ਲਾਹਿਆ,
ਲੀਰਾਂ ਵਿੱਚ ਉਹ ਰੁਲ਼ ਗਿਆ।
ਮਦਾਰੀ ਵਿਚਾਰਾ ਭੁੱਲ ਗਿਆ,
ਭੂਤ ਦਾ ਭੇਦ ਖੁੱਲ੍ਹ ਗਿਆ,
ਬੱਚਿਆਂ ਹੱਥੀਂ ਲੀਰਾਂ, ਆਈਆਂ,
ਨੀਲੀ, ਹਰੀ, ਪੀਲ਼ੀ ਤੇ ਲਾਲ।
ਹੱਥਾਂ ਦੇ ਵਿੱਚ ਜਕੜੇ ਭੂਤ,
ਹੋਏ ਮਦਾਰੀ ਵਾਲ਼ੀ ਭਾਲ਼।
ਨੱਸਿਆਂ ਚੁੱਕ ਲੰਗੋਟ ਮਦਾਰੀ,
ਬੱਚਿਆਂ ਲਾਹ ਲਏ ਆਪਣੇ ਜੂਤ,
ਲੀਰਾਂ ਨੂੰ ਲਹਿਰਾ ਕੇ ਕਹਿੰਦੇ,
ਭੂਤ! ਭੂਤ!! ਭੂਤ!!! ਭੂਤ!!!!

(ਸਾਰੇ ਬੱਚੇ ਭੂਤ-ਭੂਤ ਕਰਨ ਲੱਗ ਪੈਂਦੇ ਨੇ)

ਸੋ, ਜਿਹੜਾ ਹੋ ਗਿਆ ਨਿਡਰ,
ਉਹਦਾ ਭੂਤ ਗਿਆ ਮਰ।

Downloaded from https:// www.studiestoday.com

Downloaded from https:// www.studiestoday.com



ਜਿਹਦੀ ਬੁੱਧ ਹੋਵੇ ਤੰਗ, ਜਿਹੜਾ ਅਕਲੋਂ ਹੈਗਾ ਨੰਗ.....।
ਵਹਿਮ ਮਾਰੇ, ਉਹਨੂੰ ਡੰਗ।
(ਮੈਡਮ ਚਲੀ ਜਾਂਦੀ ਹੈ, ਬੱਚੇ ਰਲ਼ ਕੇ ਗਾਉਣਾ ਸ਼ੁਰੂ ਕਰ ਦਿੰਦੇ ਹਨ। ਰਾਜੂ ਚਾਬੀਆਂ ਨੂੰ ਗਲਾਸ ਨਾਲ਼ ਖੜਕਾਉਂਦਾ ਹੈ, ਉਹ ਗਾਉਂਦੇ ਹਨ।)

ਸਾਰੇ : ਇੱਕ ਦਿਨ ਇੱਕ ਮਦਾਰੀ ਆਇਆ,
ਲੈ ਕੇ ਰੰਗ-ਬਰੰਗਾ ਝੋਲ਼ਾ।
ਥੈਲੇ ਅੰਦਰ ਠੁੱਸ ਹੋ ਗਿਆ,
ਲੁਕਿਆ ਹੋਇਆ ਬੰਬ ਦਾ ਗੋਲ਼ਾ।
(ਦੀਪੀ ਦਾਦੀ ਦੀ ਸੋਟੀ ਫੜ ਕੇ ਲੈ ਆਉਂਦੀ ਹੈ ਤੇ ਉਸ ਦੇ ਮੰਜੇ, ਤੇ ਬੈਠ ਜਾਂਦੀ ਹੈ)

ਦੀਪੀ : ਕਿਹੜਾ ਏ, ਬਈ ਕਿਹੜਾ ਏ?
ਏਧਰ ਆ ਜਾਓ ਜਿਹੜਾ ਏ।
ਚਾਬੀਆਂ ਖੜਕਾਉਂਦੇ ਹੋ?
ਕੈਂਚੀਆਂ ਵਜਾਉਂਦੇ ਹੋ?
ਐਵੇਂ ਨਾ ਕਲੇਸ਼ ਪਾਓ,
ਸੁੱਖ ਵਾਲ਼ਾ ਵਿਹੜਾ ਏ।
ਪੁੱਛਦੀ ਹਾਂ ਕਿਹੜਾ ਏ,
ਇੱਧਰ ਆ ਜਾਓ ਜਿਹੜਾ ਏ।
(ਬਾਕੀ ਬੱਚੇ ਨਕਲੀ ਦਾਦੀ ਵੱਲ ਵੇਖ ਕੇ ਹੱਸਦੇ ਹਨ)

ਸਾਰੇ : ਨਕਲੀ ਦਾਦੀ, ਨਕਲੀ ਦਾਦੀ,
ਨਕਲੀ ਦਾਦੀ, ਨਕਲੀ ਦਾਦੀ।
(ਦਾਦੀ ਆਉਂਦੀ ਹੈ, ਕਾਫ਼ੀ ਸਮਾਂ ਰਾਜੂ ਤੋਂ ਸਿਵਾ ਉਸ ਨੂੰ ਕੋਈ ਨਹੀਂ ਦੇਖਦਾ)

ਰਾਜੂ : ਉਹ ਦੇਖੋ, ਅਸਲੀ ਦਾਦੀ।

ਸਾਰੇ : ਨਕਲੀ ਦਾਦੀ, ਨਕਲੀ ਦਾਦੀ।

ਰਾਜੂ : ਮੈਂ ਕਹਿੰਦਾ ਅਸਲੀ ਦਾਦੀ।

ਸਾਰੇ : ਨਕਲੀ ਦਾਦੀ, ਨਕਲੀ ਦਾਦੀ।

ਦਾਦੀ : ਫੇਰ ਘਰ ਖਸਮ-ਖਾਣਿਓਂ,
ਸਿਰ ਉੱਤੇ ਚੁੱਕ ਲਿਆ ਜੇ।
ਕਦੇ ਪੜ੍ਹਿਆ ਵੀ ਕਰੋ,

Downloaded from https:// www.studiestoday.com

Downloaded from https:// www.studiestoday.com



ਖੇਡਣ ਵਿੱਚ ਕੀ ਪਿਆ ਜੇ?
ਜਾਓ ਪੜ੍ਹੋ ਮਰੋ।

ਦੀਪੀ : ਦਾਦੀ ਤੂੰ ਆਖੇਂਗੀ ਕਿ
ਖੇਡਣਾ ਵੀ ਮਾੜਾ ਹੁੰਦੈ।

ਬੱਬੀ : 'ਮਾੜੇ ਹੁੰਦੈ' ਦਾ ਤਾਂ ਦਾਦੀ,
ਤੇਰਾ ਇੱਕ ਪਹਾੜਾ ਹੁੰਦੈ।

ਦੀਪੀ : ਰਾਤੀਂ ਜਲਦੀ ਸੌਂ ਜਾਓ ਸਾਰੇ,

ਬੱਬੀ : ਕਿਉਂਕਿ

ਸਾਰੇ : ਸਵੇਰੇ ਸਕੂਲੇ ਜਾਣਾ ਏ।

ਦੀਪੀ : ਸਵੇਰੇ ਉੱਠੋ ਜਲਦੀ ਸਾਰੇ,

ਬੱਬੀ : ਕਿਉਂਕਿ

ਸਾਰੇ : ਜਾਣ ਤੋਂ ਪਹਿਲਾਂ ਨ੍ਹਾਉਣਾ ਏ।

ਦੀਪੀ : ਘੰਟਾ ਪਹਿਲੇ ਤੁਰ ਪਓ ਘਰ ਤੋਂ,

ਬੱਬੀ : ਕਿਉਂਕਿ

ਸਾਰੇ : ਵੇਲ਼ੇ ਸਿਰ ਪੁੱਜ ਜਾਣਾ ਏ।

ਦੀਪੀ : ਜਲਦੀ ਰੋਟੀ ਖਾ ਲਓ ਆ ਕੇ,

ਬੱਬੀ : ਕਿਉਂਕਿ

ਸਾਰੇ : ਸਭ ਨੂੰ ਤੁਸਾਂ ਸੁਆਉਣਾ ਏ।

ਦੀਪੀ : ਦੁੱਧ ਪੀਓ, ਉੱਠੋ ਜਲਦੀ,

ਬੱਬੀ : ਕਿਉਂਕਿ

ਸਾਰੇ : ਮੈਡਮ ਨੇ ਪੜ੍ਹਾਉਣਾ ਏ।

ਦੀਪੀ : ਕਰੋ ਸਫ਼ਾਈ ਬੈਠਕ ਦੀ,

ਬੱਬੀ : ਕਿਉਂਕਿ

ਸਾਰੇ : ਅੱਜ ਮਹਿਮਾਨਾਂ ਆਉਣਾ ਏ।

ਦੀਪੀ : ਜਲਦੀ ਰੋਟੀ ਖਾ ਲਓ ਰਾਤੀਂ,

ਬੱਬੀ : ਕਿਉਂਕਿ

ਸਾਰੇ : ਸਕੂਲ ਦਾ ਕੰਮ ਕਰਾਉਣਾ ਏ।

ਦੀਪੀ : ਰਾਤੀਂ ਜਲਦੀ ਸੌਂ ਜਾਓ ਸਾਰੇ,

ਬੱਬੀ : ਕਿਉਂਕਿ

ਸਾਰੇ : ਸਵੇਰੇ ਸਕੂਲੇ ਜਾਣਾ ਏ।

Downloaded from https:// www.studiestoday.com

Downloaded from https:// www.studiestoday.com



ਦੀਪੀ : ਅਸੀਂ ਕਿਹੜੇ ਵੇਲ਼ੇ ਖੇਡੀਏ, ਕਿਹੜੇ ਵੇਲ਼ੇ?
ਸਾਰੇ : ਅਸੀਂ ਕਿਹੜੇ ਵੇਲ਼ੇ ਖੇਡੀਏ, ਕਿਹੜੇ ਵੇਲ਼ੇ?
ਦੀਪੀ : ਬੋਲ ਸਾਡੀ ਦਾਦੀਏ, ਕਿਹੜੇ ਵੇਲ਼ੇ?
ਸਾਰੇ : ਕਿਹੜੇ ਵੇਲ਼ੇ ਖੇਡੀਏ, ਕਿਹੜੇ ਵੇਲ਼ੇ?
ਦਾਦੀ : ਚੁੱਪ ਕਰੋ ਖਸਮਾਂ ਖਾਣਿਓ, ਚੁੱਪ ਕਰੋ।
ਚੁੱਪ ਕਰੋ ਰੁੜ੍ਹ-ਪੁੜ੍ਹ ਜਾਣਿਓਂ, ਚੁੱਪ ਕਰੋ।
ਨਹੀਂ ਤਾਂ ਸ੍ਰਿੰਗਟੋ ਭੂਤ ਆ ਜਾਏਗਾ।
ਆ ਕੇ ਤੁਹਾਨੂੰ ਖਾ ਜਾਏਗਾ।
(ਸਾਰੇ ਹੱਸਦੇ ਨੇ)
ਕਮਲੀਚੋ ਡੈਣ ਵੀ ਆਏਗੀ।
ਆ ਕੇ ਸਭ ਨੂੰ ਡਰਾਏਗੀ।
ਦੀਪੀ : ਅੱਛਾ ਦਾਦੀ, ਡੈਣ ਵੀ ਆਏਗੀ?
ਦਾਦੀ : ਹਾਂ ਆਏਗੀ।
ਬੱਬੀ : ਤਾਂ ਦਾਦੀ, ਭੂਤ ਵੀ ਆਏਗਾ?
ਦਾਦੀ : ਹਾਂ ਆਏਗਾ!
ਵਿੱਕੀ : ਦੱਸ ਖਾਂ ਡੈਣ ਕਿੱਦਾਂ ਦੀ ਏ?
ਦਾਦੀ : ਡੈਣ ਦੇ ਲੰਮੇ-ਲੰਮੇ ਵਾਲ਼,
ਤੇ ਵੱਡੇ-ਵੱਡੇ ਦੰਦ ਨੇ।
ਝੁਰੜੀਆਂ ਵਾਲ਼ਾ ਮਾਸ ਏ,
ਤੇ ਬੜੇ ਡਰਾਉਣੇ ਅੰਗ ਨੇ।
ਉਹਦੀ ਸ਼ਕਲ ਡਰਾਉਣੀ ਏ,
ਉਹਦੀ ਸ਼ਕਲ ਰਵਾਉਣੀ ਏ।
ਬੱਬੀ : ਉਹ ਤਾਂ ਦਾਦੀ, ਤੂੰ ਵੀ ਏਂ,
ਦੀਪੀ : ਪਰ ਤੂੰ ਕਮਲੀਚੋ ਡੈਣ ਤਾਂ ਨਹੀਂ।
ਦਾਦੀ : ਚੁੱਪ ਕਰੋ, ਬਦਮਾਸ਼ੋ! ਮੈਨੂੰ ਗੁੱਸਾ ਨਾ ਚੜ੍ਹਾਓ,
ਮੈਂ ਬਹੁਤ ਹੀ ਕੈਰੀ ਜੇ, ਮੇਰਾ ਸਬਰ ਨਾ 'ਜਮਾਓ,
ਮੈਂ ਐਸੀ ਗੰਢ ਮਾਰਾਂਗੀ, ਸਭ ਚੁੱਪ ਹੋ ਜਾਓਗੇ,
ਹਿੱਲ ਵੀ ਨਹੀਂ ਸਕੋਗੇ, ਖੜ੍ਹੇ ਖਲੋ ਜਾਓਗੇ।
ਦੀਪੀ : ਮਾਰ, ਮਾਰ, ਮਾਰ, ਗੰਢ,
ਮਾਰ ਦਾਦੀ ਮਾਰ।
ਬੱਬੀ : ਅਸੀਂ ਤਾਂ ਤਿਆਰ ਦਾਦੀ,

Downloaded from https:// www.studiestoday.com

Downloaded from https:// www.studiestoday.com



ਮਾਰ ਗੰਢ ਮਾਰ।

ਵਿੱਕੀ : ਸਾਨੂੰ ਨਾ ਡਰਾ ਦਾਦੀ,
ਮੰਦਾ ਇਹ ਹਥਿਆਰ।

ਰਿੱਕੀ : ਬੋਲ, ਬੋਲ, ਬੋਲ, ਦਾਦੀ, ਹੁਣ ਕੁਝ ਬੋਲ,

ਰਾਜੂ : ਆਪੇ ਗੰਦ ਮਾਰ ਦਾਦੀ, ਆਪੇ ਗੰਦ ਖੋਲ੍ਹ।

ਦਾਦੀ : ਡੈਣਾਂ ਤੇ ਚੁੜੇਲਾਂ ਵਾਲ਼ੀ ਗੱਲ ਹੁਣ ਰੁਲ਼ ਗਈ।

ਸਾਰੇ : ਗੱਲ ਹੁਣ ਰੁਲ਼ ਗਈ।

ਦੀਪੀ : ਫੋਕੇ ਵਹਿਮਾਂ ਵਾਲ਼ੀ ਗਾਥਾ, ਹੁਣ ਸਾਨੂੰ ਭੁੱਲ ਗਈ।

ਸਾਰੇ : ਹੁਣ ਸਾਨੂੰ ਭੁੱਲ ਗਈ।

ਦੀਪੀ : ਇਹ ਗੰਢ ਖੁੱਲ੍ਹ ਗਈ ਜੀ, ਇਹ ਗੰਢ ਖੁੱਲ੍ਹ ਗਈ।

ਸਾਰੇ : ਇਹ ਗੰਢ ਖੁੱਲ੍ਹ ਗਈ ਜੀ, ਇਹ ਗੰਢ ਖੁੱਲ੍ਹ ਗਈ।

ਰਾਜੂ : ਇਹ ਗੰਦ ਖੁੱਲ੍ਹ ਦਈ ਜੀ, ਇਹ ਗੰਦ ਖੁੱਲ੍ਹ ਦਈ।
(ਦਾਦੀ ਦੁਖੀ ਹੋ ਕੇ ਮੰਜੇ 'ਤੇ ਬੈਠੀ ਹੈ। ਦੀਪੀ ਹੌਲ਼ੀ-ਹੌਲ਼ੀ ਉਸ ਕੋਲ਼ ਜਾਂਦੀ ਹੈ, ਥੱਲੇ ਬੈਠ ਕੇ ਦਾਦੀ ਦੇ ਗੋਡਿਆਂ 'ਤੇ ਸਿਰ ਰੱਖ ਕੇ ਬੋਲਦੀ ਹੈ।)

ਦੀਪੀ : ਤੂੰ ਤਾਂ ਪਿਆਰੀ-ਪਿਆਰੀ ਦਾਦੀ,
ਸਾਡੀ ਸਤਿਕਾਰੀ ਦਾਦੀ,
ਦੁਖੀ ਕਾਹਨੂੰ ਹੁੰਦੀ ਏਂ?
ਅਸੀਂ ਤੇਰੇ ਬਾਲ ਹਾਂ।
ਵਹਿਮ ਕਾਹਨੂੰ ਕਰਦੀ ਏਂ?
ਅਸੀਂ ਤੇਰੇ ਨਾਲ਼ ਹਾਂ।
ਤੇਰੀ ਸੇਵਾ ਕਰਾਂਗੇ,
ਅਸੀਂ ਤੇਰੇ ਨਾਲ਼ ਹਾਂ।
ਸਾਡੇ ਪਿਆਰੇ-ਪਿਆਰੇ,

ਸਾਰੇ : ਦਾਦੀ ਜੀ।

ਦੀਪੀ : ਸਾਡੇ ਸਤਿਕਾਰੇ,

ਸਾਰੇ : ਦਾਦੀ ਜੀ।

ਦੀਪੀ : ਸਾਡੇ ਪਿਆਰੇ-ਪਿਆਰੇ,

ਸਾਰੇ : ਦਾਦੀ ਜੀ।

Downloaded from https:// www.studiestoday.com

Downloaded from https:// www.studiestoday.com



**ਸ਼ਬਦ-ਅਰਥ**

**ਇਆਣੀ** - ਛੋਟੀ ਉਮਰ ਦੀ ਬੱਚੀ। **ਆਚਾਰ** - ਵਰਤੋਂ, ਵਿਹਾਰ। **ਪੁਆੜੇ** - ਲੜਾਈ-ਝਗੜੇ। **ਈਮਾਨ** - ਵਿਸ਼ਵਾਸ, ਸਚਾਈ। **ਦੁਸ਼ਵਾਰ** - ਮੁਸ਼ਕਲ, ਔਖਾ, ਕਠਨ। ਬੌਲ਼ੇ - ਕਮਲ਼ੇ।

**ਪਾਠ-ਅਭਿਆਸ**

1. ਹੇਠ ਲਿਖੇ ਵਾਰਤਾਲਾਪ-ਅੰਸ਼ਾਂ ਨੂੰ ਧਿਆਨ ਨਾਲ਼ ਪੜ੍ਹੋ ਅਤੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ :

ੳ. ''ਠਹਿਰੋ, ਰੁੜ੍ਹ-ਪੁੜ੍ਹ ਜਾਣਿਓਂ, ਐਧਰ ਆਓ।
ਠਹਿਰੋ ਖਸਮਾਂ ਖਾਣਿਓਂ, ਐਧਰ ਆਓ।
ਹੱਸਦੇ ਹੋ? ਕੁਝ ਸ਼ਰਮ ਕਰੋ।
ਕਲਜੁਗ ਦਿਓ ਨਿਆਣਿਓ, ਐਧਰ ਆਓ।
ਮਾਂਵਾਂ ਅੱਗੇ ਨੱਸਦੇ ਹੋ? ਕੁਝ ਸ਼ਰਮ ਕਰੋ,
ਠਹਿਰੋ, ਰੁੜ੍ਹ-ਪੁੜ੍ਹ ਜਾਣਿਓ, ਐਧਰ ਆਓ।
ਅੱਛਾ ਬਾਬਾ, ਮੈਂ ਹਾਰੀ।''
''ਇਆਣੀ ਯਾਰੀ ਸਦਾ ਖ਼ੁਆਰੀ,
ਤੁਹਾਡੇ ਮਾਂ-ਪਿਓ ਨੂੰ ਦੱਸੂੰਗੀ।
ਪਰ ਲਗਾਮਾਂ ਕੱਸੂੰਗੀ।''

1. ਇਹ ਵਾਰਤਾਲਾਪ ਕੌਣ ਕਿਸ ਨੂੰ ਬੋਲਦਾ ਹੈ?
2. ਬੱਚਿਆਂ ਦੀ ਦਾਦੀ ਬੱਚਿਆਂ ਨੂੰ ਕਲਜੁਗ ਦੇ ਨਿਆਣੇ ਕਿਉਂ ਕਹਿੰਦੀ ਹੈ?
3. ਦਾਦੀ ਬੱਚਿਆਂ ਨੂੰ ਕਿਸ ਗੱਲ ਦਾ ਡਰਾਵਾ ਦਿੰਦੀ ਹੈ?

ਅ. ''....ਭੂਤ ਦੀ ਧੀ, ਚੰਦਰਮੁਖੀ,
ਭਾਵੇਂ ਸੋਹਣੀ ਪਰ ਬਹੁਤ ਦੁਖੀ।
ਭੂਤ ਜਦੋਂ ਜਾਂਦਾ ਸੀ ਬਾਹਰ,
ਉਹਦੇ ਟੁਕੜੇ ਕਰੇ ਹਜ਼ਾਰ।
ਜਦ ਆਵੇ ਉਹ ਵਾਪਸ ਘਰ,
ਟੁਕੜੇ 'ਕੱਠੇ ਲੈਂਦਾ ਕਰ।
ਰੋਜ਼ ਸ਼ਾਮ ਨੂੰ ਜਿਊਂਦੀ ਧੀ,
ਰੋਜ਼ ਸਵੇਰੇ ਜਾਂਦੀ ਮਰ।''

1. ਭੂਤ ਦੀ ਧੀ ਦਾ ਨਾਂ ਕੀ ਸੀ ਅਤੇ ਉਹ ਕਿਹੋ-ਜਿਹੀ ਸੀ?
2. ਇਹ ਕਹਾਣੀ ਬੱਚਿਆਂ ਨੂੰ ਕੌਣ ਸੁਣਾਉਂਦਾ ਹੈ?

Downloaded from https:// www.studiestoday.com

Downloaded from https:// www.studiestoday.com



3. ਭੂਤ ਘਰੋਂ ਬਾਹਰ ਜਾਣ ਵੇਲ਼ੇ ਕੀ ਕਰਦਾ ਸੀ?

ੲ. ''ਸੁਣੋ ਫੇਰ।
ਇੱਕ ਵੇਲ਼ਾ ਸੀ ਜਦ ਲੋਕੀਂ ਪੈਦਲ,
ਦੂਰ-ਦੂਰ ਤੱਕ ਜਾਂਦੇ ਸਨ।
ਮਿਲ਼ਨ-ਗਿਲ਼ਨ ਲਈ ਜਦੋਂ ਨਿਕਲ਼ਦੇ,
ਮਹੀਨਿਆਂ ਬਾਅਦ ਉਹ ਆਉਂਦੇ ਸਨ।
ਬਿੱਲੀ ਰਸਤਾ ਕੱਟ ਗਈ ਜਾਂ,
ਅਵਾਜ਼ ਪਿੱਛੋਂ ਦੀ ਲੱਗ ਗਈ ਏ।
ਲੰਬੜ ਮੱਥੇ ਲੱਗ ਗਿਆ ਏ,
ਜਾਂ ਨਿੱਛ ਮਗਰੋਂ ਵੱਜ ਗਈ ਏ,
ਇਹ ਤਾਂ ਨਿਰੇ ਬਹਾਨੇ ਸਨ।''

1. ਇਹ ਸ਼ਬਦ ਕੌਣ, ਕਿਸ ਨੂੰ ਕਹਿੰਦਾ ਹੈ?
2. ਪਹਿਲਾਂ ਲੋਕੀਂ ਰਿਸ਼ਤੇਦਾਰਾਂ ਕੋਲ਼ ਕਿਸ ਤਰ੍ਹਾਂ ਜਾਂਦੇ ਸਨ ਅਤੇ ਕਿੰਨੀ ਕੁ ਦੇਰ ਬਾਅਦ ਮੁੜਿਆ ਕਰਦੇ ਸਨ?
3. ਮੈਡਮ ਕਿਹੜੇ ਵਹਿਮਾਂ-ਭਰਮਾਂ ਦਾ ਜ਼ਿਕਰ ਕਰਦੀ ਹੈ, ਕਿਉਂ?

ਸ. ਹੇਠ ਲਿਖੇ ਪਾਤਰਾਂ ਦਾ ਪਾਤਰ-ਚਿਤਰਨ ਕਰੋ?
1. ਦਾਦੀ
2. ਮੈਡਮ
3. ਮਦਾਰੀ।

* * * * *

Downloaded from https:// www.studiestoday.com

Downloaded from https:// www.studiestoday.com

# ਪਾਲੀ ਭੁਪਿੰਦਰ ਸਿੰਘ

(1965)

**ਲੇਖਕ ਬਾਰੇ :**

ਪਾਲੀ ਭੁਪਿੰਦਰ ਦਾ ਜਨਮ 6 ਸਤੰਬਰ, 1965 ਈ : ਨੂੰ ਮਾਤਾ ਸ੍ਰੀਮਤੀ ਚੰਦਰਾਵਲ ਕੌਰ ਅਤੇ ਪਿਤਾ ਸ. ਵਿਸਾਖਾ ਸਿੰਘ ਦੇ ਘਰ ਪਿੰਡ ਜੈਤੋ ਮੰਡੀ, ਫ਼ਰੀਦਕੋਟ ਵਿਖੇ ਹੋਇਆ। ਉਹਨਾਂ ਨੇ ਐੱਮ.ਏ., ਪੀ-ਐਚ. ਡੀ. (ਪੰਜਾਬੀ), ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਕੀਤੀ। ਇਸ ਸਮੇਂ ਉਹ ਡੀ.ਐੱਮ. ਕਾਲਜ, ਮੋਗਾ ਵਿਖੇ ਲੈਕਚਰਾਰ ਦੀ ਡਿਊਟੀ ਨਿਭਾ ਰਹੇ ਹਨ।

ਪਾਲੀ ਭੁਪਿੰਦਰ ਨੇ ਲਗ-ਪਗ 30 ਪੂਰੇ ਨਾਟਕ ਅਤੇ ਇਕਾਂਗੀ: 'ਕੀ ਤੁਹਾਨੂੰ ਕੋਈ ਚੀਖ਼ ਸੁਣਾਈ ਨਹੀਂ ਦੇ ਰਹੀ', 'ਉਸਨੂੰ ਕਹੀਂ', 'ਫੁੱਲਾਂ ਨੂੰ ਕਿਤਾਬਾਂ ਵਿੱਚ ਨਾ ਰੱਖੋ' (ਬਾਲ-ਨਾਟਕ), 'ਇਡੀਪਸ', 'ਤੁਹਾਨੂੰ ਕਿਹੜਾ ਰੰਗ ਪਸੰਦ ਹੈ', 'ਚੰਦਨ ਦੇ ਉਹਲੇ', 'ਘਰ-ਘਰ', 'ਇਸ ਚੌਂਕ ਤੋਂ ਸ਼ਹਿਰ ਦਿਸਦਾ ਹੈ' ਲੋਕ ਨਾਟਕ-'ਮਿੱਟੀ ਦਾ ਬਾਵਾ', ਅਤੇ 'ਸਿਰਜਨਾ' ਆਦਿ ਲਿਖੇ ਹਨ।

ਉਹਨਾਂ ਨੇ 'ਵਿਸ਼ਵ ਨਾਟਕ ਅਤੇ ਨਾਟ-ਚਿੰਤਨ' ਅਤੇ 'ਪੰਜਾਬੀ ਨਾਟਕ ਅਤੇ ਨਾਟ-ਚਿੰਤਨ', ਦੋ ਆਲੋਚਨਾ ਦੀਆਂ ਪੁਸਤਕਾਂ ਵੀ ਲਿਖੀਆਂ ਹਨ।

'ਪੰਜਾਬੀ ਸਾਹਿਤ ਅਕਾਦਮੀ' ਲੁਧਿਆਣਾ ਨੇ 'ਕਰਤਾਰ ਸਿੰਘ ਧਾਲੀਵਾਲ' ਯੁਵਾ ਪੁਰਸਕਾਰ ਦੇ ਕੇ ਆਪ ਨੂੰ ਪੁਰਸਕ੍ਰਿਤ ਕੀਤਾ। ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ 1992 ਈ : ਵਿੱਚ 'ਈਸ਼ਵਰ ਚੰਦਰ ਨੰਦਾ' ਐਵਾਰਡ ਨਾਲ਼ ਸਨਮਾਨਿਤ ਕੀਤਾ ਹੈ।

ਹਥਲੀ ਪਾਠ-ਪੁਸਤਕ ਵਿੱਚ ਪਾਲੀ ਭੁਪਿੰਦਰ ਦਾ ਇਕਾਂਗੀ 'ਸਿਰਜਣਾ' ਸ਼ਾਮਲ ਕੀਤਾ ਗਿਆ ਹੈ।

**ਇਕਾਂਗੀ ਬਾਰੇ :**

'ਸਿਰਜਣਾ' ਇਕਾਂਗੀ ਵਿੱਚ ਸਿਰਜਣਾ ਦੀ ਸੱਸ 'ਬੀਜੀ' ਉਸ ਨੂੰ ਇੱਕ ਕਲੀਨਿਕ ਵਿੱਚ ਚੈੱਕ ਕਰਵਾਉਣ ਲੈ ਕੇ ਜਾਂਦੀ ਹੈ। ਜਿਸ ਦੇ ਬੱਚਾ ਹੋਣ ਵਾਲ਼ਾ ਹੈ। ਸਿਰਜਨਾ ਦੇ ਪਹਿਲਾਂ ਵੀ ਇੱਕ ਲੜਕੀ ਹੈ। ਮਾਸੀ ਕਲੀਨਿਕ ਵਿੱਚ ਸਫ਼ਾਈ-ਸੇਵਕਾ ਹੈ। ਸਿਰਜਨਾ ਦਾ ਪਤੀ ਕੁਲਦੀਪ ਉਸ ਵੇਲ਼ੇ ਦਫ਼ਤਰ ਆਪਣੀ ਡਿਊਟੀ 'ਤੇ ਹੈ। ਬੀਜੀ,



Downloaded from https:// www.studiestoday.com

Downloaded from https:// www.studiestoday.com



ਪਰਿਵਾਰ ਦੀ ਜੱਦੀ ਜਾਇਦਾਦ ਚਾਲ਼ੀ ਕਿੱਲੇ ਪੈਲ਼ੀ ਦਾ ਵਾਰਸ ਬਣਾਉਣ ਲਈ ਪੁੱਤਰ ਦੀ ਲੋਚਾ ਰੱਖਦੀ ਹੈ। ਉਸ ਦੀ ਪ੍ਰਬਲ ਇੱਛਾ ਸਿਰਜਨਾ ਦੀ ਕੁੱਖੋਂ ਮੁੰਡਾ ਜੰਮਣ ਦੀ ਹੈ, ਨਹੀਂ ਤਾਂ ਨਾ ਹੀ ਜੰਮੇ। ਡਾਕਟਰ ਨੂੰ ਸਿਰਜਨਾ ਆਪਣਾ ਦੁਖੜਾ ਦੱਸਦੀ ਹੈ ਤੇ ਕੁਝ ਵੀ ਅਮਾਨਵੀ ਕਿਰਿਆ ਕਰਨ 'ਤੇ ਬਜ਼ਿੱਦ ਰਹਿੰਦੀ ਹੈ। ਸੱਸ ਨੂੰਹ ਦੀ ਵਾਰਤਾਲਾਪ ਦੌਰਾਨ ਕੁਲਦੀਪ ਵੀ ਦੁਚਿੱਤੀ 'ਚ ਡੁੱਬਿਆ, ਆਖ਼ਰ ਆਪਣੀ ਘਰਵਾਲ਼ੀ ਦਾ ਸਾਥ ਦਿੰਦਾ ਹੈ। ਡਾਕਟਰ ਵੀ ਸਕੈਨਿੰਗ ਕਰਨ ਤੋਂ ਇਨਕਾਰ ਕਰ ਦਿੰਦੀ ਹੈ। ਇੰਞ ਇਹ ਇਕਾਂਗੀ ਪੁੱਤਰ-ਧੀ ਦੇ ਅੰਤਰ ਨੂੰ ਮੇਟਦਾ, ਸਮਾਜ ਦੀ ਸਿਰਜਨਾ ਕਰਨ ਵਿੱਚ ਇੱਕ ਨਵੀਂ ਰੋਸ਼ਨੀ ਦਾ ਸੁਨੇਹਾ ਦਿੰਦਾ ਹੈ। ਕਲੀਨਿਕ ਤੋਂ ਸਿਰਜਣਾ ਤੇ ਕੁਲਦੀਪ ਇੱਕ ਵੱਡੀ ਜਿੱਤ ਵਰਗੀ ਖ਼ੁਸ਼ੀ ਨਾਲ਼ ਬਾਹਰ ਆਉਂਦੇ ਹਨ ਤੇ ਡਾਕਟਰ ਵੀ ਬਾਹਰੋਂ ਠੰਢੀ ਹਵਾ ਆਉਂਦੀ ਮਹਿਸੂਸ ਕਰਦੀ ਹੈ।

******

Downloaded from https:// www.studiestoday.com

Downloaded from https:// www.studiestoday.com

# ਸਿਰਜਣਾ

*ਪਾਲੀ ਭੁਪਿੰਦਰ ਸਿੰਘ*

**ਪਾਤਰ :**

ਸਿਰਜਨਾ : ਉਮਰ 28-29 ਵਰ੍ਹੇ
ਕੁਲਦੀਪ : ਉਸ ਦਾ ਪਤੀ
ਬੀਜੀ : ਉਸ ਦੀ ਸੱਸ
ਮਾਸੀ : ਹਸਪਤਾਲ ਵਿੱਚ ਸਫ਼ਾਈ-ਸੇਵਕਾ
ਡਾਕਟਰਨੀ ਅਤੇ ਦੋ ਨਰਸਾਂ:

(ਕਲੀਨਿਕ ਦਾ ਅੰਦਰਲਾ ਦ੍ਰਿਸ਼। ਮਾਸੀ ਤੇਜ਼-ਤੇਜ਼ ਹੱਥ ਚਲਾਉਂਦੀ ਹੋਈ ਸਫ਼ਾਈ ਕਰ ਰਹੀ ਹੈ। ਦਰਵਾਜ਼ਾ ਖੁੱਲ੍ਹਦਾ ਹੈ। ਬੀਜੀ ਅਤੇ ਸਿਰਜਨਾ ਅੰਦਰ ਆਉਂਦੀਆਂ ਹਨ।)

ਬੀਜੀ : (ਮਾਸੀ ਨੂੰ) ਡਾਕਟਰ ਸਾਹਿਬ ਨਹੀਂ ਆਏ ਹਾਲੇ?

ਮਾਸੀ : (ਥੋੜ੍ਹਾ ਤਲਖ਼ੀ ਨਾਲ਼) ਸਫ਼ਾਈ ਚੱਲਦੀ ਪਈ ਐ, 'ਦਿਸਦਾ ਨਹੀਂ ਤੁਹਾਨੂੰ। ਤੁਸੀ ਜੁੱਤੀਆਂ ਲੈ ਕੇ ਅੰਦਰ ਆ ਗਏ। ਸਾਰੇ ਪੈਰਾਂ ਦੇ ਛਾਪੇ ਲੱਗ ਜਾਣਗੇ। ਫੇਰ ਡਾਕਟਰ ਸਾਹਿਬ ਆ ਕੇ ਮੈਨੂੰ ਝਿੜਕਾਂ ਦੇਣਗੇ।' ਪਰੇਸ਼ਨ ਠੇਟਰ 'ਚ ਐ। ਆ ਜਾਂਦੇ ਹੈਗੇ।

(ਕਾਹਲ਼ੀ ਨਾਲ਼ ਬਹੁਕਰ ਲੈ ਕੇ ਚਲੀ ਜਾਂਦੀ ਹੈ। ਬੀਜੀ ਬੜੇ ਗ਼ੁੱਸੇ ਨਾਲ਼ ਉਸ ਨੂੰ ਜਾਂਦੀ ਨੂੰ ਵੇਖਦੀ ਹੈ)

ਬੀਜੀ : ਬੜੀ ਬਦਤਮੀਜ਼ ਹੈ, ਬੋਲਦੀ ਕਿੱਦਾਂ ਐ ਇਹ!

(ਨਰਸ ਆਉਂਦੀ ਹੈ)

ਨਰਸ : ਬੋਲਣ ਵਿੱਚ ਈ ਐਦਾਂ ਦੀ ਐ। ਉਂਝ ਦਿਲ ਦੀ ਚੰਗੀ ਹੈ। ਬੈਠੋ ਤੁਸੀਂ, ਡਾਕਟਰ ਸਾਹਿਬ ਆਉਣ ਹੀ ਵਾਲ਼ੇ ਨੇ। ਅਲਟਰਾਸਾਊਂਡ ਲਈ ਆਏ ਹੋ?

ਬੀਜੀ : ਹਾਂ, ਪਰ ਜੇ ਲੋੜ ਹੋਈ ਤਾਂ ਅਗਾਂਹ ਵੀ ਕੁਝ ਕਰਾਂਗੇ।

ਨਰਸ : (ਮੁਸਕਰਾ ਕੇ) ਲੋੜ ਹੋਈ ਤਾਂ? ਕੀ ਮਤਲਬ ਤੁਹਾਡਾ?

ਬੀਜੀ : (ਲਾਪਰਵਾਹੀ ਨਾਲ਼) ਮਤਲਬ ਜੇ ਕੁੜੀ ਹੋਈ ਤਾਂ ਅਗਾਂਹ ਵੀ ਕੁਝ ਕਰਨਾ ਈ ਪਊ। ਇੱਕ ਹੈਗੀ, ਜੇ ਦੂਜੀ ਵੀ ਕੁੜੀ ਹੋਈ ਤਾਂ ਨਹੀਂ ਰੱਖਣੀ ਅਸੀਂ।



Downloaded from https:// www.studiestoday.com

Downloaded from https:// www.studiestoday.com



| | | |
|---|---|---|
| ਸਿਰਜਨਾ | : | (ਡਰ ਕੇ) ਬੀਜੀ ! ਇਹ ਤੁਸੀਂ ਕੀ ਕਹਿ ਰਹੇ ਹੋ? ਇਹ ਪਾਪ ਹੈ। ਇਹ ਠੀਕ ਨਹੀਂ ਹੈ। |
| ਬੀਜੀ | : | ਕੀ ਠੀਕ ਹੈ ਤੇ ਕੀ ਨਹੀਂ। ਤੇਰੇ ਨਾਲ਼ੋਂ ਜ਼ਿਆਦਾ ਪਤੈ ਮੈਨੂੰ। |
| ਸਿਰਜਨਾ | : | ਪਰ ਕੀ ਫ਼ਰਕ ਪੈ ਜਾਏਗਾ ਜੇ ਲੜਕੀ ਹੋਏਗੀ ਤਾਂ? |
| ਬੀਜੀ | : | ਚਾਲ਼ੀ। ਪੂਰੇ ਚਾਲ਼ੀ ਕਿੱਲੇ ਪੈਲ਼ੀ ਐ ਤੇ ਸ਼ੈੱਲਰ। ਜਾਨ ਮਾਰਕੇ ਬਚਾਏ ਐ ਮੈਂ, ਸ਼ਰੀਕਾਂ ਤੋਂ ਹੁਣ ਤੱਕ। ਇਹਨਾਂ ਨੂੰ ਸੰਭਾਲਣ ਵਾਲ਼ਾ ਚਾਹੀਦੈ ਮੈਨੂੰ। ਨਾਲ਼ੇ ਅੱਗੇ ਬੈਠੀ ਨੀਂ, ਛਾਤੀ 'ਤੇ ਇੱਕ। ਦਾਜ ਵਿੱਚ ਨਹੀਂ ਦੇਣੇ, ਤੇਰੀਆਂ ਧੀਆਂ ਦੇ ਮੈਂ। ਸਮਝੀ ਨਾ।<br>(ਅਚਾਨਕ ਪਾਣੀ ਲੈ ਕੇ ਮਾਸੀ ਆਉਂਦੀ ਹੈ। ਦੋਵੇਂ ਚੁੱਪ ਕਰ ਜਾਂਦੀਆਂ ਹਨ ਪਰ ਮਾਸੀ ਸਭ ਸਮਝਦੀ ਹੈ। ਦੋਵੇਂ ਅਣ-ਮੰਨੇ ਮਨ ਨਾਲ਼ ਪਾਣੀ ਪੀਂਦੀਆਂ ਹਨ।) |
| ਬੀਜੀ | : | ਮੈਂ ਪਤਾ ਕਰਦੀ ਆਂ, ਜੇ ਲੈਬ ਵਾਲ਼ਾ ਆ ਗਿਆ ਹੋਵੇ ਤਾਂ। ਜੇ ਡਾਕਟਰ ਸਾਹਿਬ ਪਹਿਲਾਂ ਆ ਜਾਣ ਤਾਂ ਤੂੰ ਚਲੀ ਜਾਈਂ ਸਕੈਨਿੰਗ ਨੂੰ। (ਦਰਵਾਜ਼ੇ ਵਿੱਚ ਪਹੁੰਚ ਕੇ) ਨਾ ਇਹ ਰੋਣ ਵਰਗਾ ਮੂੰਹ ਬਣਾ ਕੇ ਕੀ ਬੈਠੀ ਐਂ? ਹਾਲੇ ਕਿਹੜਾ ਪਤਾ ਲੱਗ ਗਿਆ, ਕੀ ਐ। ਸਕੈਨਿੰਗ ਤਾਂ ਹੋ ਲੈਣ ਦੇ। ਹੋ ਸਕਦੈ ਲੋੜ ਈ ਨਾ ਪਵੇ।<br>(ਬੁੜ-ਬੁੜ ਕਰਦੀ ਜਾਂਦੀ ਹੈ। ਸਿਰਜਨਾ ਬੁਰੀ ਤਰ੍ਹਾਂ ਪਰੇਸ਼ਾਨ ਹੈ। ਮਾਸੀ ਉਸ ਦੀ ਪਰੇਸ਼ਾਨੀ ਨੂੰ ਸਮਝਦੀ ਹੈ। ਗਲਾਸ ਲੈ ਕੇ ਜਾਂਦੀ ਹੈ। ਉਸ ਦੇ ਜਾਂਦਿਆਂ ਹੀ ਸਿਰਜਨਾ ਆਪਣਾ ਮੋਬਾਈਲ ਕੱਢਕੇ ਆਪਣੇ ਪਤੀ ਕੁਲਦੀਪ ਦਾ ਨੰਬਰ ਡਾਇਲ ਕਰਦੀ ਹੈ। ਅੱਗੋਂ ਕੁਲਦੀਪ ਦੀ ਅਵਾਜ਼ ਆਉਂਦੀ ਹੈ) |
| ਕੁਲਦੀਪ | : | (ਅਵਾਜ਼) ਹੈਲੋ! |
| ਸਿਰਜਨਾ | : | ਹੈਲੋ! ਦੀਪ ਮੈਂ ਸਿਰਜਨਾ। ਦੀਪ, ਬੀਜੀ ਮੈਨੂੰ ਕਲੀਨਿਕ 'ਤੇ ਲੈ ਆਏ ਨੇ, ਸਕੈਨਿੰਗ ਲਈ। ਉਹ ਕਹਿ ਰਹੇ ਨੇ ਜੇ ਲੜਕੀ ਹੋਈ ਤਾਂ. . . . . . . |
| ਕੁਲਦੀਪ | : | ਓਹੋ! ਤੂੰ ਇੰਨੀ ਕੁ ਗੱਲ ਲਈ ਮੈਨੂੰ ਫ਼ੋਨ ਕਰ ਦਿੱਤਾ? ਤੈਨੂੰ ਪਤੈ, ਆਫ਼ਿਸ ਵਿੱਚ ਕਿੰਨੀ ਜ਼ਰੂਰੀ ਮੀਟਿੰਗ ਚੱਲ ਰਹੀ ਹੈ। ਨਾਲ਼ੇ ਜੇ ਬੀਜੀ ਕਹਿ ਰਹੇ ਨੇ ਤਾਂ ਠੀਕ ਹੀ ਕਹਿ ਰਹੇ ਹੋਣਗੇ। ਤੂੰ ਕਰ ਲੈ, ਜਿਵੇਂ ਉਹ ਕਹਿੰਦੇ ਨੇ, ਮੈਂ ਬਿਜ਼ੀ ਹਾਂ ਇਸ ਵੇਲ਼ੇ।<br>(ਅਚਾਨਕ ਹੀ ਫ਼ੋਨ ਕੱਟ ਦਿੰਦਾ ਹੈ। ਸਿਰਜਨਾ ਨੂੰ ਧੱਕਾ ਲੱਗਦਾ |

Downloaded from https:// www.studiestoday.com

Downloaded from https:// www.studiestoday.com



ਹੈ। ਉਸ ਨੂੰ ਦੀਪ ਤੋਂ ਇਸ ਤਰ੍ਹਾਂ ਦੇ ਵਿਹਾਰ ਦੀ ਉਮੀਦ ਨਹੀਂ ਸੀ। ਦੂਜਾ ਧੱਕਾ ਇਹ ਜਾਣਕੇ ਲੱਗਦਾ ਹੈ ਕਿ ਉਸ ਦੀ ਇਹ ਗੱਲ ਬੀਜੀ ਨੇ ਸੁਣ ਲਈ ਹੈ।)

ਬੀਜੀ : ਜਦੋਂ ਮੈਂ ਕਹਿ 'ਤਾ ਸੀ, ਫੇਰ ਕੀ ਲੋੜ ਸੀ ਦੀਪੇ ਨੂੰ ਫ਼ੋਨ ਕਰਨ ਦੀ?

ਸਿਰਜਨਾ : ਉਹ ਮੇਰੇ ਜੀਵਨ ਸਾਥੀ ਨੇ ਬੀਜੀ! ਕੀ ਇਹੋ-ਜਿਹੇ ਮਾਮਲਿਆਂ 'ਤੇ ਸਲਾਹ ਵੀ ਨਹੀਂ ਕਰ ਸਕਦੀ ਮੈਂ ਉਹਨਾਂ ਨਾਲ਼?

ਬੀਜੀ : ਤੇ ਮੇਰੀ ਸਲਾਹ ਕੋਈ ਮਾਅਨੇ ਨਹੀਂ ਰੱਖਦੀ, ਐਹੋ-ਜਿਹੇ ਮਾਮਲਿਆਂ 'ਤੇ? ਭੌਂਕਦੀ ਆਂ ਮੈਂ ਕਿ ਗੋਲੀ ਰੱਖੀ ਆਂ ਤੁਹਾਡੀ? ਤੇਰੀ ਪਹਿਲਾਂ ਸਹਿਣ ਕਰ ਲੀ, ਉਹ ਥੋੜ੍ਹੀ ਐ, ਜੋ ਤੂੰ ਹੋਰ ਮੜ੍ਹਨ ਨੂੰ ਫਿਰਦੀ ਐਂ ਮੇਰੇ ਮੱਥੇ।

ਸਿਰਜਨਾ : ਮੱਥੇ ਵਿੱਚ ਤਾਂ ਉਹੀ ਮੜ੍ਹਿਆ ਜਾਣੈ ਬੀਜੀ ਜੋ ਕੁਦਰਤ ਚਾਹੇਗੀ।

ਬੀਜੀ : ਇਹ ਤੂੰ ਮੇਰੇ 'ਤੇ ਛੱਡ ਦੇ। ਇਸੇ ਲਈ ਤਾਂ ਡਾਕਟਰ ਦੇ ਲੈ ਕੇ ਆਈ ਆਂ ਤੈਨੂੰ।

ਸਿਰਜਨਾ : ਪਰ ਇਸ ਗੱਲ ਦੀ ਕੀ ਗਰੰਟੀ ਐ ਬੀਜੀ ਕਿ ਅਗਲੀ ਵਾਰ ਮੁੰਡਾ ਹੀ ਹੋਊਗਾ? ਜੇ ਫੇਰ ਕੁੜੀ ਹੋਈ ਤਾਂ ਕੀ ਕਰੋਗੇ?

ਬੀਜੀ : ਫੇਰ ਦੀ ਫੇਰ ਵੇਖੀ ਜਾਊ।

ਸਿਰਜਨਾ : ਕਦੋਂ ਤੱਕ? ਫਿਰ ਕਦੋਂ ਤੱਕ ਚੱਲਦੇ ਰਹਿਣਗੇ ਇਹ ਪ੍ਰਯੋਗ?

ਬੀਜੀ : ਜਦੋਂ ਤੱਕ ਮੈਨੂੰ ਆਪਣੀ ਜ਼ਮੀਨ-ਜਾਇਦਾਦ ਦਾ ਵਾਰਸ ਨਹੀਂ ਮਿਲ਼ ਜਾਂਦਾ। ਵੇਖ ਬੀਬਾ! ਲੋੜ ਹੁੰਦੀ ਐ, ਬੰਦੇ ਦੀ। ਤੇ ਮੇਰੀ ਲੋੜ ਇਹੀ ਐ। ਵਾਰਸ ਚਾਹੀਦੈ ਮੈਨੂੰ ਆਪਣੀ ਪ੍ਰਾਪਰਟੀ ਦਾ ਪਰ ਜੇ ਤੈਨੂੰ ਸ਼ੌਕ ਐ ਧੀ ਦਾ ਤਾਂ ਹੋਰ ਘਰ ਵੇਖ ਲੈ। ਜੇ ਤੈਨੂੰ ਲਗਦੈ ਜ਼ਨਾਨੀ ਦਾ ਬਣ ਕੇ ਰਹੂਗਾ ਤੇਰਾ ਖ਼ਸਮ ਤਾਂ ਦੀਪੇ ਨੂੰ ਵੀ ਨਾਲ਼ ਈ ਲੈ ਜਾ ਭਾਵੇਂ। ਮੰਦਰ, ਗੁਰਦਵਾਰੇ ਦੇ ਨਾਂ ਲਾਉਣੀ ਮੰਜ਼ੂਰ ਐ ਮੈਨੂੰ। ਦਾਜ ਵਿੱਚ ਵੰਡਣ ਨੂੰ ਤਿਆਰ ਨੀ ਮੈਂ, ਜਾਨ ਮਾਰ ਕੇ ਜੋੜੀ ਜੈਦਾਦ ਤੇਰੀ ਧੀਆਂ ਦੇ। ਜੇ ਨਹੀਂ ਜੀਅ ਮੰਨਦਾ ਤੇਰਾ ਇਸ ਕੰਮ ਨੂੰ ਤਾਂ ਤੁਰ ਜਾ, ਜਿੱਥੋਂ ਆਈ ਐਂ। ਮੇਰੇ ਘਰ ਰਹਿ ਕੇ ਨੀ ਜੰਮ ਸਕਦੀ ਤੂੰ ਇੱਕ ਹੋਰ ਪੱਥਰ।

(ਗੁੱਸੇ ਨਾਲ਼ ਝੋਲ਼ਾ ਚੁੱਕ ਕੇ ਚਲੀ ਜਾਂਦੀ ਹੈ। ਸਿਰਜਨਾ ਦਾ ਮਨ ਭਰ ਆਉਂਦਾ ਹੈ ਤੇ ਉਹ ਰੋ ਪੈਂਦੀ ਹੈ। ਡਾਕਟਰ ਆਉਂਦੀ ਹੈ)

Downloaded from https:// www.studiestoday.com

Downloaded from https:// www.studiestoday.com



ਡਾਕਟਰ : ਹੈਲੋ! (ਬੈਠਦੀ ਹੋਈ) ਸੌਰੀ! ਤੁਹਾਨੂੰ ਵੇਟ ਕਰਨੀ ਪਈ। ਸਕੈਨਿੰਗ ਲਈ ਆਏ ਹੋ?

ਸਿਰਜਨਾ : (ਆਪਣੇ-ਆਪ ਨੂੰ ਸੰਭਾਲ਼ਦੀ ਹੋਈ) ਜੀ ਡਾਕਟਰ ਸਾਹਿਬ। ਸਵੇਰੇ ਫ਼ੋਨ ਤੇ ਗੱਲ ਹੋਈ ਸੀ ਤੁਹਾਡੇ ਨਾਲ਼।

ਡਾਕਟਰ : ਹਾਂ-ਹਾਂ। ਮੈਨੂੰ ਯਾਦ ਹੈ ਪਰ ਮੈਨੂੰ ਇੱਕ ਗੱਲ ਦੱਸੋ ਸਿਰਜਨਾ ਜੀ ਤੁਸੀਂ ਪੜ੍ਹੇ-ਲਿਖੇ ਹੋ। ਜੇ ਪੜ੍ਹੇ-ਲਿਖੇ ਲੋਕ ਵੀ ਇੱਦਾਂ ਹੀ ਫ਼ਰਕ ਕਰਨ ਲੱਗ ਪਏ ਕੁੜੀ-ਮੁੰਡੇ ਵਿੱਚ ਤਾਂ ਸਾਡੀ ਸੁਸਾਇਟੀ ਦਾ ਕੀ ਬਣੇਗਾ?

ਸਿਰਜਨਾ : ਤੁਸੀਂ ਵੀ ਤਾਂ ਪੜ੍ਹੇ ਲਿਖੇ ਹੋ ਡਾਕਟਰ ਸਾਹਿਬ ਪਰ ਤੁਸੀਂ .....।

ਡਾਕਟਰ : ਮੇਰਾ ਪ੍ਰੋਫੈਸ਼ਨ ਇਹ ਤਾਂ ਨਹੀਂ ਕਿ ਮੁੰਡੇ-ਕੁੜੀ ਦਾ .....।

ਸਿਰਜਨਾ : ਤੁਸੀਂ ਸਮਝਾ ਸਕਦੇ ਹੋ ਲੋਕਾਂ ਨੂੰ।

ਡਾਕਟਰ : ਕੌਣ ਸਮਝਦਾ ਹੈ? ਹੁਣ ਮੈਂ ਤੁਹਾਨੂੰ ਕਹਾਂ, ਇਹ ਗ਼ਲਤ ਹੈ, ਨਾ ਕਰੋ ਇਹ ਕੰਮ। ਤੁਸੀਂ ਮੰਨ ਲਓਗੇ? ਤੁਸੀਂ ਤਾਂ ਪੜ੍ਹੇ-ਲਿਖੇ ਵੀ ਹੋ।

ਸਿਰਜਨਾ : (ਉਦਾਸ ਹੋ ਜਾਂਦੀ ਹੈ) ਮੇਰੀ ਕੋਈ ਮਜ਼ਬੂਰੀ ਵੀ ਹੋ ਸਕਦੀ ਹੈ।

ਡਾਕਟਰ : (ਮੁਸਕਰਾਉਂਦੀ ਹੋਈ) ਅਜਿਹਾ ਹੀ ਹੁੰਦਾ ਹੈ ਮਿਸਿਜ਼ ਸਿਰਜਨਾ। ਅਨਪੜ੍ਹ ਲੋਕ ਤਾਂ ਸੋਚਦੇ ਵੀ ਨਹੀਂ ਅਜਿਹਾ ਕੰਮ ਕਰਵਾਉਣ ਲੱਗਿਆਂ। ਪੜ੍ਹੇ ਲਿਖੇ ਲੋਕ ਸੋਚਦੇ ਤਾਂ ਬਹੁਤ ਨੇ ਪਰ ਪਤਾ ਨਹੀਂ ਕਿਉਂ ਉਹ ਅਕਸਰ ਮਜ਼ਬੂਰ ਹੁੰਦੇ ਨੇ।

(ਦੁਚਿੱਤੀ ਵਿੱਚ ਪਈ ਸਿਰਜਨਾ ਪਰੇਸ਼ਾਨ ਹੋ ਜਾਂਦੀ ਹੈ। ਇੱਕ ਵਾਰ ਫੇਰ ਹੌਸਲਾ ਕਰਕੇ ਕੁਲਦੀਪ ਨੂੰ ਫ਼ੋਨ ਕਰਦੀ ਹੈ। ਫ਼ੋਨ 'ਤੇ ਦੀਪ ਦੀ ਅਵਾਜ਼ ਆਉਂਦੀ ਹੈ)

ਆਵਾਜ਼ : ਹੈਲੋ!

ਸਿਰਜਨਾ : ਹੈਲੋ, ਦੀਪ ਮੈਂ ਸਿਰਜਨਾ।

ਆਵਾਜ਼ : ਹਾਂ ਸਿਰਜਨਾ, ਕੀ ਹੋਇਆ, ਆਇਆ ਕੋਈ ਰਿਜ਼ਲਟ?

ਸਿਰਜਨਾ : ਨਹੀਂ ਦੀਪ, ਪਰ ਦੀਪ, ਬੀਜੀ ਜੋ ਕਰ ਰਹੇ ਨੇ, ਮੈਨੂੰ ਲੱਗਦੈ ਉਹ ਸਭ ਗ਼ਲਤ ਹੈ।

ਆਵਾਜ਼ : ਕੀ ਠੀਕ ਹੈ ਤੇ ਕੀ ਗ਼ਲਤ, ਬੀਜੀ ਤੇਰੇ ਨਾਲ਼ੋਂ ਜ਼ਿਆਦਾ ਜਾਣਦੇ ਨੇ, ਸਿਰਜਨਾ। ਦੁਨੀਆ ਦੇਖੀ ਹੋਈ ਹੈ ਉਹਨਾਂ ਸਾਰੀ।

Downloaded from https:// www.studiestoday.com

Downloaded from https:// www.studiestoday.com



ਸਿਰਜਨਾ : ਸਿਰਫ਼ ਬਾਹਰ ਦੀ ਦੁਨੀਆ ਦੀਪ ! ਪਰ ਇਹ ਜੋ ਕੁਝ ਵਾਪਰ ਰਿਹਾ ਹੈ, ਬਾਹਰ ਦੀ ਦੁਨੀਆ ਵਿੱਚ ਨਹੀਂ, ਮੇਰੇ ਅੰਦਰ ਦੀ ਦੁਨੀਆ ਵਿੱਚ ਵਾਪਰ ਰਿਹਾ ਹੈ। ਜਦੋਂ ਦੀ ਮੇਰੀ ਕੁੱਖ ਅੰਦਰ ਉਹ ਕਰੂੰਬਲ ਫੁੱਟੀ ਹੈ, ਤੁਸੀਂ ਸੋਚ ਵੀ ਨਹੀਂ ਸਕਦੇ ਮੈਨੂੰ ਕਿੰਨ੍ਹਾਂ ਚੰਗਾ ਲੱਗ ਰਿਹੈ, ਮੈਨੂੰ ਲਗਦੈ ਮੈਂ ਇੱਕ ....... ਮੈਂ ਇੱਕ ਸਿਰਜਨਾ ਕਰ ਰਹੀ ਹਾਂ। ਮੈਨੂੰ ਆਪਣੇ ਔਰਤ ਹੋਣ ਦੇ ਅਰਥ ਮਹਿਸੂਸ ਹੋ ਰਹੇ ਹਨ।

ਆਵਾਜ਼ : ਲਓ! ਹੋ ਗਈ ਸ਼ੁਰੂ ਫੇਰ ਉਹੀ ਕਵਿਤਾ। ਗੱਲ ਤਾਂ ਸਿਰਫ਼ ਐਨੀ ਕੁ ਐ ਸਿਰਜਨਾ ਕਿ ਤੈਨੂੰ ਆਦਤ ਹੈ ਹਰ ਗੱਲ ਨੂੰ ਮਨ 'ਤੇ ਲਾਉਣ ਦੀ ਇਸੇ ਲਈ ਤੂੰ ਇਸ ਨਿੱਕੀ-ਜਿਹੀ ਗੱਲ ਨੂੰ ਮਨ 'ਤੇ ਲਾ ਕੇ ਬਹਿ ਗਈ ਹੈਂ।

ਸਿਰਜਨਾ : ਪਰ ਕਿਸੇ ਕੋਲੋਂ ਦੁਨੀਆ ਵਿੱਚ ਆਉਣ ਦਾ ਹੱਕ ਖੋਹ ਲੈਣਾ, ਸਿਰਫ਼ ਇਸੇ ਕਰਕੇ ਕਿ ਉਹ ਲੜਕੀ ਹੈ,ਇਹ ਕੋਈ ਨਿੱਕੀ ਗੱਲ ਤਾਂ ਨਹੀਂ, ਦੀਪ!

ਆਵਾਜ਼ : ਪਰ ਸਾਡੇ ਇੱਕ ਲੜਕੀ ਪਹਿਲਾਂ ਹੀ ਹੈ ਸਿਰਜਨਾ, ਬੀਜੀ ਦੀ ਟੈਂਸ਼ਨ ਬਿਲਕੁਲ ਜਾਇਜ਼ ਹੈ। ਐਨੀ ਜਾਇਦਾਦ ਹੈ, ਕੌਣ ਸਾਂਭੇਗਾ ਮੁੜਕੇ ਇਸ ਨੂੰ। ਮੈਨੂੰ ਪਤਾ ਹੈ ਸਿਰਜਨਾ ਕਿ ਇਹ ਠੀਕ ਨਹੀਂ ਹੈ ਪਰ ਇਹ ਪ੍ਰਾਪਰਟੀ-ਕਲਚਰ ਹੈ। ਇਸ ਵਿੱਚ ਇੰਝ ਹੀ ਹੁੰਦਾ ਹੈ। ਸੋ ਬੀਜੀ ਜਿਵੇਂ ਕਹਿੰਦੇ ਨੇ, ਤੂੰ ਉਵੇਂ ਕਰ ਲੈ। ਮੇਰੀ ਦਫ਼ਤਰ ਵਿੱਚ ਬਹੁਤ ਜ਼ਰੂਰੀ ਮੀਟਿੰਗ ਚੱਲ ਰਹੀ ਹੈ, ਆਪਾਂ ਬਾਅਦ ਵਿੱਚ ਗੱਲ ਕਰਾਂਗੇ।

(ਫ਼ੋਨ ਕੱਟ ਦਿੰਦਾ ਹੈ। ਸਿਰਜਨਾ ਬੁਰੀ ਤਰ੍ਹਾਂ ਨਿਰਾਸ ਹੋ ਗਈ ਹੈ। ਮਾਸੀ ਆਉਂਦੀ ਹੈ। ਉਸ ਨੇ ਸਿਰਜਨਾ ਦੀਆਂ ਗੱਲਾਂ ਸੁਣ ਲਈਆਂ ਹਨ।)

ਮਾਸੀ : (ਰਤਾ ਉਦਾਸੀ ਨਾਲ਼) ਆਹੀ ਗੱਲ ਪਸੰਦ ਨੀ ਬੀਬੀ ਰਾਣੀਏ। ਸਾਡੇ ਵੇਲ਼ੇ ਚੰਗੇ ਸੀ। ਆਹ ਨਾਮੁਰਾਦ ਮਸ਼ੀਨਾਂ ਤਾਂ ਨਹੀਂ ਸੀ ਹੁੰਦੀਆਂ। ਲੋਕ ਭਾਵੇਂ ਔਖੇ ਹੋ ਕੇ ਰੱਖਦੇ ਭਾਵੇਂ ਸੌਖੇ ਹੋ ਕੇ, ਪਾਲ਼ ਤਾਂ ਲੈਂਦੇ ਸੀ,ਧੀਆਂ ਨੂੰ। ਭਾਵੇਂ ਤਿੰਨ ਹੁੰਦੀਆਂ ਭਾਵੇਂ ਪੰਜ। ਹੁਣ ਤਾਂ ਇੱਕ ਧੀ ਤੋਂ ਬਾਅਦ ਦੂਜੀ ਭਾਰ ਲੱਗਣ ਲੱਗ ਪੈਂਦੀ ਹੈ।

(ਹਮਦਰਦੀ ਪਰ ਹੈਰਾਨੀ ਵਿੱਚ ਸਿਰਜਨਾ ਕੋਲ਼ ਆਉਂਦੀ ਹੈ।)

Downloaded from https:// www.studiestoday.com

Downloaded from https:// www.studiestoday.com



ਤੇਰਾ ਘਰ ਵਾਲ਼ਾ ਵੀ ਇਹੀ ਕਹਿੰਦੈ ਹੁਣ! ਚਲ ਫੇਰ। ਤੂੰ ਕਾਹਨੂੰ ਮਨ 'ਤੇ ਬੋਝ ਰੱਖਦੀ ਐਂ, ਜੇ ਉਹ ਨੀ ਸੋਚਦਾ।

ਸਿਰਜਨਾ : ਮੈਂ ਕਿਉਂ ਨਾ ਸੋਚਾਂ ਮਾਸੀ। ਮੇਰੇ ਸੀਨੇ ਵਿੱਚ ਦਿਲ ਧੜਕਦਾ ਹੈ। ਜਿਸ ਵਿੱਚੋਂ ਇੱਕ ਨਹੀਂ ਦੋ ਅਵਾਜ਼ਾਂ ਸੁਣਦੀਆਂ ਨੇ ਮੈਨੂੰ। ਮੇਰੀ ਹੀ ਜ਼ੁਬਾਨ ਆਵਾਜ਼ਾਂ ਮਾਰਦੀ ਹੈ ਮੈਨੂੰ। ਅੰਦਰੋਂ-ਅੰਦਰੀ ਕੋਈ ਛੂੰਹਦਾ ਹੈ ਆਪਣੇ ਨਿੱਕੇ-ਨਿੱਕੇ ਹੱਥਾਂ ਨਾਲ਼ ਮੈਨੂੰ।

ਮਾਸੀ : ਸਿਰਫ਼ ਕੁਝ ਮਿੰਟਾਂ ਦੀ ਗੱਲ ਹੈ, ਧੀਏ। ਤੇ ਫਿਰ ਸਭ ਠੀਕ ਹੋ ਜਾਏਗਾ।

(ਸਿਰਜਨਾ ਉੱਚੀ-ਉੱਚੀ ਰੋਂਦੀ ਹੈ। ਰੋਣ ਦੀ ਅਵਾਜ਼ ਸੁਣਕੇ ਡਾਕਟਰ ਅਤੇ ਦੋਵੇਂ ਨਰਸਾਂ ਵੀ ਦੌੜੀਆਂ ਆਉਂਦੀਆਂ ਹਨ।)

ਡਾਕਟਰ : ਕੀ ਹੋਇਆ? ਕੀ ਹੋਇਆ ਮਾਸੀ?

ਸਿਰਜਨਾ : ਨਹੀਂ ਹੋਣਾ। ਡਾਕਟਰ ਸਾਹਿਬ। ਮੈਥੋਂ ਇਹ ਨਹੀਂ ਹੋਣਾ।

ਡਾਕਟਰ : ਨਹੀਂ ਹੋਣ ਦਾ ਕੀ ਮਤਲਬ? ਅਜਿਹਾ ਕੁਝ ਇੱਥੇ ਹੁੰਦਾ ਹੀ ਨਹੀਂ।

ਬੀਜੀ : ਹੋਏਗਾ ਕਿਵੇਂ ਨਹੀਂ, ਡਾਕਟਰ ਸਾਹਿਬ? ਜ਼ਰੂਰ ਹੋਏਗਾ।

ਡਾਕਟਰ : ਤੁਹਾਨੂੰ ਕਿਹਾ ਨਾ, ਮੈਂ ਅਜਿਹਾ ਨਹੀਂ ਕਰਦੀ।

ਬੀਜੀ : ਡਾਕਟਰ ਸਾਹਿਬ। ਸਾਡੀ ਵੀ ਲੋੜ ਐ, ਕੋਈ।

ਮਾਸੀ : ਲੋੜ ਤਾਂ ਉਸ ਦੀ ਵੀ ਐ।

ਬੀਜੀ : ਠੀਕ ਐ ਫਿਰ ਤੁਰ ਜੇ ਪਿਓ ਦੇ ਘਰ ਤੇ ਪੁਗਾ ਲੇ ਲੋੜ ਜਿੰਨੇ ਵਾਰੀ ਜੀਅ ਕਰਦੈ। ਸਾਡੇ ਘਰ ਤਾਂ ਸਾਡੀ ਲੋੜ ਈ ਪੁੱਗੂਗੀ।

ਸਿਰਜਨਾ : ਤੁਹਾਡੇ ਘਰ ਵਿੱਚ ਮੈਂ ਵੀ ਤਾਂ ਸ਼ਾਮਲ ਹਾਂ, ਬੀਜੀ।

ਬੀਜੀ : ਕਿਉਂ? ਤੂੰ ਕਾਹਤੋਂ ਸ਼ਾਮਲ ਐਂ, ਉਸ ਘਰ ਵਿੱਚ? ਕੀ ਲੈ ਕੇ ਆਈ ਸੀ ਤੂੰ? ਟੁੱਟਾ-ਭੱਜਾ ਦਾਜ? ਤੇ ਜੇ ਤੈਨੂੰ ਆਪਣੀ ਤਨਖ਼ਾਹ ਦਾ ਗੁਮਾਨ ਹੋਵੇ ਤਾਂ ਦੱਸਾਂ, ਉਸ ਦੇ ਨਾਲ਼ ਤਾਂ ਘਰ ਦੇ ਨੌਕਰਾਂ ਤੇ ਡ੍ਰਾਈਵਰਾਂ ਦਾ ਖਰਚਾ ਨੀ ਨਿਕਲ਼ਦਾ।

ਸਿਰਜਨਾ : ਉਸ ਘਰ ਵਿੱਚ ਮੈਂ ਆਪਣੇ-ਆਪ ਨੂੰ ਲੈ ਕੇ ਆਈ ਆਂ, ਬੀਜੀ। ਪੂਰੇ ਤਨ ਨਾਲ਼, ਪੂਰੇ ਮਨ ਨਾਲ਼। ਕੀ ਮੇਰਾ ਕੋਈ ਮੁੱਲ ਨਹੀਂ? ਕੋਈ ਮੁੱਲ ਨਹੀਂ ਮੇਰੇ ਤਨ ਦਾ? ਮੇਰੇ ਮਨ ਦਾ? ਮੇਰੀ ਹੋਂਦ ਦਾ?

ਬੀਜੀ : ਛੱਤੀ ਸੌ ਮਿਲ਼ਦੀਆਂ ਸੀ ਤੇਰੇ ਵਰਗੀਆਂ, ਨਾਲ਼ ਮੋਟਰਕਾਰਾਂ ਤੇ ਹੁਣ ਵੀ ਮਿਲ਼ ਜਾਣਗੀਆਂ ਜੇ ਲੋੜ ਪਈ ਤਾਂ। ਹੁਣ ਤੂੰ ਬਹੁਤਾ

Downloaded from https:// www.studiestoday.com

Downloaded from https:// www.studiestoday.com



ਤਮਾਸ਼ਾ ਜਿਹਾ ਨਾ ਕਰਕੇ ਵਿਖਾ ਲੋਕਾਂ ਨੂੰ। ਜੇ ਜੰਮਣੀ ਐ ਇਹ, ਤਾਂ ਤੁਰ ਜਾ ਆਪਣੇ ਪਿਓ ਦੇ ਘਰ ਤੇ ਜੇ ਰਹਿਣੈ ਮੇਰੇ ਘਰ ਤਾਂ ਉਂਝ ਕਰ ਲੈ ਜਿਵੇਂ ਮੈਂ ਕਹਿੰਨੀਆਂ।

(ਹੁਣ ਸਿਰਜਨਾ ਆਪਣੇ ਆਪ ਨੂੰ ਸੰਭਾਲ਼ਦੀ ਹੈ। ਹੁਣ ਇਹ ਜ਼ੁਲਮ ਸਹਿਣਾ ਉਸ ਲਈ ਸੰਭਵ ਨਹੀਂ)

ਸਿਰਜਨਾ : (ਪੂਰੇ ਹੌਸਲੇ ਤੇ ਮਾਣ ਨਾਲ਼) ਨਹੀਂ।

ਬੀਜੀ : (ਅੱਗ ਬਗੋਲਾ ਹੋ ਕੇ) ਕੀ?

ਸਿਰਜਨਾ : ਹਾਂ, ਬੀਜੀ। ਜੇ ! ਤੁਹਾਡੇ ਪ੍ਰਾਪਰਟੀ-ਕਲਚਰ ਵਿੱਚ ਮੁੱਲ ਸਿਰਫ਼ ਔਰਤ ਦੀ ਕੁੱਖ ਨੂੰ ਲੱਗਣ ਵਾਲ਼ੇ ਫ਼ਲ਼ ਦਾ ਹੈ ਤਾਂ ਮੈਂ ਤੁਹਾਨੂੰ ਕਿਸੇ ਵੀ ਕੀਮਤ 'ਤੇ ਆਪਣੀ ਕੁੱਖ ਕਿਰਾਏ 'ਤੇ ਦੇਣ ਲਈ ਤਿਆਰ ਨਹੀਂ। ਨਾਲ਼ੇ ਤੁਸੀਂ ਸੁਣਿਆ ਨਹੀਂ; ਡਾਕਟਰ ਸਾਹਿਬ ਕਹਿ ਰਹੇ ਸਨ ਕਿ ਇੱਥੇ 'ਲਿੰਗ ਟੈਸਟ' ਨਹੀਂ ਹੁੰਦਾ। ਤੁਸੀਂ ਫੇਰ ਵੀ ......।

(ਪੂਰੇ ਸ੍ਵੈ-ਵਿਸ਼ਵਾਸ਼ ਨਾਲ਼)

ਤੁਹਾਨੂੰ ਲੱਗਦੈ ਬੀਜੀ, ਕਿ ਮੇਰੀ ਹੋਂਦ ਦਾ ਕੋਈ ਮੁੱਲ ਨਹੀਂ? ਪਰ ਹੈ, ਬੀਜੀ ਘੱਟੋ-ਘੱਟ ਮੇਰੀਆਂ ਨਜ਼ਰਾਂ ਵਿੱਚ ਤੇ ਮੈਂ ਆਪਣੇ ਹੀ ਹੱਥੀਂ ਆਪਣੀ ਹੀ ਅਣਜੰਮੀ ਧੀ (ਜੇਕਰ ਧੀ ਹੀ ਹੈ) ਤਾਂ ਮਾਰ ਕੇ ਆਪਣੀਆਂ ਹੀ ਨਜ਼ਰਾਂ ਵਿੱਚੋਂ ਆਪਣਾ ਹੀ ਮੁੱਲ ਘਟਾਉਣਾ ਨਹੀਂ ਚਾਹੁੰਦੀ, ਬੀਜੀ ! ਜਾਓ ਬੀਜੀ ! ਤੁਹਾਡਾ ਘਰ ਛੱਡਿਆ। ਇਸ ਕਾਬਲ ਹਾਂ ਕਿ ਮੈਂ ਪਾਲ਼ ਸਕਾਂ ਆਪਣੇ ਆਪ ਨੂੰ ਵੀ ਤੇ ਆਪਣੀਆਂ ਦੋ ਧੀਆਂ ਨੂੰ ਵੀ।

(ਬੀਜੀ ਹੋਰ ਅੱਗ ਬਗੋਲਾ ਹੋ ਜਾਂਦੀ ਹੈ)

ਮਾਸੀ : (ਘਬਰਾ ਕੇ) ਇਹ ਤੂੰ ਕੀ ਕਰਦੀ ਐ, ਬੀਬੀਏ ! ਐਂ ਘਰ-ਪਰਿਵਾਰ ਤੋਂ ਬਾਹਰ ਹੋ ਕੇ ਇਹ ਸਮੱਸਿਆਂ ਹੱਲ ਹੋ ਜੂਗੀ ਭਲਾ।

ਸਿਰਜਨਾ : ਘਰ-ਪਰਿਵਾਰ ਦੇ ਨਾਲ਼ ਰਹਿ ਕੇ ਵੀ ਤਾਂ ਇਹ ਸਮੱਸਿਆਂ ਹੱਲ ਨਹੀਂ ਹੁੰਦੀ ਪਈ ਮਾਸੀ !

ਡਾਕਟਰ : ਇਸ ਲਈ, ਮਿਸਿਜ਼ ਸਿਰਜਨਾ, ਕਿਉਂਕਿ ਇਹ ਸਮੱਸਿਆ, ਸਿਰਫ਼ ਤੁਹਾਡੀ ਨਹੀਂ, ਪੂਰੀ ਸੁਸਾਇਟੀ ਦੀ ਹੈ। ਆਪਾਂ ਇਕੱਲੇ ਸੁਸਾਇਟੀ ਨੂੰ ਨਹੀਂ ਬਦਲ ਸਕਦੇ। ਹੋਰਾਂ ਨੂੰ ਵੀ ਆਪਾਂ ਵਾਂਗ ਸੋਚਣਾ ਚਾਹੀਦੈ।

ਸਿਰਜਨਾ : ਮੈਂ ਕੁੱਝ ਵੀ ਬਦਲਣ ਦੀ ਕੋਸ਼ਸ਼ ਨਹੀਂ ਕਰ ਰਹੀ ਡਾਕਟਰ ਸਾਹਿਬ। ਮੈਂ ਤਾਂ ਸਗੋਂ ਆਪਣੇ-ਆਪ ਨੂੰ ਬਦਲੇ ਜਾਣ ਤੋਂ ਬਚਾ

Downloaded from https:// www.studiestoday.com

Downloaded from https:// www.studiestoday.com



ਰਹੀ ਹਾਂ। ਮੈਂ, ਮਾਂ ਆਂ। ਮੇਰਾ ਕਰਮ ਹੈ ਉਸ ਦੀ ਸਿਰਜਨਾ ਤੇ ਮੈਂ ਕਿਵੇਂ ਆਪਣੇ ਹੱਥੀ ਆਪਣੀ ਹੀ ਸਿਰਜਨਾ ਨੂੰ ਕਤਲ ਕਰਕੇ ਮਾਂ ਤੋਂ ਡੈਣ ਹੋ ਜਾਂਵਾ।

ਬੀਜੀ : ਇਕੱਲੀ ਰਹਿ ਜਾਏਂਗੀ, ਇਕੱਲੀ।

ਸਿਰਜਨਾ : ਇਕੱਲੀ ਤਾਂ ਮੈਂ ਸੀ। ਇਕੱਲੀ ਤਾਂ ਮੈਂ ਸੀ ਬੀਜੀ ਹੁਣ ਤੱਕ। ਹੁਣ ਤਾਂ ਮੇਰੇ ਨਾਲ਼ ਮੈਂ ਹਾਂ। (ਆਪਣੀ ਕੁੱਖ ਤੇ ਹੱਥ ਰੱਖਕੇ) ਮੇਰੀ ਸਿਰਜਨਾ। ਤੁਸੀਂ ਦੇਖਣਾ, ਇੱਕ ਦਿਨ ਇਹ ਸਿਰਜਨਾ ਇੱਕ ਰੁੱਖ ਬਣ ਕੇ ਇਸ ਧਰਤੀ ਉੱਤੇ ਪੁੰਗਰੇਗੀ, ਮੌਲੇਗੀ ਤੇ ਅਸਮਾਨ ਤੱਕ ਉੱਚਾ ਉੱਠੇਗੀ। ਫਿਰ ਲੋਕ ਸਿਰਜਨਾਵਾਂ ਕਰਕੇ ਸ਼ਰਮਿੰਦਾ ਨਹੀਂ ਹੋਣਗੇ ਸਗੋਂ ਉਹਨਾਂ 'ਤੇ ਮਾਣ ਮਹਿਸੂਸ ਕਰਨਗੇ। ਫਿਰ ਕਦੇ ਕੋਈ ਸਿਰਜਨਾ ਕੁੱਖ ਵਿੱਚ ਕਤਲ ਨਹੀਂ ਹੋਵੇਗੀ।

(ਇੱਕ ਪਲ ਹਰ ਕੋਈ ਖਮੋਸ਼ ਹੋ ਜਾਂਦਾ ਹੈ। ਹਰ ਕੋਈ ਉਦਾਸ ਹੈ। ਸਿਰਜਨਾ ਆਪਣਾ ਬੈਗ ਚੁੱਕ ਕੇ ਜਾਣ ਲਈ ਦਰਵਾਜ਼ਾ ਖੋਲ੍ਹਦੀ ਹੈ ਕਿ ਸਾਹਮਣੇ ਕੁਲਦੀਪ ਖੜਾ ਹੈ। ਉਸ ਦੇ ਚਿਹਰੇ 'ਤੇ ਮੁਸਕਾਨ ਹੈ।)

ਬੀਜੀ : (ਖ਼ੁਸ਼ ਹੋ ਕੇ) ਦੀਪੇ ਤੂੰ! ਆ ਵੇਖ ਲੈ ਪੁੱਤ ਕੀ ਤਮਾਸ਼ਾ ਕਰੀ ਜਾਂਦੀ ਐ, ਲੋਕਾਂ ਸਾਹਮਣੇ ? ਉਹ ਜਲੂਸ ਕੱਢਿਐ ਅੱਜ ਇਸ ਨੇ ਮੇਰਾ ਕਿ ਦੱਸ ਨੀ ਸਕਦੀ ਤੈਨੂੰ ਮੈਂ।

ਸਿਰਜਨਾ : ਸੌਰੀ ਦੀਪ ....... ਮੈਂ .......

ਆਵਾਜ਼ : ਤੂੰ ਕਿਉਂ ਸੌਰੀ ਫੀਲ ਕਰਦੀ ਹੈ ਸਿਰਜਨ? ਸੌਰੀ ਤਾਂ ਮੈਨੂੰ ਮਹਿਸੂਸ ਕਰਨੀ ਚਾਹੀਦੀ ਹੈ। ਜੋ ਫ਼ੈਸਲਾ ਮੈਨੂੰ ਕਰਨਾ ਚਾਹੀਦਾ ਸੀ, ਉਹ ਤੈਨੂੰ ਕਰਨਾ ਪਿਆ।

ਸਿਰਜਨਾ : (ਜਿਵੇਂ ਵਿਸ਼ਵਾਸ਼ ਨਹੀਂ ਹੋ ਰਿਹਾ) ਯਾਨੀ ਕਿ ਦੀਪ .......।

ਆਵਾਜ਼ : ਹਾਂ ਸਿਰਜਨ, ਤੂੰ ਜੋ ਕੀਤੈ ਬਿਲਕੁਲ ਠੀਕ ਕੀਤੈ। ਜੇ ਤੂੰ ਵੀ ਉਹ ਕਰ ਲੈਂਦੀ ਜੋ ਸਾਰੇ ਕਰਦੇ ਨੇ ਤਾਂ ਫਿਰ ਤੂੰ ਵੀ ਇੱਕ ਆਮ ਔਰਤ ਹੁੰਦੀ। ਮੈਨੂੰ ਖ਼ੁਸ਼ੀ ਹੈ, ਮੇਰੀ ਜੀਵਨ-ਸਾਥਣ ਕੋਈ ਆਮ ਔਰਤ ਨਹੀਂ।

ਸਿਰਜਨਾ : (ਹੁਣ ਖ਼ੁਸ਼ੀ ਭਰੇ ਹੰਝੂਆਂ ਨਾਲ਼) ਓ ਦੀਪ !

ਬੀਜੀ : (ਕੜਕ ਕੇ) ਦੀਪੇ, ਇਹ ਕੀ ਕਹਿ ਰਿਹੈਂ ਤੂੰ?

ਆਵਾਜ਼ : ਇਹੀ ਬੀਜੀ ਕਿ ਸਿਰਜਨਾ ਸਕੈਨਿੰਗ ਨਹੀਂ ਕਰਾਏਗੀ। ਉਹ ਜੋ

Downloaded from https:// www.studiestoday.com

Downloaded from https:// www.studiestoday.com



ਵੀ ਹੈ, ਅਸੀਂ ਰੱਖਣ ਜਾ ਰਹੇ ਹਾਂ ਉਸ ਨੂੰ, ਬੀਜੀ ਅਸੀਂ ਰੱਖਣ ਜਾ ਰਹੇ ਹਾਂ।

ਬੀਜੀ : ਪਰ ਪੁੱਤ! ਪੂਰੇ ਚਾਲ਼ੀ ਕਿੱਲੇ ਪੈਲ਼ੀ ਐ।

ਆਵਾਜ਼ : ਕੀਲੇ ਵੀ ਸਾਂਭੇ ਜਾਣਗੇ। ਸਾਨੂੰ ਕੋਈ ਫ਼ਰਕ ਨਹੀਂ ਬੀਜੀ ! (ਦੀਪ ਤੇ ਸਿਰਜਨਾ ਕਲੀਨਿਕ ਤੋਂ ਬਾਹਰ ਨਿਕਲ਼ਦੇ ਹਨ। ਬੀਜੀ ਦੇਖਦੇ ਰਹਿ ਜਾਂਦੇ ਹਨ। ਮਾਸੀ ਬਹੁਤ ਖ਼ੁਸ਼ ਹੈ ਤੇ ਡਾਕਟਰ ਨੂੰ ਬਾਹਰੋਂ ਠੰਢੀ ਹਵਾ ਆਉਂਦੀ ਮਹਿਸੂਸ ਹੋਣ ਲੱਗਦੀ ਹੈ।)

**ਸ਼ਬਦ-ਅਰਥ :**

**ਕਲੀਨਿਕ** - ਦਵਾਖ਼ਾਨਾ। **ਸ਼ੈੱਲਰ** - ਜੀਰੀ (ਚੌਲ਼ਾਂ ਦੀ) ਵਿੱਚੋਂ ਚਾਵਲ ਤੇ ਫੱਕ ਨੂੰ ਅਲੱਗ--ਅਲੱਗ ਕਰਨ ਵਾਲ਼ੀ ਮਸ਼ੀਨ ਜਾਂ ਮਿੱਲ। **ਲੈਬ** - ਲੈਬਾਰਟਰੀ। **ਰਸਾਇਣਸ਼ਾਲਾ**- ਪ੍ਰਯੋਗਸ਼ਾਲਾ। **ਸਕੈਨਿੰਗ** - ਪਰੀਖਣ, ਬਰੀਕ ਜਾਂਚ। **ਪ੍ਰਾਪਰਟੀ** - ਜਾਇਦਾਦ, ਮਲਕੀਅਤ, ਸੰਪਤੀ। **ਸੋਸਾਇਟੀ** - ਸਮਾਨ ਭਾਈਚਾਰਾ, ਬਰਾਦਰੀ। **ਪ੍ਰੋਫ਼ੈਸ਼ਨ** - ਕਿੱਤਾ, ਧੰਦਾ, ਰੁਜ਼ਗਾਰ, ਕੰਮ-ਕਾਰ। **ਪੇਸ਼ੰਟ** - ਬਿਮਾਰ, ਰੋਗੀ, ਮਰੀਜ਼। **ਟੈਂਸ਼ਨ** - ਤਣਾਅ, ਖਿਚਾਅ, ਖਿੱਚੋਤਾਣ। **ਕਲਚਰ** - ਸੰਸਕ੍ਰਿਤੀ, ਸੱਭਿਆਚਾਰ, ਸੱਭਿਅਤਾ।

## ਪਾਠ-ਅਭਿਆਸ

ਹੇਠ ਲਿਖੇ ਵਾਰਤਾਲਾਪ-ਅੰਸ਼ਾਂ ਨੂੰ ਧਿਆਨ ਨਾਲ਼ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ :-

ੳ. ''ਚਾਲ਼ੀ ਪੂਰੇ ਚਾਲ਼ੀ ਕਿੱਲੇ ਪੈਲ਼ੀ ਐ ਤੇ ਸ਼ੈੱਲਰ। ਜਾਨ ਮਾਰ ਕੇ ਬਚਾਏ ਐ ਮੈਂ, ਸ਼ਰੀਕਾਂ ਤੋਂ ਹੁਣ ਤੱਕ। ਇਹਨਾਂ ਨੂੰ ਸੰਭਾਲਣ ਵਾਲ਼ਾ ਚਾਹੀਦੈ ਮੈਨੂੰ। ਨਾਲ਼ ਅੱਗੇ ਬੈਠੀ ਨੀ, ਛਾਤੀ 'ਤੇ ਇੱਕ। ਦਾਜ ਵਿੱਚ ਨਹੀਂ ਦੇਣੇ ਤੇਰੀਆਂ ਧੀਆਂ ਦੇ ਮੈਂ, ਸਮਝੀ ਨਾ !''

1. ਇਹ ਸ਼ਬਦ ਕਿਸ ਨੇ, ਕਿਸ ਨੂੰ ਕਹੇ ਹਨ?
2. ਇਸ ਵਾਰਤਾਲਾਪ ਅਨੁਸਾਰ ਸੱਸ ਕਿੰਨੀ ਜਾਇਦਾਦ ਦੀ ਮਾਲਕ ਹੈ?
3. ਸੱਸ ਆਪਣੀ ਨੂੰਹ ਤੋਂ ਕਿਸ ਗੱਲ ਦੀ ਮੰਗ ਕਰਦੀ ਹੈ?

ਅ. ''ਓਹੋ! ਤੂੰ ਇੰਨੀ ਗੱਲ ਲਈ ਮੈਨੂੰ ਫ਼ੋਨ ਕਰ ਦਿੱਤਾ? ਤੈਨੂੰ ਪਤੈ, ਆਫ਼ਿਸ ਵਿੱਚ ਕਿੰਨੀ ਜ਼ਰੂਰੀ ਮੀਟਿੰਗ ਚੱਲ ਰਹੀ ਹੈ? ਨਾਲ਼ੇ ਜੇ ਬੀਜੀ ਕਹਿ ਰਹੇ ਨੇ ਤਾਂ ਠੀਕ ਹੀ ਕਹਿ ਰਹੇ ਹੋਣਗੇ। ਤੂੰ ਕਰ ਲੈ, ਜਿਵੇਂ ਉਹ ਕਹਿੰਦੇ ਨੇ, ਮੈਂ ਬਿਜ਼ੀ ਹਾਂ ਇਸ ਵੇਲ਼ੇ।''

Downloaded from https:// www.studiestoday.com

Downloaded from https:// www.studiestoday.com



1. ਇਹ ਸ਼ਬਦ ਕਿਸ ਨੇ, ਕਿਸ ਨੂੰ ਕਹੇ ਹਨ?
2. ਕੁਲਦੀਪ ਆਪਣੀ ਪਤਨੀ ਸਿਰਜਨਾ ਵੱਲੋਂ ਆਏ ਫ਼ੋਨ ਤੋਂ ਨਰਾਜ਼ ਕਿਉਂ ਹੈ?
3. ਕੁਲਦੀਪ ਆਪਣੀ ਪਤਨੀ ਨੂੰ ਬੀਜੀ ਦੀ ਕਿਹੜੀ ਗੱਲ ਮੰਨਣ ਲਈ ਆਖਦਾ ਹੈ?

ਏ. ''ਇੱਕਲੀ ਤਾਂ ਮੈਂ ਸੀ। ਇੱਕਲੀ ਤਾਂ ਮੈਂ ਸੀ ਬੀਜੀ ਹੁਣ ਤੱਕ। ਹੁਣ ਤਾਂ ਮੇਰੇ ਨਾਲ਼ ਮੈਂ ਹਾਂ। (ਆਪਣੀ ਕੁੱਖ 'ਤੇ ਹੱਥ ਰੱਖ ਕੇ) ਮੇਰੀ ਸਿਰਜਨਾ ਹੈ। ਤੁਸੀਂ ਦੇਖਣਾ ਇੱਕ ਦਿਨ ਇਹ ਸਿਰਜਨਾ ਇੱਕ ਰੁੱਖ ਬਣ ਕੇ ਇਸ ਧਰਤੀ 'ਤੇ ਪੁੰਗਰੇਗੀ, ਮੌਲੇਗੀ ਤੇ ਅਸਮਾਨ ਤੱਕ ਉੱਚਾ ਉੱਠੇਗੀ। ਫਿਰ ਕਦੇ ਕੋਈ ਸਿਰਜਨਾ ਕੁੱਖ ਵਿੱਚ ਕਤਲ ਨਹੀਂ ਹੋਵੇਗੀ।''

1. ਇਹ ਸ਼ਬਦ ਕਿਸ ਨੇ, ਕਿਸ ਨੂੰ ਕਹੇ?
2. ਇਸ ਵਾਰਤਾਲਾਪ ਵਿੱਚ ਸਿਰਜਨਾ ਨੇ 'ਸਿਰਜਨਾ' ਸ਼ਬਦ ਕਿਸ ਲਈ ਵਰਤਿਆ ਹੈ?
3. ਇਸ ਵਾਰਤਾਲਾਪ ਵਿੱਚ ਸਿਰਜਨਾ ਸਮਾਜ ਨੂੰ ਕੀ ਸੁਨੇਹਾ ਦਿੰਦੀ ਹੈ?

ਅ. ਹੇਠ ਲਿਖੇ ਪਾਤਰਾਂ ਦੀ ਪਾਤਰ-ਉਸਾਰੀ ਕਰੋ :

1. ਬੀਜੀ 2. ਸਿਰਜਨਾ 3. ਕੁਲਦੀਪ
4. ਡਾਕਟਰ 5. ਮਾਸੀ

* * * * *

Downloaded from https:// www.studiestoday.com